ਸਾਹਿਤ, ਕਲਾ ਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ

*SHABAD is an International Quarterly of Literature, Art and Culture*

# ਸ਼ਬਦ

**ਸਾਲ :** 23 | **ਪੁ : ਲੜੀ :** 90 | **ਅਪ੍ਰੈਲ-ਜੂਨ,** 2020

*ਮੁੱਖ ਸੰਪਾਦਕ*

**ਹਰਮਹਿੰਦਰ ਚਹਿਲ**

7305, Sterling Grove Dr., Springfield VA 22150 U.S.A.
Ph. 001-703-362-3239
Email : Chahals57@Yahoo.com

*ਸੰਪਾਦਕ*

**ਹਰਜੀਤ ਅਟਵਾਲ**

67, Hillside Road, Southall, Middlesex , England. UB1 2PE
Ph. : 020-85780393 Mobile : 07782-265726
e mail: harjeetatwal@yahoo.co.uk

**ਜਿੰਦਰ**

984, Rajput Nagar, Near Surinder Welding Works,
Model House, Jalandhar-144003
Mobile : 98148 03254
Email : jinder340@gmail.com
Website : www.shabadsaar.com

ਇੰਡੀਆ ਵਿੱਚ 'ਸ਼ਬਦ' ਲਈ ਸਹਿਯੋਗ ਰਾਸ਼ੀ ਬੈਂਕ ਵਿੱਚ Saiffi ਦੇ ਨਾਂ ਭੇਜੀ ਜਾਵੇ।
Saiffi, Bank Of India, Account No 640410100003680, IFSC No BKID0006404. Branch Satluj Markeet , Jalandhar

**ਵਿਸ਼ੇਸ਼ ਨੋਟ :** ਚੈੱਕ, ਬੈਂਕ ਡਰਾਫਟ 'ਤੇ ਕੇਵਲ Saiffi ਲਿਖਿਆ ਹੋਣਾ ਚਾਹੀਦਾ ਹੈ।
***ਚੰਦਾ :*** 200 ਰੁ: ਸਾਲਾਨਾ, 20 ਪੌਂਡ ਸਾਲਾਨਾ, 40 ਡਾਲਰ ਸਾਲਾਨਾ,
***ਲਾਈਫ ਮੈਂਬਰਸ਼ਿਪ :*** ਪੰਜ ਹਜ਼ਾਰ ਰੁਪਏ

ਨੋਟ : 'ਅਦਾਰਾ ਸ਼ਬਦ' ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਕੋਈ ਵੀ ਕਾਨੂੰਨੀ ਕਾਰਵਾਈ ਲੰਦਨ ਦੀ ਅਦਾਲਤ 'ਚ ਹੋਵੇਗੀ।

## ਮੇਰਾ ਪੰਨਾ

ਆਜ਼ਾਦੀ ਮਿਲਣ ਤੱਕ ਭਾਰਤ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਸੀ ਇਹ ਇਕ ਬਹੁ-ਧਰਮਾਂ ਦਾ, ਬਹੁ-ਨਸਲਾਂ ਤੇ ਬਹੁ-ਰੰਗਾਂ ਦਾ ਦੇਸ਼ ਸੀ, ਜਿੱਥੇ ਸਭ ਰਲ਼ ਕੇ ਰਹਿੰਦੇ ਸਨ। ਆਜ਼ਾਦੀ ਮਿਲਣ ਤੱਕ ਭਾਰਤ ਵਿੱਚ ਇਕੋ ਕੌਮੀਅਤ ਸੀ। ਆਜ਼ਾਦੀ ਮਿਲਣ ਵੇਲੇ ਮੁਸਲਮਾਨ ਲੀਡਰਸ਼ਿੱਪ ਵਿੱਚ ਅਚਾਨਕ 'ਟੂ ਨੇਸ਼ਨ ਥਿਊਰੀ' ਦੀ ਗੱਲ ਚੱਲ ਪਈ ਜਿਸ ਦੇ ਆਧਾਰ 'ਤੇ ਉਹਨਾਂ ਨੇ ਮੁਸਲਮਾਨਾਂ ਲਈ ਇਕ ਅਲੱਗ ਮੁਲਕ ਮੰਗਣਾ ਸ਼ੁਰੂ ਕਰ ਦਿੱਤਾ। ਭਾਰਤ ਦੇ ਬਹੁਤੇ ਬੁੱਧੀਜੀਵੀ ਤੇ ਰਾਜਨੀਤਕ ਲੋਕ 'ਵਨ ਨੇਸ਼ਨ ਥਿਊਰੀ' ਦੇ ਹਾਮੀ ਸਨ। ਉਹ ਹਿੰਦੁਸਤਾਨ ਨੂੰ ਇਕ ਸੈਕੂਲਰ ਮੁਲਕ ਦੇਖਣਾ ਚਾਹੁੰਦੇ ਸਨ। ਜੋ ਵੀ ਸੀ ਪਾਕਿਸਤਾਨ ਬਣ ਗਿਆ। ਕੁਝ ਮੁਸਲਮਾਨ ਓਧਰ ਚਲੇ ਗਏ। ਹਿੰਦੁਸਤਾਨ ਦੀ ਲੀਡਰਸ਼ਿੱਪ ਸੈਕੂਲਰਿਸਜ਼ਮ ਉਪਰ ਜ਼ੋਰ ਦੇ ਰਹੀ ਸੀ ਇਸ ਲਈ ਉਹਨਾਂ ਨੇ ਬਹੁਤ ਸਾਰੇ ਮੁਸਲਮਾਨਾਂ ਨੂੰ ਪਾਕਿਸਤਾਨ ਦੀ ਥਾਂ ਹਿੰਦੁਸਤਾਨ ਵਿੱਚ ਹੀ ਰਹਿ ਜਾਣ ਲਈ ਪ੍ਰੇਰਿਆ। ਇਵੇਂ ਹੋਇਆ ਵੀ। ਪਾਕਿਸਤਾਨ ਨਾਲੋਂ ਜ਼ਿਆਦਾ ਮੁਸਲਮਾਨ ਹਿੰਦੁਸਤਾਨ ਵਿੱਚ ਹੀ ਰਹਿ ਗਏ। ਉਸ ਵੇਲੇ ਮੁੱਠੀ ਭਰ ਕੱਟੜ ਹਿੰਦੂਵਾਦੀ ਵੀ 'ਟੂ ਨੇਸ਼ਨ ਥਿਊਰੀ' ਦੇ ਹਾਮੀ ਸਨ ਕਿ ਜੇ ਪਾਕਿਸਤਾਨ ਮੁਸਲਮਾਨਾਂ ਲਈ ਤਾਂ ਹਿੰਦੁਸਤਾਨ ਸਿਰਫ ਹਿੰਦੂਆਂ ਵਾਸਤੇ। ਇਸੇ ਸੋਚ ਅਧੀਨ ਹੀ ਮਹਾਤਮਾ ਗਾਂਧੀ ਦਾ ਕਤਲ ਹੋਇਆ। ਹਿੰਦੂ ਕੱਟੜਵਾਦੀਆਂ ਦਾ ਕੋਈ ਜ਼ੋਰ ਨਾ ਚੱਲਿਆ 'ਤੇ ਸਕੂਲਰਿਜ਼ਮ ਨੇ ਹਿੰਦੁਸਤਾਨ ਵਿੱਚ ਪੂਰੀ ਤਰ੍ਹਾਂ ਜੜ੍ਹਾਂ ਫੜ ਲਈਆਂ। ਇਹੋ ਸੈਕੂਲਰਿਜ਼ਮ ਹਿੰਦੁਸਤਾਨ ਦੀ ਪੱਛਾਣ ਰਿਹਾ ਹੈ ਪਰ ਉਹਨਾਂ ਮੁੱਠੀ ਭਰ ਕੱਟੜ ਹਿੰਦੂਵਾਦੀਆਂ ਦਾ ਪਸਾਰ ਹੁੰਦਾ ਗਿਆ ਤੇ ਸਮਾਂ ਪਾ ਕੇ ਕਿਸੇ ਨਾ ਕਿਸੇ ਤਰ੍ਹਾਂ ਉਹਨਾਂ ਨੇ ਹਿੰਦੁਸਤਾਨ ਦੀ ਹਕੂਮਤ ਹਥਿਆ ਲਈ। ਅੱਜ ਇਹ ਕੱਟੜਵਾਦੀ ਆਪਣੀ ਸੋਚ ਕਿ ਹਿੰਦੁਸਤਾਨ ਸਿਰਫ ਹਿੰਦੂਆ ਲਈ ਅਧੀਨ ਮੁਸਲਮਾਨਾਂ ਤੇ ਹੋਰ ਘੱਟ-ਗਿਣਤੀ ਲੋਕਾਂ ਨੂੰ ਹਿੰਦੁਸਤਾਨ ਵਿੱਚੋਂ ਕੱਢਣ ਲਈ ਤਿਆਰ ਖੜੇ ਹਨ। ਇਸ ਲਈ ਕਈ ਕਿਸਮ ਦੇ ਕਾਲ਼ੇ ਕਾਨੂੰਨ ਬਣਾ ਦਿੱਤੇ ਗਏ ਹਨ। ਇਸ ਵੇਲੇ ਹਰ ਹਿੰਦੁਸਤਾਨੀ ਦਾ ਫਰਜ਼ ਬਣਦਾ ਹੈ ਕਿ ਇਹਨਾਂ ਮੁੱਠੀ ਭਰ ਲੋਕਾਂ ਤੋਂ ਹਿੰਦੁਸਤਾਨ ਬਚਾਉਣ ਲਈ, ਸੈਕੂਲਰਿਜ਼ਮ ਨੂੰ ਕਾਇਮ ਰੱਖਣ ਲਈ ਇਕਮੁੱਠ ਹੋ ਕੇ ਇਸ ਫਾਸ਼ੀਵਾਦ ਦਾ ਸਾਹਮਣਾ ਕਰਨ। ਖੁਸ਼ੀ ਦੀ ਗੱਲ ਇਹ ਹੈ ਕਿ ਇੰਜ ਹੋ ਵੀ ਰਿਹਾ ਹੈ। ਦੇਸ਼ ਭਰ ਵਿੱਚ ਇਸ ਕਾਲ਼ੇ ਕਾਨੂੰਨ ਦੇ ਖਿਲਾਫ ਮੁਜ਼ਾਹਰੇ ਹੋ ਰਹੇ ਹਨ। ਪੂਰਾ ਦੇਸ਼ ਇਹਨਾਂ ਕਾਲ਼ੇ ਕਾਨੂੰਨਾਂ ਵਿਰੁੱਧ ਉੱਠ ਖੜ੍ਹਾ ਹੋਇਆ ਹੈ। ਵਿਦਿਆਰਥੀ ਇਸ ਲੜਾਈ ਵਿੱਚ ਸਭ ਤੋਂ ਮੂਹਰੇ ਹਨ। ਉਹ ਕਲਾਸਾਂ ਛੱਡ ਕੇ ਸੜਕਾਂ 'ਤੇ ਨਿਕਲੇ ਹੋਏ ਹਨ। ਉਮੀਦ ਹੈ ਕਿ ਜਿੱਤ ਸੈਕੂਲਰਿਜ਼ਮ ਦੀ ਹੋਵੇਗੀ।

ਜਿੱਥੇ ਪੂਰਾ ਦੇਸ਼ ਹਿੰਦੂ ਕੱਟੜਵਾਦ ਦੇ ਖਿਲਾਫ ਸੜਕਾਂ ਉਪਰ ਨਿਕਲਿਆ ਹੋਇਆ ਹੈ ਉਥੇ ਪੰਜਾਬੀ ਬੁੱਧੀਜੀਵੀ, ਖਾਸ ਕਰ ਕੇ ਲੇਖਕ ਇਸ ਵੱਲ ਪਿੱਠ ਕਰੀ ਬੈਠੇ ਹਨ। ਕੁਝ ਵੱਡੇ ਲੇਖਕਾਂ ਦੀ ਮੌਕਾਪ੍ਰਸਤੀ ਦੀ ਸਮਝ ਆਉਂਦੀ ਹੈ ਪਰ ਬਾਕੀ ਦੇ ਲੇਖਕਾਂ ਦੀ ਚੁੱਪ ਅੱਖੜ ਰਹੀ ਹੈ।

ਫੇਸਬੁੱਕ ਦੇ ਪ੍ਰਦੂਸ਼ਣ ਨੇ ਪੰਜਾਬੀ ਕਵਿਤਾ ਨੂੰ ਕੁਝ ਪੇਤਲ਼ੀ ਕਰ ਦਿੱਤਾ ਹੈ।

ਕਹਾਣੀ ਉਪਰ ਇਹਦਾ ਅਸਰ ਦਿੱਸਣ ਲੱਗਾ ਹੈ। ਕਹਾਣੀ ਪੰਜਾਬੀ ਸਾਹਿਤ ਦੀ ਸਭ ਤੋਂ ਮਕਬੂਲ ਤੇ ਅਸਰਦਾਰ ਵਿਧਾ ਹੈ। ਬੇਸ਼ੱਕ ਪੰਜਾਬੀ ਕਹਾਣੀਕਾਰ ਸੋਸ਼ਲ ਮੀਡੀਆ ਦੇ ਦੌਰ ਨੂੰ ਲੈ ਕੇ ਕਹਾਣੀ ਬਾਰੇ ਚਿੰਤਾਤੁਰ ਹੈ ਪਰ ਫਿਰ ਵੀ ਇਸ ਉਪਰ ਕੰਮ ਵੀ ਕਾਫੀ ਹੋ ਰਿਹਾ ਹੈ। ਅਸਲ ਵਿੱਚ ਕਹਾਣੀ ਕਹਿਣ ਤੇ ਸੁਣਨ ਦੀ ਪ੍ਰੰਪਰਾ ਮਨੁੱਖੀ ਹੋਂਦ ਨਾਲ ਬੱਝੀ ਹੋਈ ਹੈ। ਯੂਟਿਊਬ ਵਰਗੇ ਮਾਧਿਅਮ ਸਿਰਜਕਾਂ ਮੂਹਰੇ ਵੀਯੂਐਲਟੀ ਦੇ ਵਿਕਲਪ ਵੀ ਰੱਖ ਰਹੇ ਹਨ ਪਰ ਪੰਜਾਬੀ ਕਹਾਣੀ ਹਾਲੇ ਵੀ ਹਾਰਡ ਕਾਪੀ ਜਾਂ ਕਿਤਾਬੀ ਰੂਪ ਵਿੱਚ ਹੀ ਪ੍ਰਚੱਲਤ ਹੈ। ਪੰਜਾਬੀ ਦੇ ਦਰਜਨ ਕੁ ਮੈਗਜ਼ੀਨ ਪੰਜਾਬੀ ਕਹਾਣੀ ਤੇ ਪੰਜਾਬੀ ਸਾਹਿਤ ਨੂੰ ਬਾਖੂਬੀ ਸੰਭਾਲ ਰਹੇ ਹਨ ਤੇ ਪੰਜਾਬੀ ਸਾਹਿਤ ਦੇ ਮਿਆਰ ਨੂੰ ਕਾਇਮ ਰੱਖਣ ਵਿੱਚ ਵੀ ਕਿਸੇ ਹੱਦ ਤੱਕ ਕਾਮਯਾਬ ਹਨ। ਕਹਾਣੀ ਦੀ ਪ੍ਰਫੁੱਲਤਾ ਨੂੰ ਸਾਹਮਣੇ ਰੱਖਦਿਆਂ 'ਸ਼ਬਦ' ਸਮੇਂ ਸਮੇਂ ਕਹਾਣੀ ਵਿਸ਼ੇਸ਼ ਅੰਕ ਕੱਢਦਾ ਰਹਿੰਦਾ ਹੈ। ਇਹ ਹੱਥਲਾ ਅੰਕ ਵੀ ਕਹਾਣੀ ਵਿਸ਼ੇਸ਼ ਅੰਕ ਹੀ ਹੈ। ਇਸ ਵਿੱਚ ਕਈ ਭਾਸ਼ਾਵਾਂ ਦੀਆਂ ਵੱਖ ਵੱਖ ਵਿਸ਼ਿਆਂ ਨੂੰ ਡੀਲ ਕਰਦੀਆਂ ਕਹਾਣੀਆਂ ਹਨ। ਸਮੇਂ ਸਮੇਂ ਜਿੰਦਰ ਤੇ ਮੈਂ, ਜਦੋਂ ਵੀ ਕਿਸੇ ਦੂਜੀ ਭਾਸ਼ਾ ਦੀ ਅਨੁਵਾਦਿਤ ਕਹਾਣੀ ਪੜ੍ਹਦੇ ਹਾਂ ਤਾਂ ਸਾਡੇ ਮਨ 'ਚ ਇਹ ਖਿਆਲ ਆਉਂਦਾ ਹੈ ਕਿ ਇਸ ਕਹਾਣੀ ਨੂੰ ਪੰਜਾਬੀ ਪਾਠਕਾਂ ਸਾਹਮਣੇ ਵੀ ਰੱਖਿਆ ਜਾਵੇ। ਕਹਾਣੀਕਾਰ ਅੱਗੇ ਯੋਗੇਂਦਰ ਆਹੂਜਾ ਦੀ ਕਹਾਣੀ 'ਕੁਸ਼ਤੀ' ਚੁਣੌਤੀ ਖੜ੍ਹੀ ਕਰਦੀ ਹੈ ਕਿ ਦੇਖੋਂ ਅੱਜ ਦੀ ਕਹਾਣੀ ਕਿੱਥੋਂ ਤੋਂ ਕਿੱਥੇ ਪਹੁੰਚ ਗਈ ਹੈ। ਪੰਜਾਬੀ ਕਹਾਣੀ ਜਗਤ ਵਿੱਚ ਕਈ ਨਵੇਂ ਕਹਾਣੀਕਾਰ ਆਪਣਾ ਸਥਾਨ ਨਿਸ਼ਚਿਤ ਕਰਨ ਲਈ ਮਿਹਨਤ ਕਰ ਰਹੇ ਹਨ। ਅਸੀਂ ਇਸ ਅੰਕ ਵਿੱਚ ਕੁਝ ਨਵੇਂ ਕਹਾਣੀਕਾਰਾਂ ਦੀਆਂ ਇੰਟਰਵਿਊਆਂ ਨੂੰ ਛਾਪ ਰਹੇ ਹਾਂ। ਆਉਂਦੇ ਅੰਕਾਂ ਵਿੱਚ ਅਜਿਹੀਆਂ ਹੋਰ ਵੀ ਇੰਟਰਵਿਊਆਂ ਛਾਪਾਂਗੇ।

**-ਹਰਜੀਤ ਅਟਵਾਲ**



**ਇਸ ਵਾਰ**

***ਹਿੰਦੀ ਕਹਾਣੀਆਂ***

## ਛੋਟੀ ਜਿਹੀ ਦੁਨੀਆ/ ਗਿਆਨ ਪ੍ਰਕਾਸ਼ ਵਿਵੇਕ

ਇੱਕ ਕਮਰੇ ਵਾਲੇ ਫਲੈਟ ਹਨ, ਆਪਣੇ-ਸਾਹਮਣੇ। ਗਿਆਰ੍ਹਵੀਂ ਮੰਜ਼ਲ। ਬਿਲਕੁਲ ਕੋਨੇ ਵਿੱਚ। ਦੋਹਾਂ ਫਲੈਟਾਂ ਦੇ ਦਰਵਾਜ਼ੇ ਇੰਨੇ ਆਹਮਣੇ-ਸਾਹਮਣੇ ਕਿ ਜਿਵੇਂ ਆਪਸ ਵਿੱਚ ਗੱਲਾਂ ਕਰ ਰਹੇ ਹੋਣ। ਦੋਹਾਂ ਫਲੈਟਾਂ ਵਿੱਚ ਦੋ ਬ੍ਰਿਧ।

ਬ੍ਰਿਧ ਆਦਮੀ ਆਪਣੇ ਬੁੱਢਾਪੇ ਦੇ ਬਾਵਜੂਦ ਸਿਹਤਵੰਦ ਨਜ਼ਰ ਆਉਂਦਾ ਹੈ। ਉਹ ਮੁਸਕਰਾ ਨਹੀਂ ਰਿਹਾ ਹੁੰਦਾ ਪਰ ਹਰ ਵਕਤ ਮੁਸਕਰਾਉਂਦਾ ਹੋਇਆ ਦਿੱਸਦਾ ਹੈ। ਜਿਵੇਂ ਗਰਮੀਆਂ ਵਿੱਚ ਗੁਲਮੋਹਰ ਜਾਂ ਅਮਲਤਾਸ। ਜਿਵੇਂ ਸਿਆਲਾਂ ਵਿੱਚ ਸਵੀਟ ਵਿਲੀਅਮ। ਜਾਂ ਫਿਰ ਪੇਂਜੀ ਦੇ ਫੁੱਲ। ਵੈਸੇ ਫੁੱਲਾਂ ਦੀ ਗੱਲ ਹੋਰ ਹੈ। ਕੁਦਰਤ ਨੇ ਫੁੱਲਾਂ ਨੂੰ ਹੱਸਦੇ ਰਹਿਣ ਦੀ ਨਿਹਮਤ ਬਖਸ਼ੀ ਹੈ। ਜਦ ਕੋਈ ਉਹਨਾਂ ਨੂੰ ਟਾਹਣੀ ਨਾਲੋਂ ਤੋੜ ਰਿਹਾ ਹੁੰਦਾ ਹੈ ਤਾਂ ਫੁੱਲ ਤੋੜਨ ਵਾਲੇ ਵੱਲ ਦੇਖਦੇ ਹਨ ਤੇ ਮੁਸਕਰਾਉਣ ਲੱਗਦੇ ਹਨ।

ਜਨਕਰਾਜ ਐਦਾਂ ਹੀ ਮੁਸਕਰਾਉਂਦੇ ਹਨ। ਉਹਨਾਂ ਦਾ ਪੂਰਾ ਨਾਂ ਜਨਕਰਾਜ ਸਹਿਗਲ ਹੈ ਪਰ ਉਹ ਚਾਹੁੰਦੇ ਹਨ ਕਿ ਸਾਰੇ ਲੋਕ ਉਹਨਾਂ ਨੂੰ ਜਨਕ ਕਹਿਣ। ਸਾਰੇ ਲੋਕ। ਇਹ ਸਾਰੇ ਲੋਕ ਕੌਣ? ਜੋ ਸਾਹਮਣੇ ਦੇ ਫਲੈਟ ਵਿੱਚ ਬ੍ਰਿਧ ਜਿਹੀ ਔਰਤ ਰਹਿੰਦੀ ਹੈ, ਉਹ ਉਹਨਾਂ ਨੂੰ ਜਨਕ ਕਹਿੰਦੀ ਹੈ। ਉਹਨਾਂ ਨੂੰ ਚੰਗਾ ਲੱਗਦਾ ਹੈ। ਗਾਰਡ ਉਹਨਾਂ ਨੂੰ ਜਨਕ ਸਰ ਆਖਦਾ ਹੈ, ਉਹਨਾਂ ਨੂੰ ਪਸੰਦ ਹੈ।

ਜਦ ਉਹ ਛੋਟੇ ਸਨ ਤਾਂ ਉਹਨਾਂ ਦੀ ਮਾਂ ਉਹਨਾਂ ਨੂੰ 'ਜਨਕ ਪੁੱਤਰ' ਕਿਹਾ ਕਰਦੀ। ਉਹ ਨਿਹਾਲ ਹੋ ਜਾਂਦੇ। ਹੁਣ ਕੋਈ ਵੀ ਨਹੀਂ ਰਿਹਾ। ਸ਼ਿਰਾਜ਼ਾ ਖਿੰਡਰ ਗਿਆ। ਮਾਂ-ਬਾਪ ਸਵਰਗਵਾਸੀ ਹੋ ਗਏ ਤੇ ਬੱਚੇ! ਉਹਨਾਂ ਨੇ ਆਪਣੀ ਅਲੱਗ ਦੁਨੀਆ ਵਸਾ ਲਈ। ਉਹ 'ਸ਼ਾਨਦਾਰ' ਬੱਚੇ ਚਾਹੁੰਦੇ ਸਨ ਕਿ ਪਿਤਾ ਕਿਸੇ ਬ੍ਰਿਧ ਆਸ਼ਰਮ ਵਿੱਚ 'ਸੈਟਲ' ਹੋ ਜਾਣ। ਪਿਤਾ ਜਾਣੀ ਕਿ ਜਨਕਰਾਜ ਸਹਿਗਲ ਨੇ ਇਥੇ ਇੱਕ ਕਮਰੇ ਦਾ ਫਲੈਟ ਖਰੀਦ ਲਿਆ।

ਕੁਝ ਦਿਨਾਂ ਬਾਅਦ ਇਹਨਾਂ ਦੇ ਫਲੈਟ ਦੇ ਐਨ ਸਾਹਮਣੇ ਕੋਈ ਆ ਕੇ ਰਹਿਣ ਲੱਗਾ। ਉਹੀ ਬ੍ਰਿਧ ਔਰਤ। ਨਾਂ ਅਹਿਲਿਆ।

ਜਨਕਰਾਜ ਤਦ ਚੌਂਕੇ ਜਦੋਂ ਭਜਨ ਜਿਹੀਆਂ ਧੁੰਨਾਂ ਉਹਨਾਂ ਦੇ ਕੰਨਾਂ ਵਿੱਚ ਪੈਣ ਲੱਗੀਆਂ। ਥਰਥਰਾਉਂਦੀ ਜਿਹੀ ਆਵਾਜ਼। ਜਿਵੇਂ ਘਾਹ ਦੀਆਂ ਪੱਤੀਆਂ ਤੇ ਤ੍ਰੇਲ ਦੇ ਤੁਬਕੇ ਕੰਬਦੇ ਜਿਹੇ ਹੋਣ ਤੇ ਧੁੱਪ ਨਾਲ ਮੁਸਕ੍ਰਾ ਵੀ ਰਹੇ ਹੋਣ। ਇੱਕ ਬੇਸੁਰੀ ਜਿਹੀ ਆਵਾਜ਼। ਆਪਣੇ ਰੁੱਸੇ ਹੋਏ ਦੇਵਤਿਆਂ ਨੂੰ ਮਨਾਉਂਦੀ ਹੋਈ। ਇੱਕ ਨਾਰਾਜ਼ ਜਿਹੀ ਆਵਾਜ਼, ਆਪਣੇ ਬਾਲ-ਦੇਵਤਾ ਦੇ ਸਾਹਮਣੇ। ਇੱਕ ਅਜਿਹੀ ਬੰਦਗੀ ਜਿਸ ਵਿੱਚ ਬ੍ਰਿਧ ਔਰਤ ਦੇ ਹੰਝੂ ਹੱਥ ਜੋੜ ਕੇ ਬੈਠੇ ਹੋਣ।

ਫਲੈਟ ਦਾ ਦਰਵਾਜ਼ਾ ਖੁੱਲ੍ਹਾ ਸੀ। ਜਨਕਰਾਜ ਦੱਬੇ ਪੈਰੀਂ ਬੁੜ੍ਹੀ ਦੇ ਫਲੈਟ ਵਿੱਚ ਜਾ ਖੜ੍ਹੇ ਹੋਏ। ਔਰਤ ਕੁਰਸੀ 'ਤੇ ਬੈਠੀ ਸੀ। ਬਾਲਕੋਨੀ ਵੱਲ, ਅਸਮਾਨ ਨੂੰ ਦੇਖਦੇ ਹੋਏ। ਉਸ ਦਾ

ਗਾਉਣਾ ਜਿਵੇਂ ਕਿਸੇ ਟੁੱਟੇ ਹੋਏ ਸਿਤਾਰੇ ਦੇ ਲਈ ਕੋਈ ਵਿਦਾਈ ਗੀਤ ਹੋਵੇ।

ਔਰਤ ਨੂੰ ਲੱਗਾ ਕਿ ਕੋਈ ਹੈ। ਉਸ ਨੇ ਮੁੜ ਕੇ ਦੇਖਿਆ ਤਾਂ ਸਾਹਮਣੇ ਜਨਕਰਾਜ ਖੜੇ ਸਨ।

ਗੀਤ ਸਥਿਗਤ। ਭਜਨ ਖਾਮੋਸ਼। ਉੱਠ ਖੜੀ ਹੋਈ ਬੁੜੀ ਔਰਤ। ਹੈਰਾਨ ਹੋ ਕੇ ਤੇ ਕੁਝ ਪਰੇਸ਼ਾਨ ਹੋ ਕੇ ਦੇਖਦੀ ਰਹੀ ਸਾਹਮਣੇ ਖੜੇ ਪੁਰਸ਼ ਨੂੰ। ਜੋ ਆਇਆ ਸੀ ਬੜੀ ਜ਼ੁਅਰਤ ਦੇ ਨਾਲ, ਬਿਨਾਂ ਕਿਸੇ ਇਜਾਜ਼ਤ ਦੇ।

"ਤੁਹਾਡੇ ਭਜਨ ਵਿੱਚ ਬਹੁਤ ਖਿੱਚ ਸੀ, ਮੈਂ ਚਲੇ ਆਇਆ। ਤੁਹਾਨੂੰ ਚੰਗਾ ਨਹੀਂ ਲੱਗਿਆ ਹੋਣਾ ਮੇਰਾ ਐਦਾਂ ਆਉਣਾ।"

"ਮੈਨੂੰ ਚੰਗਾ ਨਹੀਂ ਲੱਗਾ।" ਔਰਤ ਨੇ ਆਖਿਆ। ਉਹ ਅਸਹਿਜ ਹੈ।

"ਗੁਸਤਾਖ਼ੀ ਮੁਆਫ ਕਰਨੀਂ ਪਰ ਤੁਸੀਂ ਬਹੁਤ ਵਧੀਆ ਭਜਨ ਗਾ ਰਹੇ ਸੀ।"

"ਮੇਰੀ ਬੁੜੀ ਆਵਾਜ਼ ਦੀ ਰੱਸੀ ਖੂਹ ਦੇ ਉਸ ਥੱਲੇ ਤਕ ਚਲੇ ਜਾਂਦੀ ਏ ਜਿਸ ਦਾ ਪਾਣੀ ਸੁੱਕ ਚੁੱਕਾ ਏ।"

"ਤੁਸੀਂ ਬੋਲਦੇ ਚੰਗਾ ਹੋ।" ਜਨਕਰਾਜ ਨੇ ਆਖਿਆ। ਉਹਨਾਂ ਨੂੰ ਜਾਪ ਰਿਹਾ ਸੀ ਕਿ ਤਾਰੀਫ ਦੇ ਇਹ ਬੋਲ ਉਸ ਔਰਤ ਨੂੰ ਚੰਗੇ ਲੱਗਣਗੇ।

"ਮੈਂ ਚੰਗਾ ਬੋਲਦੀ ਹਾਂ ਜਾਂ ਨਹੀਂ ਬੋਲਦੀ, ਇਹਦਾ ਮੈਨੂੰ ਕੁਝ ਨਹੀਂ ਪਤਾ ਪਰ ਮੈਨੂੰ ਇਹ ਜ਼ਰੂਰ ਪਤਾ ਏ ਕਿ ਮੈਨੂੰ ਜ਼ਿੰਦਗੀ ਜਿਉਣਾ ਨਹੀਂ ਆਉਂਦਾ।"

"ਸਭ ਦੀ ਗੱਲ ਇਹੋ ਏ।"

"ਸਭ ਦੀ?" ਔਰਤ ਨੇ ਹੈਰਾਨ ਹੋ ਕੇ ਸਵਾਲ ਕੀਤਾ ਹੈ।

"ਹਾਂ। ਅਸੀਂ ਸਾਰੇ ਜਦੋਂ ਇਸ ਉਮਰ ਤੱਕ ਪੁੱਜਦੇ ਹਾਂ ਤਾਂ ਅਹਿਸਾਸ ਹੁੰਦਾ ਏ ਕਿ ਜੋ ਜ਼ਿੰਦਗੀ ਅਸੀਂ ਜੀਅ ਆਏ ਉਹ ਜ਼ਿੰਦਗੀ ਕਿੱਥੇ ਸੀ, ਉਹ ਤਾਂ ਉਸ ਦਾ ਰਫ ਡਰਾਫਟ ਸੀ।"

"ਰੀਅਲੀ, ਰਫ ਡਰਾਫਟ!"

"ਕਿੱਡੀ ਵੱਡੀ ਹਾਸੋ-ਹੀਣਤਾ ਏ ਕਿ ਅਸੀਂ ਰਫ ਨੋਟਿਸ ਤਾਂ ਫੇਅਰ ਕਰਦੇ ਰਹਿੰਦੇ ਹਾਂ ਪਰ ਜ਼ਿੰਦਗੀ ਦਾ ਡਰਾਫਟ 'ਰਫ' ਛੱਡ ਕੇ ਚਲੇ ਜਾਂਦੇ ਹਾਂ।"

"ਤੁਸੀਂ ਤਾਂ ਦਾਨਿਸ਼ਮੰਦ ਹੋ।"

"ਸਾਧਾਰਨ ਇਨਸਾਨ ਹਾਂ।"

"ਸਾਧਾਰਨ ਹੋਣਾ ਵੀ ਤੁਹਾਡੀ ਕਾਬਲੀਅਤ ਏ।"

"ਸ਼ੁਕਰੀਆ! ਇੱਕ ਗੱਲ ਪੁੱਛਦਾਂ ਕਿ ਮੈਂ ਬਿਨਾਂ ਦਰਵਾਜ਼ਾ ਨੌਕ ਕੀਤੇ ਚਲੇ ਆਇਆ, ਤੁਹਾਨੂੰ ਬੁਰਾ ਤਾਂ ਨਹੀਂ ਲੱਗਾ?"

ਔਰਤ ਨੇ ਮੁਸਕ੍ਰਾਉਣ ਦੀ ਕੋਸ਼ਿਸ਼ ਕੀਤੀ ਹੈ। ਉਹ ਕਹਿ ਰਹੀ ਹੈ, "ਹਵਾਵਾਂ ਵੀ ਤਾਂ ਐਦਾਂ ਹੀ ਆਉਂਦੀਆਂ ਨੇ, ਦਸਤਕ ਦਿੱਤੇ ਬਿਨਾਂ।"

"ਕਸ਼ਿਸ਼ ਇੱਕ ਨਾ ਦਿਖਾਈ ਦੇਣ ਵਾਲੇ ਮਹੀਨ ਧਾਗੇ ਵਾਂਗ ਹੁੰਦੀ ਏ।" ਜਨਕਰਾਜ ਨੇ ਕਿਹਾ ਹੈ।

"ਫਿਰ?"

"ਤੁਹਾਡੇ ਭਜਨ ਵਿੱਚ ਉਹੀ ਕਸ਼ਿਸ਼ ਸੀ। ਮੈਂ ਦਰਵਾਜ਼ੇ 'ਤੇ ਦਸਤਕ ਦਿੰਦਾ ਤਾਂ ਤੁਹਾਡੇ ਭਜਨ ਦੀ ਲੈਅ ਟੁੱਟ ਜਾਂਦੀ।"



"ਤੁਸੀਂ ਪਹਿਲੀ ਵਾਰ ਆਏ ਹੋ, ਮੈਂ ਤੁਹਾਡੇ ਲਈ ਚਾਹ ਬਣਾਉਂਦੀ ਹਾਂ।" ਔਰਤ ਨੇ ਕਿਹਾ ਹੈ। ਫਿਰ ਜ਼ਰਾ ਕੁ ਝਿਜਕ ਨਾਲ, "ਪਰ ਦੁੱਧ ਨਹੀਂ ਏ।"

"ਦੁੱਧ ਮੈਂ ਲੈ ਆਉਂਦਾ ਹਾਂ।"

"ਤੁਸੀਂ ਦੁੱਧ ਲੈਣ ਆਪਣੇ ਫਲੈਟ ਨੂੰ ਜਾਓਂਗੇ?"

"ਮੀਲਾਂ-ਮੀਲ ਦੂਰ ਨਹੀਂ ਜਾਣਾ, ਆਹ ਸਾਹਮਣੇ ਚਾਰ ਕਦਮਾਂ ਦੂਰ ਏ।"

"ਠੀਕ ਏ। ਮੈਂ ਚਾਹ ਦਾ ਪਾਣੀ ਰੱਖਦੀ ਆਂ।" ਔਰਤ ਨੇ ਕਿਹਾ ਹੈ। ਉਹ ਰਸੋਈ ਵੱਲ ਜਾਣ ਲੱਗੀ ਹੈ। ਉਹ ਥੋੜ੍ਹਾ ਝੁਕ ਕੇ ਚਲਦੀ ਹੈ ਜਿਵੇਂ ਅਸਮਾਨ ਦਾ ਬੋਝ ਉਸ ਨੇ ਮੋਢਿਆਂ 'ਤੇ ਚੁੱਕਿਆ ਹੋਵੇ ਤੇ ਉਹ ਫਰਸ਼ ਨਾਲ ਗੱਲਾਂ ਕਰਦੀ ਹੋਈ ਜਾ ਰਹੀ ਹੋਵੇ।

ਜਨਕਰਾਜ ਉਹਨੂੰ ਦੇਖ ਰਹੇ ਹਨ। ਚਾਹ ਬਣਾਉਣ ਜਾ ਰਹੀ ਔਰਤ ਜਿਵੇਂ ਚਾਹ ਦੇ ਬਾਗ ਵਿੱਚੋਂ ਚਾਹ ਦੀਆਂ ਪੱਤੀਆਂ ਤੋੜਨ ਜਾ ਰਹੀ ਹੋਵੇ।

ਜਨਕਰਾਜ ਇੱਕ ਕੱਪ ਵਿੱਚ ਦੁੱਧ ਲੈ ਆਏ ਹਨ।

ਰਸੋਈ ਵਿੱਚ ਜਾਣਾ ਸ਼ਾਇਦ ਬ੍ਰਿਧ ਔਰਤ ਨੂੰ ਚੰਗਾ ਨਾ ਲੱਗਾ ਹੋਵੇ। ਦੁੱਧ ਨੂੰ ਸਲੈਬ 'ਤੇ ਰੱਖ ਕੇ ਉਹ ਉਬਲਦੇ ਪਾਣੀ ਨੂੰ ਦੇਖਣ ਲੱਗਦੇ ਹਨ। ਔਰਤ ਹੈਰਾਨ ਹੈ ਕਿ ਇਹ ਬੰਦਾ ਉਬਲਦੇ ਪਾਣੀ ਵਿੱਚੋਂ ਕੀ ਲੱਭ ਰਿਹਾ ਹੈ, ਉਬਲਦੇ ਪਾਣੀ ਵਿੱਚੋਂ ਕਿਤੇ ਜਿਉਂਦੀਆਂ ਮੱਛੀਆਂ ਤਾਂ ਨਹੀਂ ਭਾਲ ਰਿਹਾ?

"ਉਬਲਦੇ ਪਾਣੀ ਨੂੰ ਮੈਂ ਦੇਰ ਤਕ ਦੇਖਦਾ ਰਹਿੰਦਾ ਹਾਂ। ਕਿੰਨੇ ਸਾਰੇ ਬੁਲਬੁਲੇ ਇਕੱਠੇ ਹੋ ਜਾਂਦੇ ਨੇ। ਬੁਲਬੁਲਿਆਂ ਦੀ ਇੱਕ ਬਸਤੀ ਵਸ ਜਾਂਦੀ ਏ। ਬੁਲਬੁਲੇ ਕਿੰਨੇ ਨੇੜੇ-ਨੇੜੇ ਹੁੰਦੇ ਨੇ ਜਿਵੇਂ ਇੱਕ ਦੂਜੇ ਦੇ ਕੰਨਾਂ ਵਿੱਚ ਕੁਝ ਕਹਿ ਰਹੇ ਹੋਣ।"

"ਜੀਨੀਅਸ ਸਾਹਬ। ਮੈਂ ਚਾਹ ਦਾ ਪਾਣੀ ਹਜ਼ਾਰਾਂ ਵਾਰ ਉਬਾਲਿਆ ਏ ਪਰ ਬੁਲਬੁਲੇ ਆਪਣੀ ਬਸਤੀ ਵੀ ਬਣਾਉਂਦੇ ਨੇ, ਅੱਜ ਪਤਾ ਲੱਗਾ।" ਔਰਤ ਥੋੜ੍ਹਾ ਜਿਹਾ ਹੱਸੀ ਹੈ। ਜਨਕਰਾਜ ਦਾ ਰਸੋਈ ਵਿੱਚ ਆਉਣਾ ਪਹਿਲਾਂ ਉਸ ਨੂੰ ਅਪਸੈਟ ਕਰ ਗਿਆ ਸੀ ਪਰ ਹੁਣ ਚੰਗਾ ਲੱਗ ਰਿਹਾ ਹੈ।

ਪਾਣੀ ਉਬਲ ਰਿਹਾ ਹੈ। ਦੋਵੇਂ ਉਬਲਦੇ ਪਾਣੀ ਵਿੱਚ ਬਣਦੇ ਬੁਲਬੁਲਿਆਂ ਨੂੰ ਦੇਖ ਰਹੇ ਹਨ।

ਦੋ ਬੁੜਿਆਂ ਵਿੱਚ ਜਿਵੇਂ ਕੋਈ ਉਤਸਵ ਹੋਵੇ ਜਾਂ ਕੋਈ ਖੇਡ।

ਬੁੜੀ ਔਰਤ ਦਾ ਸੱਜਾ ਹੱਥ ਜ਼ਰਾ ਕੁ ਕੰਬਦਾ ਹੈ। ਚਾਹ ਦਾ ਪਾਣੀ ਪਾਉਂਦੇ ਹੋਏ ਹੱਥ ਕੰਬ ਜਾਂਦਾ ਹੈ। ਚਾਹ ਦਾ ਪਾਣੀ ਜ਼ਰਾ ਕੁ ਡੁੱਲ੍ਹ ਜਾਂਦਾ ਹੈ। ਇਹੋ ਹਾਲਤ ਚੀਨੀ ਪਾਉਂਦੇ ਹੋਏ ਹੁੰਦਾ ਹੈ। ਦੁੱਧ ਦਾ ਕੱਪ ਚੁੱਕਦੇ ਹੋਏ ਜਿਵੇਂ ਉਸ ਨੇ ਹਲਕੇ ਸੁਰ ਵਿੱਚ ਐਲਾਨ ਕਰ ਦਿੱਤਾ ਹੋਵੇ, "ਦੁੱਧ ਥੋੜ੍ਹਾ ਹੀ ਪਾਵਾਂਗੀ, ਜ਼ਿਆਦਾ ਦੁੱਧ ਟੇਸਟ ਸਪੁਆਇਲ ਕਰ ਦਿੰਦਾ ਏ।"

"ਬੇਸ਼ੱਕ!" ਜਨਕਰਾਜ ਨੇ ਕਿਹਾ ਹੈ। ਫਿਰ ਹੱਥ ਵਧਾਉਂਦੇ ਹੋਏ ਕਹਿੰਦੇ ਹਨ, "ਟ੍ਰੇਅ ਮੈਨੂੰ ਦੇ ਦੇਵੋ। ਦੋ ਕੱਪਾਂ ਨਾਲ ਇੱਕ ਚਮਚਾ ਵੀ ਰੱਖ ਲੈਂਦੇ ਹਾਂ। ਗੱਲਾਂ ਕਰਦੇ ਹੋਏ ਮੈਂ ਚਾਹ ਦੇ ਕੱਪ ਵਿੱਚ ਚਮਚਾ ਘੁਮਾਉਂਦਾ ਰਹਿੰਦਾ ਹਾਂ। ਚਮਚੇ ਤੇ ਕੱਪ ਵਿੱਚ ਜੋ ਗੂੰਜ ਪੈਦਾ ਹੁੰਦੀ ਏ ਉਸ ਨੂੰ ਚਾਹ ਜਜ਼ਬ ਕਰ ਲੈਂਦੀ ਏ।"

"ਜੀਨੀਅਸ ਸਾਹਬ, ਮੈਂ ਚਾਹ ਨੂੰ ਚਾਹ ਵਾਂਗ ਪੀਂਦੀ ਹਾਂ। ਚਾਹ ਦੇ ਕੱਪ ਵਿੱਚ ਚਮਚਾ ਘੁਮਾ ਕੇ ਗੂੰਜ ਪੈਦਾ ਕਰਨ ਦਾ ਸ਼ੌਂਕ ਮੇਰੇ ਵਿੱਚ ਨਹੀਂ ਏ।"

ਜਨਕਰਾਜ ਜ਼ਰਾ ਕੁ ਹੱਸ ਪੈਂਦੇ ਹਨ। ਉਹਨਾਂ ਨੇ ਕਿਹਾ ਹੈ, "ਅਸੀਂ ਉਮਰ-ਦਰਾਜ ਲੋਕ ਜਦੋਂ ਮੁੜ ਕੇ ਦੇਖਦੇ ਹਾਂ ਤਾਂ ਮਹਿਸੂਸ ਹੁੰਦਾ ਏ, ਅਸੀਂ ਕਿੰਨੇ ਸਾਰੇ ਚਾਹ ਦੇ ਕੱਪ, ਅੱਧੇ ਪੀ ਕੇ, ਯਾਦਾਂ ਦੇ ਮੇਜ਼ਪੋਸ਼ 'ਤੇ ਛੱਡ ਆਏ।"

"ਬੇਸ਼ੱਕ। ਸਾਨੂੰ ਯਾਦ ਹੀ ਨਹੀਂ ਰਿਹਾ ਕਿ ਮੇਜ਼ 'ਤੇ ਰੱਖੇ ਕੱਪ ਵਿੱਚ ਹਾਲੇ ਚਾਹ ਬਾਕੀ ਏ।" ਔਰਤ ਨੇ ਕਿਹਾ ਹੈ।

"ਉਹ ਚਾਹ ਸੀ ਜਾਂ ਕੁਝ ਹੋਰ?" ਜਨਕਰਾਜ।

"ਸ਼ਾਇਦ ਜ਼ਿੰਦਗੀ ਦਾ ਕੋਈ ਹਿੱਸਾ ਹੋਵੇ।" ਔਰਤ ਦੀ ਆਵਾਜ਼।

"ਜਾਂ ਫਿਰ ਅਸੀਂ ਖੁਦ ਸਾਂ। ਖੁਦ ਨੂੰ ਛੱਡ ਆਏ ਅੱਧਪੀਤੀ ਚਾਹ ਦੇ ਕੱਪਾਂ ਵਿੱਚ।" ਜਨਕਰਾਜ ਨੇ ਡੂੰਘਾ ਸਾਹ ਲੈ ਕੇ ਕਿਹਾ ਹੈ।

ਔਰਤ ਦੋਹਾਂ ਹੱਥਾਂ ਨਾਲ ਚਾਹ ਦਾ ਕੱਪ ਫੜਦੀ ਹੈ ਪਰ ਫੜਨ ਲਈ ਡੰਡੀ ਇੱਕ ਹੀ ਹੈ। ਦੂਸਰੇ ਪਾਸੇ ਉਹ ਰੁਮਾਲ ਰੱਖ ਲੈਂਦੀ ਹੈ ਜਾਂ ਟੀਸ਼ੂ ਪੇਪਰ। ਆਪਣਾ ਕੱਪ ਚੁੱਕਦੇ ਹੋਏ, ਚਾਹ ਦਾ ਘੁੱਟ ਭਰਦੇ ਹੋਏ ਕਿਹਾ ਹੈ,

"ਜੀਨੀਅਸ ਸਾਹਬ।"

"ਮੇਰਾ ਨਾਂ ਜਨਕ ਏ।"

"ਰਾਜਾ ਜਨਕ, ਜਾਂ ਫਿਰ?"

"ਸਿਰਫ ਜਨਕ। ਜਨਕਰਾਜ ਸਹਿਗਲ।"

"ਮੈਂ ਅਹਿਲਿਆ।"

"ਸ਼ਾਨਦਾਰ ਨਾਂ। ਅਹਿਲਿਆ।"

"ਸਾਡੇ ਦੋਵਾਂ ਦੇ ਨਾਂ ਪੁਰਾਣੇ ਵੇਲਿਆਂ ਦੇ ਨੇ।" ਅਹਿਲਿਆ ਨੇ ਕਿਹਾ ਹੈ।

"ਜਿਵੇਂ ਅਸੀਂ ਦੋਵੇਂ ਪੁਰਾਣਾਂ-ਵੇਦਾਂ ਵਿੱਚੋਂ ਨਿਕਲ ਆਏ ਹੋਈਏ।" ਜਨਕਰਾਜ ਨੇ ਕਿਹਾ ਹੈ। ਦੋਵੇਂ ਹਲਕਾ ਜਿਹਾ ਹੱਸਦੇ ਹਨ।

"ਕਈ ਦਿਨਾਂ ਬਾਅਦ ਹੱਸੀ ਹਾਂ।" ਅਹਿਲਿਆ ਨੇ ਕਿਹਾ ਹੈ ਤੇ ਬਾਲਕੋਨੀ ਵੱਲ ਦੇਖਣ ਲੱਗਦੀ ਹੈ।

"ਹੱਸਣ ਲਈ ਕਿਸੇ ਦੂਜੇ ਦੀ ਲੋੜ ਹੁੰਦੀ ਏ ਪਰ ਰੋਣ ਲਈ ਕੋਈ ਕੱਲਾ ਕੋਨਾ।"

"ਜਨਕ ਸਾਹਬ, ਮੈਂ ਐਦਾਂ ਦੇ ਕੱਲੇ ਕੋਨੇ ਬਹੁਤ ਸਾਰੇ ਲੱਭ ਰੱਖੇ ਨੇ।"

"ਇਕ ਕੋਨਾ ਸਾਡੇ ਸਭ ਕੋਲ ਹੁੰਦਾ ਏ।" ਜਨਕਰਾਜ ਨੇ ਕਿਹਾ ਹੈ।

"ਕਦੇ ਅਜਿਹਾ ਵੀ ਵਕਤ ਆਇਆ ਏ ਕਿ ਅਸੀਂ ਖੁਦ ਇੱਕ ਕੋਨਾ ਬਣ ਕੇ ਰਹਿ ਜਾਂਦੇ ਹਾਂ, ਸੰਸਾਰ ਦੀ ਹਵੇਲੀ ਵਿੱਚ ਅਸੀਂ ਕਿਸੇ ਕੋਨੇ ਵਾਂਗ।" ਅਹਿਲਿਆ ਦੋਵਾਂ ਹੱਥਾਂ ਵਿੱਚ ਚਾਹ ਦਾ ਕੱਪ ਫੜੀ ਆਹਿਸਤਾ ਜਿਹੇ ਬੋਲ ਰਹੀ ਹੈ।

ਜਨਕਰਾਜ ਮੁਸਕ੍ਰਾ ਰਹੇ ਹਨ। ਉਹ ਹੱਸਦੇ ਹੋਏ ਆਖਦੇ ਹਨ,

"ਹਵੇਲੀ ਦਾ ਕੋਨਾ! ਬਹੁਤ ਖੂਬ। ਮੈਂ ਤਾਂ ਆਪਣੇ ਆਪ ਨੂੰ ਇਤਿਹਾਸ ਦਾ ਅਜਿਹਾ ਸ਼ਿਲਾਖੰਡ ਸਮਝਦਾ ਹਾਂ ਜਿਹਦੀ ਇਬਾਰਤ ਖੁਦ ਮੇਰੇ ਤੋਂ ਹੀ ਨਹੀਂ ਪੜ੍ਹੀ ਜਾਂਦੀ।"



ਚਾਹ ਖਤਮ ਹੋ ਚੁੱਕੀ ਹੈ। ਦੋਹਾਂ ਨੇ ਕਿਹਾ ਹੈ ਕਿ ਮਿਲਦੇ ਰਹਿਣਗੇ। ਦੋਹਾਂ ਨੇ ਇਹ ਵੀ ਕਿਹਾ ਹੈ ਕਿ ਇੱਕ ਦੂਜੇ ਨੂੰ ਸਿਰਫ ਨਾਵਾਂ ਨਾਲ ਬੁਲਾਉਣਗੇ। ਤੇ ਇਹ ਵੀ ਕਿ ਬਨਾਵਟੀਪਨ ਤੋਂ ਦੂਰ ਰਹਿਣਗੇ ਕਿਉਂਕਿ ਖੁਸ਼ਬੂ ਆ ਨਹੀਂ ਸਕਤੀ ਕਬੀ ਕਾਗਜ਼ ਕੇ ਫੂਲੋਂ ਸੇ।

ਜਨਕਰਾਜ ਅਹਿਲਿਆ ਦੇ ਫਲੈਟ ਵਿੱਚੋਂ ਜਾ ਰਹੇ ਹਨ। ਹੌਲੀ-ਹੌਲੀ। ਰਾਜਾ ਜਨਕ ਦਾ ਧਨੁੱਸ਼ ਮੁਕੱਮਲ ਸੀ ਤੇ ਜਨਕਰਾਜ ਜਾ ਰਹੇ ਹਨ ਜਿਵੇਂ ਰਿਸ਼ਤਿਆਂ ਦੇ ਟੁੱਟੇ-ਭੁੱਟੇ ਧਨੁੱਸ਼ ਉਹਨਾਂ ਦੇ ਹੱਥ ਵਿੱਚ ਹੋਣ।

ਜਨਕਰਾਜ ਗੁਣਗੁਣਾਉਂਦੇ ਹੋਏ ਤੇ ਮੁਸਕਰਾਉਂਦੇ ਹੋਏ ਜਾ ਰਹੇ ਹਨ। ਮੁਸਕਰਾਉਂਦਾ ਹੋਇਆ ਇਨਸਾਨ ਜ਼ਰੂਰੀ ਨਹੀਂ ਕਿ ਸ਼ਹਿਰ ਦਾ ਖੁਸ਼ਨਸੀਬ ਇਨਸਾਨ ਹੋਵੇ। ਮੁਸਕ੍ਰਾਹਟ ਇੱਕ ਖੇਡ ਵੀ ਹੋ ਸਕਦੀ ਹੈ, ਚਿਹਰੇ ਦੀਆਂ ਉਦਾਸ ਇਬਾਰਤਾਂ ਨੂੰ ਛੁਪਾਉਣ ਦਾ ਖਾਮੋਸ਼ ਜਿਹਾ ਜਲਸਾ।

ਜਨਕਰਾਜ ਆਪਣੇ ਅਪਾਰਟਮੈਂਟ ਵਿੱਚ ਟੀਵੀ ਚਲਾਉਂਦੇ ਹਨ। ਬੰਦ ਕਰਦੇ ਹਨ। ਕਿਤਾਬ ਖੋਲ੍ਹਦੇ ਹਨ। ਬੰਦ ਕਰਦੇ ਹਨ। ਅੰਦਰਲਾ ਬੂਹਾ ਖੋਲ੍ਹਦੇ ਹਨ। ਬੰਦ ਕਰਦੇ ਹਨ। ਚਪਲ ਲਾਹੁੰਦੇ ਹਨ। ਦੂਸਰੀ ਪਹਿਨਦੇ ਹਨ। ਦੂਜੀ ਲਾਹੁੰਦੇ ਹਨ, ਤੀਜੀ ਪਹਿਨ ਲੈਂਦੇ ਹਨ। ਕਿਸੇ ਵੇਲੇ ਕਮੀਜ਼ ਬਦਲ ਲੈਂਦੇ ਹਨ ਤੇ ਕਿਸੇ ਵੇਲੇ ਪਤਲੂਨ। ਆਖਰੀ ਵਾਰ ਉਹਨਾਂ ਨੇ ਚਾਰ ਕਮੀਜ਼ਾਂ ਤੇ ਚਾਰ ਪਤਲੂਨਾਂ ਖਰੀਦੀਆਂ। ਕੁਝ ਰੁਮਾਲ। ਦੋ ਟਾਈਆਂ। ਦੋ ਜੁੱਤੇ ਫਾਰਮਲ। ਦੋ ਸਪੋਰਟ ਸ਼ੂਜ਼। ਕੁਝ ਟੀ ਸ਼ਰਟਾਂ। ਵੈਸੇ ਟੀ ਸ਼ਰਟ ਉਹਨਾਂ ਨੂੰ ਅਧੂਰੀ ਡਰੈਸ ਲੱਗਦੀ ਹੈ। ਪੂਰੀ ਬਾਂਹ ਦੀ ਕਮੀਜ਼ ਪਹਿਨਣਾ ਤੇ ਕਦੇ-ਕਦੇ ਕਫਲਿੰਕ ਲਾ ਲੈਣਾ। ਖੁਦ ਨੂੰ ਖੁਸ਼ ਕਰਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਉਨ੍ਹਾਂ ਨੂੰ ਇਹ ਚੰਗੀਆਂ ਵੀ ਲੱਗਦੀਆਂ ਹਨ।

ਉਹ ਐਸਥੇਮੈਟਿਕ ਹਨ ਤੇ ਦਰਾਜ ਵਿੱਚ ਇਨਹੇਲਰਾਂ ਦਾ ਪੂਰਾ ਖਾਨਦਾਨ- ਫੋਰਾਕੋਰਟ, ਟੁਆਇਵਾ, ਐਸਥਲੀਨ। ਇੱਕ ਛੋਟੀ ਜਿਹੀ ਜੰਗ ਜਾਰੀ ਰਹਿੰਦੀ ਹੈ, ਦਿਨ-ਭਰ।

ਬਾਲਕੋਨੀ ਵਿੱਚ ਫੁੱਲਾਂ ਦੇ ਦੋ ਤਿੰਨ ਗਮਲੇ। ਇੱਕ ਗਮਲੇ ਵਿੱਚ ਫੁੱਲ। ਨਾਂ ਚਾਂਦੀ-ਟੱਪ। ਇੱਕ ਵੇਲ ਇਸ਼ਕ-ਪੇਚਾ ਦੀ ਵੇਲ। ਸ਼ਾਇਰਾਨਾ ਨਾਂ।

ਜਨਕ ਬਹੁਤਾ ਵਧੀਆ ਤਾਂ ਨਹੀਂ ਗਾਉਂਦੇ ਪਰ ਫਿਰ ਵੀ ਗਾ ਲੈਂਦੇ ਹਨ। ਪੰਜਾਬੀ ਦੇ ਲੋਕ ਗੀਤ ਗਾਉਂਦੇ ਹੋਏ ਮਨ ਹੀ ਮਨ ਝੂੰਮਦੇ ਹੋਏ, 'ਚੰਨ ਕਿਥਾਂ ਗੁਜ਼ਾਰੀ ਏ ਰਾਤ ਵੇ, ਮੇਡਾ ਜੀ ਦਲੀਲਾਂ ਦੇ ਵਾਤ ਵੇ।'

ਇੱਕ ਹੋਰ ਲੋਕ ਗੀਤ, -'ਸ਼ੌਂਕਣ ਮੇਲੇ ਦੀ। ਪੈਰ ਧੋਂਦੀ ਝਾਂਜਰਾਂ ਪਾਉਂਦੀ ਕਿ ਸ਼ੌਂਕਣ ਮੇਲੇ ਦੀ। ਚੰਨ ਵੇ ਕਿ ਸ਼ੌਂਕਣ ਮੇਲੇ ਦੀ।'

ਕੁਝ ਫਿਲਮੀ ਗੀਤ ਵੀ ਉਹਨਾਂ ਨੂੰ ਪਸੰਦ ਹਨ। ਮਸਲਨ, 'ਮੈਂ ਅਕੇਲਾ ਯੂੰ ਹੀ ਮਜ਼ੇ ਮੇਂ ਥਾਂ, ਮੁਝੇ ਆਪ ਕਿਸ ਲੀਏ ਮਿਲ ਗਏ।' ਪਰ ਸਾਹਿਰ ਲੁਧਿਆਣਵੀ ਦੀ ਨਜ਼ਮ ਉਹ ਜਦੋਂ ਗਾਉਂਦੇ ਹਨ ਤਾਂ ਬਹੁਤ ਗੰਭੀਰ ਹੋ ਜਾਂਦੇ ਹਨ, 'ਵੋ ਅਫਸਾਨਾ ਜਿਸੇ ਅੰਜਾਮ ਤਕ ਲਾਨਾ ਨਾ ਹੋ ਮੁਮਕਿਨ, ਉਸੇ ਇੱਕ ਖੂਬਸੂਰਤ ਮੋੜ ਦੇ ਕਰ ਛੋੜਨਾ ਅੱਛਾ।'

ਜ਼ਿੰਦਗੀ ਸੱਚਮੁੱਚ ਕਿਸੇ ਉਦਾਸ ਕਹਾਣੀਕਾਰ ਦੀ ਲਿਖੀ ਬੇਚੈਨੀ ਪੈਦਾ ਕਰ ਦੇਣ ਵਾਲੀ ਕਹਾਣੀ ਹੀ ਤਾਂ ਹੁੰਦੀ ਹੈ। ਕਿੰਨੇ ਮੋੜ ਮੁੜਦੇ ਚਲੇ ਗਏ। ਖੂਬਸੂਰਤ ਮੋੜ? ਨਹੀਂ, ਰਿਸ਼ਤਿਆਂ ਦੇ ਟੁੱਟਣ ਦੀਆਂ ਆਵਾਜ਼ਾਂ ਹਰ ਮੋੜ 'ਤੇ ਸੁਣਾਈ ਦਿੰਦੀਆਂ ਰਹੀਆਂ। ਖੂਬਸੂਰਤ ਮੋੜ ਨਹੀਂ ਸਨ ਉਹ। ਸਖਤ ਜਾਨਲੇਵਾ ਮੋੜ? ਤੇ ਹੁਣ? ਇਸ ਮੁਕਾਮ 'ਤੇ। ਇਸ ਮੋੜ 'ਤੇ

ਇਕੱਲੇ। ਜਿਵੇਂ ਰਿਸ਼ਤਿਆਂ ਦੇ ਅਸਮਾਨ ਤੋਂ ਕਈ ਤਾਰੇ ਟੁੱਟ ਕੇ ਡਿਗੇ ਹੋਣ ਤੇ ਬੁਝ ਗਏ ਹੋਣ। ਜੋ ਹੱਥ ਵਿੱਚ ਕੁਝ ਜੁਗਨੂੰ ਹਨ, ਇਕੱਲੇ ਫਲੈਟ ਦੇ ਹਨੇਰੇ ਵਿੱਚ ਪਿੱਠ ਥਪਥਪਾਉਂਦੇ।

ਮੁਸਕਰਾਉਂਦੇ ਨੇ ਜਨਕ। ਮੁਬਾਈਲ ਚੁੱਕਦੇ ਹਨ। ਕਿਸੇ ਆਪਣੇ ਨੂੰ ਫੋਨ ਕਰਨ ਬਾਰੇ ਸੋਚਦੇ ਹਨ। ਸੋਚ ਦੇ ਟੁਕੜੇ ਡਿਗਦੇ ਹਨ। ਆਪਣੇ ਲਫਜ਼ 'ਤੇ ਰੁਕਦੇ ਹਨ। ਮੁਬਾਈਲ ਵਾਪਸ ਰੱਖ ਦਿੰਦੇ ਹਨ। ਉੱਠਦੇ ਹਨ। ਡਰੈੱਸ ਬਦਲਦੇ ਹਨ। ਡਰੈੱਸ ਬਦਲਣਾ ਉਹਨਾਂ ਦਾ ਸ਼ੌਂਕ ਹੈ। ਇੱਕ ਡਰੈੱਸ ਤੋਂ ਬਾਅਦ ਦੂਜੀ ਡਰੈੱਸ ਪਹਿਨਦੇ ਹਨ ਤਾਂ ਉਹਨਾਂ ਨੂੰ ਜਾਪਦਾ ਹੈ ਕਿ ਇਕੱਲੇਪਨ ਦੀ ਵਰਦੀ ਲਾਹ ਦਿੱਤੀ ਹੈ। ਪੁਸ਼ਾਕ ਬਦਲ ਕੇ ਉਹ ਜੁੱਤੀਆਂ ਦੇ ਰੈਕ ਦੇ ਸਾਹਮਣੇ ਖੜੇ ਹੁੰਦੇ ਹਨ। ਜੁੱਤੀਆਂ ਪੈਰਾਂ ਦੀਆਂ ਦੋਸਤ ਹੁੰਦੀਆਂ ਹਨ। ਕੋਈ ਇੱਕ ਛੋਟਾ ਜਿਹਾ ਕੰਕਰ ਜੁੱਤੇ ਵਿੱਚ ਚਲੇ ਜਾਵੇ ਤਾਂ ਉਹ ਜੁੱਤੀ ਨੂੰ ਆਪਣਾ ਘਰ ਸਮਝਣ ਲੱਗਦਾ ਹੈ।

ਦਿਨ ਵਿੱਚ ਦੋ-ਤਿੰਨ ਵਾਰ ਘਰੋਂ ਨਿਕਲਦੇ ਹਨ, ਬਿਨਾਂ ਵਜ੍ਹਾ। ਪਰ ਵਜ੍ਹਾ ਉਹ ਲੱਭ ਲੈਂਦੇ ਹਨ। ਇੱਕ ਚੌਰਾਹੇ 'ਤੇ ਰੁਕਦੇ ਹਨ। ਬਾਜਰੇ ਦੇ ਦਾਣੇ ਹੁੰਦੇ ਹਨ ਤੇ ਕਬੂਤਰ ਹੁੰਦੇ ਹਨ। ਹਾਈ ਰਾਈਜ਼ ਇਮਾਰਤਾਂ, ਲਗਜ਼ਰੀ ਕਾਰਾਂ ਤੇ ਸ਼ਾਨਦਾਰ ਮਾਲ ਨੂੰ ਉਹ ਨਹੀਂ ਦੇਖਦੇ। ਉਹ ਕਬੂਤਰਾਂ ਨੂੰ ਦੇਖਦੇ ਰਹਿੰਦੇ ਹਨ। ਸੰਵੇਦਨਾ ਨਾਲ ਭਰਪੂਰ ਦ੍ਰਿਸ਼। ਉਹਨਾਂ ਦੇ ਬੁੱਲ੍ਹਾਂ 'ਤੇ ਆਪਣੇ ਆਪ ਮੁਸਕਾਨ ਚਲੀ ਆਉਂਦੀ ਹੈ।

ਵਾਪਸੀ ਵੇਲੇ ਇੱਕ ਢਾਬੇ ਤੋਂ ਦਾਲ ਰੋਟੀ ਪੈਕ ਕਰਾਉਂਦੇ ਹਨ। ਕਦੇ-ਕਦੇ ਖੁਦ ਵੀ ਬਣਾ ਲੈਂਦੇ ਹਨ। ਟਿਫਿਨ ਮੰਗਾਉਣਾ ਵੀ ਉਹਨਾਂ ਨੂੰ ਬੁਰਾ ਨਹੀਂ ਲੱਗਦਾ। ਖਾਸ ਤੌਰ 'ਤੇ ਰਾਤ ਵੇਲੇ।

ਉਹਨਾਂ ਦਾ ਦਿਲ ਕਰਦਾ ਹੈ ਕਿ ਇੱਕ ਨਾਵਲ ਲਿਖਣ। ਹਰ ਬੰਦਾ ਆਪਣੇ ਆਪ ਵਿੱਚ ਨਾਵਲ ਦਾ ਕਿਰਦਾਰ ਹੀ ਹੁੰਦਾ ਹੈ। ਜ਼ਿੰਦਗੀ ਵਿੱਚ ਇੰਨੀਆਂ ਘਟਨਾਵਾਂ ਵਾਪਰਦੀਆਂ ਹਨ ਕਿ ਉਹਨਾਂ ਨੂੰ ਇਕੱਠਾ ਕਰ ਦਿੱਤਾ ਜਾਵੇ ਤਾਂ ਨਾਵਲ ਵਰਗੀ ਕੋਈ ਸ਼ੈਅ ਬਣ ਜਾਂਦੀ ਹੈ। ਫਿਰ ਉਹ ਆਪਣੇ ਆਪ ਨੂੰ ਸਵਾਲ ਕਰਦੇ ਹਨ ਕਿ ਕੀ ਘਟਨਾਵਾਂ ਨੂੰ ਇਕੱਠੇ ਕਰ ਦੇਣਾ ਹੀ ਨਾਵਲ ਦਾ ਹੋਣਾ ਹੁੰਦਾ ਹੈ ?

ਉਹਨਾਂ ਨੇ ਦੋ ਵਾਰ ਜਾਂ ਜ਼ਿਆਦਾ ਵਾਰ ਨਾਵਲ ਜਾਂ ਡਾਇਰੀ ਲਿਖਣ ਦੀ ਕੋਸ਼ਿਸ਼ ਵੀ ਕੀਤੀ ਹੈ। ਸ਼ੁਰੂਆਤ ਕੁਝ ਐਦਾਂ;

ਇਕੱਲਾਪਨ ਸਾਨੂੰ ਮਿਲਦਾ ਹੈ। ਸਾਨੂੰ ਆਦਤ ਪਾਉਣੀ ਹੁੰਦੀ ਹੈ ਇਕੱਲੇਪਨ ਵਿੱਚ ਜੀਉਣ ਦੀ। ਨਹੀਂ ਤਾਂ ਇਹ ਜੰਗਲੀ ਜਾਨਵਰ ਦੀ ਤਰ੍ਹਾਂ ਦਹਾੜਦਾ ਹੈ।

ਇਹ ਲਾਈਨਾਂ ਇੱਕ ਕੋਰੇ ਕਾਗਜ਼ 'ਤੇ ਲਿਖੀਆਂ। ਕਾਗਜ਼ ਕਿੱਥੇ ਪਿਆ ਰਹਿ ਗਿਆ, ਉਹ ਭੁੱਲ ਹੀ ਗਏ। ਭੁੱਲਣਾ ਆਦਤ ਹੈ ਜਾਂ ਖੇਡ, ਪਤਾ ਨਹੀਂ। ਐਨਕਾਂ ਰੱਖ ਕੇ ਉਹ ਅਕਸਰ ਭੁੱਲ ਜਾਂਦੇ ਹਨ। ਚਾਹ ਦਾ ਕੱਪ ਤਿਪਾਈ 'ਤੇ ਪਿਆ ਰਹਿ ਜਾਂਦਾ ਹੈ ਕਿ ਉਹ ਕਮੀਜ਼ ਦਾ ਟੁੱਟਾ ਬਟਨ ਲਾਉਣ ਲੱਗਦੇ ਹਨ। ਇੱਕ ਹੱਥ ਵਿੱਚ ਸੂਈ ਤੇ ਦੂਜੇ ਵਿੱਚ ਧਾਗਾ ਤੇ ਇਹਨਾਂ ਦੋਹਾਂ ਦੇ ਵਿਚਕਾਰ, ਉਸ ਖੜ-ਸੋਕੜ ਦਰੱਖਤ ਦਾ ਤਸਬੱਰ ਜਿਸ 'ਤੇ ਹੁਣ ਪੰਛੀ ਬਹਿਣਾ ਛੱਡ ਚੁੱਕੇ ਹਨ।

ਸੂਈ ਵਿੱਚ ਧਾਗਾ ਪਾਉਂਦੇ ਉਹ ਸੋਚਦੇ ਹਨ ਕਿ ਜ਼ਿੰਦਗੀ ਅੰਗਿਆਰਿਆਂ ਦੀ ਸੂਈ ਤੇ ਮੋਮ ਦੇ ਧਾਗੇ ਵਿੱਚ ਦੀ ਲੰਘਾਉਣ ਦੀ ਕਸ਼ਮਕਸ਼।

ਅਚਾਨਕ ਉਹਨਾਂ ਨੂੰ ਖਿਆਲ ਆਉਂਦਾ ਹੈ ਕਿ ਕਾਫੀ ਦੇਰ ਤੋਂ ਚਾਹ ਨਹੀਂ ਪੀਤੀ। ਉਹ ਚਾਹ ਬਣਾਉਂਦੇ ਹਨ। ਉਬਲਦਾ ਹੋਇਆ ਪਾਣੀ। ਬੁਲਬੁਲਿਆਂ ਦੀਆਂ ਬਸਤੀਆਂ। ਉਹ ਦੇਖਦੇ ਰਹਿੰਦੇ ਹਨ। ਚਾਹ ਬਣਾ ਕੇ ਮੇਜ਼ 'ਤੇ ਰੱਖਦੇ ਹਨ। ਤਿਪਾਈ 'ਤੇ ਨਜ਼ਰ ਜਾਂਦੀ ਹੈ। ਚਾਹ ਦਾ ਕੱਪ ਦੇਖਦੇ ਹਨ। ਮੁਸਕਰਾਉਂਦੇ ਹਨ। ਆਪਣੇ ਆਪ ਨੂੰ ਕਹਿੰਦੇ ਹਨ, ਜਨਕ, ਜ਼ਿੰਦਗੀ ਇਸੇ ਸ਼ੈਅ ਦਾ ਨਾਂ ਏ।

ਚਾਹ ਪੀਂਦੇ ਪੀਂਦੇ ਸੋਚਣ ਲੱਗਦੇ ਹਨ ਕਿ ਜੇ ਦੁਨੀਆ ਵਿੱਚ ਚਾਹ ਨਾ ਹੁੰਦੀ ਤਾਂ ਵਿਹਲੇ ਲੋਕ, ਪਲੇਟ ਫਾਰਮ 'ਤੇ ਗੱਡੀ ਦਾ ਇੰਤਜ਼ਾਰ ਕਰਦੇ ਲੋਕ ਆਪਣਾ ਵਕਤ ਕਿਵੇਂ ਗੁਜ਼ਾਰਦੇ ?

ਫਿਰ ਜਨਕ ਨਾਵਲ ਲਿਖਣ ਬਾਰੇ ਸੋਚਦੇ ਹਨ। ਕਾਗਜ਼-ਪੈਨ ਅਤੇ ਲਿਖਣ ਲੱਗਦੇ ਹਨ -ਮੈਂ ਰਿਸ਼ਤਿਆਂ ਤੋਂ ਦੂਰ ਹੁੰਦਾ ਚਲੇ ਗਿਆ। ਮੈਂ ਆਪਣੇ ਆਲੇ-ਦੁਆਲੇ ਚੀਜ਼ਾਂ ਨੂੰ ਸਜਾ ਲਿਆ। ਇਹ ਚੀਜ਼ਾਂ ਨੰਗੀਆਂ ਅੱਖਾਂ ਨਾਲ ਮੈਨੂੰ ਦੇਖਦੀਆਂ ਰਹੀਆਂ। ਮੇਰੇ ਇਕੱਲੇਪਨ ਦਾ ਮਜ਼ਾਕ ਉਡਾਉਂਦੀਆਂ ਰਹੀਆਂ।

ਅੱਗੇ ਉਹਨਾਂ ਨੇ ਲਿਖਿਆ -ਜ਼ਿੰਦਗੀ ਆਖਰ ਹੈ ਕੀ ? ਮੌਤ ਦਾ ਤਾਂ ਮੈਂ ਪਤਾ ਕਰ ਲਿਆ, ਕਿਸੇ ਡਰ ਦਾ ਨਾਂ ਹੈ। ਪਰ ਜ਼ਿੰਦਗੀ ? ਸ਼ਾਇਦ ਸੰਘਰਸ਼ਾਂ ਦਾ ਨਾਂ ਹੋਵੇ। ਮੈਂ ! ਮੈਂ ਜਾਣੀ ਜਨਕ ਇੱਕ ਯੋਧਾ। ਪਰ ਹਾਰਿਆ ਹੋਇਆ ਯੋਧਾ।

ਕਾਗਜ਼ ਪਏ ਰਹਿ ਜਾਂਦੇ ਹਨ। ਨਾਵਲ ਛੁੱਟ ਜਾਂਦਾ ਹੈ।...

ਇੱਕ ਹਾਰੀ ਜਿਹੀ ਸੈਨਾਪਤੀ ਅਹਿਲਿਆ ਵੀ ਹੈ। ਉਹਦੇ ਸਰੀਰ ਵਿੱਚ ਦਰਦਾਂ ਰਹਿੰਦੀਆਂ ਹਨ। ਆਸਟੀਓਪੋਰੇਸਿਸ ਦੇ ਕਾਰਨ। ਜਿੰਨਾ ਜਿਸਮ ਵਿੱਚ ਦਰਦ, ਉਸ ਤੋਂ ਜ਼ਿਆਦਾ ਦਿਲ ਵਿੱਚ। ਉਸ ਨੂੰ ਯਾਦ ਆਉਂਦੀ ਹੈ ਇੱਕ ਸੁੰਦਰ ਜਿਹੀ ਕੁੜੀ ਜੋ ਸਟਾਪੂ ਖੇਡਦੀ ਸੀ। ਇੱਕ ਲੱਤ ਮੋੜ ਕੇ ਜ਼ਮੀਨ 'ਤੇ ਬਣੇ ਖਾਨਿਆਂ ਨੂੰ ਪਾਰ ਕਰਦੀ। ਖਿਲਖਿਲਾਉਂਦੀ। ਹੱਸਦੀ। ਜੇਤੂਆਂ ਵਾਲਾ ਹਾਸਾ ਸੀ ਉਸ ਕੁੜੀ ਦਾ। ਕੁੜੀ ਜਾਣੀ ਅਹਿਲਿਆ। ਯਾਦਾਂ ਦੀਆਂ ਹਜ਼ਾਰਾਂ ਠੀਕਰੀਆਂ ਅਤੇ ਸਟੂਡਿਓ ਅਪਾਰਟਮੈਂਟ ਵਿੱਚ ਇੱਕਲੇਪਨ ਦਾ ਸਟਾਪੂ-ਸਟਾਪੂ ਖੇਡਦੀ, ਬੁੜੀ ਅਹਿਲਿਆ।

ਸ਼ਾਮ ਵੇਲੇ ਚਾਹ ਬਣਾਉਂਦੀ ਹੈ। ਬਾਲਕੋਨੀ ਵਿੱਚ ਰੱਖੀ ਹੋਈ ਕੁਰਸੀ 'ਤੇ ਬਹਿ ਕੇ ਦੂਰ ਦੇਖਦੀ ਹੋਈ। ਸ਼ਹਿਰ ਜੋ ਇਮਾਰਤਾਂ ਦਾ ਸ਼ਹਿਰ ਹੈ। ਉੱਚੀਆਂ ਹੁੰਦੀਆਂ ਇਮਾਰਤਾਂ ਦਾ, ਛੋਟੇ ਹੁੰਦੇ ਲੋਕਾਂ ਦਾ ਸ਼ਹਿਰ। ਇਹ ਸ਼ਹਿਰ ਨਵੀਂ ਤਹਿਜ਼ੀਬ ਦਾ ਮਾਰਿਆ ਹੋਇਆ। ਜੋ ਰਾਤ ਨੂੰ ਦਸ ਵਜੇ ਤੋਂ ਬਾਅਦ ਜਿਉਂਦਾ ਹੁੰਦਾ ਹੈ। ਪੱਬ ਭਰ ਜਾਂਦੇ ਹਨ। ਜਿੰਨੇ ਮੁੰਡੇ ਉਸ ਤੋਂ ਜ਼ਿਆਦਾ ਕੁੜੀਆਂ। ਐਦਾਂ ਲੱਗਦਾ ਹੈ ਉੱਚੀ ਆਵਾਜ਼ ਤੇ ਕੰਨਪਾੜੂ ਧੁੰਨ 'ਤੇ ਨੱਚਦੇ-ਗਾਉਂਦੇ ਇਹ ਮੁੰਡੇ-ਕੁੜੀਆਂ ਕੋਈ 'ਦੇਹ' ਦੀ ਖੇਡ ਖੇਡ ਰਹੇ ਹਨ।

ਇਹ ਸ਼ਹਿਰ ਨਵੀਆਂ ਕਾਰਾਂ ਦਾ, ਪੁਰਾਣੇ ਜ਼ਖ਼ਮਾਂ ਦਾ ਸ਼ਹਿਰ। ਇਹ ਸ਼ਹਿਰ ਬੇਮੁਰੱਬਤ, ਬੇਲਿਹਾਜ਼, ਬੇਗਰਜ਼। ਸੰਵੇਦਨਾ ਦੇ ਗੁੰਮ ਹੋ ਜਾਣ ਦੀ ਐਫ.ਆਈ.ਆਰ. ਕਿਸੇ ਨੇ ਦਰਜ ਨਹੀਂ ਕਰਾਈ।

ਪਲੇਟ ਵਿੱਚ ਕੱਪ ਰੱਖ ਕੇ ਜਦੋਂ ਅਹਿਲਿਆ ਉੱਠਦੀ ਹੈ ਤਾਂ ਇੱਕ 'ਹਾਏ' ਜਿਹੀ ਨਿਕਲਦੀ ਹੈ। ਸਰੀਰ ਦੇ ਅੰਨੇ ਖੂਹ ਵਿੱਚ ਜਿਵੇਂ ਪੁਰਾਣਾ ਵਕਤ ਆਪਣੀ ਥੱਕੀ ਹੋਈ ਚੀਕ ਦੇ ਨਾਲ।

ਇਸ ਦੇ ਬਾਵਜੂਦ ਉਹ ਕਦੇ-ਕਦੇ ਗਾਉਂਦੀ ਹੈ। ਕੋਈ ਭਜਨ। ਜਿਵੇਂ ਆਵਾਜ਼

ਵਿੱਚ ਸਹਿਮੀਆਂ ਹੋਈਆਂ ਅਗਰਬੱਤੀਆਂ ਕਿਸੇ ਰੁੱਸੇ ਹੋਏ ਦੇਵਤਾ ਦੀ ਤਲਾਸ਼ ਵਿੱਚ ਭਟਕ ਰਹੀਆਂ ਹੋਣ।

ਅਹਿਲਿਆ ਭਜਨ ਗਾ ਰਹੀ ਸੀ। ਆਵਾਜ਼ ਨੂੰ ਸੁਣ ਕੇ ਜਨਕ ਅੱਜ ਫਿਰ ਚਲੇ ਆਏ। ਖੜ੍ਹੇ ਰਹੇ ਦਰਵਾਜ਼ੇ ਕੋਲ। ਜਦੋਂ ਭਜਨ ਖਤਮ ਹੋਇਆ ਤਾਂ ਅਹਿਲਿਆ ਨੇ ਮੁੜ ਕੇ ਦੇਖਿਆ। ਜਨਕ ਖੜ੍ਹੇ ਸਨ। ਮੁਸਕ੍ਰਾਉਂਦੇ ਹੋਏ। ਅਹਿਲਿਆ ਉੱਠੀ। ਉਹੀ ਹੈਰਾਨੀ ਨਜ਼ਰਾਂ ਵਿੱਚ। ਮੁਸਕ੍ਰਾਉਣ ਦੀ ਕੋਸ਼ਿਸ਼। ਕੋਸ਼ਿਸ਼ ਜੇ ਫੇਲ੍ਹ ਹੋ ਜਾਵੇ ਤਾਂ ਕਮਬਖਤ ਹੰਝੂ ਅੱਖਾਂ ਵਿੱਚ ਖੇਡਣ ਲੱਗਦੇ ਹਨ।

ਭੂਮਿਕਾ ਬਿਨਾਂ ਕਈ ਗੱਲਾਂ ਕਿੰਨੀਆਂ ਦਿਲਕਸ਼ ਹੋ ਜਾਂਦੀਆਂ ਹਨ। ਜਿਵੇਂ ਕਿ ਹੁਣ, ਇਸ ਵਕਤ ਜਨਕਰਾਜ ਦਾ ਇਹ ਪੁੱਛਣਾ ਕਿ ਚਾਹ ਲਈ ਦੁੱਧ ਤਾਂ ਹੈ ਨਾ!

"ਹਾਂ, ਹਾਂ। ਦੁੱਧ ਵੀ ਹੈ ਤੇ ਹੋਰ...।"

"ਹੋਰ ਕੀ?"

"ਤੁਹਾਡੀ ਉਡੀਕ!"

"ਨਵਾਜਿਸ਼!" ਕਿਹਾ ਜਨਕਰਾਜ ਨੇ ਅਹਿਲਿਆ ਨੂੰ। ਥੋੜ੍ਹੀ ਥੱਕੀ ਹੋਈ ਚਾਲ ਚਲਦੇ ਦੇਖਿਆ ਤਾਂ ਪੁੱਛਿਆ, "ਤੁਹਾਡੀ ਸਿਹਤ ਤਾਂ ਠੀਕ ਹੈ ਨਾ?"

"ਸਿਹਤ?" ਬਸ ਇੱਕ ਲਫਜ਼ ਤੇ ਉਸ ਲਫਜ਼ ਵਿੱਚ ਬੈਠੇ ਅਰਥਾਂ ਦੀ ਚੋਭ। ਫਿਰ ਕਿਹਾ ਅਹਿਲਿਆ ਨੇ, "ਪੁਰਾਣਾ ਸਰੀਰ ਏ। ਟੁੱਟ-ਭੱਜ ਚਲਦੀ ਹੀ ਰਹਿੰਦੀ ਏ।" ਥੋੜ੍ਹਾ ਜਿਹਾ ਹੱਸੀ।

"ਫੀਵਰ ਤਾਂ ਨਹੀਂ?"

"ਨਹੀਂ। ਫੀਵਰ ਤਾਂ ਨਹੀਂ ਪਰ ਬੌਡੀ-ਏਕ! ਪੂਰੇ ਸਰੀਰ ਵਿੱਚ ਦਰਦ। ਹੁਣ ਤਾਂ ਵੋਵਰਾਨ ਵੀ ਅਸਰ ਨਹੀਂ ਕਰਦੀ।"

"ਤੁਸੀਂ ਬੈਠੋ, ਮੈਂ ਚਾਹ ਬਣਾ ਲਿਆਉਂਦਾ ਹਾਂ।"

"ਚਲੋ, ਰਲ਼ ਕੇ ਬਣਾਉਂਦੇ ਹਾਂ।" ਅਹਿਲਿਆ ਨੇ ਹੱਸ ਕੇ ਕਿਹਾ ਹੈ। ਫਿਰ ਉਹ ਕਹਿ ਰਹੀ ਹੈ, "ਉਹ ਉਬਲਦਾ ਹੋਇਆ ਪਾਣੀ। ਉਹ ਬੁਲਬੁਲਿਆਂ ਦੀ ਬਸਤੀ।"

ਚਾਹ ਦੀ ਟ੍ਰੇਅ ਨੂੰ ਜਨਕਰਾਜ ਮੇਜ਼ ਤਕ ਲੈ ਕੇ ਆਏ ਹਨ। ਕੁਰਸੀ 'ਤੇ ਬੈਠਦੇ ਹੋਏ ਜਨਕਰਾਜ ਨੇ ਕਿਹਾ ਹੈ, "ਕੁਰਸੀਆਂ ਮੈਨੂੰ ਚੰਗੀਆਂ ਲੱਗਦੀਆਂ ਨੇ। ਕੁਰਸੀ ਸ਼ਾਇਦ ਤੁਰਕੀ ਲਫਜ਼ ਏ ਜਾਂ ਅਰਬੀ ਪਰ ਟੁੱਟੀ ਹੋਈ ਹੱਥੀ ਵਾਲੀ ਕੁਰਸੀ ਸਾਡਾ ਲਫਜ਼ ਏ। ਸਾਡੇ ਘਰ ਵਿੱਚ ਟੁੱਟੀ ਹੱਥੀ ਵਾਲੀਆਂ ਕੁਰਸੀਆਂ ਸਨ ਤੇ ਉਹ ਸਾਡੇ ਘਰ ਵਿੱਚ ਸਭ ਤੋਂ ਵੱਧ ਤਰਸਯੋਗ ਦਿੱਸਦੀਆਂ ਸਨ।"

ਦੋਹਾਂ ਹੱਥਾਂ ਨਾਲ ਕੱਪ ਫੜ ਕੇ ਚਾਹ ਪੀਂਦੀ ਹੋਈ ਅਹਿਲਿਆ। ਘੁੱਟ ਭਰ ਕੇ ਕੱਪ ਰੱਖਿਆ ਤਾਂ ਜਨਕ ਬੋਲੇ, "ਆਪਣਾ ਹੱਥ ਦਿਖਾਓ, ਅਹਿਲਿਆ।"

ਹੱਥ ਕੰਬਦਾ ਹੈ।

"ਕੋਈ ਭੁਚਾਲ ਅਟਕ ਗਿਆ ਏ ਸ਼ਾਇਦ!"

"ਹਾਂ, ਸ਼ਾਇਦ। ਸ਼ਾਇਦ ਯਾਦਾਂ ਦਾ ਭੁਚਾਲ।" ਅਹਿਲਿਆ ਨੇ ਕਿਹਾ ਹੈ। ਡੂੰਘਾ ਸਾਹ ਲਿਆ ਹੈ।

"ਅਹਿਲਿਆ, ਤੁਸੀਂ ਗ੍ਰੇਟ ਹੋ। ਤੁਸੀਂ ਆਪਣੇ ਹੱਥ ਵਿੱਚ ਭੁਚਾਲਾਂ ਨੂੰ ਪਨਾਹ ਦੇ ਰੱਖੀ ਏ।" ਹੱਸੇ ਹਨ ਥੋੜ੍ਹਾ ਜਿਹਾ ਜਨਕ।



"ਉਹ ਸਭ ਤਾਂ ਠੀਕ ਏ ਪਰ ਚੀਜ਼ਾਂ ਨੂੰ ਕਿਵੇਂ ਸਮਝਾਵਾਂ ਜੋ ਕੰਬਦੇ ਹੋਏ ਹੱਥਾਂ ਵਿੱਚੋਂ ਛੁੱਟਦੀਆਂ ਨੇ। ਟੁੱਟ ਜਾਂਦੀਆਂ ਨੇ।"

"ਸਿਰਫ ਚੀਜ਼ਾਂ?" ਡੂੰਘਾ ਸਾਹ ਲਿਆ ਹੈ ਜਨਕਰਾਜ ਨੇ। ਫਿਰ ਉਹ ਹੌਲੇ ਜਿਹੇ ਕਹਿ ਰਹੇ ਹਨ, "ਕਿੰਨਾ ਕੁਝ ਹੱਥਾਂ ਵਿੱਚੋਂ ਕਿਰ ਗਿਆ ਏ ਅਹਿਲਿਆ!"...

ਉਹ ਸ਼ਾਇਦ ਐਤਵਾਰ ਸੀ ਜਾਂ ਕੋਈ ਹੋਰ ਦਿਨ। ਵੈਸੇ ਰਿਟਾਇਰਡ ਲੋਕਾਂ ਲਈ ਸਾਰੇ ਦਿਨ ਐਤਵਾਰ ਹੀ ਹੁੰਦੇ ਹਨ। ਰੋਜ਼ ਹੀ ਛੁੱਟੀ ਦਾ ਦਿਨ। ਨਾ ਖਤਮ ਹੋਣ ਵਾਲੀਆਂ ਛੁੱਟੀਆਂ। ਉਕਤਾ ਦੇਣ ਵਾਲੀਆਂ ਤੇ ਵਿਅਰਥਤਾ ਦਾ ਨਿਕੰਮਾ ਜਿਹਾ ਅਹਿਸਾਸ ਪੈਦਾ ਕਰਨ ਵਾਲੀਆਂ ਛੁੱਟੀਆਂ।

ਜਨਕ ਨੇ ਅਹਿਲਿਆ ਨੂੰ ਦੇਖਿਆ। ਹਾਲੇ ਫਲੈਟ ਦੇ ਦਰਵਾਜ਼ੇ 'ਤੇ ਸਨ। ਉਥੇ ਹੀ ਰੁਕ ਗਏ। ਸਟੈਚੂ ਵਾਂਗ ਖੜ੍ਹੀ ਅਹਿਲਿਆ। ਫਰਸ਼ 'ਤੇ ਟੁੱਟਿਆ ਹੋਇਆ ਕੱਪ। ਡੁੱਲ੍ਹੀ ਹੋਈ ਚਾਹ ਤੇ ਡਰੀ ਹੋਈ ਅਹਿਲਿਆ। ਕੁਝ ਉਵੇਂ ਜਿਵੇਂ ਬੱਚੇ ਡਰ ਜਾਂਦੇ ਹਨ ਸ਼ੀਸ਼ੇ ਦਾ ਗਲਾਸ ਜਾਂ ਕੱਪ ਤੋੜ ਕੇ।

ਉਸ ਵੇਲੇ ਡਰੀ ਹੋਈ ਅਹਿਲਿਆ, ਆਪਣੇ ਹੀ ਘਰ ਵਿੱਚ, ਆਪਣਾ ਹੀ ਕੱਪ-ਪਲੇਟ ਤੋੜ ਕੇ। ਸਟੈਚੂ ਵਾਂਗ ਖੜ੍ਹੀ ਟੁੱਟੇ ਕੱਪ-ਪਲੇਟ ਨੂੰ ਡਰੀਆਂ ਹੋਈਆਂ ਨਜ਼ਰਾਂ ਨਾਲ ਦੇਖਦੀ ਹੋਈ ਅਹਿਲਿਆ, ਮਾਸੂਮ ਜਿਹੀ ਬੱਚੀ ਲੱਗ ਰਹੀ ਸੀ।

"ਅਹਿਲਿਆ, ਕੀ ਟੁੱਟੀਆਂ ਹੋਈਆਂ ਚੀਜ਼ਾਂ ਨੂੰ ਇੰਨੀ ਦੇਰ ਤੱਕ ਦੇਖੀਦਾ ਏ?"

"ਟੁੱਟੀਆਂ ਹੋਈਆਂ ਚੀਜ਼ਾਂ ਵਿੱਚ ਥੋੜ੍ਹਾ ਜਿਹਾ ਅਸੀਂ ਵੀ ਤਾਂ ਹੁੰਦੇ ਹਾਂ। ਜਦੋਂ ਕੋਈ ਚੀਜ਼ ਡਿਗ ਕੇ ਟੁੱਟਦੀ ਏ ਤਾਂ ਹਲਕੀ ਜਿਹੀ ਆਵਾਜ਼ ਆਪਣੇ ਅੰਦਰ ਵੀ ਤਾਂ ਸੁਣਦੀ ਹਾਂ, ਆਪਣੇ ਟੁੱਟਣ ਦੀ ਆਵਾਜ਼।" ਅਹਿਲਿਆ ਨੇ ਉਥੇ ਖੜ੍ਹੀ-ਖੜ੍ਹੀ ਨੇ ਹੀ ਕਿਹਾ ਹੈ।

ਜਨਕ ਨੇ ਅੱਗੇ ਵਧ ਕੇ ਅਹਿਲਿਆ ਦੇ ਦੋਵੇਂ ਹੱਥ ਫੜਦੇ ਹੋਏ ਉਸ ਨੂੰ ਸੋਫੇ 'ਤੇ ਬੈਠਾਇਆ ਹੈ। ਟੁੱਟੇ ਹੋਏ ਕੱਪ ਪਲੇਟ ਦੇ ਟੁਕੜੇ ਇਕੱਠੇ ਕੀਤੇ ਹਨ। ਡਸਟਬਿੱਨ ਵਿੱਚ ਪਾ ਦਿੱਤੇ ਹਨ। ਕੱਪੜੇ ਨਾਲ ਫਰਸ਼ ਨੂੰ ਸਾਫ ਕਰ ਦਿੱਤਾ ਹੈ।

"ਇਕ ਸਾਲ ਪਹਿਲਾਂ ਕ੍ਰਾਕਰੀ ਦਾ ਸੈੱਟ ਖਰੀਦਿਆ ਸੀ, ਇਹ ਆਖਰੀ ਕੱਪ-ਪਲੇਟ ਵੀ ਅੱਜ ਟੁੱਟ ਗਿਆ।" ਕੁਝ ਸੋਚਦੇ ਹੋਏ ਅਹਿਲਿਆ ਕਹਿ ਰਹੀ ਹੈ।

"ਮੇਰੀ ਨਿਮਨ ਸ਼ਰਧਾਂਜਲੀ!" ਥੋੜ੍ਹਾ ਹੱਸੇ ਹਨ ਜਨਕ। ਅਹਿਲਿਆ ਨੇ ਮੁਸਕ੍ਰਾਉਣ ਦੀ ਕੋਸ਼ਿਸ਼ ਕੀਤੀ ਹੈ।

"ਮੈਂ ਹੁਣੇ ਆਉਂਦਾ ਹਾਂ।" ਜਨਕ ਨੇ ਕਿਹਾ ਤੇ ਉੱਠ ਖੜ੍ਹੇ ਹੋਏ।

"ਕੋਈ ਜ਼ਰੂਰੀ ਕੰਮ ਚੇਤੇ ਆ ਗਿਆ ਏ?" ਅਹਿਲਿਆ ਦਾ ਸਵਾਲ ਹੈ।

"ਹਾਂ, ਬਹੁਤ ਜ਼ਰੂਰੀ ਕੰਮ।"

ਪੰਜ ਮਿੰਟ ਬਾਅਦ ਵਾਪਸ ਆਏ ਹਨ ਜਨਕ। ਚਾਹ ਦੀ ਟ੍ਰੇਅ। ਦੋ ਕੱਪ ਚਾਹ ਤੇ ਬਿਸਕੁਟ। ਅਹਿਲਿਆ ਦੇਖ ਕੇ ਹੈਰਾਨ ਜਿਹੀ। ਮੁਸਕ੍ਰਾਉਂਦੀ ਜਿਹੀ।

ਚਾਹ ਪੀਂਦੇ ਹੋਏ ਅਹਿਲਿਆ ਨੇ ਕਿਹਾ ਹੈ, "ਇਸ ਚਾਹ ਨੂੰ ਮੈਂ ਸਦਾ ਚੇਤੇ ਰੱਖਾਂਗੀ।"

"ਮੈਂ ਤੁਹਾਡੀ ਹਰ ਮੂਵਮੈਂਟ ਨੂੰ ਚੇਤੇ ਰੱਖਾਂਗਾ ਅਹਿਲਿਆ।" ਜਨਕ ਹੱਸ ਰਹੇ ਹਨ ਤੇ ਅਹਿਲਿਆ ਵੀ।

ਅਹਿਲਿਆ ਚਾਹ ਪੀਂਦੇ-ਪੀਂਦੇ ਅਚਾਨਕ ਕਹਿ ਰਹੀ ਹੈ, "ਜਨਕ, ਇੱਕ ਗੱਲ ਤੁਸੀਂ ਨੋਟ ਕੀਤੀ ਏ ? ਸਾਡੇ ਦੋਵਾਂ ਦੇ ਦਰਵਾਜ਼ਿਆਂ 'ਤੇ ਨੇਮ ਪਲੇਟ ਨਹੀਂ ਏ। ਇੰਨੇ ਸਾਧਾਰਨ ਹਾਂ ਅਸੀਂ ਲੋਕ। ਨੇਮ ਪਲੇਟ ਲਾਉਣ ਦੀ ਜ਼ਰੂਰਤ ਹੀ ਨਹੀਂ ਪਈ ਸਾਨੂੰ।"

"ਤੁਸੀਂ ਠੀਕ ਕਹਿ ਰਹੇ ਹੋ। ਨੇਮ ਪਲੇਟ ਉਹੀ ਲਗਾਉਂਦੇ ਨੇ ਜਿਹਨਾਂ ਨੂੰ ਕਿਸੇ ਦੇ ਆਉਣ ਦੀ ਉਡੀਕ ਹੁੰਦੀ ਏ।" ਫਿੱਕੀ ਜਿਹੀ ਮੁਸਕ੍ਰਾਹਟ ਖਲਾਰਦੇ ਹੋਏ ਜਨਕਰਾਜ।

ਫਿਰ ਦੋਵੇਂ ਚੁੱਪ। ਚੁੱਪਚਾਪ ਚਾਹ ਪੀਂਦੇ ਹੋਏ। ਬਹੁਤ ਵਾਰ ਮਿਲ ਚੁੱਕੇ ਹਨ ਦੋਵੇਂ ਬਜ਼ੁਰਗ ਪਰ ਕਦੇ ਇੱਕ ਦੂਜੇ ਨੂੰ ਉਹਨਾਂ ਦੇ ਅਤੀਤ ਬਾਰੇ ਨਹੀਂ ਪੁੱਛਦੇ। ਐਦਾਂ ਲੱਗਦਾ ਹੈ ਜਿਵੇਂ ਦੋਵੇਂ ਹੀ ਇੱਕ ਦੂਜੇ ਦੀ ਆਪਬੀਤੀ ਜਾਣਦੇ ਹੋਣ। ਜਾਂ ਫਿਰ ਦੋਵੇਂ ਇੱਕ ਦੂਜੇ ਦੀ ਆਪਬੀਤੀ ਹੀ ਹੋਣ। ਉਹ ਘੰਟਿਆਂਬੱਧੀ ਚੁੱਪ ਬੈਠੇ ਰਹਿੰਦੇ ਹਨ। ਉਸ ਚੁੱਪ ਦੀ ਭਾਸ਼ਾ ਸਦਾ ਉਹਨਾਂ ਦੇ ਨਾਲ ਰਹਿੰਦੀ ਹੈ। ਆਪਣੇ-ਆਪਣੇ ਨਿੱਜ ਤੋਂ ਸਿੱਖੀ ਹੈ ਇਹ ਚੁੱਪ ਦੀ ਭਾਸ਼ਾ। ਉਸ ਵੇਲੇ ਐਦਾਂ ਲੱਗਦਾ ਹੈ ਜਿਵੇਂ ਦੋ ਦਰੱਖਤ, ਦੋ ਜਜ਼ੀਰੇ ਜਾਂ ਦੋ ਆਸਮਾਨ ਚੁੱਪਚਾਪ ਬੈਠੇ ਹੋਣ।...

"ਚਲੋ ਅਹਿਲਿਆ, ਕਿਤੇ ਘੁੰਮ ਕੇ ਆਈਏ।"

"ਘੁੰਮ ਕੇ ਆਈਏ ! ਕਿੱਥੇ ?"

"ਇਸੇ ਸ਼ਹਿਰ ਦੀਆਂ ਸੜਕਾਂ 'ਤੇ, ਕਿਸੇ ਅਜਨਬੀ ਵਾਂਗ।" ਜਨਕਰਾਜ ਨੇ ਅਹਿਲਿਆ ਨੂੰ ਤਿਆਰ ਕਰ ਲਿਆ ਹੈ। ਹੇਠਾਂ ਲਿਫਟ ਰਾਹੀਂ। ਪਾਰਕਿੰਗ ਵਿੱਚੋਂ ਕਾਰ ਕੱਢੀ। ਪੁਰਾਣੀ ਸਵਿਫਟ ਡਿਜ਼ਾਇਰ। ਮੂਹਰਲਾ ਦਰਵਾਜ਼ਾ ਖੋਲ੍ਹਿਆ। ਅਹਿਲਿਆ ਨੂੰ ਬੈਠਾਇਆ। ਡਰਾਈਵਿੰਗ ਸੀਟ 'ਤੇ ਬੈਠੇ। ਅਹਿਲਿਆ ਬੋਲੀ, "ਜਨਕ, ਤੁਸੀਂ ਕਾਰ ਚਲਾ ਲਵੋਂਗੇ ਨਾ ?" ਇਸ ਗੱਲ 'ਤੇ ਦੋਵੇਂ ਖ਼ੂਬ ਹੱਸੇ। ਬਜ਼ੁਰਗਾਂ ਦਾ ਪਤਾ ਨਹੀਂ ਹੁੰਦਾ ਕਿ ਕਿਹੜੀ ਗੱਲ 'ਤੇ ਹੱਸਣ ਤੇ ਕਦੋਂ ਉਦਾਸ ਹੋ ਜਾਣਗੇ। ਵਕਤ ਦੀ ਪਤਲੀ ਗਲ਼ੀ ਵਿੱਚੋਂ ਕੋਈ ਯਾਦ ਚਲੀ ਆਈ ਤਾਂ ਮਨ ਉਦਾਸ। ਕੋਈ ਪੁਰਾਣਾ ਜਿਹਾ ਲਤੀਫਾ ਯਾਦ ਆ ਗਿਆ ਤਾਂ ਮੁਸਕ੍ਰਾ ਪਏ।

ਅਹਿਲਿਆ ਇਮਾਰਤਾਂ ਨੂੰ ਦੇਖਦੇ ਹੋਏ ਕਹਿ ਰਹੀ ਹੈ, "ਪਹਿਲਾਂ ਵੱਡਾ ਸ਼ਹਿਰ ਉਹ ਹੁੰਦਾ ਸੀ ਜਿੱਥੇ ਵੱਡੇ ਲੋਕ ਰਹਿੰਦੇ ਸਨ। ਸ਼ੈਕਸਪੀਅਰ ਦਾ ਛੋਟਾ ਜਿਹਾ ਸ਼ਹਿਰ ਇਸ ਲਈ ਵੱਡਾ ਏ ਉਥੇ ਸ਼ੈਕਸਪੀਅਰ ਰਹਿੰਦੇ ਸਨ। ਹੁਣ ਸ਼ਹਿਰ ਇਸ ਲਈ ਵੱਡਾ ਹੋ ਜਾਂਦਾ ਏ ਕਿ ਉਥੇ ਸੈਂਕੜੇ ਹਾਈਰਾਈਜ਼ ਖੜੀਆਂ ਹੋ ਜਾਂਦੀਆਂ ਨੇ।"

"ਬਿਲਕੁਲ।"

"ਜਨਕ, ਜੇ ਮੈਂ ਕਾਰ ਚਲਾਉਣਾ ਜਾਣਦੀ ਹੁੰਦੀ ਤਾਂ ਕਿੱਥੇ ਜਾਂਦੀ ?"

"ਬਾਜ਼ਾਰ।"

"ਉਹ ਤਾਂ ਔਟੋ ਵਿੱਚ ਵੀ ਜਾ ਸਕਦੀ ਆਂ। ਪਰ ਬਾਜ਼ਾਰ ਲਈ ਹੁਣ ਕਿਤੇ ਜਾਣਾ ਨਹੀਂ ਪੈਂਦਾ, ਉਹ ਤਾਂ ਸਾਡੇ ਘਰਾਂ ਵਿੱਚ ਹੀ ਆ ਜਾਂਦਾ ਏ।"

"ਫੈਨਟੈਸਟਿਕ ! ਬਹੁਤ ਚੰਗਾ ਬੋਲ ਰਹੇ ਹੋ ਅੱਜ ਅਹਿਲਿਆ।"

ਅਹਿਲਿਆ ਥੋੜ੍ਹਾ ਜਿਹਾ ਹੱਸੀ। ਅਚਾਨਕ ਬੋਲੀ, "ਜਨਕ, ਮੈਨੂੰ ਹੱਸਣਾ ਨਹੀਂ ਆਉਂਦਾ।"

"ਹਰ ਸ਼ਖ਼ਸ ਆਪਣੀ ਤਰ੍ਹਾਂ ਹੱਸਦਾ ਏ। ਹਰ ਇਨਸਾਨ ਨੂੰ ਹੱਸਣਾ ਆਉਂਦਾ ਏ। ਤੁਹਾਡੇ ਹਾਸੇ ਵਿੱਚ ਇੱਕ ਟੁਣਕਾਰ ਜਿਹੀ ਏ।"



ਕਾਫੀ ਦੇਰ ਤਕ ਦੋਵੇਂ ਕਾਰ ਵਿੱਚ ਘੁੰਮਦੇ ਰਹੇ। ਅਹਿਲਿਆ ਬੋਲੀ, "ਵਾਪਸ ਚਲਦੇ ਆਂ।"

ਕਾਰ ਪਾਰਕ ਕਰਦੇ ਹੋਏ ਜਨਕਰਾਜ ਨੇ ਕਿਹਾ, "ਅਹਿਲਿਆ, ਮੈਂ ਪੰਜਾਂ ਮਿੰਟਾਂ ਵਿੱਚ ਆਉਂਦਾ ਹਾਂ।"

ਜਨਕ ਪੰਜ ਮਿੰਟ ਵਿੱਚ ਤਾਂ ਨਹੀਂ ਸੱਤ-ਅੱਠ ਮਿੰਟ ਵਿੱਚ ਮੁੜ ਆਏ। ਕੈਰੀ ਬੈਗ ਵਿੱਚ ਸਾਮਾਨ ਲੈ ਕੇ ਆਉਂਦੇ ਹੋਏ ਜਨਕ। ਅਹਿਲਿਆ ਦੀ ਜਾਨ ਵਿੱਚ ਜਾਨ ਆਈ। ਕਾਰ ਸਟਾਰਟ ਕਰਦੇ ਹੋਏ ਜਨਕ ਨੇ ਕਿਹਾ, "ਕੁਝ ਜ਼ਿਆਦਾ ਦੇਰ ਹੋ ਗਈ ਸ਼ਾਇਦ।"

"ਸ਼ਾਇਦ।" ਅਹਿਲਿਆ ਬੋਲੀ।

ਅਹਿਲਿਆ ਦੇ ਫਲੈਟ ਵਿੱਚ ਸੋਫੇ 'ਤੇ ਬਹਿ ਕੇ, ਮੇਜ਼ 'ਤੇ ਗੱਤੇ ਦਾ ਪੈਕੇਟ ਖੋਲ੍ਹਿਆ ਜਨਕ ਨੇ। ਕਿਹਾ, "ਅਹਿਲਿਆ, ਇਹ ਤੁਹਾਡੇ ਲਈ।"

ਛੇ ਕੱਪਾਂ ਦਾ ਸ਼ਾਨਦਾਰ ਸੈੱਟ।

ਹੈਰਾਨ ਨਜ਼ਰਾਂ ਨਾਲ ਦੇਖਦੀ ਰਹੀ ਅਹਿਲਿਆ। ਕੁਝ ਵੀ ਨਹੀਂ ਕਹਿ ਸਕੀ। ਉਸ ਦੀਆਂ ਅੱਖਾਂ ਜਿਵੇਂ ਧੰਨਵਾਦ ਕਰ ਰਹੀਆਂ ਹੋਣ। ਉਹ ਇਸੇ ਅੰਦਾਜ਼ ਵਿੱਚ ਦੇਖਦੀ ਰਹੀ ਜਨਕ ਨੂੰ।

ਜਨਕ ਉੱਠ ਕੇ ਚਲੇ ਗਏ। ਤਿੰਨ ਦਿਨ ਮਿਲਣਾ ਨਹੀਂ ਹੋ ਸਕਿਆ। ਜਨਕ ਬਾਹਰ ਚਲੇ ਜਾਂਦੇ। ਸ਼ਾਮ ਨੂੰ ਮੁੜਦੇ।

ਗਰਮੀਆਂ ਦੇ ਦਿਨ ਸਨ। ਥਕਾ ਦੇਣ ਵਾਲੇ ਦਿਨ।

ਜਨਕ ਨੇ ਦਰਵਾਜ਼ਾ ਖੋਲ੍ਹ ਕੇ ਜਿਉਂ ਹੀ ਅਹਿਲਿਆ ਨੂੰ 'ਹੈਲੋ' ਕਹੀ, ਦੇਖਿਆ ਕਿ ਅਹਿਲਿਆ ਦਰਦ ਨਾਲ ਬੇਹਾਲ, ਤੜਫ ਰਹੀ ਹੈ। ਬਿਸਤਰ ਤੇ ਗਠੜੀ ਜਿਹੜੀ ਬਣੀ ਹੋਈ ਅਹਿਲਿਆ। ਔਖੇ ਸਾਹ ਲੈਂਦੀ।

ਜਨਕ ਅਹਿਲਿਆ ਦੇ ਬੈੱਡ ਦੇ ਕੋਲ ਖੜੇ ਦੇਖ ਰਹੇ ਹਨ। ਪੁੱਛਿਆ ਹੈ, "ਕੋਈ ਦਵਾਈ ਲਈ ਏ ?"

"ਵੋਵਰਾਨ।" ਅਹਿਲਿਆ ਦੀ ਆਵਾਜ਼ ਵਿੱਚ ਦਰਦ ਸਾਫ ਦਿੱਸ ਰਿਹਾ ਹੈ।

"ਮੈਂ ਥੋੜ੍ਹਾ ਮਸਾਜ ਕਰ ਦੇਵਾਂ ?" ਜਨਕ ਰਾਜ ਦੀ ਆਵਾਜ਼ ਵਿੱਚ ਝਿਜਕ ਜਿਹੀ ਹੈ।

"ਤੁਸੀਂ ? ਤੁਸੀਂ ਕਰੋਂਗੇ ?"

"ਮੇਰੇ ਮਸਾਜ ਨਾਲ ਤੁਸੀਂ ਭਿੱਟ ਹੋ ਜਾਵੋਂਗੇ ?"

"ਵੌਂਟ ਨੌਨਸੈਂਸ !"

ਜਨਕਰਾਜ ਨੇ ਸਰ੍ਹੋਂ ਦਾ ਤੇਲ ਲੱਭਿਆ ਹੈ। ਕੌਲੀ ਵਿੱਚ ਪਾ ਕੇ ਥੋੜ੍ਹਾ ਗਰਮ ਕੀਤਾ ਹੈ।

ਬੈੱਡ ਦੇ ਕੋਲ ਖੜੇ ਹਨ ਜਨਕ। ਦੇਖ ਰਹੀ ਹੈ ਅਹਿਲਿਆ। ਜਨਕ ਨੇ ਤਪਾਈ 'ਤੇ ਤੇਲ ਦੀ ਕੌਲੀ ਰੱਖੀ ਹੈ। ਖ਼ੁਦ ਬੈੱਡ ਦੇ ਕੋਲ ਕੁਰਸੀ 'ਤੇ ਬਹਿ ਚੁੱਕੇ ਹਨ। ਉਂਗਲੀਆਂ ਤੇਲ ਵਿੱਚ ਡਬੋਈਆਂ ਹਨ। ਹਥੇਲੀ 'ਤੇ ਹਲਕੇ-ਹਲਕੇ ਮਾਲਿਸ਼ ਕਰ ਰਹੇ ਹਨ। ਗੁੱਟ, ਬਾਂਹ, ਉਂਗਲੀਆਂ। ਮੱਥੇ 'ਤੇ, ਸਿਰ ਵਿੱਚ, ਗਰਦਨ ਦੇ ਕੋਲ। ਜਨਕ ਸਰ੍ਹੋਂ ਦੇ ਤੇਲ ਨਾਲ ਮਸਾਜ ਕਰ ਰਹੇ ਹਨ। ਗਰਦਨ, ਰੀੜ ਦੀ ਹੱਡੀ ਤੇ ਮੋਢਿਆਂ ਦੇ ਕੋਲ।

ਅਹਿਲਿਆ ਦੀ 'ਹਾਏ-ਹਾਏ' ਬੰਦ ਹੋ ਗਈ ਹੈ।

ਹੁਣ ਜਨਕ ਅਹਿਲਿਆ ਦੇ ਪੈਰਾਂ 'ਤੇ ਤੇਲ ਲਾ ਰਹੇ ਹਨ। ਪੈਰ ਦੇ ਤਲੂਏ, ਛੋਟੀਆ ਜਿਹੀਆਂ ਖੁਰਦਰੀਆਂ ਉਂਗਲੀਆਂ। ਸਖਤ ਹੋ ਚੁੱਕੇ ਵਧੇ ਹੋਏ ਨੌਂਹ। ਗਿੱਟਿਆਂ ਤੇ ਲੱਤਾਂ ਉਪਰ।

ਜਨਕ ਬਹੁਤ ਦੇਰ ਤੱਕ ਮਸਾਜ ਕਰਦੇ ਰਹੇ। ਅਹਿਲਿਆ ਜੋ ਦਰਦ ਨਾਲ ਕਰਾਹ ਰਹੀ ਸੀ, ਹੁਣ ਚੁੱਪ ਸੀ। ਉਹ ਸੌਂ ਗਈ ਸੀ। ਉਸ ਦੇ ਸੌਂ ਜਾਣ ਤੋਂ ਬਾਅਦ ਵੀ ਜਨਕ ਕੁਝ ਦੇਰ ਤਕ ਪੈਰਾਂ ਨੂੰ ਤੇਲ ਝੱਸਦੇ ਰਹੇ। ਫਿਰ ਉਹ ਹੌਲੇ ਜਿਹੇ ਉੱਠੇ। ਬਾਹਰ ਜਾਣ ਲਈ ਮੁੜੇ। ਬਹੁਤ ਹੀ ਆਹਿਸਤਾ ਜਿਹੇ ਦਰਵਾਜ਼ਾ ਬੰਦ ਕਰਕੇ ਉਹ ਆਪਣੇ ਫਲੈਟ ਵਿੱਚ ਆ ਗਏ।

ਆਪਣੇ ਫਲੈਟ ਵਿੱਚ ਆ ਕੇ ਜਨਕ ਬਹੁਤ ਦੇਰ ਤਕ ਜਾਗਦੇ ਰਹੇ। ਇਨਹੇਲਰ ਦੇ 'ਪੱਫ' ਲਏ। ਸੌਂ ਗਏ।

ਸਵੇਰੇ ਦਰਵਾਜ਼ੇ 'ਤੇ ਦਸਤਕ ਹੋਈ। ਹਲਕੀ ਜਿਹੀ ਦਸਤਕ। ਸ਼ਾਇਦ ਅਖ਼ਬਾਰ ਵਾਲਾ ਹੋਵੇ ਜਾਂ ਫਿਰ ਹੇਠਾਂ ਜੋ ਬੇਕਰੀ ਹੈ, ਉਹ ਆਇਆ ਹੋਵੇ, ਬ੍ਰੈਡ, ਬਟਰ ਤੇ ਦੁੱਧ ਦਾ ਪੈਕਟ ਲੈ ਕੇ। ਜਨਕ ਕਿਚਨ ਵਿੱਚ ਸਨ। ਚਾਹ ਬਣਾ ਰਹੇ ਸਨ। ਆਪਣੇ ਤੇ ਅਹਿਲਿਆ ਲਈ। ਉਹ ਸੋਚ ਰਹੇ ਸਨ ਕਿ ਅਹਿਲਿਆ ਹਾਲੇ ਬਿਸਤਰ ਵਿੱਚ ਹੀ ਹੋਵੇਗੀ, ਉਸ ਲਈ ਚਾਹ ਲੈ ਜਾਣ।

ਉਹਨਾਂ ਦਰਵਾਜ਼ਾ ਖੋਲ੍ਹਿਆ। ਹੈਰਾਨ ਰਹਿ ਗਏ। ਇੱਕ ਦਮ ਸਤੰਭ। ਸਾਹਮਣੇ ਅਹਿਲਿਆ ਖੜੀ ਸੀ, ਟ੍ਰੇਅ ਫੜੀ। ਦੋ ਕੱਪ ਚਾਹ, ਬਿਸਕੁਟ ਤੇ ਕੰਬਦੇ ਹੋਏ ਹੱਥ। ਇੱਕ ਨਿੱਕੀ ਜਿਹੀ ਮੁਸਕ੍ਰਾਹਟ ਲਈ।

ਜਨਕ ਨੇ ਅਹਿਲਿਆ ਦੇ ਹੱਥੋਂ ਟ੍ਰੇਅ ਫੜ ਲਈ। ਸਵਾਗਤ ਕੀਤਾ। ਥੋੜ੍ਹਾ ਝੁਕ ਕੇ ਨਮਸਕਾਰ।

ਚਾਹ ਦੀ ਟ੍ਰੇਅ ਮੇਜ਼ 'ਤੇ ਰੱਖ ਕੇ ਜਨਕਰਾਜ ਨੇ ਅਹਿਲਿਆ ਨੂੰ ਬੈਠਾਇਆ ਹੈ। ਉਹਨਾਂ ਨੇ ਗੌਰ ਨਾਲ ਦੇਖਦੇ ਹੋਏ ਹਾਲ-ਚਾਲ ਪੁੱਛਿਆ ਹੈ। ਥੋੜ੍ਹੀ ਜਿਹੀ ਥੱਕੀ ਅਹਿਲਿਆ ਚਾਹ ਦੀ ਟ੍ਰੇਅ ਲੈ ਕੇ ਆਈ ਹੈ ਜਿਵੇਂ ਜ਼ਿੰਦਗੀ ਦੇ ਕਈ ਸਾਰੇ ਜਸ਼ਨ ਚੁੱਕ ਲਿਆਈ ਹੋਵੇ।

ਚਾਹ ਦੇ ਸ਼ਾਨਦਾਰ ਕੱਪ। ਇਹ ਉਹੀ ਕੱਪ ਹਨ ਜੋ ਦੋ ਦਿਨ ਪਹਿਲਾਂ ਜਨਕ ਲੈ ਕੇ ਆਏ ਸਨ, ਅਹਿਲਿਆ ਲਈ। ਅਹਿਲਿਆ ਉਹਨਾਂ ਕੱਪਾਂ ਵਿੱਚ ਚਾਹ ਲੈ ਕੇ ਆਈ ਹੈ- ਅਹਿਸਾਨ ਦਾ ਕੋਈ ਅਦਿਸ 'ਕਿਊਬ' ਇਹਨਾਂ ਕੱਪਾਂ ਵਿੱਚ ਹੋਵੇ ਜਿਵੇਂ।

ਬੀਤੀ ਹੋਈ ਰਾਤ ਨੂੰ ਉਹ ਦੂਹਰਾ ਨਹੀਂ ਰਹੀ। ਉਸ ਨੂੰ ਯਾਦ ਹੈ ਜਨਕ ਦੀ ਛੋਹ। ਉਹਨਾਂ ਦਾ ਪੈਰਾਂ 'ਤੇ, ਪੈਰਾਂ ਦੇ ਤਲੂਏ 'ਤੇ ਤੇਲ ਝੱਸਣਾ। ਉਹ ਸੋਚ ਰਹੀ ਹੈ, ਕੀ ਸਾਹਮਣੇ ਬੈਠਾ ਸ਼ਖ਼ਸ ਕੀ ਹੈ- ਕੋਈ ਦੋਸਤ, ਸੇਵਾਦਾਰ ਜਾਂ ਤੀਮਾਰਦਾਰ।

ਅਹਿਲਿਆ ਅਹਿਸਾਨ ਵਿਅਕਤ ਕਰਨ ਦਾ ਜਲਸਾ ਕਰਨ ਨਹੀਂ ਆਈ। ਚੁੱਪਚਾਪ ਬੈਠੀ ਹੈ। ਚਾਹ ਪੀਤੀ। ਜਨਕ ਨੂੰ ਦੇਖਦੀ ਰਹੀ। ਅੱਖਾਂ ਜ਼ਰਾ ਕੁ ਨਮ। ਚਿਹਰਾ ਜ਼ਰਾ ਕੁ ਝੁਕਿਆ ਹੋਇਆ। ਦਿਲ ਭਾਵੁਕ। ਜ਼ਬਾਨ ਖਾਮੋਸ਼।

ਆਦਰ ਦੇਣ ਦਾ ਇਹ ਸਲੀਕਾ ਕਿੰਨਾ ਨਾਯਾਬ ਹੈ!

ਚਾਹ ਖਤਮ ਹੋਈ ਹੈ। ਚਾਹ ਦੀ ਦੂਜੀ ਟ੍ਰੇਅ ਜਨਕ ਲੈ ਕੇ ਆ ਰਹੇ ਹਨ, ਰਸੋਈ ਵਿੱਚੋਂ। ਹੈਰਾਨ ਹੋ ਕੇ ਦੇਖ ਰਹੀ ਹੈ ਅਹਿਲਿਆ। ਮਨ ਹੀ ਮਨ ਸੋਚ ਰਹੀ ਹੈ- ਜਨਾਬ ਵੀ ਚਾਹ ਬਣਾ ਕੇ ਲਿਆ ਰਹੇ ਸਨ ਮੇਰੇ ਲਈ।



ਚਾਹ ਖਤਮ ਹੋ ਜਾਂਦੀ ਹੈ। ਅਹਿਲਿਆ ਨੇ ਆਪਣੇ ਹੱਥ ਅੱਗੇ ਵਧਾਇਆ ਹੈ। ਉਸ ਦੇ ਹੱਥ 'ਤੇ ਜਨਕਰਾਜ ਨੇ ਆਪਣਾ ਹੱਥ ਰੱਖ ਦਿੱਤਾ ਹੈ।

"ਦੋ ਹੱਥਾਂ ਦੇ ਵਿਚਕਾਰ ਜੋ ਖਾਲੀ ਜਗ੍ਹਾ ਹੁੰਦੀ ਏ ਜਨਕ, ਉਹ ਛੋਟੀ ਜਿਹੀ ਕੁਟੀਆ ਹੁੰਦੀ ਏ- ਜਜ਼ਬਾਤ ਦੀ ਕੁਟੀਆ।" ਅਹਿਲਿਆ ਨੇ ਕਿਹਾ ਹੈ। ਆਪਣਾ ਕੰਬਦਾ ਹੋਇਆ ਹੱਥ ਵਾਪਸ ਲੈ ਆਈ ਹੈ।

ਉਹ ਜਾ ਚੁੱਕੀ ਹੈ। ਬ੍ਰਿਧ ਔਰਤ। ਸਦਭਾਵਨਾ ਦੀ ਖ਼ੁਸ਼ਬੂ ਖਿਲਾਰਦੀ।

ਦੋਵੇਂ ਮਿਲਦੇ ਹਨ। ਆਮਣੇ-ਸਾਹਮਣੇ ਬੈਠਦੇ ਹਨ- ਲਗਭਗ ਰੋਜ਼ਾਨਾ। ਚਾਹ ਪੀਂਦੇ ਹਨ ਇਕੱਠੇ। ਟਿਫਨ ਵੀ ਕਦੇ ਕਦੇ ਸ਼ੇਅਰ ਕਰਦੇ ਹਨ ਇਕੱਠੇ। ਕਈ ਬੋਲਦੇ ਰਹਿੰਦੇ ਹਨ। ਕਦੇ-ਕਦੇ ਅਹਿਲਿਆ ਆਪਣੀ ਬੁੱਢੀ ਆਵਾਜ਼ ਵਿੱਚ ਕੋਈ ਭਜਨ ਜਾਂ ਲੋਕਗੀਤ ਗਾਉਂਦੀ ਹੈ। ਸਾਹਮਣੇ ਬੈਠਾ ਹੁੰਦਾ ਹੈ ਇੱਕ ਬੁੜ੍ਹਾ ਸਰੋਤਾ- ਜਨਕਰਾਜ। ਭਜਨ ਜਾਂ ਲੋਕਗੀਤ ਸਮਾਪਤ ਹੋ ਜਾਂਦਾ ਹੈ। ਕੁਝ ਦੇਰ ਸਨਾਟਾ। ਫਿਰ ਬੁੜੀਆਂ ਜਿਹੀਆਂ ਤਾਲ਼ੀਆਂ ਦੀ ਆਵਾਜ਼ ਅਤੇ ਉਸ ਆਵਾਜ਼ ਵਿੱਚ ਜਨਕ ਦੇ ਬੋਲ- ਬਹੁਤ ਚੰਗਾ ਲੱਗਾ ਅਹਿਲਿਆ। ਤੂੰ ਕਿੰਨਾ ਵਧੀਆ ਗਾਉਂਦੀ ਏਂ।

ਕਦੇ-ਕਦੇ ਦੋਵੇਂ ਚੁੱਪ ਬੈਠੇ ਰਹਿੰਦੇ ਹਨ। ਜਿਵੇਂ ਦੋ ਕਹਾਣੀਕਾਰ ਆਪਣੀਆਂ-ਆਪਣੀਆਂ ਭਾਸ਼ਾਵਾਂ ਗੁੰਮ ਕਰਨ ਆਏ ਹੋਣ। ਕਈ ਵਾਰ ਐਦਾਂ ਲੱਗਦਾ ਹੈ, ਦੋਹਾਂ ਦੇ ਜਿਸਮ ਵਰਤਮਾਨ ਵਿੱਚ, ਦੋਹਾਂ ਦੀਆਂ ਆਤਮਾਵਾਂ ਅਤੀਤ ਵਿੱਚ, ਦੋਵੇਂ ਆਪਣੇ ਆਪਣੇ ਅਤੀਤ ਦੀਆਂ ਗੋਲਕਾਂ ਲੁਕੋਂਦੇ ਹੋਏ। ਵਰਤਮਾਨ ਦੇ ਸੱਚ ਨਾਲ ਜੱਸੋ-ਪੰਜੋ ਖੇਡਦੇ ਹੋਏ।

ਇਹ ਗਰਮੀਆਂ ਦੇ ਦਿਨ ਸਨ- ਉਕਾਊ ਤੇ ਥਕਾਊ।

ਜਨਕ ਨੇ ਕਿਹਾ ਹੈ ਅਹਿਲਿਆ ਨੂੰ, "ਚਲੋ, ਕਿਸੇ ਮਾਲ ਵਿੱਚ ਚਲਦੇ ਆਂ।"

"ਮਾਲ ਵਿੱਚ ਯੰਗ ਲੋਕ ਜਾਂਦੇ ਨੇ ਜਨਕ।"

"ਬੁੜ੍ਹੇ ਕਿੱਥੇ ਜਾਂਦੇ ਨੇ?"

"ਪਾਰਕਾਂ ਦੇ ਖਾਲੀ ਬੈਂਚਾਂ 'ਤੇ।" ਹੱਸ ਪਈ ਹੈ ਅਹਿਲਿਆ, ਆਪਣੇ ਜੁਮਲੇ 'ਤੇ। ਜਨਕ ਵੀ ਥੋੜ੍ਹਾ ਜਿਹਾ ਹੱਸੇ ਹਨ।

ਜਨਕ ਨੇ ਅਹਿਲਿਆ ਨੂੰ ਮਾਲ ਵਿੱਚ ਜਾਣ ਲਈ ਰਾਜ਼ੀ ਕਰ ਲਿਆ ਹੈ। ਦੋਵੇਂ ਡੀ.ਟੀ. ਮਾਲ ਵਿੱਚ ਆਏ ਹਨ। ਉਪਰ ਕੰਧ 'ਤੇ ਬਹੁਤ ਵੱਡੀ ਸਕਰੀਨ ਹੈ। ਪ੍ਰੀਫਿਊਮ ਦਾ ਵਿਗਿਆਪਨ ਉਤੇਜਨਾ ਭਰਪੂਰ। ਖ਼ੂਬਸੂਰਤ ਕੁੜੀ ਨੌਜਵਾਨ ਨੂੰ ਕਾਮਕਤਾ ਨਾਲ ਦੇਖਦੀ ਹੋਈ। ਨੌਜਵਾਨ ਦੀਆਂ ਬਾਹਾਂ ਵਿੱਚ। ਦੂਜਾ ਵਿਗਿਆਪਨ। ਬਰਫ ਦੇ ਪਹਾੜ ਤੋਂ ਇੱਕ ਕੋਲਡ ਡਰਿੰਕ। ਹਰ ਸ਼ੈਅ ਜੰਮ ਚੁੱਕੀ ਹੈ। ਬੋਤਲ ਦੇ ਅੰਦਰਲਾ ਡਰਿੰਕ ਨਹੀਂ ਜੰਮ ਸਕਿਆ। ਇੱਥੇ ਵੀ ਕੁੜੀ ਹੈ। ਇੱਥੇ ਵੀ ਨੌਜਵਾਨ ਹੈ। ਇਹ ਨਵੇਂ ਦੌਰ ਦੇ ਐਡਮ ਐਂਡ ਈਵ ਹਨ।

ਉਪਰ ਜਾਣਾ ਹੈ। ਅਹਿਲਿਆ ਐਲੀਵੇਟਰ ਕੋਲ ਡਰੀ ਜਿਹੀ ਖੜੀ ਹੈ। ਉਹ ਇਹਨਾਂ ਪੌੜੀਆਂ 'ਤੇ ਪੈਰ ਰੱਖਣ ਤੋਂ ਡਰ ਰਹੀ ਹੈ। ਜਨਕ ਚਾਹੁੰਦੇ ਹਨ ਕਿ ਉਹ ਇਸ ਬਿਜਲਈ ਪੌੜੀ ਰਾਹੀਂ ਉਪਰ ਚੱਲੇ। ਅਹਿਲਿਆ ਨੂੰ ਸਮਝਾ ਰਹੇ ਹਨ, "ਲਿਸਨ, ਇਸ ਕਾਲੀ ਬੈਲਟ ਉਪਰ ਆਪਣਾ ਖੱਬਾ ਹੱਥ ਰੱਖੋ, ਪੈਰ ਕਿਸੇ ਵੀ ਸਟੈੱਪ 'ਤੇ। ਮੈਂ ਬਿਲਕੁਲ ਤੁਹਾਡੇ ਨਾਲ ਆਂ।"

ਬਹੁਤ ਕਹਿਣ 'ਤੇ ਅਹਿਲਿਆ ਨੇ ਕਾਲੀ ਬੈਲਟ 'ਤੇ ਆਪਣਾ ਹੱਥ ਰੱਖਿਆ ਹੈ ਤੇ ਪੈਰ ਪੌੜੀ 'ਤੇ। ਇੱਕ ਝਟਕਾ ਜਿਹਾ ਲੱਗਾ ਹੈ ਉਹਨੂੰ। ਪਿੱਛੇ ਖੜੇ ਜਨਕਰਾਜ ਨੇ ਅਹਿਲਿਆ ਨੂੰ ਸਾਂਭ ਜਿਹਾ ਲਿਆ ਹੈ।

ਦੋਵੇਂ ਪਹਿਲੀ ਮੰਜ਼ਲ 'ਤੇ ਠੀਕ-ਠਾਕ ਪੁੱਜ ਗਏ ਹਨ। ਮੁਸਕ੍ਰਾਈ ਹੈ ਅਹਿਲਿਆ। ਮੁਸਕਾਨ ਵਿੱਚ ਥੋੜ੍ਹਾ ਜਿਹਾ ਡਰ ਵੀ ਸ਼ਾਮਲ ਹੈ।

"ਮੁਬਾਰਕ! ਤੁਸੀਂ ਇੱਕ ਨਵੀਂ ਗੱਲ ਸਿੱਖੀ।"

"ਓਲਡ ਟਿਊਟਰ ਨੇ ਨਵੀਂ ਗੱਲ ਸਿਖਾਈ, ਅਸਲੀ ਮੁਬਾਰਕ ਉਹਨੂੰ।"

ਦੋਵੇਂ ਥੋੜ੍ਹਾ ਜਿਹਾ ਹੱਸੇ ਹਨ ਇਸ 'ਅਚੀਵਮੈਂਟ' ਉਪਰ। ਕੈਪੁਚੀਨੋ ਪੀਂਦੇ ਹੋਏ ਉਹਨਾਂ ਨੇ ਇਸ ਛੋਟੀ ਜਿਹੀ ਖੁਸ਼ੀ ਨੂੰ ਸੈਲੀਬ੍ਰੇਟ ਕੀਤਾ ਹੈ।

ਅਹਿਲਿਆ ਹੌਲੀ ਚਲਦੀ ਹੈ। ਜਨਕਰਾਜ ਨੂੰ ਤੇਜ਼ ਤੁਰਨ ਦੀ ਆਦਤ ਹੈ। ਅਹਿਲਿਆ ਪਿੱਛੇ ਰਹਿ ਜਾਂਦੀ ਹੈ। ਜਨਕਰਾਜ ਮੁੜ ਕੇ ਦੇਖਦੇ ਹਨ। ਨਿਰਾਜ਼ ਜਿਹੀ ਖੜੀ ਅਹਿਲਿਆ। ਮੁੜ ਕੇ ਜਾਂਦੇ ਹਨ। ਕਈ ਵਾਰ ਸੌਰੀ ਫੀਲ ਕਰਦੇ ਹਨ। ਨਾਲ-ਨਾਲ ਚਲਦੇ ਹਨ। ਸ਼ੋ-ਰੂਮ ਵਿੱਚ ਸਜੀਆਂ ਹੋਈਆਂ ਪੁਸ਼ਾਕਾਂ ਨੂੰ ਦੇਖਦੀ ਰਹਿੰਦੀ ਹੈ ਅਹਿਲਿਆ। ਕੋਈ ਜਵਾਨ ਔਰਤ ਜਾਗ ਉੱਠਦੀ ਹੈ। ਮਹਿੰਦੀ-ਕਲਰ ਦੇ ਗਾਊਨ ਦੀ ਕੀਮਤ ਪੁੱਛਦੀ ਹੈ। ਮਹਿੰਗਾ ਲੱਗਦਾ ਹੈ ਅਹਿਲਿਆ ਨੂੰ। ਦੋਵੇਂ ਤੁਰ ਪੈਂਦੇ ਹਨ। ਕੁਝ ਦੂਰ ਜਾ ਕੇ ਇੱਕ ਬੈਂਚ 'ਤੇ ਅਹਿਲਿਆ ਧਾ ਕਰਦੀ ਬਹਿ ਜਾਂਦੀ ਹੈ। ਇੱਕ ਪਲ ਲਈ ਜਨਕ ਵੀ ਬੈਠਦੇ ਹਨ। ਫਿਰ ਉੱਠਦੇ ਹੋਏ ਕਹਿੰਦੇ ਹਨ, "ਅਹਿਲਿਆ, ਮੈਂ ਹੁਣੇ ਆਇਆ।"

ਵਾਪਸ ਉਸੇ ਦੁਕਾਨ ਵਿੱਚ ਜਾ ਕੇ ਪੇਮੈਂਟ ਕਰ ਕੇ ਗਾਊਨ ਪੈਕ ਕਰਵਾਉਂਦੇ ਹਨ। ਮਨ ਹੀ ਮਨ ਮੁਸਕ੍ਰਾਉਂਦੇ ਹਨ।

ਕੈਰੀ ਬੈਗ ਦੇਖ ਕੇ ਅਹਿਲਿਆ ਪੁੱਛਦੀ ਹੈ, "ਓਲਡ ਮੈਨ, ਕੀ ਖਰੀਦ ਲਿਆਏ?"

"ਸ਼ਰਟ ਖਰੀਦੀ।"

"ਗੁਡ! ਮਾਈ ਬੈੱਸਟ ਵਿਸ਼ਜ਼!"

"ਥੈਂਕਿਊ, ਮਾਈ ਯੰਗ ਲੇਡੀ!"

ਦੋਵੇਂ ਹੱਸਦੇ ਹਨ।

ਤਿੰਨ ਦਿਨ ਬਾਅਦ ਅਹਿਲਿਆ ਦਾ ਜਨਮ-ਦਿਨ ਹੈ। ਸਿਰਫ ਦੋ ਲੋਕ ਹੋਣਗੇ ਜਨਮ-ਦਿਨ ਦੀ ਇਸ ਸੈਲੀਬ੍ਰੇਸ਼ਨ ਵਿੱਚ। ਅਹਿਲਿਆ ਕੇਕ ਕੱਟੇਗੀ। ਜਨਕ ਕਲੈਪਿੰਗ ਕਰਨਗੇ।

ਅਹਿਲਿਆ ਕੇਕ ਕੱਟ ਚੁੱਕੀ ਹੈ। ਇੱਕ ਛੋਟਾ ਜਿਹਾ ਟੁਕੜਾ ਪੇਪਰ ਪਲੇਟ ਵਿੱਚ ਰੱਖ ਕੇ ਅਹਿਲਿਆ ਨੇ ਜਨਕ ਨੂੰ ਦਿੱਤਾ ਹੈ। ਇੱਕ ਦੂਜਾ ਟੁਕੜਾ ਪੇਪਰ ਪਲੇਟ ਵਿੱਚ ਰੱਖ ਕੇ ਜਨਕ ਨੇ ਅਹਿਲਿਆ ਨੂੰ ਦਿੱਤਾ ਹੈ। ਦੋਵੇਂ ਮੁਸਕ੍ਰਾਏ ਹਨ। ਬਹੁਤ ਘੱਟ ਆਵਾਜ਼ਾਂ ਵਿੱਚ ਮਨਾਇਆ ਗਿਆ ਹੈ ਇਹ ਜਨਮ ਦਿਨ, ਬਹੁਤ ਰੌਲ਼ੇ-ਗੌਲ਼ੇ ਦਾ ਅਹਿਸਾਸ ਪੈਦਾ ਕਰ ਰਿਹਾ ਹੈ।

ਕੇਕ ਖਾ ਚੁੱਕਣ ਤੇ ਚਾਹ ਪੀਣ ਤੋਂ ਬਾਅਦ ਜਨਕਰਾਜ ਨੇ ਮੇਜ਼ 'ਤੇ ਪੈਕਟ ਰੱਖਿਆ ਹੈ। ਕਿਹਾ, "ਅਹਿਲਿਆ, ਇਹ ਤੁਹਾਡੇ ਲਈ।"

"ਕੀ ਏ?"

"ਦੇਖ ਲਓ।"



ਉਹੀ ਗਾਊਨ ਜੋ ਅਹਿਲਿਆ ਦੁਕਾਨ 'ਤੇ ਛੱਡ ਆਈ ਸੀ। ਮਹਿੰਗਾ ਸੀ, ਇਸ ਲਈ।

ਅਹਿਲਿਆ ਨੇ ਗਾਊਨ ਨੂੰ ਮੱਥੇ ਨਾਲ ਛੂਹਿਆ। ਉਸ ਦੀਆਂ ਅੱਖਾਂ ਵਿੱਚ ਪਾਣੀ ਭਰ ਆਇਆ ਹੈ। ਉਸ ਨੇ ਆਪਣਾ ਕੰਬਦਾ ਹੋਇਆ ਸੱਜਾ ਹੱਥ ਅੱਗੇ ਵਧਾਇਆ ਹੈ।

ਜਨਕਰਾਜ ਨੇ ਆਪਣੇ ਦੋਹਾਂ ਹੱਥਾਂ ਵਿੱਚ ਅਹਿਲਿਆ ਦੇ ਹੱਥ ਨੂੰ ਭਰ ਜਿਹਾ ਲਿਆ ਹੈ।...

ਮੇਜ਼ 'ਤੇ ਰੱਖੀ ਐਲਬਮ ਉਪਰ ਨਜ਼ਰ ਚਲੀ ਗਈ ਹੈ ਜਨਕਰਾਜ ਦੀ। ਉਹ ਹੁਣੇ ਆ ਕੇ ਬੈਠੇ ਹੀ ਹਨ। ਅਹਿਲਿਆ ਮਾਯੂਸ ਲੱਗ ਰਹੀ ਹੈ।

"ਅਹਿਲਿਆ, ਤੂੰ ਐਲਬਮ ਦੇਖ ਰਹੀ ਸੀ?" ਜਨਕਰਾਜ ਨੇ ਪੁੱਛਿਆ ਹੈ।

ਡੂੰਘਾ ਸਾਹ ਲੈ ਕੇ ਅਹਿਲਿਆ ਨੇ ਉੱਤਰ ਦਿੱਤਾ ਹੈ, "ਦੇਖ ਰਹੀ ਸੀ, ਹੁਣ ਨਹੀਂ ਦੇਖਾਂਗੀ ਕਦੇ। ਅਟੈਚੀ ਦੇ ਬਿਲਕੁਲ ਹੇਠਾਂ ਰੱਖ ਦੇਵਾਂਗੀ- ਐਲਬਮ।" ਐਲਬਮ ਵਿੱਚੋਂ ਬੁੱਢੀਆਂ ਉਂਗਲਾਂ ਰਾਖ ਦੇ ਢੇਰ ਵਿੱਚੋਂ ਚਿੰਗਾਰੀਆਂ ਲੱਭਦੀਆਂ ਰਹੀਆਂ। "ਜਨਕ, ਹਰ ਤਸਵੀਰ ਦੇ ਨਾਲ ਕੋਈ ਨਾ ਕੋਈ ਸਮਾਂ ਜੁੜਿਆ ਹੁੰਦਾ ਏ, ਕੋਈ ਮੋਮੈਂਟ। ਹਰ ਮੋਮੈਂਟ ਦੇ ਨਾਲ ਕੋਈ ਹੁੰਦਾ ਏ। ਐਨ ਉਸੇ ਵਕਤ ਆਵਾਜ਼ ਸੁਣਾਈ ਦਿੰਦੀ ਏ, ਰਿਸ਼ਤੇ ਟੁੱਟਣ ਦੀ ਆਵਾਜ਼। ਜਨਕ, ਐਲਬਮ ਵਿੱਚ ਜੋ ਪੁਰਾਣੀ ਫੋਟੋ ਨੇ, ਮੇਰੇ ਦੁੱਖ ਦੀਆਂ ਸਤਯਨਰਾਇਣ ਦੀਆਂ ਕਥਾਵਾਂ ਨੇ। ਖਤਮ ਹੀ ਨਹੀਂ ਹੁੰਦੀਆਂ।" ਚੁੱਪ ਕਰ ਗਈ ਹੈ ਅਹਿਲਿਆ। ਫਿਰ ਡੂੰਘਾ ਸਾਹ, ਉਦਾਸੀ ਦੇ ਰੁਮਾਲ ਵਿੱਚ ਬੱਝਾ ਹੋਇਆ।

ਦੋਵੇਂ ਦੇਰ ਤੱਕ ਚੁੱਪ ਬੈਠੇ ਰਹੇ ਹਨ। ਅਹਿਲਿਆ ਨੇ ਗੱਲ ਬਦਲਦੇ ਹੋਏ ਕਿਹਾ ਹੈ, "ਜਨਕ, ਰਾਤ ਨੂੰ ਤੁਹਾਡੇ ਖੰਘਣ ਦੀ ਆਵਾਜ਼ ਦੇਰ ਤੱਕ ਆਉਂਦੀ ਰਹੀ। ਮੈਂ ਦੇਰ ਤੱਕ ਜਾਗਦੀ ਰਹੀ। ਸੋਚਦੀ ਰਹੀ, ਕੌਣ ਖੰਘਦਾ ਹੋਏਗਾ- ਵਾਚਮੈਨ! ਫਿਰ ਮੈਨੂੰ ਅਹਿਸੂਸ ਹੋਇਆ ਕਿ ਇਹ ਤਾਂ ਤੁਹਾਡੀ ਖੰਘ ਏ।"

"ਕੱਲ੍ਹ ਰਾਤ ਖੰਘ ਦਾ ਅਟੈਕ ਜਿਹਾ ਹੋ ਗਿਆ ਸੀ। ਦੋ ਵਾਰ ਪਾਣੀ ਪੀਤਾ। ਇਹਨੇਲਰ ਦੇ ਪੱਫ ਲਏ। ਥੋੜ੍ਹੀ ਜਿਹੀ ਚੀਨੀ ਖਾਧੀ। ਬ੍ਰੋਕੋਡੀਨੇਟ ਦਾ ਇੱਕ ਚਮਚਾ ਵੀ ਲਿਆ। ਦੇਰ ਬਾਅਦ ਜਾ ਕੇ ਠੀਕ ਹੋਇਆ।"

ਅਹਿਲਿਆ ਜਨਕਰਾਜ ਨੂੰ ਦੇਖ ਰਹੀ ਹੈ। ਕਿੰਨੀ ਬੇਫਿਕਰੀ ਨਾਲ ਬੈਠਾ ਹੈ ਇਹ ਸ਼ਖ਼ਸ। ਬਹੁਤ ਕੁਝ ਛੁਪਾ ਕੇ ਆਇਆ ਹੋਵੇ ਜਿਵੇਂ। ਜਾਣਦੀ ਹਾਂ। ਖੰਘ ਵੀ ਇੱਕ ਭਾਸ਼ਾ ਹੁੰਦੀ ਹੈ। ਬੈਚੈਨੀ ਦੀ ਭਾਸ਼ਾ। ਖੰਘ ਇੱਕ ਝਾੜੀ ਜਿਹਦੇ ਵਿੱਚ ਸਾਹਾਂ ਦੀ ਪਤੰਗ ਫਸ ਜਾਂਦੀ ਹੈ। ਖੰਘ ਜਿਵੇਂ ਦੇਹ ਦੀ ਭਿਖਾਰਨ। ਤੁਹਾਡੇ ਤੋਂ ਜਿਵੇਂ ਕੁਝ ਮੰਗ ਰਹੀ ਹੋਵੇ। ਖੰਘ ਜਿਵੇਂ ਨੰਗੇ ਪੈਰੀਂ ਚਲਦੀ ਜ਼ਿੰਦਗੀ ਦੇ ਪੈਰਾਂ ਵਿੱਚ ਚੁੱਭੇ ਕੱਚ ਦੇ ਟੁਕੜੇ। ਖੰਘ ਜਿਵੇਂ ਕੋਈ ਇੱਕ-ਇਕੱਲਾ ਕਮਰੇ ਵਿੱਚ ਆਪਣੇ ਆਪ ਨਾਲ ਲੜਦਾ ਹੋਇਆ।

ਇਹ ਕੱਲ੍ਹ ਸ਼ਾਮ ਦੀ ਗੱਲ ਹੈ। ਜਨਕ ਬਹੁਤ ਭਾਵੁਕ ਹੋ ਗਏ। ਉਹਨਾਂ ਨੂੰ ਆਪਣਾ ਘਰ ਪਰਿਵਾਰ ਯਾਦ ਆਉਣ ਲੱਗੇ। ਬਹੁਤ ਸੋਚਣ-ਵਿਚਾਰਨ ਤੋਂ ਬਾਅਦ, ਬਹੁਤ ਝਿਜਕ ਨਾਲ ਆਪਣੇ ਮੁਬਾਈਲ 'ਤੇ ਵੱਡੇ ਮੁੰਡੇ ਦਾ ਨੰਬਰ ਮਿਲਾਇਆ। ਬਹੁਤ ਖੁਸ਼ ਸਨ ਤੇ ਉਤਸੁਕਤ ਵੀ।

ਵੱਡੇ ਬੇਟੇ ਨੇ ਨਮਸਤੇ ਕੀਤੀ। ਇੱਕ ਪਲ ਲਈ ਰੁਕਿਆ। ਫਿਰ ਬੋਲਿਆ, "ਪਾਪਾ, ਇੱਕ ਮੀਟਿੰਗ ਵਿੱਚ ਹਾਂ, ਆਏ ਵਿੱਲ ਕਾਲ ਯੂ ਬੈਕ।"

ਸ਼ਾਇਦ ਮੀਟਿੰਗ ਅਨੰਤਕਾਲ ਤੱਕ ਜਾਰੀ ਰਹੀ ਹੋਵੇ। ਬੇਟੇ ਨੇ ਵਾਪਸ ਫੋਨ ਨਹੀਂ ਸੀ ਕੀਤਾ। ਉਹਨਾਂ ਨੇ ਆਪਣੇ ਆਪ ਨੂੰ ਸਮਝਾਇਆ, 'ਜਨਕਰਾਜ ਸਹਿਗਲ, ਜ਼ਿਆਦਾ ਇਮੋਸ਼ਨਲ ਮੱਤ ਹੋਵੋ। ਸਭ ਦੀ ਆਪਣੀ ਦੁਨੀਆ ਏ। ਸਭ ਦੇ ਆਪਣੇ ਰੁਝੇਵੇਂ।'

ਬਸ ਫਿਰ ਕੀ ਸੀ? ਕੁਝ ਦੇਰ ਬਾਅਦ ਅਜਿਹੀ ਖੰਘ ਛਿੜੀ ਕਿ ਲੱਗਿਆ, ਹੁਣੇ ਦਮ ਨਿਕਲ ਜਾਵੇਗਾ।...

ਸ਼ੈਂਪੂ ਨਾਲ ਸਿਰ ਧੋ ਕੇ ਬਾਲਕੋਨੀ ਕੋਲ ਡਾਹੀ ਕੁਰਸੀ 'ਤੇ ਆ ਬਹਿੰਦੀ ਹੈ ਅਹਿਲਿਆ। ਕਾਲ਼ੇ-ਚਿੱਟੇ ਵਾਲ਼, ਹਵਾ ਵਿੱਚ ਉੱਡਦੇ ਜਿਹੇ। ਅਜਿਹੇ ਮੌਕੇ ਸੁਹਣੀ ਲੱਗਦੀ ਹੈ ਅਹਿਲਿਆ। ਬੁੜੇ ਵੀ ਖ਼ੂਬਸੂਰਤ ਹੁੰਦੇ ਹਨ। ਚਿਹਰੇ 'ਤੇ ਬੇਚੈਨੀ, ਝੁਰੜੀਆਂ ਤੇ ਢਲਦੀ ਉਮਰ ਦੀ ਥਕਾਨ। ਫਿਰ ਵੀ ਸੁਹਣੀ ਲੱਗਦੀ ਹੈ ਅਹਿਲਿਆ। ਚਿਹਰੇ 'ਤੇ ਜ਼ਿੰਦਗੀ ਦੀਆਂ ਉਦਾਸ ਇਬਾਰਤਾਂ। ਇਹਨਾਂ ਵਿੱਚ ਇਕੱਲੇਪਨ ਦੇ ਅੱਖਰ। ਪੜ੍ਹਾਈ ਵਾਲੇ ਦਿਨ। ਜਵਾਨੀ ਵਾਲੇ ਦਿਨ। ਨੌਕਰੀ ਵਾਲੇ ਦਿਨ। ਇਸ਼ਕ ਵਾਲੇ ਦਿਨ। ਖ਼ੁਦ 'ਤੇ ਰਸ਼ਕ ਕਰਨ ਵਾਲੇ ਦਿਨ। ਉਹ ਦਿਨ ਜੋ ਗੁਜ਼ਰ ਗਏ।

ਇਹ ਦਿਨ ਬੇਮਾਅਨੇ ਜਿਹੇ ਦਿਨ ਹਨ।

ਅਜਿਹੇ ਦਿਨ ਕਿ ਆਪਣੇ ਆਪਨੂੰ ਛੱਡ ਕੇ ਭੱਜ ਜਾਣ ਦੀ ਮਨਹੂਸ ਜਿਹੀ ਇੱਛਿਆ।

ਅੱਜ ਪੂਰਾ ਦਿਨ ਅਹਿਲਿਆ ਆਪਣੇ ਸਟੂਡਿਓ ਫਲੈਟ ਵਿੱਚ ਬੇਚੈਨ ਹੋ ਕੇ ਉੱਠਦੀ-ਬੈਠਦੀ ਰਹੀ। ਜਿਵੇਂ ਜ਼ਿੰਦਗੀ ਭਾਰੇ ਸਾਮਾਨ ਵਾਂਗ ਹੋਵੇ ਤੇ ਉਹ ਥੋੜ੍ਹਾ-ਥੋੜ੍ਹਾ ਕਰਕੇ ਏਧਰ-ਓਧਰ ਰੱਖਦੀ ਰਹੀ ਹੋਵੇ। ਸ਼ਾਮ ਦੀ ਚਾਹ ਪੀਤੀ। ਬਾਲਕੋਨੀ ਦੇ ਸਾਹਮਣੇ। ਪਰ ਨਾ ਆਸਮਾਨ ਚੰਗਾ ਲੱਗਿਆ, ਨਾ ਹੀ ਉੱਡਦੇ ਹੋਏ ਪੰਛੀ। ਅੱਜ ਪੂਰਾ ਦਿਨ ਜਨਕ ਵੀ ਨਹੀਂ ਆਏ ਸਨ। ਉਹ ਆਉਂਦੇ ਤਾਂ ਆਪਣੀ ਹਾਲਤ ਉਹਨਾਂ ਨਾਲ ਸ਼ੇਅਰ ਕਰ ਲੈਂਦੀ।

ਰਾਤ ਨੂੰ ਨੌਂ-ਸਾਢੇ ਨੌਂ ਵਜੇ ਅਹਿਲਿਆ ਨੂੰ ਅਜੀਬ ਜਿਹੀ ਘਬਰਾਹਟ ਨੇ ਘੇਰ ਲਿਆ। ਉਖੜਦਾ ਹੋਇਆ ਸਾਹ ਤੇ ਵਾਰ-ਵਾਰ ਗਿੱਲੀਆਂ ਹੁੰਦੀਆਂ ਅੱਖਾਂ।

ਅਹਿਲਿਆ ਜਦੋਂ ਜਨਕਰਾਜ ਦੇ ਸਟੂਡੀਓ ਅਪਾਰਟਮੈਂਟ ਵਿੱਚ ਗਈ ਤਾਂ ਉਹ ਕੁਰਸੀ 'ਤੇ ਬੈਠੇ ਸਨ। ਅਹਿਲਿਆ ਨੂੰ ਦੇਖ ਕੇ ਉਹ ਉੱਠ ਖੜੇ ਹੋਏ। ਅਹਿਲਿਆ ਨੇ ਬਹਿੰਦੇ ਹੋਏ ਕਿਹਾ, "ਜਨਕ, ਮੈਨੂੰ ਡਰ ਲੱਗ ਰਿਹਾ ਏ।"

ਡਰ! ਡਰ ਦੀ ਗੱਲ ਸੁਣ ਕੇ ਜਨਕਰਾਜ ਖ਼ੁਦ ਵੀ ਵਿਆਕੁਲ ਹੋ ਉੱਠੇ ਸਨ। ਡਰਦੇ ਉਹ ਵੀ ਰਹਿੰਦੇ ਸਨ। ਪਤਾ ਨਹੀਂ ਉਹ ਨੇੜੇ ਆ ਰਹੀ ਮੌਤ ਤੋਂ ਡਰਦੇ ਸਨ ਜਾਂ ਮੁਸ਼ਕਲ ਹੁੰਦੀ ਜ਼ਿੰਦਗੀ ਤੋਂ। ਪਤਾ ਨਹੀਂ ਟੁੱਟ ਚੁੱਕੇ ਰਿਸ਼ਤਿਆਂ ਦਾ ਹੜ੍ਹ ਉਹਨਾਂ ਨੂੰ ਡਰਾਉਂਦਾ ਸੀ ਜਾਂ ਫਿਰ ਇਕੱਲਾਪਨ ਜੋ ਕਿਸੇ ਲਾਇਲਾਜ ਬਿਮਾਰੀ ਵਾਂਗ ਉਹਨਾਂ ਦੇ ਜ਼ਿਹਨ 'ਤੇ ਛਾਇਆ ਰਹਿੰਦਾ ਸੀ ਜਾਂ ਫਿਰ ਟੁੱਟਿਆ-ਥੱਕਿਆ ਸਰੀਰ ਉਹਨਾਂ ਨੂੰ ਡਰਾਉਂਦਾ ਸੀ।

ਉਹਨਾਂ ਨੇ ਅਹਿਲਿਆ ਨੂੰ ਸੰਭਾਲਿਆ। ਬੋਲੇ, "ਡਰਨੇ ਦੀ ਕਿਹੜੀ ਗੱਲ ਏ, ਮੈਂ ਹਾਂ ਨਾ ਤੁਹਾਡਾ ਓਲਡ ਫਰੈਂਡ। ...ਅੱਜ ਮੈਂ ਨਹੀਂ ਆਇਆ ਸ਼ਾਇਦ ਇਸੇ ਲਈ। ਡੌਂਟ ਵੱਰੀ! ਹੁਣ ਮੈਂ ਰੋਜ਼ ਆਵਾਂਗਾ। ਕਈ-ਕਈ ਵਾਰ। ਹੁਣ ਤੁਸੀਂ ਡਰਨਾ-ਭੁਰਨਾ ਬੰਦ ਕਰੋ। ਮੈਂ ਥੋੜ੍ਹੀ-ਥੋੜ੍ਹੀ ਚਾਹ ਬਣਾਉਂਦਾ ਹਾਂ। ਦੇਖੋ, ਤੁਹਾਡੇ ਪੈਰਾਂ ਦੇ ਅੰਗੂਠਿਆਂ ਦੇ ਨੌਂਹ ਕਿੰਨੇ ਵੱਧ ਗਏ ਨੇ। ਸਖ਼ਤ ਹੋਣਗੇ। ਨਹੀਂ ਕੱਟੇ ਗਏ ਹੋਣੇ। ਮੈਂ ਹੁਣੇ ਕੱਟਦਾਂ।"

ਜਨਕਰਾਜ ਚੁੱਪ ਹੋਏ ਤਾਂ ਅਹਿਲਿਆ ਨੇ ਗੰਭੀਰ ਆਵਾਜ਼ ਵਿੱਚ ਕਿਹਾ, "ਮੈਨੂੰ ਡਰ



ਲੱਗ ਰਿਹਾ ਏ ਜਨਕਰਾਜ।"

"ਤੂੰ ਏਥੇ ਹੀ ਸੌਂ ਜਾ।"

"ਇਥੇ, ਤੁਹਾਡੇ ਫਲੈਟ ਵਿੱਚ? ਲੋਕ ਕੀ ਕਹਿਣਗੇ?"

"ਲੋਕ! ਕਿਹੜੇ ਲੋਕ? ਕਿੰਨੇ ਲੋਕ ਰਹਿੰਦੇ ਨੇ ਇਸ ਟਾਵਰ ਵਿੱਚ? ਕਿਸੇ ਨੇ ਆ ਕੇ ਹਾਲ ਵੀ ਪੁੱਛਿਆ? ਕਿਸੇ ਨੇ ਰੁਕ ਕੇ ਨਮਸਤੇ ਵੀ ਕੀਤੀ? ਕੀ ਕਿਸੇ ਨੂੰ ਪਤਾ ਏ ਕਿ ਅੱਜ ਤੂੰ ਬਹੁਤ ਡਰ ਰਹੀ ਏਂ? ਲਿਫਟਮੈਨ, ਵਾਚਮੈਨ ਤੇ ਗਾਰਡ- ਸਾਡੀ ਬੋਲਚਾਲ ਬਸ ਇਹਨਾਂ ਬੰਦਿਆਂ ਨਾਲ ਹੀ ਹੁੰਦੀ ਏ।" ਜਨਕਰਾਜ ਕਹਿੰਦੇ ਚਲੇ ਗਏ। ਅਹਿਲਿਆ ਨੂੰ ਚੁੱਪ ਦੇਖ ਕੇ ਫਿਰ ਬੋਲੇ, "ਇਥੇ ਹੀ ਰੁਕ ਜਾ। ਮੈਂ ਤੇਰੀਆਂ ਦਵਾਈਆਂ ਲੈ ਆਉਨਾ।"

"ਤੁਹਾਡੇ ਬਿਸਤਰ 'ਤੇ?"

"ਹਾਂ।"

"ਤੇ ਤੁਸੀਂ?"

ਜ਼ਰਾ ਕੁ ਹੱਸ ਕੇ ਜਨਕ ਫਿਰ ਬੋਲੇ, "ਘਬਰਾ ਨਾ, ਮੈਂ ਹੇਠਾਂ ਫਰਸ਼ 'ਤੇ ਸੌਂ ਜਾਵਾਂਗਾ।"

"ਮੇਰੇ ਲਈ ਤੁਸੀਂ ਫਰਸ਼ 'ਤੇ ਸੌਂਵੋਂਗੇ, ਜਨਕ?"

"ਤੇਰੇ ਲਈ ਨਹੀਂ, ਮੈਂ ਆਪਣੇ ਲਈ ਫਰਸ਼ 'ਤੇ ਸੌਂਵਾਂਗਾ। ਤੂੰ ਇਸ ਤਣਾਓ ਵਿੱਚ ਨਾ ਰਹਿ।"

ਜਨਕਰਾਜ ਨੇ ਫਰਸ਼ 'ਤੇ ਦਰੀ ਵਿਛਾਈ। ਦਰੀ 'ਤੇ ਚਾਦਰ ਵਿਛਾਈ। ਪਲੰਘ 'ਤੇ ਦੋ ਸਿਰਹਾਣੇ ਸਨ। ਇੱਕ ਸਿਰਹਾਣਾ ਉਹਨਾਂ ਨੇ ਅਹਿਲਿਆ ਲਈ ਛੱਡ ਦਿੱਤਾ ਤੇ ਦੂਸਰਾ ਫਰਸ਼ 'ਤੇ ਵਿਛੇ ਆਪਣੇ ਵਿਛਾਉਣੇ 'ਤੇ ਰੱਖ ਦਿੱਤਾ ਤੇ ਪੈ ਗਏ। ਇੱਕ ਛੋਟਾ ਜਿਹਾ ਬਲਬ ਉਹਨਾਂ ਨੇ ਜਗਦਾ ਰਹਿਣ ਦਿੱਤਾ।

ਅਹਿਲਿਆ ਬੈੱਡ 'ਤੇ ਲੰਮੀ ਪੈ ਗਈ। ਉਹਨੇ ਆਪਣਾ ਸੱਜਾ ਹੱਥ ਹੇਠਾਂ ਵੱਲ ਫੈਲਾਇਆ, "ਜਨਕ, ਮੇਰਾ ਹੱਥ ਫੜ ਲਓ।"

ਜਨਕਰਾਜ ਨੇ ਅਹਿਲਿਆ ਦਾ ਹੱਥ ਫੜੀ ਰੱਖਿਆ। ਦੋਵੇਂ ਹੀ ਸੌਂ ਗਏ।...

ਪੰਜ ਸਾਲ। ਨਹੀਂ ਪੰਜ ਸਾਲ ਨਹੀਂ, ਸਵਾ ਪੰਜ ਸਾਲ। ਦੋ ਬੁੱਢੇ ਇੱਕ ਦੂਜੇ ਦਾ ਦੁੱਖ-ਦਰਦ ਸਮਝਦੇ ਰਹੇ। ਇਕੱਲਾਪਨ ਵੰਡਦੇ ਰਹੇ। ਉਹ ਇਕੱਠੇ ਚਾਹ ਪੀਂਦੇ। ਕਦੇ ਕਦੇ ਖਾਣਾ ਵੀ ਇਕੱਠੇ ਖਾਂਦੇ। ਕਦੇ ਕਿਸੇ ਮਾਲ ਵਿੱਚ ਚਲੇ ਜਾਂਦੇ ਜਾਂ ਪਾਰਕ ਵਿੱਚ ਜਾ ਕੇ ਬੈਂਚ 'ਤੇ ਬਹਿ ਜਾਂਦੇ। ਜਦੋਂ ਵੀ ਅਹਿਲਿਆ ਡਰਦੀ ਤਾਂ ਜਨਕ ਦੇ ਫਲੈਟ ਵਿੱਚ ਸੌਂ ਜਾਂਦੀ। ਜਨਕ ਜਦੋਂ ਵੀ ਅੱਕਣ ਲੱਗਦੇ ਤਾਂ ਉਹ ਬਾਹਰ ਨਿਕਲ ਜਾਂਦੇ। ਉਸ ਚੌਰਾਹੇ ਤਕ ਚਲੇ ਜਾਂਦੇ ਜਿੱਥੇ ਬਾਜਰੇ ਦੇ ਦਾਣੇ ਚੁੱਗਦੇ ਹੋਏ ਸੈਂਕੜੇ ਕਬੂਤਰ ਹੁੰਦੇ।

ਸਵਾ ਪੰਜ ਸਾਲ ਦੋਹਾਂ ਅਜਨਬੀ ਬੁੱਢਿਆਂ ਨੇ ਇੱਕ ਦੂਜੇ ਦੀ ਸਹਾਇਤਾ ਕੀਤੀ। ਸਹਿਯੋਗ ਦਿੱਤਾ। ਗੱਲਾਂ ਕੀਤੀਆਂ। ਰਲ਼ ਕੇ ਮੁਸਕ੍ਰਾਏ। ਦੋਸਤ ਬਣ ਕੇ ਰਹੇ। ਹਮਾਇਤੀ ਬਣੇ ਰਹੇ।...

ਸਵਾ ਪੰਜ ਸਾਲ ਬਾਅਦ ਇੱਕ ਨੇ ਅਚਾਨਕ ਸਾਥ ਛੱਡ ਦਿੱਤਾ। ਅਹਿਲਿਆ ਚਲ ਵਸੀ। ਅੰਤਿਮ ਯਾਤਰਾ ਵਿੱਚ ਕੁਲ ਪੰਜ ਲੋਕ ਸਨ। ਦੋ ਗਾਰਡ, ਦੋ ਲਿਫਟਮੈਨ ਤੇ ਜਨਕ।

ਅਹਿਲਿਆ ਤਾਂ ਮਹਾਯਾਤਰਾ 'ਤੇ ਨਿਕਲ ਗਈ। ਰਹਿ ਗਏ ਇਕੱਲੇ ਜਨਕਰਾਜ।

ਪਹਿਲਾਂ ਨਾਲੋਂ ਵੀ ਜ਼ਿਆਦਾ ਇਕੱਲੇ। ਪਹਿਲਾਂ ਨਾਲੋਂ ਵੀ ਜ਼ਿਆਦਾ ਉਦਾਸ ਤੇ ਵਿਆਕੁਲ।

ਜਿਵੇਂ ਕੋਈ ਰਾਗ ਹੋਵੇ ਤੇ ਅਚਾਨਕ ਭੰਗ ਹੋ ਗਿਆ ਹੋਵੇ। ਜਿਵੇਂ ਕੋਈ ਨਾਟਕ ਹੋਵੇ ਤੇ ਇੱਕ ਦਮ ਖਤਮ ਹੋ ਗਿਆ ਹੋਵੇ।

ਇਮਿਤਿਹਾਨ ਤਾਂ ਹੁਣ ਸ਼ੁਰੂ ਹੋਇਆ ਹੈ ਜਨਕਰਾਜ ਦਾ। ਦਿਨ ਭਰ ਖਾਲੀ। ਦਿਨ ਭਰ ਅਸਥਿਰ। ਚਾਹ ਬਣਾਉਂਦੇ ਹਨ। ਅਚੇਤ ਵਿੱਚ ਹੀ ਦੋ ਕੱਪ ਚਾਹ। ਬਾਅਦ ਵਿੱਚ ਪਤਾ ਚਲਦਾ ਹੈ ਚਾਹ ਪੀਂਦੇ ਵੇਲੇ ਕਿ ਚਾਹ ਪੀਣ ਵਾਲਾ ਦੂਜਾ ਸ਼ਖ਼ਸ ਤਾਂ ਰਿਹਾ ਹੀ ਨਹੀਂ।

ਅਹਿਲਿਆ ਦੇ ਫਲੈਟ ਦੀਆਂ ਚਾਬੀਆਂ ਉਹਨਾਂ ਕੋਲ ਹਨ। ਬੂਹੇ ਖੋਲ੍ਹਦੇ ਹਨ। ਦੇਰ ਤੱਕ ਖੜੇ ਰਹਿੰਦੇ ਹਨ ਅਹਿਲਿਆ ਦੇ ਫਲੈਟ ਵਿੱਚ। ਅਹਿਲਿਆ ਦਾ ਅਪਾਰਟਮੈਂਟ ਹੁੰਦਾ ਹੈ, ਅਹਿਲਿਆ ਨਹੀਂ ਹੁੰਦੀ।

ਅਰਸਾ ਗੁਜ਼ਰ ਚੁੱਕਾ ਹੈ। ਜਨਕਰਾਜ ਅਹਿਲਿਆ ਦੇ ਫਲੈਟ ਵਿੱਚ ਆਉਂਦੇ ਹਨ। ਖੜੇ ਰਹਿੰਦੇ ਹਨ ਕੁਝ ਦੇਰ, ਫਿਰ ਮੁੜ ਜਾਂਦੇ ਹਨ। ਅਹਿਲਿਆ ਦੇ ਫਲੈਟ ਦੀਆਂ ਸਾਰੀਆਂ ਚੀਜ਼ਾਂ ਉਵੇਂ ਦੀਆਂ ਉਵੇਂ ਪਈਆਂ ਹਨ। ਕਿਸੇ ਵੀ ਚੀਜ਼ ਨੂੰ ਉਹਨਾਂ ਨੇ ਕਦੇ ਛੂਹਿਆ ਨਹੀਂ।

ਅੱਜ ਵੀ ਉਹ ਦੋ ਕੱਪ ਚਾਹ ਦੇ ਬਣਾ ਕੇ ਅਹਿਲਿਆ ਦੇ ਫਲੈਟ ਵਿੱਚ ਆ ਬੈਠੇ ਹਨ। ਜੋ ਹਾਜ਼ਰ ਹੁੰਦਾ ਹੈ ਉਹ ਕਿੰਨਾ ਗੈਰ-ਹਾਜ਼ਰ ਹੁੰਦਾ ਹੈ ਦਿਲ ਵਿੱਚ। ਅਹਿਲਿਆ ਹੁਣ ਨਹੀਂ ਹੈ ਪਰ ਉਹ ਕਿੰਨੀ ਜ਼ਿਆਦਾ ਮੌਜੂਦ ਹੈ। ਐਦਾਂ ਲੱਗਦਾ ਹੈ ਜਿਵੇਂ ਉਹ ਹਾਲੇ ਵੀ ਬੈਠੀ ਹੈ ਆਪਣੀ ਹਿਲਦੀ ਹੋਈ ਬੁੱਢੀ ਦੇਹ ਨਾਲ। ਉਸ ਦਾ ਝੁਕ ਕੇ ਤੁਰਦੇ ਹੋਏ ਧਰਤੀ ਨਾਲ ਗੱਲਾਂ ਕਰਨੀਆਂ, ਕੰਬਦੀ, ਲਰਜ਼ਦੀ ਆਵਾਜ਼ ਵਿੱਚ ਭਜਨ ਗਾਉਣਾ, ਮਹਿਸੂਸ ਹੋ ਰਿਹਾ ਹੈ ਹੁਣ ਵੀ। ਬੇਸ਼ੱਕ, ਉਸ ਦੀਆਂ ਸਾਰੀਆਂ ਉਦਾਸ ਆਵਾਜ਼ਾਂ, ਡੂੰਘੀ ਚੁੱਪ ਦੀਆਂ ਚਿਮਨੀਆਂ ਵਿੱਚ ਵਲੀਨ ਹੋ ਗਈਆਂ ਹਨ।

ਚਾਹ ਦੇ ਦੋਵੇਂ ਕੱਪ ਠੰਢੇ ਹੋ ਚੁੱਕੇ ਹਨ। ਜਨਕ ਜਾਣਦੇ ਹਨ ਕਿ ਅਹਿਲਿਆ ਚਾਹ ਪੀਣ ਕਦੇ ਨਹੀਂ ਆਵੇਗੀ। ਉਹ ਫਿਰ ਵੀ ਉਡੀਕ ਕਰ ਰਹੇ ਹਨ ਉਸ ਦੇ ਆਉਣ ਦੀ। ਟ੍ਰੇਅ ਵਿੱਚ ਉਸ ਦਾ ਚਾਹ ਦਾ ਕੱਪ ਜਿਵੇਂ ਦਹਿਲੀਜ਼ 'ਤੇ ਇੰਤਜ਼ਾਰ ਦਾ ਅੱਧਬੁਝਿਆ ਦੀਵਾ।

ਜਨਕ ਸੋਚ ਰਹੇ ਹਨ, ਆਪਣੇ ਆਖਰੀ ਦਿਨਾਂ ਵਿੱਚ ਕਿੰਨਾ ਡਰ ਜਾਂਦੀ ਸੀ ਉਹ। ਕਿਸੇ ਬੱਚੇ ਵਾਂਗ ਲੱਗਦੀ ਸੀ ਡਰੀ ਹੋਈ ਅਹਿਲਿਆ। ਉਦੋਂ ਅਹਿਲਿਆ ਡਰੀ ਹੋਈ ਹੁੰਦੀ ਸੀ, ਹੁਣ ਆਪਣੇ ਅੰਦਰਲੇ ਖਲਾਅ ਤੋਂ ਡਰੇ ਹੋਏ। ਅਹਿਲਿਆ ਦਾ ਹੋਣਾ ਕਿੰਨਾ ਬਹੁਤਾ ਹੋਣਾ ਹੈ। ਤੇ ਉਸ ਦਾ ਨਾ ਹੋਣਾ ਜਿਵੇਂ ਇਕੱਲੇਪਨ ਦੇ ਪੰਡਾਲ ਵਿੱਚ ਕੋਈ ਚੁੱਪ, ਇਕੱਲੀ ਕੁਰਸੀ।

ਕਿੰਨਾ ਝੂਕੱਲਾ ਕਰ ਗਈ ਹੈ ਅਹਿਲਿਆ। ਜਨਕ ਸੋਚਦੇ-ਸੋਚਦੇ ਕਿਤੇ ਦੂਰ ਚਲੇ ਗਏ ਹਨ ਜਿਵੇਂ।

ਉਸ ਕੁਰਸੀ ਦੀ ਢੋਅ ਨੂੰ ਫੜ ਕੇ ਖੜੇ ਹਨ ਜਨਕ ਜਿਸ 'ਤੇ ਅਹਿਲਿਆ ਬੈਠਦੀ ਸੀ। ਕੁਰਸੀ ਖਾਲੀ ਹੈ ਤੇ ਉਹ ਵੀ।



## ਜ਼ਖ਼ਮੀ / ਗੋਬਿੰਦ ਮਿਸ਼ਰ

ਇਕਦਮ ਠੱਕ ਦੀ ਆਵਾਜ਼ ਹੋਈ, ਭਾਰੀ ਜਿਹੀ, ਜਿਵੇਂ ਕਿਸੇ ਨੇ ਕੋਈ ਗੱਠੜੀ ਹੇਠਾਂ ਸੁੱਟੀ ਹੋਵੇ। ਇਤਫਾਕਨ ਮੈਂ ਨਾਲ ਦੇ ਕਮਰੇ ਵਿੱਚ ਸੁੱਤਾ ਪਿਆ ਸਾਂ, ਛਾਲ ਮਾਰ ਕੇ ਉੱਠ ਖੜਿਆ। ਹਾਲਾਂ ਕਿ ਇਹ ਆਵਾਜ਼ ਮੈਨੂੰ ਜਗਾਉਣ ਲਈ ਨਾਕਾਫੀ ਸੀ। ਇਹ ਸਾਫ ਨਹੀਂ ਸੀ ਕਿ ਆਵਾਜ਼ ਉਸ ਦੇ ਕਮਰੇ ਵਿੱਚੋਂ ਆਈ ਹੈ ਪਰ ਮੈਂ ਉਸ ਵੱਲ ਭੱਜ ਪਿਆ। ਹਨੇਰੇ ਵਿੱਚ ਵੀ ਦਿੱਸ ਪਿਆ, ਉਹ ਆਪਣੀ ਮੰਜੀ ਤੋਂ ਹੇਠਾਂ ਡਿਗੀ ਪਈ ਸੀ। ਅਜੀਬ ਕਿ ਸਿਰ ਉਸ ਦਾ ਪੈਂਦ ਵੱਲ ਸੀ। ਉਹ ਜ਼ਰਾ ਵੀ ਤੜਫ ਨਹੀਂ ਸੀ ਰਹੀ ਜਦੋਂ ਕਿ ਖੁਦ ਨੂੰ ਲੱਗੀ ਨਿੱਕੀ ਜਿਹੀ ਸੱਟ ਦੇਖ ਕੇ ਰੋਣ ਲੱਗ ਪੈਂਦੀ ਹੈ। ਇਥੋਂ ਤੱਕ ਕਿ ਉਹ ਨੂੰ ਆਪ ਨੂੰ ਵੀ ਨਹੀਂ ਸੀ ਪਤਾ ਕਿ ਕੀ ਹੋਇਆ। ਮੈਂ ਉਸ ਨੂੰ ਚੁੱਕਣ ਲਈ ਝੁਕਿਆ ਤਾਂ ਦੇਖਿਆ ਕਿ ਉਸ ਦੀਆਂ ਅੱਖਾਂ ਡੈਂਬਰੀਆਂ ਹੋਈਆਂ ਸਨ ਜਿਵੇਂ ਉਸ ਨੂੰ ਪਤਾ ਹੀ ਨਾ ਹੋਵੇ ਕਿ ਉਸ ਨਾਲ ਕੀ ਹੋਇਆ।

ਬਹੁਤ-ਬਹੁਤ ਪਹਿਲਾਂ ਜਦੋਂ ਮੈਂ ਛੋਟਾ ਹੀ ਸਾਂ, ਸ਼ਿਕਾਰ ਦੀ ਮਨਾਹੀ ਨਹੀਂ ਸੀ ਹੋਇਆ ਕਰਦੀ, ਮੈਂ ਇੱਕ ਸ਼ਿਕਾਰੀ-ਪਾਰਟੀ ਦੇ ਨਾਲ ਜੰਗਲ ਵਿੱਚ ਗਿਆ ਸੀ। ਇੱਕ ਹਿਰਨੀ ਨੂੰ ਗੋਲ਼ੀ ਲੱਗੀ। ਅਸੀਂ ਉਸ ਨੂੰ ਚੁੱਕਣ ਪੁੱਜੇ ਤਾਂ ਹਾਲੇ ਉਸ ਦੇ ਸਾਹ ਚੱਲ ਰਹੇ ਸਨ। ਉਸ ਦੀਆਂ ਅੱਖਾਂ ਵਿੱਚ ਕੁਝ ਐਦਾਂ ਦੇ ਰੰਗ ਹੀ ਦਿੱਸ ਰਹੇ ਸਨ, ਅਚੰਭਾ, ਲਾਚਾਰੀ, ਅੰਤਾਂ ਦਾ ਦੁੱਖ, ਇਹਨਾਂ ਤੋਂ ਵੀ ਵੱਧ ਮੌਤ ਦਾ ਰੰਗ। ਉਸ ਤੋਂ ਬਾਅਦ ਸ਼ਿਕਾਰ ਤਾਂ ਕੀ ਕਿਸੇ ਪਿਸਤੌਲ ਜਾਂ ਬੰਦੂਕ ਵਾਲੇ ਨਾਲ ਵੀ ਜੰਗਲ ਜਾਣਾ ਸਦਾ-ਸਦਾ ਲਈ ਛੱਡ ਦਿੱਤਾ। ਫਿਰ ਵੀ ਹਿਰਨੀ ਦੀਆਂ ਅੱਖਾਂ ਵਾਰ-ਵਾਰ ਮੁੜ ਕੇ ਮੇਰੇ ਕੋਲ ਆਉਂਦੀਆਂ ਰਹੀਆਂ। ਅੱਜ ਫਿਰ ਉਹ ਹਿਰਨੀ ਮੇਰੇ ਵੱਲ ਦੇਖੀ ਜਾ ਰਹੀ ਸੀ। ਹਾਲਾਂ ਕਿ ਨਾ ਉਦੋਂ ਤੇ ਹੀ ਹੁਣ ਮੈਂ ਕਸੂਰਵਾਰ ਸਾਂ।

ਮੈਂ ਬਹੁਤ ਹੀ ਮੁਸ਼ਕਲ ਨਾਲ ਚੁੱਕ ਕੇ ਉਸ ਨੂੰ ਮੰਜੀ 'ਤੇ ਬੈਠਾਇਆ। ਹਫ ਗਿਆ ਕਿਉਂਕਿ ਉਸ ਦਾ ਭਾਰ ਵੀ ਤਕਰੀਬਨ ਮੇਰੇ ਬਰਾਬਰ ਹੀ ਸੀ। ਅਸੀਂ ਪਤੀ-ਪਤਨੀ ਹਾਂ ਪਰ ਇੱਕ ਭਾਰ ਨੂੰ ਛੱਡ ਕੇ ਸਾਡੀਆਂ ਸਾਰੀਆਂ ਚੀਜ਼ਾਂ ਵਿੱਚ ਫਰਕ ਹੈ। ਆਪਣਿਆਂ ਇਹਨਾਂ ਫਾਸਲਿਆਂ ਨੂੰ ਘੱਟ ਕਰਦੇ ਕਰਦੇ ਅਸੀਂ ਬੁੱਢੇ ਹੋ ਗਏ। ਅਲੱਗ ਹੋਣ ਦਾ ਅਸੀਂ ਸੋਚ ਨਾ ਸਕੇ ਕਿਉਂਕਿ ਅਸੀਂ ਪੁਰਾਣੀ ਪੀੜ੍ਹੀ ਦੇ ਸਾਂ ਪਰ ਲੜਦਿਆਂ-ਲੜਦਿਆਂ ਅਸੀਂ, ਘੱਟੋ ਘੱਟ ਮੈਂ ਆਪਣੀ ਜੀਵਨ ਜਾਚ ਅਲੱਗ ਬਣਾ ਲਈ ਸੀ। ਪਰਿਵਾਰਕ ਜ਼ਿੰਮੇਦਾਰੀਆਂ ਨਿਭਾਉਣ ਤੋਂ ਬਾਅਦ ਭਾਵੇਂ ਅਸੀਂ ਰਹਿੰਦੇ ਇੱਕੋ ਘਰ ਵਿੱਚ ਹਾਂ ਪਰ ਅੱਲਗ-ਅਲੱਗ ਕਮਰੇ ਹਨ, ਆਮੋ-ਸਾਹਮਣੇ, ਜਿੱਥੇ ਅਸੀਂ ਰਹਿੰਦੇ-ਸੌਂਦੇ ਹਾਂ। ਸਾਥ-ਸਾਥ ਪਰ ਬਹੁਤ ਅਲੱਗ। ਮੇਰਾ ਮੰਨਣਾ ਹੈ ਕਿ ਇਸ ਉਮਰ ਵਿੱਚ ਸਾਥ ਦੇ ਮਾਇਨੇ ਹੁੰਦੇ ਹਨ। ਇੱਕ ਦੂਜੇ ਨੂੰ ਦੇਖਦੇ ਰਹਿਣਾ, ਬਿਮਾਰੀ-ਠਿਮਾਰੀ ਵਿੱਚ ਇੱਕ ਦੂਜੇ ਦੀ ਦੇਖ-ਭਾਲ ਕਰ ਦੇਣਾ, ਇੱਕ ਦੂਜੇ ਨੂੰ ਅਹਿਸਾਸ ਕਰਾਈ ਰੱਖਣਾ ਕਿ ਆਸ-ਪਾਸ ਕੋਈ ਹੈ, ਕੁਲ ਮਿਲਾ ਕੇ ਬੁਢਾਪੇ ਨੂੰ ਜੀਉਣ ਵਿੱਚ ਇੱਕ ਦੂਜੇ ਦੀ ਮੱਦਦ ਕਰਨਾ।

ਕੋਈ ਹੱਡੀ ਨਹੀਂ ਸੀ ਟੁੱਟੀ ਪਰ ਸੱਟ ਤਾਂ ਲੱਗੀ ਹੋਵੇਗੀ। ਇੱਕ ਨੀਲਾ ਦਾਗ ਮੱਥੇ 'ਤੇ ਸੀ ਤੇ ਇੱਕ ਸੱਜੇ ਹੱਥ 'ਤੇ। ਇਹਨਾਂ ਹਿੱਸਿਆਂ ਨੇ ਹੀ ਪਹਿਲਾਂ ਝਟਕਾ ਝੱਲਿਆ ਹੋਵੇਗਾ। ਡਾਕਟਰ ਨੇ ਸਾਰੇ ਟੈਸਟ ਕਰਾਏ। ਕੁਝ ਨਹੀਂ ਨਿਕਲਿਆ। ਜਿਥੋਂ ਤਕ ਹਾਦਸੇ ਦੀ ਗੱਲ ਹੈ, ਉਹ ਨੀਂਦ ਕਰਕੇ ਹੋਇਆ। ਇਕਦਮ ਉੱਠ ਖੜੀ ਤੇ ਤੁਰ ਪਈ ਜਾਂ ਹਾਲੇ ਨੀਂਦ ਵਿੱਚ ਹੀ ਸੀ ਕਿ ਚੱਲ

ਪਈ। ਮੈਂ ਪਹਿਲਾਂ ਵੀ ਇੱਕ-ਦੋ ਵਾਰ ਉਸ ਨੂੰ ਗਲਤ ਪਾਸੇ ਨੂੰ ਜਾਂਦਿਆਂ ਦੇਖਿਆ। ਜਾਣਾ ਹੁੰਦਾ ਬਾਥਰੂਮ ਤੇ ਜਾ ਰਹੀ ਹੁੰਦੀ ਹੈ ਬਾਹਰਲੇ ਦਰਵਾਜ਼ੇ ਵੱਲ। ਖੈਰ, ਡਾਕਟਰ ਨੇ ਕੁਝ ਦਵਾਈਆਂ ਤੇ ਟੌਨਿਕ ਲਿਖ ਦਿੱਤੇ ਤੇ ਉਸ ਦਾ ਖਿਆਲ ਰੱਖਣ ਲਈ ਕਿਹਾ, ਖਾਸ ਤੌਰ 'ਤੇ ਰਾਤ ਵੇਲੇ। ਜੋ ਵੀ ਦੇਖਣ-ਮਿਲਣ ਆਏ ਉਹਨਾਂ ਸਭ ਨੇ ਮੁੱਖ ਤੌਰ 'ਤੇ ਇਹੋ ਗੱਲ ਕਹੀ ਕਿ ਇਸ ਉਮਰ ਵਿੱਚ ਡਿਗਣ ਤੋਂ ਆਪਣੇ ਆਪ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਇਸ ਲਈ ਤੁਸੀਂ ਹੇਠਾਂ ਆ ਜਾਵੋ ਤੇ ਪੌੜੀਆਂ ਚੜ੍ਹਨ-ਉਤਰਨ ਤੋਂ ਬਚੋ।

ਹੇਠਾਂ ਸ਼ਿਫਟ ਹੋਣ 'ਤੇ ਉਸ ਨੇ ਵੱਡਾ ਸਾਰਾ ਕਰੌਸ ਲਾ ਦਿੱਤਾ, "ਮੈਂ ਨਹੀਂ ਆਉਣਾ ਹੇਠਲੇ ਛੋਟੇ ਜਿਹੇ ਕਮਰੇ ਵਿੱਚ। ਉਪਰਲੇ ਕਮਰੇ ਵਿੱਚ ਹੀ ਮੇਰਾ ਸਾਮਾਨ ਪੂਰਾ ਨਹੀਂ ਆਉਂਦਾ। ਹੇਠਲੇ ਬਾਥਰੂਮ ਦੀ ਵੀ ਮੈਂ ਆਦੀ ਨਹੀਂ, ਕਦੇ ਵੀ ਡਿਗ ਸਕਦੀ ਆਂ।

ਪਿੱਛੇ-ਪਿੱਛੇ ਮੇਰਾ ਇੱਕ ਅਲੱਗ ਵਿਸ਼ਲੇਸ਼ਣ ਚੱਲ ਰਿਹਾ ਸੀ। ਮੈਂ ਦੇਖਿਆ ਸੀ ਪਿਛਲੇ ਕੁਝ ਮਹੀਨਿਆਂ ਤੋਂ ਉਹ ਪਈ ਰਹਿੰਦੀ ਹੈ, ਦਿਨੇ ਵੀ। ਐਦਾਂ ਖੁਦ ਨੂੰ ਢਿੱਲਾ ਛੱਡ ਕੇ ਦਿਮਾਗ ਦੀਆਂ ਲਹਿਰਾਂ ਦੇ ਹਵਾਲੇ ਕਰ ਦੇਣਾ ਤੇ ਇਹਨਾਂ ਲਹਿਰਾਂ ਵਿੱਚ ਹੀ ਤੈਰਦੇ ਰਹਿਣਾ, ਬਹੁਤਾ ਸੋਚਣ ਦੀ ਕੋਸ਼ਿਸ਼ ਵੀ ਨਾ ਕਰਨਾ, ਐਦਾਂ ਆਪਣੇ ਆਪ ਜੋ ਕੁਝ ਸਾਹਮਣੇ ਆਵੇਗਾ ਉਹ ਅਤੀਤ ਦੇ ਪਰਛਾਵੇਂ ਹੀ ਹੋਣਗੇ, ਸਾਰਥਕ ਕੁਝ ਨਹੀਂ ਹੋਣ ਲੱਗਾ। ਹੋਰ ਕੀ? ਮੈਂ ਆਪਣੀ ਮਾਂ ਵਿੱਚ ਆਈ ਇਹ ਤਬਦੀਲੀ ਦੇਖੀ ਸੀ। ਉਹ ਹਰ ਵੇਲੇ ਪਈ ਰਹਿੰਦੀ ਸੀ ਤੇ ਸੋਚਾਂ ਨੂੰ ਖੁੱਲ੍ਹੇ ਛੱਡੀ ਰੱਖਦੀ ਸੀ, ਇਸੇ ਵਿੱਚ ਉਸ ਨੂੰ ਮਜ਼ਾ ਆਉਣ ਲੱਗਾ ਸੀ। ਘੁੰਮ-ਫਿਰ ਕੇ ਉਹ ਇਹੋ ਕੁਝ ਕਰਨਾ ਚਾਹੁੰਦੀ ਸੀ। ਉਸ ਨੇ ਸਾਲ ਵੀ ਨਹੀਂ ਸੀ ਕੱਢਿਆ। ਦਿਮਾਗ ਨੂੰ, ਸੋਚ ਨੂੰ ਐਦਾਂ ਤੈਰਦੇ ਛੱਡਣ ਦਾ ਭਾਵ ਅਗਲੀ ਦੁਨੀਆ ਦੀ ਯਾਤਰਾ ਦੀ ਤਿਆਰੀ ਹੁੰਦੀ ਹੈ।

ਤਰਕ ਨਾਲ ਵੀ ਇਸੇ ਗੱਲ ਦੀ ਪੁਸ਼ਟੀ ਹੁੰਦੀ ਹੈ। ਬੁਢਾਪੇ ਵਿੱਚ ਸਰੀਰ ਦੀਆਂ ਸਾਰੀਆਂ ਨਸਾਂ ਸੁਸਤ ਪੈ ਜਾਂਦੀਆਂ ਹਨ, ਸਾਡੇ ਸਰੀਰ ਦੇ ਕੰਟਰੋਲ 'ਤੇ ਦਿਮਾਗ ਦੀ ਪਕੜ ਢਿੱਲੀ ਪੈਣ ਲੱਗਦੀ ਹੈ, ਫਿਰ ਇੱਕ ਦਿਨ! ...ਹੋ ਸਕਦਾ ਹੈ ਉਹ ਦਿਮਾਗ ਦੀ ਇਸ ਢਿੱਲ ਕਾਰਨ ਹੀ ਡਿਗੀ ਹੋਵੇ।

ਨਿਗਰਾਨੀ ਰੱਖਣ ਲਈ ਡਾਕਟਰ ਨੇ ਕਿਹਾ ਸੀ। ਉਹ ਫਿਰ ਅੱਗੋਂ ਐਦਾਂ ਡਿਗ ਸਕਦੀ ਹੈ, ਖਾਸ ਕਰਕੇ ਰਾਤ ਨੂੰ। ਤੇ ਫਿਰ ਮੈਂ ਉਹਦੇ ਬਿਸਤਰ 'ਤੇ ਹੀ ਸੌਣ ਲੱਗਾ। ਰਾਤ ਭਰ ਇੱਕ ਲੈਂਪ ਜਗਾਈ ਰੱਖਦਾ। ਉਹਦੇ ਜ਼ਰਾ ਕੁ ਹਿੱਲਣ 'ਤੇ ਵੀ ਜਾਗ ਜਾਂਦਾ। ਹੱਥ ਫੜ ਕੇ ਬਾਥਰੂਮ ਲੈ ਜਾਂਦਾ। ਜਦੋਂ ਉਹ ਨਹਾਉਂਦੀ ਤਾਂ ਬਾਹਰ ਖੜ੍ਹਾ ਰਹਿੰਦਾ। ਮੇਰਾ ਬਾਹਰ ਨਿਕਲਣਾ ਬੰਦ ਹੋ ਗਿਆ। ਮੈਂ ਨੀਂਦ ਵੀ ਪੂਰੀ ਨਹੀਂ ਸੀ ਲੈ ਸਕਦਾ। ਮੈਂ ਦੇਖਿਆ ਕਿ ਐਦਾਂ ਤਾਂ ਮੈਂ ਬਿਮਾਰ ਪੈ ਜਾਵਾਂਗਾ। ਫਿਰ ਉਸ ਦਾ ਖਿਆਲ ਕੌਣ ਰੱਖੇਗਾ, ਤਾਂ ਮੈਂ ਆਪਣੀ ਇੱਕ ਰਿਟਾਇਰਡ ਭੈਣ ਜੋ ਕਿ ਇਹਨਾਂ ਦਿਨਾਂ ਵਿੱਚ ਫੁਰਸਤ ਵਿੱਚ ਸੀ, ਨੂੰ ਸੱਦ ਲਿਆ। ਅਸੀਂ ਆਪਣਾ ਕੰਮ ਵੀ ਵੰਡ ਲਿਆ। ਭੈਣ ਰਾਤ ਦੀ ਨਰਸ ਤੇ ਮੈਂ ਦਿਨ ਵੇਲੇ। ਪਹਿਲਾਂ ਜਦੋਂ ਕਦੇ ਉਹ ਆਉਂਦੀ ਸੀ ਤਾਂ ਪਤਨੀ ਦੇ ਨਾਲ ਹੀ ਸੌਂਦੀ ਸੀ, ਦੋਵੇਂ ਦੇਰ ਰਾਤ ਤਕ ਟੀਵੀ ਦੇਖਦੀਆਂ। ਮੈਨੂੰ ਟੀਵੀ ਤੋਂ ਚਿੜ ਸੀ। ਮੈਂ ਨਾਲ ਦੇ ਕਮਰੇ ਵਿੱਚ ਪਿਆ ਕਿਤਾਬ ਪੜ੍ਹਦਾ ਨੀਂਦ ਵਿੱਚ ਉਤਰਦਾ ਰਹਿੰਦਾ।

ਐਤਕੀਂ ਪਤਨੀ ਨੇ ਪਹਿਲਾਂ ਹੀ ਰੌਲਾ ਪਾ ਦਿੱਤਾ, 'ਉਹ ਘੁਰਾੜੇ ਮਾਰਦੀ ਐ, ਮੈਂ ਨਹੀਂ ਸੌਂ ਸਕਣਾ ਉਹਦੇ ਨਾਲ, ਮੈਂ ਬਿਮਾਰ ਹੋ ਜਾਵਾਂਗੀ।' ਮੈਂ ਵੀ ਸੋਚ ਲਿਆ ਕਿ ਜੇ ਮੇਰੇ ਬਗਲ ਵਿੱਚ



ਸੌਣ ਨਾਲ ਹੀ ਉਹਨੂੰ ਤਸੱਲੀ ਰਹਿੰਦੀ ਹੈ ਤਾਂ ਐਦਾਂ ਹੀ ਸਹੀ। ਦਿਨ ਦੀ ਡਿਊਟੀ ਭੈਣ ਦੀ ਹੋਵੇਗੀ ਤਾਂ ਮੈਂ ਦਿਨ ਵੇਲੇ ਏਧਰ-ਓਧਰ ਜਾ ਵੀ ਸਕਦਾ ਹਾਂ। ਰਾਤ ਵੇਲੇ ਤਾਂ ਸੌਣਾ ਹੀ ਹੈ, ਅਸੀਂ ਤੈਅ ਕੀਤੀਆਂ ਡਿਊਟੀਆਂ ਬਦਲ ਲਈਆਂ।

ਜਿਵੇਂ ਜਿਵੇਂ ਤਾਕਤ ਵਾਪਸ ਆਉਂਦੀ ਗਈ, ਮੈਂ ਦੇਖਿਆ ਕਿ ਉਸ ਦੀਆਂ ਅੱਖਾਂ ਦਾ ਰੰਗ ਬਦਲਣ ਲੱਗਾ। ਹੁਣ ਉਥੇ ਬਿੱਲੀ ਦੀਆਂ ਅੱਖਾਂ ਸਨ। ਰਾਤ ਨੂੰ ਚਮਕਦੀਆਂ, ਚੌਕੱਨੀਆਂ ਰਹਿੰਦੀਆਂ। ਭੈਣ ਨੂੰ ਲੈ ਕੇ ਉਹ ਬੁੜਬੁੜਾਉਂਦੀ, "ਕੀ ਸਹਾਰਾ? ਕੋਈ ਨਹੀਂ। ਦਿਨ ਭਰ ਸੁੱਤੀ ਰਹਿੰਦੀ ਐ। ਬਾਥਰੂਮ ਵਿੱਚ ਵੜੇਗੀ ਤਾਂ ਡੇੜ ਘੰਟਾ ਲਗਾਏਗੀ। ਮੁਬਾਈਲ ਨੂੰ ਹੀ ਚੁੰਬੜੀ ਰਹੇਗੀ, ਹਰ ਵੇਲੇ ਕੁੱਝ ਨਾ ਕੁੱਝ ਚਬਾਉਂਦੀ ਰਹੇਗੀ, ਦਿਨ ਭਰ ਮੂੰਹ ਚਲਦਾ, ਚਪਰ, ਚਪਰ...।"

ਭੈਣ ਉਸ ਦੀਆਂ ਗੱਲਾਂ ਸੁਣ ਕੇ ਅਣਸੁਣੀਆਂ ਕਰ ਦਿੰਦੀ। ਉਸ ਨੂੰ ਇਸ ਗੱਲ ਦਾ ਪੂਰਾ ਖਿਆਲ ਸੀ ਕਿ ਉਸ ਨੂੰ ਮੈਂ ਸੱਦਿਆ ਹੈ ਆਪਣੀ ਮੱਦਦ ਲਈ ਕਿ ਇੱਕ ਦੀ ਥਾਂ ਦੋ ਹੋਵਾਂਗੇ। ਕਦੇ-ਕਦਾਈਂ ਜੇ ਉਹ ਮੇਰਾ ਖਿਆਲ ਜ਼ਿਆਦਾ ਕਰ ਬਹਿੰਦੀ ਤਾਂ ਪਤਨੀ ਤੋਂ ਝੱਲਿਆ ਨਾ ਜਾਂਦਾ। ਫਿਰ ਵੀ ਆਪਣੇ ਵੱਲੋਂ ਪਤਨੀ ਦੀ ਸਿਹਤ-ਸੰਭਾਲ ਲਈ, ਉਹ ਜੋ ਕਰ ਸਕਦੀ, ਕਰਦੀ। ਸਵੇਰੇ ਉਸ ਲਈ ਦਲੀਆ ਆਪ ਬਣਵਾਉਂਦੀ। ਦਿਨੇ ਉਸ ਨੇ ਜੋ ਵੀ ਖਾਣਾ ਹੋਵੇ, ਬਾਈ ਤੋਂ ਬਣਵਾ ਲੈਂਦੀ। ਹਰ ਰੋਜ਼ ਉਸ ਨੂੰ ਫਲ ਕੱਟ ਕੇ ਖਵਾਉਂਦੀ। ਦੁੱਧ ਵਿੱਚ ਸ਼ਹਿਦ ਪਾ ਕੇ ਜਬਰਦਸਤੀ ਉਸ ਨੂੰ ਪਿਲਾਉਂਦੀ।

ਮੇਰੀ ਭੈਣ ਦੇ ਚਿਹਰੇ 'ਤੇ ਸਦਾ ਮਿਠਾਸ ਰਹਿੰਦੀ ਹੈ ਜੋ ਕਿਸੇ ਵੀ ਅੜਬ ਸੁਭਾਅ ਵਾਲੇ ਨੂੰ ਇੱਕ ਹੱਦ ਤੋਂ ਬਾਅਦ ਮੋਮ ਕਰ ਲੈਂਦੀ ਹੈ। ਹਾਉਮੈਂ ਤਾਂ ਉਸ ਵਿੱਚ ਨਾਂ ਦੇ ਬਰਾਬਰ ਹੈ। ਪਹਿਲਾਂ ਜਦੋਂ ਉਹ ਆਉਂਦੀ ਤਾਂ ਮੈਂ ਦੇਖਣਾ ਕਿ ਉਸ ਦੀ ਮੇਰੀ ਪਤਨੀ ਨਾਲ ਵਾਹਵਾ ਬਣਦੀ ਹੈ। ਕਈ ਗੱਲਾਂ ਵਿੱਚ ਦੋਵੇਂ ਇੱਕ-ਰਸ ਹਨ ਜਿਹੜੀਆਂ ਉਹਨਾਂ ਵਿੱਚ ਉੱਠਦੇ ਫਰਕਾਂ ਨੂੰ ਮਿਟਾ ਦਿੰਦੀਆਂ। ਦੋਵਾਂ ਦੀ ਪਾਠ-ਪੂਜਾ ਤੇ ਵਰਤ-ਉਪਵਾਸ ਵਿੱਚ ਦਿਲਚਸਪੀ ਸੀ। ਉਹ ਇਕੱਠੀਆਂ ਮੰਦਰ ਜਾਂਦੀਆਂ। ਭੈਣ ਪਤਨੀ ਨੂੰ ਬਾਜ਼ਾਰ ਲੈ ਜਾ ਕੇ ਔਰਤਾਂ ਵਾਲੀਆਂ ਜਿਹੜੀਆਂ ਚੀਜ਼ਾਂ ਚਾਹੀਦੀਆਂ ਹੁੰਦੀਆਂ ਲੈ ਦਿੰਦੀ। ਉਸ ਦੀਆਂ ਆਪਣੀਆਂ ਖਾਹਸ਼ਾਂ ਤਾਂ ਬਹੁਤ ਸੀਮਤ ਸਨ। ਜੋ ਮਿਲ ਗਿਆ ਖਾ ਲਿਆ। ਜਿੱਥੇ ਜਗ੍ਹਾ ਮਿਲ ਗਈ, ਸੌਂ ਲਿਆ। ਇਸ ਵਾਰ ਵੀ ਉਹਦੇ ਆਉਣ ਤੋਂ ਬਾਅਦ ਪਤਨੀ ਦੀ ਸਿਹਤ ਵਿੱਚ ਤੇਜ਼ੀ ਨਾਲ ਸੁਧਾਰ ਆਇਆ ਸੀ ਕਿਉਂਕਿ ਉਹਨੇ ਉਹਦੇ ਖਾਣ-ਪੀਣ ਦਾ ਪੂਰਾ ਧਿਆਨ ਰੱਖਿਆ। ਮੈਨੂੰ ਜਿਹੜੀ ਬੇਫਿਕਰੀ ਰਹੀ ਅਲੱਗ। ਇਹ ਸਭ ਦੇਖਦੇ ਮੇਰੇ ਮਨ ਵਿੱਚ ਵਿਚਾਰ ਆਇਆ ਕਿ ਕਿਉਂ ਨਾ, ਉਹ ਜੋ ਅਲੱਗ, ਇਕੱਲੀ ਰਹਿੰਦੀ ਹੈ, ਪੱਕੀ ਤੌਰ 'ਤੇ ਸਾਡੇ ਨਾਲ ਆ ਰਹਿਣ ਲੱਗੇ। ਐਦਾਂ ਪਤਨੀ ਨੂੰ ਆਰਾਮ ਵੀ ਰਹੇਗਾ। ਭੈਣ ਨਾਲ ਰੁੱਝੀ ਵੀ ਰਹੇਗੀ। ਮੇਰੇ ਤੋਂ ਉਮੀਦਾਂ ਵੀ ਘੱਟ ਜਾਣਗੀਆਂ ਤੇ ਝਗੜੇ ਘੱਟ ਹੋਣਗੇ। ਹੋ ਸਕਦਾ ਹੈ ਕਿ ਸਾਡੇ ਵਿੱਚ ਸਾਲਾਂ ਤੋਂ ਜੋ ਕੜਵਾਹਟ ਚੱਲੀ ਆ ਰਹੀ ਹੈ, ਘੱਟ ਹੋ ਜਾਵੇ। ਜੇ ਮੈਂ ਪਤਨੀ ਦੀ ਜਗ੍ਹਾ ਹੁੰਦਾ ਤਾਂ ਕਿਸੇ ਨਾ ਕਿਸੇ ਤਰ੍ਹਾਂ ਭੈਣ ਨੂੰ ਪਿਆਰ ਨਾਲ ਭਰਮਾ ਕੇ, ਫੁਸਲਾ ਕੇ ਆਪਣੇ ਨਾਲ ਰਹਿਣ ਲਈ ਰਾਜ਼ੀ ਕਰ ਲੈਂਦਾ।

ਇੱਕ ਦਿਨ ਮੈਂ ਪਤਨੀ ਨੂੰ ਤਰੀਕੇ ਨਾਲ ਸਮਝਾਇਆ, "ਅੱਜ ਦੇ ਜ਼ਮਾਨੇ ਵਿੱਚ ਜੇ ਸਾਡਾ ਕੋਈ ਡਿਗਿਆ ਹੋਇਆ ਬਟਨ ਹੀ ਚੁੱਕ ਕੇ ਫੜਾ ਦੇਵੇ ਤਾਂ ਉਹਦਾ ਅਹਿਸਾਨ ਮੰਨਣਾ ਚਾਹੀਦਾ ਏ। ਕੌਣ ਕਰਦਾ ਹੈ ਐਦਾਂ? ਤੇਰੀ ਬਿਮਾਰੀ ਦਾ ਸੁਣ ਕੇ ਉਹ ਦੌੜੀ ਚਲੀ ਆਈ, ਸਾਨੂੰ

ਆਪਣਾ ਵਕਤ ਦੇ ਰਹੀ ਏ, ਜੇ ਸਾਡੇ ਵੱਲੋਂ ਉਸ ਨੂੰ ਵਧੀਆ ਵਿਵਹਾਰ ਤੇ ਪਿਆਰ ਮਿਲੇ ਤਾਂ ਉਹ ਹੋਰ ਵੀ ਸਾਡੇ ਨਾਲ ਰਹਿ ਸਕਦੀ ਏ। ਐਨਾ ਕਰਨ ਵਾਲੀ ਹੋਰ ਕਿਥੋਂ ਮਿਲੇਗੀ ?"

"ਨਾ, ਮੈਂ ਹੁਣ ਬਿਮਾਰ ਹੀ ਰਹਾਂਗੀ ? ਹੁਣ ਠੀਕ ਹੋ ਗਈ ਹਾਂ।"

"ਦੇਖ, ਅਸੀਂ ਦੋਵੇਂ ਹੀ ਬੁੱਢੇ ਹਾਂ, ਬੇਵੱਸ। ਹੁਣ ਤੂੰ ਡਿਗ ਪਈ ਸੀ, ਕਿਸੇ ਨਾ ਕਿਸੇ ਤਰ੍ਹਾਂ ਤੈਨੂੰ ਚੁੱਕਿਆ ਮੈਂ। ਤੈਨੂੰ ਚੁੱਕਦਿਆਂ ਮੇਰੀ ਵੀ ਕੋਈ ਹੱਡੀ-ਪਸਲੀ ਟੁੱਟ ਸਕਦੀ ਸੀ। ਘਰ ਵਿੱਚ ਜੇ ਕੋਈ ਤੀਜਾ ਵਿਅਕਤੀ ਰਹੇ ਤਾਂ ਬਹੁਤ ਸਹਾਰਾ ਹੋਏਗਾ। ਉਹ ਨਹੀਂ ਸੀ ਤਾਂ ਤੇਰੀ ਦਵਾਈ ਆਦਿ ਲੈਣ ਬਾਹਰ ਜਾਣਾ ਹੁੰਦਾ ਤਾਂ ਮੈਨੂੰ ਚਿੰਤਾ ਰਹਿੰਦੀ ਕਿ ਤੂੰ ਕੱਲੀ ਏਂ, ਜੇ ਫਿਰ ਡਿਗ ਪਈ ਤਾਂ...! ਘਰ ਵਿੱਚ ਕੋਈ ਨਾ ਕੋਈ ਤੇਰੀ ਦੇਖਭਾਲ ਲਈ ਚਾਹੀਦਾ ਐ। ਅੱਗੇ-ਅੱਗੇ ਤਾਂ ਆਪਾਂ ਦੋਵੇਂ ਕਮਜ਼ੋਰ ਹੀ ਹੋਵਾਂਗੇ।"

"ਉਹ ਜਿਵੇਂ ਬਹੁਤ ਜਵਾਨ ਏ ! ਉਹ ਤਾਂ ਆਪ ਬਿਮਾਰ ਰਹਿੰਦੀ ਏ, ਦਿਨ ਭਰ ਦਵਾਈਆਂ ਠੂੰਗਦੀ ਰਹਿੰਦੀ ਏ, ਉਲਟਾ ਸਾਨੂੰ ਹੀ ਉਹਦੀ ਸੇਵਾ ਕਰਨੀ ਪਏਗੀ।"

"ਇਹਦੇ ਵਿੱਚ ਵੀ ਕੀ ਬੁਰਾਈ ਐ ? ਇੱਕ ਦੂਜੇ ਦੇ ਕੰਮ ਆਉਣਾ। ਉਹ ਵੀ ਤਾਂ ਓਸ ਸ਼ਹਿਰ ਵਿੱਚ ਕੱਲੀ ਰਹਿੰਦੀ ਏ, ਉਹ ਸਾਡੇ ਨਾਲ ਆ ਕੇ ਰਹਿਣ ਲੱਗੇ ਤਾਂ ਉਸ ਦਾ ਵੀ ਫਾਇਦਾ ਹੋ ਜਾਵੇਗਾ, ਅਸੀਂ ਇੱਕ, ਦੂਸਰੇ, ਤੀਸਰੇ ਦਾ ਸਹਾਰਾ ਬਣਾਂਗੇ।"

ਸਲਾਹ-ਮਸ਼ਵਰਾ ਕਰਕੇ ਕੋਈ ਫੈਸਲਾ ਲੈਣਾ ਤੇ ਫਿਰ ਉਸ 'ਤੇ ਚੱਲਣਾ, ਇਹ ਪਤਨੀ ਦੇ ਸੁਭਾਅ ਵਿੱਚ ਨਹੀਂ ਹੈ। ਉਸ ਨੇ ਗੱਲ ਅੱਗੇ ਨਾ ਵਧਾਈ। ਕੋਈ ਰਾਏ ਵੀ ਨਾ ਦਿੱਤੀ। ਆਉਣ ਵਾਲੇ ਦਿਨਾਂ ਵਿੱਚ ਮੈਂ ਉਸ ਦੇ ਵਿਵਹਾਰ ਵਿੱਚ ਆਈ ਤਬਦੀਲੀ ਨੂੰ ਭਾਂਪ ਲਿਆ। ਜਿੱਥੇ ਉਸ ਨੂੰ ਲੱਗਦਾ ਕਿ ਭੈਣ ਭਾਈ ਨੂੰ ਕੋਈ ਕੰਮ ਦੱਸ ਰਹੀ ਹੈ ਤਾਂ ਉਹ ਇੱਕ ਦਮ ਮੂਹਰੇ ਆ ਜਾਂਦੀ ਤੇ ਭੈਣ ਦੀ ਸਾਰੀ ਗੱਲ 'ਤੇ ਕੈਂਚੀ ਚਲਾ ਦਿੰਦੀ, "ਦਾਲ ਮਸਰਾਂ ਦੀ ਨਹੀਂ, ਮੂੰਗੀ ਦੀ ਬਣੇਗੀ, ਦੁੱਧ ਤਿੰਨ ਪੈਕਟ ਨਹੀਂ, ਦੋ ਕਾਫੀ ਨੇ, ਪਾਲਕ ਨਹੀਂ ਬਣਾਉਣੀ, ਬਰਸਾਤਾਂ ਦੇ ਕੀੜੇ ਹੁੰਦੇ ਨੇ।" ਕਦੇ ਕਦੇ ਭੈਣ ਨੂੰ ਐਦਾਂ ਬੋਲ ਜਾਂਦੀ ਜਿਵੇਂ ਨੌਕਰ ਨੂੰ ਬੋਲੀਦਾ ਹੈ, "ਛੱਤ 'ਤੇ ਕੱਪੜੇ ਕਦੋਂ ਦੇ ਸੁੱਕਣੇ ਪਾਏ ਹੋਏ ਨੇ, ਹੁਣ ਕੀ ਮੈਂ ਜਾਵਾਂ ਲਾਹੁਣ ?"

ਮੇਰੀ ਖਾਤਿਰ ਭੈਣ ਨੇ ਜਦੋਂ ਤਕ ਖਿੱਚ ਹੋਇਆ, ਖਿਚਿਆ। ਆਖਿਰ ਉਹਨੇ ਵਾਪਸ ਜਾਣ ਦਾ ਖਾਸ ਤਰੀਕ ਦਾ ਟਿਕਟ ਕਟਵਾ ਲਿਆ। ਮੈਨੂੰ ਵੀ ਨਹੀਂ ਪੁੱਛਿਆ। ਜੇ ਪੁੱਛਦੀ ਤਾਂ ਮੈਂ ਮਨਾਂ ਕਰ ਦਿੰਦਾ। ਉਹਨੂੰ ਕੁਝ ਦਿਨ ਹੋਰ ਰੁਕਣ ਲਈ ਕਹਿੰਦਾ ਤੇ ਉਹਦੇ ਲਈ ਮੁਸ਼ਕਲ ਹੋ ਜਾਂਦਾ। ਹੁਣ ਬਾਹਰੋਂ-ਬਾਹਰੋਂ ਇਹ ਦਿਖਾਉਂਦੀ ਹੋਈ ਕਿ ਮੇਰੀ ਪਤਨੀ ਦੀ ਬਿਮਾਰੀ ਕਾਰਨ ਆਈ ਸੀ ਤੇ ਪਤਨੀ ਹੁਣ ਠੀਕ ਹੋ ਗਈ ਹੈ ਇਸੇ ਲਈ, ਪਰ ਉਸ ਨੇ ਅਸਲ ਗੱਲ ਛੁਪਾ ਰੱਖੀ ਕਿ ਪਤਨੀ ਦੇ ਕੌੜੇ ਬੋਲਾਂ, ਵਿਅੰਗ-ਬਾਣ, ਰੁੱਖਾਪਨ, ਬੇਇੱਜ਼ਤੀ, ਇਹ ਸਭ ਮੇਰੀ ਜਗ੍ਹਾ 'ਤੇ ਕਿਉਂ ਝੱਲੇ ? ਮੈਂ ਨਿਪਟਾਂ, ਸਮਝਾਂ ਜਿਵੇਂ-ਕਿਵੇਂ ਵੀ। ਉਹ ਮੇਰੀ ਢਾਲ਼ ਕਿਉਂ ਬਣੇ ? ਆਪਣੀ ਬੇਇੱਜ਼ਤੀ ਕਰਾਉਂਦੀ ਹੋਈ ਉਹ ਉਥੇ ਕਿਉਂ ਬੈਠੀ ਰਹੇ ?

ਮੈਂ ਨਹੀਂ ਰੋਕਿਆ। ਆਪਣੇ ਸਵਾਰਥ ਲਈ ਕਿਸੇ ਦੀ ਆਜ਼ਾਦੀ ਖੋਹਣ ਦਾ ਮੈਨੂੰ ਕੀ ਹੱਕ ਹੈ ?

ਅਸੀਂ ਹੁਣ ਫਿਰ ਪਹਿਲਾਂ ਵਾਂਗ ਹੋ ਗਏ, ਸਿਵਾਏ ਇਸ ਤੋਂ ਕਿ ਮੈਂ ਹੁਣ ਆਪਣੇ ਕਮਰੇ ਵਿੱਚ ਨਾ ਸੌਂ ਕੇ ਉਸੇ ਦੇ ਕਮਰੇ ਵਿੱਚ ਉਸ ਦੇ ਬਿਸਤਰ 'ਤੇ ਹੀ ਸੌਂਦਾ ਸਾਂ। ਹੁਣ ਉਹ ਤੰਦਰੁਸਤ ਸੀ ਪਰ ਫਿਰ ਵੀ ਮੈਂ ਦੂਰੋਂ ਹੀ ਖਿਆਲ ਰੱਖਦਾ ਕਿ ਡਗਮਗਾ ਹੀ ਨਾ ਜਾਵੇ। ਜੇ ਅਜਿਹੀ ਸਥਿਤੀ ਬਣੇ ਤਾਂ ਇਕਦਮ ਜਾ ਕੇ ਉਸ ਨੂੰ ਸੰਭਾਲ ਲਵਾਂ। ਜੇਕਰ ਉਹ ਡਿਗ ਪਈ ਤਾਂ ਮੈਂ ਦੂਜੇ ਕਮਰੇ ਵਿੱਚ ਹਾਂ ਤੇ ਮੈਨੂੰ ਸ਼ਾਇਦ ਪਤਾ ਨਾ ਚੱਲੇ। ਜ਼ਰੂਰੀ ਨਹੀਂ ਕਿ ਉਹ ਚੀਕੇ ਜਿਵੇਂ ਕਿ ਉਹ ਉਸ ਦਿਨ ਨਹੀਂ ਸੀ ਚੀਕੀ, ਜਾਂ ਉਸ ਦੇ ਡਿਗਣ ਦੀ ਆਵਾਜ਼ ਇੰਨੀ ਤੇਜ਼ ਹੋਵੇ ਕਿ ਮੈਨੂੰ ਦੂਜੇ ਕਮਰੇ ਵਿੱਚ ਸੁਣ ਪਵੇ। ਉਸ ਦੇ ਕਮਰੇ ਵਿੱਚ ਹੋਵਾਂਗਾ ਤਾਂ ਇਕਦਮ ਉੱਠ ਜਾਵਾਂਗਾ ਤੇ ਮੱਦਦ ਲਈ ਬਾਹਰੋਂ ਵੀ ਕਿਸੇ ਨੂੰ ਬੁਲਾ ਸਕਦਾ ਹਾਂ। ਮੇਰਾ ਉਸ ਦੇ ਕੋਲ ਸੌਣਾ ਹੁਣ ਜ਼ਰੂਰਤ ਬਣ ਗਿਆ ਸੀ। ਪਤਾ ਨਹੀਂ ਕਿੰਨੀ ਦੇਰ ਲਈ, ਸ਼ਾਇਦ ਸਦਾ ਲਈ। ਹੁਣ ਅੱਗੇ-ਅੱਗੇ ਤਾਂ ਉਸ ਨੇ ਕਮਜ਼ੋਰ ਹੀ ਹੋਣਾ ਸੀ।

ਇੱਕ ਕਿਲ੍ਹਾ ਉਸ ਨੇ ਫਤਹਿ ਕਰ ਲਿਆ ਸੀ।

ਹੁਣ ਉਹ ਮੇਰੇ ਤੋਂ ਉਹ ਸਾਰੇ ਕੰਮ ਕਰਾਉਂਦੀ ਜਿਹੜਾ ਉਹ ਸੋਚਦੀ ਕਿ ਕਮਜ਼ੋਰ ਹੋਣ ਦੇ ਕਾਰਨ ਉਸ ਨੂੰ ਨਹੀਂ ਕਰਨੇ ਚਾਹੀਦੇ। ਜਿਵੇਂ ਕਿ ਹੇਠਾਂ ਧਰਤੀ 'ਤੇ ਡਿੱਗੀ ਚੀਜ਼ ਨੂੰ ਚੁੱਕਣਾ, ਕਿਉਂਕਿ ਉਹ ਝੁਕੀ ਤਾਂ ਡਿਗਣ ਦਾ ਖਤਰਾ ਸੀ, ਦੁੱਧ ਵਾਲਾ ਪਤੀਲਾ ਚੁੱਕਣਾ ਕਿਉਂਕਿ ਉਸ ਦੇ ਹੱਥ ਕਮਜ਼ੋਰ ਹਨ। ਰਸੋਈ ਦੇ ਜੂਠੇ ਭਾਂਡੇ ਚੁੱਕ ਕੇ ਖੁਰੇ ਵਿੱਚ ਰੱਖਣੇ ਜਿੱਥੇ ਉਹ ਇਹਨਾਂ ਨੂੰ ਧੋਂਦੀ ਹੈ। ਹੇਠਲੀ ਟੈਂਕੀ ਤੋਂ ਉਪਰਲੀ ਟੈਂਕੀ ਵਿੱਚ ਪਾਣੀ ਚੜ੍ਹਾਉਣਾ ਕਿਉਂਕਿ ਵਿਹੜੇ ਦੇ ਜਿਸ ਹਿੱਸੇ ਵਿੱਚ ਟੈਂਕੀ ਸੀ, ਉਹ ਤਿਲਕਣ ਸੀ, ਟੈਂਕੀ ਵਾਲਾ ਬਿਜਲੀ ਦਾ ਬਟਨ ਵੀ ਜ਼ਰਾ ਹਟਵਾਂ ਸੀ, ਉਥੇ ਤਕ ਜਾਂਦੀ ਦਾ ਬੈਲੈਂਸ ਵਿਗੜ ਸਕਦਾ ਸੀ। ਜਦੋਂ ਉਹ ਪੂਜਾ ਲਈ ਬੈਠੇ ਤਾਂ ਉਹਦੇ ਲਈ ਤੁਲਸੀ, ਫੁੱਲ ਤੋੜ ਕੇ ਲਿਆਉਣੇ, ਕਿਉਂਕਿ ਬਾਹਰ ਤੁਰਨਾ ਪੈਂਦਾ ਸੀ, ਤੇ ਡਿਗਣ ਦਾ ਖਤਰਾ ਹੋਣਾ ਹੀ ਹੋਇਆ।

ਦਿਨੋ-ਦਿਨ ਮੈਂ ਨੌਕਰ ਬਣਦਾ ਜਾ ਰਿਹਾ ਸਾਂ। ਆਪਣੇ ਲਈ ਮੇਰੇ ਕੋਲ ਕੋਈ ਵਕਤ ਨਾ ਬਚਦਾ ਸੋ ਮੈਂ ਸੋਚਿਆ ਕਿ ਉਸ ਦੀ ਪਲ-ਪਲ ਦੀ ਪੁਕਾਰ ਵਿੱਚ ਰਹਿਣ ਲਈ ਕਿਉਂ ਨਾ ਫੁੱਲ-ਟਾਈਮ ਨੌਕਰਾਣੀ ਰੱਖ ਦੇਵਾਂ। ਹੁਣ ਨਰਸ ਦੀ ਜ਼ਰੂਰਤ ਨਹੀਂ ਸੀ ਕਿਉਂਕਿ ਬਿਮਾਰ ਤਾਂ ਉਹ ਹੈ ਹੀ ਨਹੀਂ ਸੀ। ਨੌਕਰਾਣੀ ਜਿਹੜੀ ਉਹਦੇ ਕੋਲ ਰਾਤ ਨੂੰ ਵੀ ਸੌਂਵੇਂ ਤੇ ਮੈਂ ਫਿਰ ਆਪਣੀ ਪੁਰਾਣੀ ਨਾਰਮਲ ਜ਼ਿੰਦਗੀ ਵੱਲ ਮੁੜ ਜਾਵਾਂ। ਮੇਰੀ ਗੱਲ ਸੁਣ ਕੇ ਉਹ ਭੜਕ ਪਈ,

"ਨੌਕਰਾਣੀ ਮੇਰੇ ਕਮਰੇ ਵਿੱਚ ਸੌਂਵੇਂਗੀ ? ਪਤਾ ਲੱਗੇ ਕਿ ਉਹ ਮੇਰਾ ਗਲ਼ਾ ਦਬਾ ਕੇ ਚੰਪਤ ! ...ਇਹੋ ਜਿਹੀਆਂ ਕਿੰਨੀਆਂ ਹੀ ਖ਼ਬਰਾਂ ਰੋਜ਼ ਸੁਣਨ ਨੂੰ ਮਿਲਦੀਆਂ ਨੇ, ਮੈਂ ਨਹੀਂ ਸੁਲਾਉਣਾ ਕਿਸੇ ਨੂੰ !"

"ਚੱਲ ਨਾ ਸੁਲਾਈਂ, ਦਿਨ ਭਰ ਲਈ ਤਾਂ ਰੱਖ ਲੈਂਦੇ ਹਾਂ, ਉਹ ਤੇਰੇ ਸਾਰੇ ਕੰਮ ਕਰ ਦਿਆ ਕਰੇਗੀ।"

"ਮੇਰੇ ਕੰਮ, ਮੇਰੇ ਕਿਹੜੇ ਕੰਮ ਕਰੇਗੀ ?"

"ਉਹ ਸਾਰੇ ਜਿਹੜੇ ਹੁਣ ਮੈਂ ਕਰਦਾਂ।"

"ਤੁਸੀਂ ਮੇਰੇ ਲਈ ਕੀ ਕਰਦੇ ਹੋ ?"

'ਹਾਏ ਓਏ ਰੱਬਾ !' ਮੈਂ ਬੌਖਲਾ ਗਿਆ। 'ਐਦਾਂ ਦੀ ਅਹਿਸਾਨ-ਫਰਮੋਸ਼ੀ !' ਪੁਰਾਣੇ ਸਾਰੇ ਗੁੱਸੇ-ਗਿਲੇ ਮੁੜ ਆਏ। ਉਹ ਇਸੇ ਲਾਇਕ ਹੈ ਕਿ ਕੋਈ ਉਸ ਲਈ ਕੁਝ ਨਾ ਕਰੇ। ਭੈਣ ਵਾਪਸ ਮੁੜ ਗਈ, ਮੈਨੂੰ ਵੀ ਆਪਣੀ ਉਸੇ ਰੋਜ਼-ਮਰਾਹ ਦੀ ਜ਼ਿੰਦਗੀ ਵੱਲ ਮੁੜ ਜਾਣਾ ਚਾਹੀਦਾ ਹੈ

ਜਿਹੜੀ ਮੈਂ ਆਪਣੇ ਜਿਉਂਦਾ ਰਹਿਣ ਲਈ ਬਣਾਈ ਹੋਈ ਸੀ। ਉਹ ਇਸੇ ਕਾਬਲ ਹੈ ਕਿ ਉਸ ਨੂੰ ਉਸ ਦੇ ਹਾਲ 'ਤੇ ਛੱਡ ਦਿੱਤਾ ਜਾਵੇ।

ਕੀ-ਕੀ ਬਰਦਾਸ਼ਤ ਕੀਤਾ ਮੈਂ! ਪਤਨੀ ਆਪਣੀ ਰੌਂ ਵਿੱਚ ਚੱਲੀ ਜਾ ਰਹੀ ਸੀ,

"ਮੈਂ ਨਹੀਂ ਵਾੜਨਾ ਕਿਸੇ ਨੂੰ ਆਪਣੇ ਘਰ। ਉਹਨੂੰ ਹੀ ਦੇਖਦੇ ਰਹੋ। ਪਤਾ ਨਹੀਂ ਕਿਹੜੇ ਵੇਲੇ ਕੋਈ ਚੀਜ਼ ਚੁੱਕ ਕੇ ਲੈ ਜਾਵੇ। ਜਿਹੜੀਆਂ ਹੈਗੀਆਂ ਨਾ, ਝਾੜੂ-ਪੋਚਾ ਵਾਲੀ, ਭਾਂਡੇ ਧੋਣ ਵਾਲੀ, ਰੋਟੀ ਬਣਾਉਣ ਵਾਲੀ, ਉਹਨਾਂ ਦੇ ਮਗਰ ਹੀ ਲੱਗੇ ਰਹਿਣਾ ਪੈਂਦਾ ਏ। ਤੁਹਾਨੂੰ ਪਤਾ ਕਿ ਮੈਨੂੰ ਕਿੰਨਾ ਦੌੜਨਾ ਪੈਂਦਾ ਏ। ਖੈਰ, ਇਹ ਤਾਂ ਆਈਆਂ ਤੇ ਕੰਮ ਕਰਕੇ ਚਲੇ ਗਈਆਂ, ਪੂਰੇ ਦਿਨ ਲਈ? ਉਹ ਤਾਂ ਸਾਰਾ ਦਿਨ ਮੇਰੇ ਸਿਰ 'ਤੇ ਹੀ ਚੜ੍ਹੀ ਰਹੇਗੀ। ਮੈਨੂੰ ਨਹੀਂ ਚਾਹੀਦੀ।"

ਭੈਣ ਵਰਗੀ ਕੋਈ ਆ ਕੇ ਰਹੇ ਤਾਂ ਉਸ ਦੀ ਹਕੂਮਤ ਨੂੰ ਖਤਰਾ ਹੈ, ਬਾਹਰੋਂ ਕਿਸੇ ਨੂੰ ਪੈਸੇ ਦੇ ਕੇ ਰੱਖਿਆ ਜਾਵੇ ਤਾਂ ਉਸ ਦੀ ਸੁਰੱਖਿਆ ਨੂੰ ਖਤਰਾ ਹੈ, ਦਿਨ ਲਈ ਰੱਖੀ ਜਾਵੇ ਤਾਂ ਉਸ ਨੂੰ ਆਪਣੇ ਸਾਮਾਨ ਦਾ ਖਤਰਾ ਹੈ, ਪਤਾ ਨਹੀਂ ਘਰ ਵਿੱਚ ਕਿਹੜਾ ਉਸ ਦਾ ਕੀਮਤੀ ਸਾਮਾਨ ਪਿਆ ਹੈ! ਭਾਵ ਕਿ ਮੈਂ ਹੀ ਟੰਗਿਆ ਰਹਾਂ ਤੇ ਉਸ ਤੋਂ ਬਾਅਦ ਵੀ, 'ਤੁਸੀਂ ਕੀ ਕਰਦੇ ਹੋ ਮੇਰੇ ਲਈ?'

ਮੈਂ ਠੰਢੇ ਮਨ ਨਾਲ ਸੋਚਿਆ, ਜਿਹੜੇ ਵੀ ਕਾਰਨ ਇਹ ਭੈਣ ਜਾਂ ਕਿਸੇ ਬਾਹਰਲੀ ਔਰਤ ਦਾ ਸਹਾਰਾ ਨਹੀਂ ਲੈਣਾ ਚਾਹੁੰਦੀ, ਕਿਸੇ ਨੂੰ ਅੰਦਰ ਨਹੀਂ ਆਉਣ ਦੇਣਾ ਚਾਹੁੰਦੀ, ਮੰਨੀਏਂ ਤਾਂ ਉਹਦੇ ਵਿੱਚ ਆਤਮ-ਵਿਸ਼ਵਾਸ ਤਾਂ ਹੈ, ਜਿੰਨਾ ਵੀ ਹੈ। ਜੇ ਇਹ ਉਸ ਨੂੰ ਮੇਰੇ ਤੋਂ ਆਪਣੀ ਸੇਵਾ ਕਰਾ ਕੇ ਬਣਾਈ ਰੱਖਦੀ ਸਕਦੀ ਹੈ ਤਾਂ ਚਲੋ, ਐਦਾਂ ਹੀ ਸਹੀ। ਮੈਂ ਜਾਣੇ-ਅਣਜਾਣੇ ਵਿੱਚ ਉਹਦੇ ਨਾਲ ਬਹੁਤ ਵਧੀਕੀਆਂ ਕੀਤੀਆਂ ਹੋਣਗੀਆਂ, ਮੇਰੇ ਵੱਲੋਂ ਇਹ ਮੇਰਾ ਪਸ਼ਚਾਤਾਪ ਹੀ ਸਹੀ। ਉਸ ਦੀ ਸੇਵਾ ਕਰਕੇ ਇਸੇ ਜਨਮ ਵਿੱਚ ਹੀ ਗੁਨਾਹ-ਮੁਕਤ ਹੋ ਜਾਵਾਂਗਾ।

ਇਹ ਦੂਜਾ ਕਿਲ੍ਹਾ ਸੀ ਜੋ ਉਹਨੇ ਫਤਹਿ ਕਰ ਲਿਆ।

ਹੁਣ ਉਹ ਆਪਣੀ ਪੁਰਾਣੀ ਸਿਹਤ ਵਿੱਚ ਆ ਗਈ ਸੀ। ਸਿਰਫ ਇੱਕ ਦੋ ਦਵਾਈਆਂ ਸਨ ਬਲੱਡ ਪ੍ਰੈਸ਼ਰ ਦੀਆਂ, ਉਹ ਮੇਰੇ ਤੋਂ ਹੀ ਲੈਂਦੀ ਸੀ। ਮੈਂ ਹਰ ਹਫਤੇ ਉਹਦਾ ਬਲੱਡ ਪ੍ਰੈਸ਼ਰ ਚੈੱਕ ਕਰਦਾ। ਨਾਰਮਲ ਹੁੰਦਾ ਪਹਿਲਾਂ ਵਾਂਗ। ਹੇਠਾਂ-ਉੱਤੇ ਵੀ ਉਹ ਆਪ ਹੀ ਕਰ ਲੈਂਦੀ, ਹੌਲੀ ਹੌਲੀ ਪਰਹੇਜ਼ ਨਾਲ। ਪਰ ਹੁਣ ਇੱਕ ਨਵੀਂ ਚੀਜ਼ ਹੋਣ ਲੱਗੀ ਸੀ, ਰੋਜ਼ ਤਾਂ ਨਹੀਂ, ਇੱਕ-ਦੋ ਦਿਨਾਂ ਦੇ ਫਰਕ ਨਾਲ। ਹੇਠਾਂ ਆ ਕੇ ਉਹ ਮੇਰੇ ਕਿਸੇ ਨਾ ਕਿਸੇ ਕੰਮ ਵਿੱਚ ਨੁਕਸ ਕੱਢ ਦਿੰਦੀ ਤੇ ਉਸ ਨੂੰ ਲੈ ਕੇ ਐਨੀ ਹਾਏ-ਤੋਬਾ ਮਚਾ ਦਿੰਦੀ ਕਿ ਮੈਂ ਮੋੜਵਾਂ ਜਵਾਬ ਤਾਂ ਦਿੰਦਾ ਹੀ, ਜਿਸ ਨਾਲ ਗੱਲ ਹੋਰ ਵੀ ਵੱਧ ਜਾਂਦੀ ਤੇ ਅਸੀਂ ਦੋਵੇਂ ਇੱਕ ਦੂਜੇ ਨੂੰ ਪਹਿਲਾਂ ਵਾਂਗ ਹੀ ਨੀਵਾਂ ਦਿਖਾਉਣ ਲੱਗਦੇ। ਗੁੱਸੇ ਵਿੱਚ ਉਹ ਨੱਕ ਵਿੱਚੋਂ ਠੂੰਹੇ ਸੁੱਟਦੀ, ਐਦਾਂ ਉਪਰ ਚਲੇ ਜਾਂਦੀ ਕਿ ਹੁਣ ਹੀ ਛੱਤ ਤੋਂ ਛਾਲ ਮਾਰ ਦੇਵੇਗੀ। ਮੈਨੂੰ ਡਰ ਲੱਗਣ ਲੱਗਦਾ ਕਿ ਸੱਚੀਂ ਹੀ ਨਾ ਛਾਲ ਮਾਰ ਦੇਵੇ। ਹਲਕਾ ਜਿਹਾ ਪਛਤਾਵਾ ਵੀ ਹੁੰਦਾ ਕਿ ਇੰਨਾ ਗੁੱਸਾ ਉਸ ਦੀ ਸਿਹਤ ਲਈ ਠੀਕ ਨਹੀਂ।

ਕਦੀ ਸਵੇਰੇ ਸਵੇਰੇ ਖਾਲੀ ਹੱਥ ਹਵਾ ਵਿੱਚ ਚਲਾ ਕੇ ਜਾਂ ਹੱਥ ਵਿੱਚ ਜੋ ਵੀ ਹੈ ਵਗਾਹ ਕੇ ਮੇਰੇ ਵੱਲ ਸੁੱਟ ਕੇ ਮੈਨੂੰ ਮਾਰਨੇ ਵਰਗਾ ਕੁਝ ਕਰਦੀ, ਭਾਵੇਂ ਮਾਰਦੀ ਨਹੀਂ ਸੀ। ਜਿਵੇਂ ਰਾਤ ਭਰ ਉਸ ਦੇ ਦਿਮਾਗ ਵਿੱਚ ਘੁੰਮਦਾ ਰਿਹਾ ਹੋਵੇ ਕਿ ਮੈਂ ਉਹਦੇ ਲਈ ਕੁਝ ਨਹੀਂ ਕੀਤਾ, ਉਸ ਦੀ ਜ਼ਿੰਦਗੀ ਤਬਾਹ ਕਰਕੇ ਰੱਖ ਦਿੱਤੀ, ਇਹੀ ਹੈ ਮੇਰੀਆਂ ਸਾਰੀਆਂ ਮੁਸੀਬਤਾਂ ਦਾ ਜ਼ਿੰਮੇਵਾਰ, ਮਾਰੋ ਇਹਨੂੰ...।



ਫਿਰ ਜਦੋਂ ਉਹ ਨਹਾ ਕੇ ਹੇਠਾਂ ਆਉਂਦੀ ਤਾਂ ਉਸ ਦਾ ਗੁੱਸਾ ਇਕਦਮ ਸ਼ਾਂਤ ਹੋ ਚੁੱਕਾ ਹੁੰਦਾ। ਉਸ ਦਾ ਵਤੀਰਾ ਵੀ ਨਰਮ ਪੈ ਚੁੱਕਾ ਹੁੰਦਾ। ਸ਼ਾਇਦ ਉਸ ਨੂੰ ਯਾਦ ਹੀ ਨਾ ਹੋਵੇ ਕਿ ਕੁਝ ਦੇਰ ਪਹਿਲਾਂ ਹੀ ਉਸ ਦਾ ਵਿਵਹਾਰ ਇੰਨਾ ਕੁਰੱਖਤ ਰਿਹਾ ਹੈ। ਹੁਣ ਮੈਨੂੰ ਉਹ ਚਾਹ ਬਣਾਉਣ ਲਈ ਪੁੱਛਦੀ। ਕਦੇ-ਕਦੇ ਬੱਚੇ ਵਾਂਗ ਉਂਗਲਾਂ ਨਚਾਉਂਦੀ ਕਹਿੰਦੀ, "ਇੱਧਰ ਆਓ, ਇੱਕ ਚੀਜ਼ ਦਿਖਾਵਾਂ।"

ਉਹ ਦਿਖਾਉਂਦੀ ਕਿ ਇੱਕ ਚੂਹਾ ਦਰਵਾਜ਼ੇ ਉਹਲੇ ਦੁਬਕਿਆ ਬੈਠਾ ਹੈ।

ਉਹਦੇ ਸੁਭਾਅ ਵਿੱਚ ਇੰਨਾ ਫਰਕ ਤੇ ਉਹ ਵੀ ਜਲਦੀ-ਜਲਦੀ, ਮੈਨੂੰ ਇਹਦੇ ਵਿੱਚ ਆਉਣ ਵਾਲੇ ਪਾਗਲਪਨ ਦੀਆਂ ਨਿਸ਼ਾਨੀਆਂ ਦਿਖਾਈ ਦਿੰਦੀਆਂ। ਉਸ ਦੇ ਟੱਬਰ ਦੇ ਸਾਰੇ ਹੀ ਜੀਆਂ ਵਿੱਚ ਥੋੜ੍ਹੇ-ਬਹੁਤ ਪਾਗਲਪਨ ਦੀਆਂ ਝਲਕਾਂ ਦੇਖੀਆਂ ਗਈਆਂ ਹਨ। ਖਾਸ ਤੌਰ 'ਤੇ ਭੈਣਾਂ ਵਿੱਚ। ਦਿਮਾਗ ਦੀਆਂ ਨਸਾਂ ਦੇ ਸੁਸਤ ਪੈ ਜਾਣ ਦੀ ਗੱਲ ਫਿਰ ਚੱਲ ਤੁਰੀ। ਦਿਮਾਗ ਦੀ ਇਹ ਹਾਲਤ ਕਿੱਧਰ ਨੂੰ ਲੈ ਜਾਵੇਗੀ!

ਇੱਕ ਬੁੱਢੀ, ਇੱਕ ਬਿਮਾਰ, ਇੱਕ ਔਰਤ, ਇੱਕ ਲਾਚਾਰ, ਅਜਿਹੇ ਵਿਅਕਤੀ ਨਾਲ ਸਾਡਾ ਵਿਵਹਾਰ ਮਨੁੱਖੀ ਹਮਦਰਦੀ ਵਾਲਾ ਹੋਣਾ ਚਾਹੀਦਾ ਹੈ। ਫਿਰ ਉਹਦੇ ਵਿੱਚ ਤਾਂ ਇਹ ਸਾਰੀਆਂ ਹੀ ਗੱਲਾਂ ਦਾ ਥੋੜ੍ਹਾ-ਥੋੜ੍ਹਾ ਮਿਸ਼ਰਣ ਹੈ।

ਇਸ ਸਭ ਤੋਂ ਵੀ ਅੱਗੇ ਇੱਕ ਹੋਰ ਗੱਲ ਆ ਜੁੜਦੀ ਹੈ, ਉਹ ਇਹ ਕਿ ਪਏ-ਪਏ ਤੈਰਦੇ ਰਹਿਣਾ, ਤੈਰਦੇ ਚਲੇ ਜਾਣਾ, ਮਹਾਯਾਤਰਾ ਦੀ ਤਿਆਰੀ ਵਰਗਾ ਕੁਝ।

ਸੋਚਦੇ ਹੋਏ ਮੇਰੇ ਸਾਹਮਣੇ ਉਹ ਅੱਖਾਂ ਆ ਖੜਦੀਆਂ ਹਨ ਜਦੋਂ ਉਹ ਡਿਗੀ ਪਈ ਸੀ, ਜ਼ਖ਼ਮੀ ਹਿਰਨੀ ਦੀਆਂ ਅੱਖਾਂ!

---

## ਪੰਨਾ ਨੰ. 51 ਦਾ ਬਾਕੀ

ਮੂਰਤੀ ਬੋਲੀ, "ਜੇ ਮੇਰੇ ਨੇੜੇ ਆਇਆ ਤਾਂ ਮੈਂ ਤੈਨੂੰ ਮਾਰ ਦੇਵਾਂਗੀ ਕਿਉਂਕਿ ਤੂੰ ਦੂਜੀ 'ਤੇ ਨਜ਼ਰ ਪਾਈ ਏ।"

ਇਹ ਸੁਣਦਿਆਂ ਹੀ ਸੰਗਤਰਾਸ਼ ਰੋਣ ਲੱਗਾ ਤੇ ਬੋਲਿਆ, "ਤੂੰ ਸਿਰਫ ਮੇਰੀ ਏਂ, ਪਰ ਮੈਂ ਕੀ ਕਰਾਂ ਜੋ ਤੂੰ ਆਪਣੇ ਆਪ ਨੂੰ ਪੱਛਾਣਦੀ ਹੀ ਨ੍ਹੀਂ। ਆ, ਖੁਦ ਨੂੰ ਫਿਰ ਤੋਂ ਦੇਖ। ਸ਼ਾਇਦ ਆਪਣੇ ਆਪ ਨੂੰ ਪੱਛਾਣ ਲਵੇਂ।"

"ਮੈਨੂੰ ਈਰਖਾ ਹੋ ਰਹੀ ਏ। ਦੋਬਾਰਾ ਨ੍ਹੀਂ ਦੇਖ ਸਕਦੀ। ਉਹਦੇ ਤੋਂ ਦੁਖੀ ਹਾਂ ਤੇ ਤੁਹਾਡੇ ਤੋਂ ਵੀ, ਜੋ ਉਹਨੂੰ ਘੂਰਦੇ ਰਹਿੰਦੇ ਹੋ। ਮੈਂ ਤੁਹਾਡੇ ਦੋਹਾਂ ਤੋਂ ਹੀ ਦੁਖੀ ਹਾਂ।"

"ਮੈਂ ਤੇਰੇ ਬਿਨਾਂ ਨ੍ਹੀਂ ਰਹਿ ਸਕਦਾ।" ਸੰਗਤਰਾਸ਼ ਨੇ ਰੋਂਦੇ ਹੋਏ ਕਿਹਾ।

"ਤੇ ਮੈਂ ਤੁਹਾਡੇ ਨਾਲ ਨ੍ਹੀਂ ਰਹਿ ਸਕਦੀ।" ਮੂਰਤੀ ਨੇ ਹੱਸ ਕੇ ਕਿਹਾ ਤੇ ਦੂਰ ਮੈਦਾਨ ਵਿੱਚ ਭੱਜ ਗਈ। ਸੰਗਤਰਾਸ਼ ਥੱਕਿਆ ਹੋਇਆ, ਠੱਗਿਆ ਹੋਇਆ ਖੜ੍ਹਾ ਸੀ। ਉਹ ਉਹਦੇ ਪਿੱਛੇ ਭੱਜ ਨਾ ਸਕਿਆ...। ਝਰਨੇ ਦੇ ਕੰਢੇ ਬਹਿ ਗਿਆ ਤੇ ਮੁੜ ਕੇ ਕਦੇ ਨਾ ਉਠਿਆ।

ਚਾਚੇ ਨੇ ਕਿਹਾ: ਉਸ ਆਦਮੀ ਨੇ ਗਲਤੀ ਕੀਤੀ। ਉਹਨਾਂ ਸਾਰੀਆਂ ਗੱਲਾਂ ਥਾਵੇਂ ਉਹ ਉਸ ਦਾ ਜੇ ਚੁੰਮਣ ਲੈ ਲੈਂਦਾ ਤਾਂ ਸ਼ਾਇਦ ਗੱਲ ਇੰਨੀ ਅੱਗੇ ਨਾ ਵੱਧਦੀ।

# ਕੁਸ਼ਤੀ /ਯੋਗੇਂਦਰ ਆਹੂਜਾ

ਤ੍ਰਿਕਾਲਾਂ ਪੈ ਚੁੱਕੀਆਂ ਸਨ ਜਦੋਂ ਉਹ ਉਥੇ ਪੁੱਜੇ। ਇਕ ਬੁਦਬੁਦਾ ਜਿਹਾ ਗੇਟ ਸੀ ਜਿਸ ਦੇ ਪਾਰ ਘਾਹ ਦਾ ਇਕ ਛੋਟਾ ਜਿਹਾ ਮੈਦਾਨ ਜਿਸ ਦੇ ਉਪਰ 'ਗੁਰੂ ਸਦਾ ਨੰਦ ਅਖਾੜਾ' ਲਿਖਿਆ ਟੀਨ ਦਾ ਪੁਰਾਣਾ, ਜੰਗਾਲ ਖਾਧਾ ਸਾਈਨ ਬੋਰਡ ਸੀ ਜਿਸ ਦੇ ਅੱਖਰ ਮਿਟ ਚੁੱਕੇ ਸਨ। ਬੋਰਡ 'ਤੇ ਮੋਟੀ ਦੇਹ ਵਾਲੇ ਪਹਿਲਵਾਨ ਦੀ ਤਸਵੀਰ ਬਣੀ ਹੋਈ ਸੀ ਜਿਹੜੀ ਹੁਣ ਧੁੰਦਲੀ ਪੈ ਚੁੱਕੀ ਸੀ। ਉਹ ਮੈਦਾਨ ਵਿੱਚ ਖਿਲਰੇ ਸੁੱਕੇ ਪੱਤਿਆਂ ਨੂੰ ਮਿੱਧਦੇ ਹੋਏ ਲੰਘ ਕੇ ਅਖਾੜੇ ਦੀ ਹਲਕੀ ਜਿਹੀ ਗਿੱਲੀ ਮਿੱਟੀ ਦੇ ਕੰਢੇ ਜਾ ਬੈਠੇ। ਉਹਨਾਂ ਵਿੱਚੋਂ ਵੱਡੀ ਉਮਰ ਦੇ ਬੰਦੇ ਗੁਰੂ ਸਦਾ ਨੰਦ ਨੇ ਅਖਾੜੇ ਦੇ ਕੋਨੇ ਵਿੱਚ ਲੱਗੀ ਬਜਰੰਗ ਬਲੀ ਦੀ ਛੋਟੀ ਜਿਹੀ ਮੂਰਤੀ ਨੂੰ ਪ੍ਰਣਾਮ ਕੀਤਾ।

"ਮੇਰਾ ਖਿਆਲ ਏ ਕਿ ਇਥੇ ਹੀ ਠੀਕ ਰਹੇਗਾ।" ਗੁਰੂ ਸਦਾ ਨੰਦ ਨੇ ਦੂਜੇ ਬੰਦੇ ਵੱਲ ਮੁੜਦਿਆਂ ਕਿਹਾ। ਪੈਂਤੀਆਂ ਦੇ ਕਰੀਬ ਦੂਜਾ ਵਿਅਕਤੀ ਚੁੱਪਚਾਪ ਆਲਾ-ਦੁਆਲਾ ਦੇਖਦਾ ਜਾ ਰਿਹਾ ਸੀ ਜਿਵੇਂ ਕੁਝ ਯਾਦ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਨੇ ਮਟਮੈਲੀ ਜਿਹੀ ਕਮੀਜ਼ ਪਹਿਨੀ ਹੋਈ ਸੀ। ਉਸ ਦੇ ਹੱਥ ਵਿੱਚ ਰੈਕਸੀਨ ਦਾ ਫੁੱਲਿਆ ਜਿਹਾ ਬੈਗ ਸੀ। ਉਸ ਦੇ ਚਿਹਰੇ 'ਤੇ ਬਦਹਵਾਸੀ ਤੇ ਥਕਾਵਟ ਸੀ ਜਿਵੇਂ ਬਹੁਤ ਦੂਰੋਂ, ਹਜ਼ਾਰਾਂ ਕਿਲੋਮੀਟਰ ਦਾ ਪੈਂਡਾ ਝੰਮ ਕੇ ਆਇਆ ਹੋਵੇ।

"ਹਾਂ, ਇਥੇ ਹੀ ਠੀਕ ਰਹੇਗਾ।" ਉਸ ਨੇ ਥੱਕੀ ਹੋਈ ਆਵਾਜ਼ ਵਿੱਚ ਆਖਿਆ।

"ਤੁਸੀਂ ਆਪਣੀ ਅਖ਼ਬਾਰ ਦਾ ਕੀ ਨਾਂ ਦੱਸਿਆ ?" ਗੁਰੂ ਸਦਾ ਨੰਦ ਨੇ ਪੁੱਛਿਆ।

"ਅਖ਼ਬਾਰ ਦਾ ?" ਉਹ ਚੌਂਕਿਆ, "ਅਖ਼ਬਾਰ ਦਾ ਨਾਂ ਸਮਾਚਾਰ ਸੰਸਾਰ, ਹਾਂ ਇਹੀ।"

"ਕਦੇ ਸੁਣਿਆਂ ਤਾਂ ਨਹੀਂ। ......ਫ਼ੋਟੋਗ੍ਰਾਫਰ ਨੂੰ ਇਥੇ ਦਾ ਸਿਰਨਾਵਾਂ ਤਾਂ ਪਤਾ ਏ ਨਾ ?"

"ਹਾਂ, ਉਹ ਆਉਂਦਾ ਹੀ ਹੋਵੇਗਾ।"

"ਅੱਛਾ, ਜਦੋਂ ਤੱਕ ਉਹ ਆ ਜਾਵੇ, ਮੈਂ ਤਿਆਰ ਹੋ ਜਾਵਾਂ।" ਗੁਰੂ ਸਦਾ ਨੰਦ ਨੇ ਕਿਹਾ, "ਉਹ ਸਾਹਮਣੇ ਕੋਠੜੀ ਦੇਖ ਰਹੇ ਓ, ਉਹਦੇ ਵਿੱਚ ਹੀ ਹੁੰਦਾ ਏ ਆਪਣਾ ਸਾਰਾ ਸਾਮਾਨ। ਮੁਗਦਰ, ਡੰਬਲ, ਭਾਰ ਤੇ ਉਹ ਗਦਾ ਵੀ, ਜਿਹੜੀ ਅਠਾਰਾਂ ਸਾਲ ਪਹਿਲਾਂ ਮੇਅਰ ਨੇ ਆਪ ਮੈਨੂੰ ਦਿੱਤੀ ਸੀ। ਉਸ ਦਿਨ ਜਦੋਂ ਮੈਂ ਆਖਰੀ ਕੁਸ਼ਤੀ ਲੜੀ ਸੀ ਤੇ ਫਿਰ ਕੁਸ਼ਤੀਆਂ ਤੋਂ ਸੰਨਿਆਸ ਲੈ ਲਿਆ ਸੀ। ਇਥੇ ਹੀ ਹੋਈ ਸੀ ਆਖਰੀ ਕੁਸ਼ਤੀ। ਉਸ ਦਿਨ ਬਹੁਤ ਭੀੜ ਸੀ, ਲੋਕ ਹੀ ਲੋਕ, ਤਿਲ ਧਰਨ ਨੂੰ ਜਗ੍ਹਾ ਨਹੀਂ ਸੀ। ਜਿਵੇਂ ਸਾਰਾ ਸ਼ਹਿਰ ਹੀ ਉਮੜ ਆਇਆ ਹੋਵੇ। ਇਥੋਂ ਓਥੇ ਤੱਕ ਸ਼ਾਮਿਆਨਾ ਲੱਗਾ ਹੋਇਆ ਸੀ, ਜਗਮਗਾਦੀਆਂ ਰੌਸ਼ਨੀਆਂ ਸਨ। ਬਕਾਇਦਾ ਵਰਦੀ ਵਿੱਚ ਸਜਿਆ ਬੈਂਡ-ਵਾਜਾ ਤੇ ਨਾਲ ਨਗਾਰੇ। ਲਾਊਡ ਸਪੀਕਰ ਲੱਗੇ ਹੋਏ ਸਨ। ਇਕ ਘੰਟੇ ਤੋਂ ਵੱਧ ਬੁਲਾਰਿਆਂ ਨੇ ਲਾਇਆ। ਕਿੰਨੀਆਂ ਹੀ ਫੁੱਲਾਂ ਦੀਆਂ ਮਾਲਾਵਾਂ ਪਾਈਆਂ ਗਈਆਂ ਸਨ, ਮੇਰਾ ਤਾਂ ਮੂੰਹ ਹੀ ਇਹਨਾਂ ਵਿੱਚ ਲੁਕ ਗਿਆ ਸੀ। ਉਦੋਂ ਤੁਸੀਂ ਇਥੇ ਹੁੰਦੇ ਤਾਂ ਆਪਣੀ ਅਖ਼ਬਾਰ ਲਈ ਇਕ ਸ਼ਾਨਦਾਰ ਖ਼ਬਰ ਬਣਾਉਂਦੇ ਪਰ ਉਦੋਂ ਤਾਂ ਤੁਸੀਂ ਬਹੁਤ ਛੋਟੇ ਹੋਵੋਂਗੇ। ਸਾਰੀਆਂ ਅਖ਼ਬਾਰਾਂ ਵਿੱਚ ਛੱਪਿਆ, 'ਸਦਾ ਨੰਦ ਦਾ ਸਰਕਰੀਆ ਕੁਸ਼ਤੀ ਤੋਂ ਸੰਨਿਆਸ: ਹੁਣ ਕੇਵਲ ਸ਼ਾਗਿਰਦ ਤਿਆਰ ਕਰਨਗੇ।' ਮੋਢੇ 'ਤੇ ਚਮਕਦੀ ਗਦਾ ਨਾਲ ਤਸਵੀਰਾਂ ਛਪੀਆਂ ਸਨ। ਅੱਜ ਵੀ ਮੈਂ ਉਸੇ



ਗਦਾ ਨਾਲ ਫੋਟੋ ਖਿਚਵਾਵਾਂਗਾ। ਠੀਕ ਰਹੇਗਾ ਨਾ ? ....ਤੁਸੀਂ ਇਥੇ ਰੁਕੋ, ਮੈਂ ਲੈ ਕੇ ਆਉਂਨਾ। ......ਤੁਹਾਡਾ ਫੋਟੋਗਰਾਫਰ ਹਾਲੇ ਤੱਕ ਆਇਆ ਕਿਉਂ ਨਹੀਂ ?"

"ਆਉਂਦਾ ਹੀ ਹੋਵੇਗਾ।"

ਗੁਰੂ ਸਦਾ ਨੰਦ ਅਖਾੜੇ ਦੇ ਪਿੱਛੇ ਬਣੀ ਕੋਠੜੀ ਤੱਕ ਗਏ, ਜੇਬ੍ਹ ਵਿੱਚੋਂ ਚਾਬੀ ਕੱਢ ਕੇ ਕਾਫੀ ਦੇਰ ਤੋਂ ਜਿੰਦਰਾ ਖੋਹਲਣ ਦੀ ਕੋਸ਼ਿਸ਼ ਕਰਦੇ ਰਹੇ। ਫਿਰ ਬੂਹਾ ਖੋਹਲ ਕੋਠੜੀ ਦੇ ਅੰਦਰ ਚਲੇ ਗਏ। ਉਹ ਉਥੇ ਅਖਾੜੇ ਕੰਢੇ ਖੜਾ ਰਿਹਾ। ਕਾਫੀ ਦੇਰ ਬਾਅਦ ਗੁਰੂ ਸਦਾ ਨੰਦ ਬਾਹਰ ਆਏ। ਉਹਨੇ ਦੂਰੋਂ ਦੇਖਿਆ, ਉਹਨਾਂ ਨੇ ਸਾਰੇ ਕੱਪੜੇ ਲਾਹ ਕੇ ਸਿਰਫ ਲੰਗੋਟ ਪਾਇਆ ਹੋਇਆ ਸੀ। ਉਹਨਾਂ ਨੇ ਗਦਾ ਦੀ ਮੁੱਠ ਫੜੀ ਹੋਈ ਸੀ ਤੇ ਉਸ ਨੂੰ ਜ਼ਮੀਨ ਉਪਰ ਆਪਣੇ ਪਿੱਛੇ ਪਿੱਛੇ ਘੜੀਸਦੇ ਹੋਏ ਲਿਆ ਰਹੇ ਸਨ। ਸ਼ਾਮ ਦੀ ਹਲਕੀ ਧੁੰਦਲੀ ਲੋਅ ਵਿੱਚ ਹੌਲੀ-ਹੌਲੀ ਪੈਰ ਧਰਦੇ ਘਾਹ ਵਾਲਾ ਮੈਦਾਨ ਪਾਰ ਕਰਕੇ ਅਖਾੜੇ ਤੱਕ ਆਏ ਤਾਂ ਉਹਨੂੰ ਦੇਖ ਕੇ ਚੌਂਕ ਗਏ। ਕੱਪੜੇ ਤੇ ਜੁੱਤੀਆਂ ਦਾ ਢੇਰ ਇਕ ਪਾਸੇ ਪਿਆ ਸੀ। ਉਹ ਕੇਵਲ ਜਾਂਘੀਏ ਵਿੱਚ ਸੀ।

"ਇਹ ਕੀ ?" ਗੁਰੂ ਸਦਾ ਨੰਦ ਨੇ ਪੁੱਛਿਆ, "ਸ਼ਾਇਦ ਅਖਾੜੇ ਦੀ ਮਿੱਟੀ ਤੋਂ ਤੁਹਾਨੂੰ ਯਾਦ ਆ ਗਿਆ ਏ ਕਿ ਤੁਹਾਡੇ ਕੋਲ ਵੀ ਇਕ ਜਿਸਮ ਏ। ਇਕ ਹੀ ਜਿਸਮ! ਇਸੇ ਕਾਇਆ ਤੋਂ ਜ਼ਿੰਦਗੀ ਭਰ ਕੰਮ ਚਲਾਉਣਾ ਏ ਇਸ ਲਈ ਕਦੇ ਕਦੇ ਇਹਨੂੰ ਵੀ ਵਕਤ ਦੇਣਾ ਚਾਹੀਦਾ ਏ। ਠੀਕ ਏ, ਜਦੋਂ ਤੱਕ ਫੋਟੋਗ੍ਰਾਫਰ ਨਹੀਂ ਆਉਂਦਾ, ਤੁਸੀਂ ਵਰਜਿਸ਼ ਕਰ ਸਕਦੇ ਹੋ। ਪੱਤਰਕਾਰ ਦੀ ਨੌਕਰੀ ਵਿੱਚੋਂ ਤਾਂ ਤੁਹਾਨੂੰ ਸਮਾਂ ਹੀ ਨਹੀਂ ਮਿਲਦਾ ਹੋਵੇਗਾ। .....ਇਹ ਇੰਟਰਵਿਊ ਤਾਂ ਨਾਲ ਦੀ ਨਾਲ ਚਲਦਾ ਰਹੇਗਾ।"

"ਤੁਸੀਂ ਠੀਕ ਸਮਝਿਆ, ਮੇਰੇ ਮਨ ਵਿੱਚ ਵੀ ਇਹੀ ਖਿਆਲ ਆਇਆ। ਤੁਹਾਡੇ ਜਿਹੇ ਮਹਾਨ ਪਹਿਲਵਾਨ ਨਾਲ ਰੋਜ਼ ਰੋਜ਼ ਮਿਲਣਾ ਥੋੜ੍ਹੀ ਹੁੰਦਾ ਏ।"

"ਪਰ ਤੁਹਾਡਾ ਉਹ ਫੋਟੋਗ੍ਰਾਫਰ ਕਿਉਂ ਨਹੀਂ ਆਇਆ ?"

"ਕਿਤੇ ਘੁੱਟ ਮਾਰਨ ਬਹਿ ਗਿਆ ਹੋਵੇਗਾ, ਤੁਸੀਂ ਤਾਂ ਜਾਣਦੇ ਹੀ ਹੋ, ਅਖ਼ਬਾਰ ਦੀ ਨੌਕਰੀ ਵਿੱਚ, ਦਿਨ-ਰਾਤ ਦੀ ਦੌੜ-ਭੱਜ, ਏਨੀ ਟੈਨਸ਼ਨ! ਪਰ ਉਹ ਆਵੇਗਾ ਜ਼ਰੂਰ, ਗੈਰ-ਜ਼ਿੰਮੇਵਾਰ ਨਹੀਂ, ਉਹਨੂੰ ਪਤਾ ਏ ਕਿ ਮੇਰਾ ਇਹ ਫੀਚਰ 'ਕੱਲ੍ਹ ਦੇ ਮਹਾਨ ਪਹਿਲਵਾਨ ਗੁਰੂ ਸਦਾ ਨੰਦ ਇਸੇ ਐਤਵਾਰ ਲੱਗਣਾ ਏ। ਅੱਜ ਹੀ ਰਾਤ ਭਰ ਬਹਿ ਕੇ ਲਿਖਣਾ ਪਵੇਗਾ। .....ਤੁਸੀਂ ਦੱਸੋ, ਇਹ ਅਖਾੜਾ..... ?"

"ਇਹਦਾ ਹਾਲ ਤੁਹਾਡੇ ਸਾਹਮਣੇ ਹੀ ਏ। ਹੁਣ ਤਾਂ ਉਜਾੜ ਏ।" ਗੁਰੂ ਸਦਾ ਨੰਦ ਦੀ ਆਵਾਜ਼ ਬਹੁਤ ਉਦਾਸ ਸੀ। "ਕਦੇ ਇਹਦਾ ਜ਼ਮਾਨਾ ਸੀ। ਭੀੜ ਲੱਗੀ ਰਹਿੰਦੀ ਸੀ। ਇਥੇ ਹੀ ਇਸ ਦੇ ਕਿਨਾਰੇ ਮੰਜੇ ਪਏ ਰਹਿੰਦੇ ਸਨ, ਮੇਰੇ ਬਹਿਣ ਲਈ ਤਖਤ ਜਿਹੀ ਕੁਰਸੀ ਵੀ। ਸ਼ਾਗਿਰਦ ਆਉਂਦੇ, ਮੇਰੇ ਪੈਰ ਛੂੰਹਦੇ, ਫਿਰ ਅਖਾੜੇ ਦੀ ਮਿੱਟੀ ਮੱਥੇ ਨੂੰ ਲਾਉਂਦੇ ਪਰ ਹੁਣ ਤਾਂ.....!"

ਉਹ ਦੂਜਾ ਵਿਅਕਤੀ, ਪੱਤਰਕਾਰ ਪਥਰੀਲਾ ਜਿਹਾ ਚਿਹਰਾ ਲਈ ਹੌਲੇ ਜਿਹੇ ਚੁੱਪਚਾਪ ਚਲਦਾ ਹੋਇਆ ਅਖਾੜੇ ਦੇ ਵਿਚਕਾਰ ਜਾ ਖੜਿਆ।

"ਆਓ, ਤੁਹਾਡੇ ਨਾਲ ਇਕ ਕੁਸ਼ਤੀ ਹੋ ਜਾਵੇ।" ਉਸ ਨੇ ਕਿਹਾ।

"ਕੁਸ਼ਤੀ ? ਨਹੀਂ ਬਈ। ਮੈਂ ਤਾਂ ਆਪਣੀ ਆਖਰੀ ਕੁਸ਼ਤੀ ਲੜ ਚੁੱਕਾਂ। ਅਠਾਰਾਂ ਸਾਲ ਹੋ ਗਏ, ਤੁਹਾਨੂੰ ਦੱਸਿਆ ਸੀ ਨਾ।"

"ਹਾਂ, ਤੁਸੀਂ ਦੱਸਿਆ ਸੀ, ਉਸ ਦਿਨ ਇਹ ਜਗ੍ਹਾ ਖਚਾਖੱਚ ਭਰੀ ਹੋਈ ਸੀ, ਲੋਕ, ਰੌਸ਼ਨੀਆਂ ! ਪਰ ਉਹ ਆਖਰੀ ਕੁਸ਼ਤੀ ਨਹੀਂ ਸੀ।"

"ਕੀ ਮਤਲਬ ?"

"ਆਖਰੀ ਕੁਸ਼ਤੀ ਤੁਸੀਂ ਹੁਣ ਲੜਨੀ ਏ, ਅੱਜ, ਹੁਣੇ।"

ਗੁਰੂ ਸਦਾ ਨੰਦ ਉਸ ਬੰਦੇ ਵੱਲ ਦੇਖਦੇ ਰਹੇ।

"ਕੀ ਤੁਸੀਂ ਵੀ ਕੁਸ਼ਤੀ ਦੇ ਸ਼ੌਕੀਨ ਹੋ ? ਤੁਹਾਨੂੰ ਦੇਖ ਕੇ ਤਾਂ ਲੱਗਦਾ ਨਹੀਂ, ਪਹਿਲਾਂ ਤੁਸੀਂ ਕਦੇ .....?"

"ਨਹੀਂ ਸਦਾ ਨੰਦ ਜੀ, ਕੁਸ਼ਤੀ ਨਾਲ, ਪਹਿਲੀਵਾਨੀ ਨਾਲ ਮੇਰਾ ਕੋਈ ਲੈਣਾ-ਦੇਣਾ ਨਹੀਂ ਰਿਹਾ। ਮੇਰੇ ਪਿਤਾ ਦੀ ਜ਼ਰੂਰ ਤਮੰਨਾ ਸੀ ਮੈਨੂੰ ਪਹਿਲਵਾਨ ਬਣਾਉਣ ਦੀ। ਬਹੁਤ ਤਾਕਤਵਰ ਆਦਮੀ ਸੀ ਪਰ ਉਹ ਵੀ.....। .....ਇਹ ਕੰਮ ਬਹੁਤ ਮੁਸ਼ਕਲ ਏ ਨਾ, ਹਰੇਕ ਦੇ ਵੱਸ ਦਾ ਥੋੜ੍ਹੋਂ ਏ। ਇਹਦੇ ਲਈ ਜੀਵਨਭਰ ਦੀ ਸਾਧਨਾ ਚਾਹੀਦੀ ਏ। .....ਪਰ ਨਹੀਂ, ਗਲਤ ਕਿਹਾ ਮੈਂ । ਮੈਂ ਕੁਸ਼ਤੀ ਲੜਦਾ ਰਿਹਾ ਹਾਂ।"

"ਕਦੋਂ ? ਕਿਥੇ ?" ਗੁਰੂ ਸਦਾ ਨੰਦ ਨੇ ਬੇਯਕੀਨੀ ਨਾਲ ਦੇਖਦਿਆਂ ਪੁੱਛਿਆ।

"ਹਮੇਸ਼ਾ, ਸਾਰੀ ਜ਼ਿੰਦਗੀ।"

ਹੁਣ ਉਹ ਇਕ ਦੂਜੇ ਦੇ ਸਾਹਮਣੇ ਸਨ। ਮਿੱਟੀ ਵੱਤਰ ਸੀ, ਕੁਝ-ਕੁਝ ਸਖਤ ਵੀ। ਆਪਣੇ ਜਿਸਮਾਂ ਨੂੰ ਉਹਨਾਂ ਨੇ ਗੋਡਿਆਂ ਉਪਰ ਝੁਕਾ ਲਿਆ ਤੇ ਨਜ਼ਰ ਹੀ ਨਜ਼ਰ ਇਕ ਦੂਜੇ ਨੂੰ ਤੋਲਣ ਲੱਗੇ। ਗੁਰੂ ਸਦਾ ਨੰਦ ਨੇ ਫੁਰਤੀ ਨਾਲ ਉਹਨੂੰ ਮੋਢਿਆਂ ਤੋਂ ਫੜ ਲਿਆ। ਅਗਲੇ ਹੀ ਪਲ ਘੁਮਾ ਕੇ ਥੱਲੇ ਸੁੱਟ ਪਿੱਠ ਲਾ ਦਿੱਤੀ।

"ਆਹ ਲਓ ਪੱਤਰਕਾਰ ਜੀ, ਇਹ ਕੁਸ਼ਤੀ ਤਾਂ ਤੁਸੀਂ ਹਾਰ ਗਏ।" ਗੁਰੂ ਸਦਾ ਨੰਦ ਨੇ ਹੱਸਦੇ ਹੋਏ ਕਿਹਾ, "ਦਸ ਗਿਣਦਿਆਂ ਤੱਕ ਤੁਸੀਂ ਨਾ ਉੱਠੇ ਤਾਂ ਤੁਹਾਨੂੰ ਮੈਨੂੰ ਗੁਰੂ ਮੰਨਣਾ ਹੋਵੇਗਾ ਤੇ ਮੇਰੇ ਪੈਰ ਛੂਹਣੇ ਹੋਣਗੇ। ਆਪਣੇ ਅਖਾੜੇ ਦਾ ਇਹੋ ਨਿਯਮ ਸੀ। ਦੂਰੋਂ-ਦੂਰੋਂ ਪਹਿਲਵਾਨ ਆਉਂਦੇ ਸਨ ਤੇ ਸ਼ਾਗਿਰਦ ਬਣ ਕੇ ਜਾਂਦੇ ਸਨ। ਮੈਂ ਗਿਣਨਾ ਸ਼ੁਰੂ ਕਰਦਾਂ, ਇਕ.....।"

ਉਹ ਜ਼ਮੀਨ 'ਤੇ ਪਿਆ ਹਫ ਰਿਹਾ ਸੀ।

"ਦੋ, .....ਪੱਤਰਕਾਰ ਜੀ, ਉਠੋ।"

ਉਹ ਨਿਢਾਲ ਪਿਆ ਸੀ। ਸਰੀਰ ਵਿੱਚ ਕੋਈ ਵੀ ਹਰਕਤ ਨਹੀਂ ਸੀ।

"ਤਿੰਨ, ਚਾਰ, ਪੰਜ ਛੇ.....।"

ਉਹਨੇ ਕੂਹਣੀਆਂ ਭਾਰ ਹੋ ਕੇ ਉੱਠਣ ਦੀ ਕੋਸ਼ਿਸ਼ ਕੀਤੀ ਪਰ ਕਮਜ਼ੋਰ ਪੈ ਕੇ ਆਪਣੇ ਆਪ ਨੂੰ ਢਿੱਲਾ ਛੱਡ ਦਿੱਤਾ ਤੇ ਡੂੰਘੇ ਸਾਹ ਲੈਂਦਾ ਹਫਦਾ ਰਿਹਾ।

"ਸੱਤ, ਅੱਠ, ਨੌਂ, ਦਸ ! ਬਸ, ਖੇਲ ਖਤਮ ਹੋਇਆ, .....ਤਾਂ ਮੰਨਦੈਂ ?"

"ਹਾਂ, ਮੰਨਦਾਂ।"

ਗੁਰੂ ਸਦਾ ਨੰਦ ਨੇ ਹੱਥ ਫੜ ਕੇ ਉਸ ਨੂੰ ਉਠਾਇਆ। ਉਸ ਨੂੰ ਸਹਾਰਾ ਦਿੰਦੇ ਅਖਾੜੇ ਤੋਂ ਬਾਹਰ ਲੈ ਆਏ। ਘਾਹ 'ਤੇ ਬੈਠਣ ਵਿੱਚ ਮੱਦਦ ਕੀਤੀ।

"ਕਮਾਲ ਏ !" ਉਹਨੇ ਆਪਣੀ ਹਫਣੀ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ, "ਇਸ ਉਮਰ ਵਿੱਚ ਵੀ ਤੁਸੀਂ.....! .....ਹਾਲੇ ਤੱਕ ਵੀ ਕੁਝ ਨਹੀਂ ਭੁੱਲੇ।"



"ਇਹਦੇ ਵਿੱਚ ਕੁਝ ਵੀ ਏਦਾਂ ਦਾ ਨਹੀਂ ਜੋ ਭੁੱਲ ਜਾਵੇ। ਇਹ ਤਾਂ, ਮਤਲਬ ਤੁਹਾਡੇ ਵਜੂਦ ਦਾ ਹਿੱਸਾ ਬਣ ਜਾਂਦਾ ਏ।" ਗੁਰੂ ਸਦਾ ਨੰਦ ਨੇ ਆਪਣੀ ਆਵਾਜ਼ ਵਿੱਚ ਵਿਸ਼ਵਾਸ ਲਿਆਉਂਦਿਆਂ ਆਖਿਆ, "ਇਸ ਵਿੱਚ ਪੂਰੀ ਜ਼ਿੰਦਗੀ ਖਰਚ ਕੀਤੀ ਏ। ਘਰ, ਗ੍ਰਹਿਸਥੀ ਕੁਝ ਵੀ ਨਹੀਂ ਵਸਾਇਆ। ਇਹ ਅਖਾੜਾ ਉਖੜ ਗਿਆ ਤਾਂ ਕੀ ਮੇਰਾ ਇਹ ਜਿਸਮ.....?" ਆਪਣੇ ਡੌਲਿਆਂ ਉਪਰ ਪਿਆਰ ਨਾਲ ਹੱਥ ਫੇਰਿਦਿਆਂ ਫਿਰ ਕਿਹਾ, "ਬਾਕੀ ਹਾਲੇ ਬਹੁਤ ਕੁਝ ਬਚਿਆ ਏ। .....ਪਰ ਤੁਸੀਂ ਕਿਹਾ ਸੀ ਕਿ ਤੁਸੀਂ ਕੁਸ਼ਤੀ ਲੜਦੇ ਰਹੇ ਹੋ ਇਸ ਲਈ ਮੈਂ ਜ਼ਰਾ ਜ਼ਿਆਦਾ ਜ਼ੋਰ ਨਾਲ਼......, ਤੁਹਾਨੂੰ ਕਿਤੇ ਸੱਟ ਤਾਂ ਨਹੀਂ ਲੱਗੀ ?"

"ਨਹੀਂ, ਮੈਂ ਠੀਕ ਹਾਂ। .....ਤੁਸੀਂ ਦੱਸਿਆ ਕਿ ਇਥੇ ਹੁਣ ਕੋਈ ਨਹੀਂ ਆਉਂਦਾ ?"

"ਨਹੀਂ, ਇਸ ਜਗ੍ਹਾ 'ਤੇ ਹੁਣ ਬਿਲਡਰਾਂ ਦੀ ਅੱਖ ਏ। ਦੇਖਣਾ, ਇਕ ਦਿਨ ਇਹ ਅਖਾੜਾ ਗਾਇਬ ਹੋ ਜਾਵੇਗਾ, ਇਕ ਉੱਚੀ ਜਿਹੀ ਇਮਾਰਤ ਇਥੇ ਨਜ਼ਰ ਆਵੇਗੀ। ਤੁਸੀਂ ਇਹ ਆਪਣੀ ਅਖ਼ਬਾਰ ਵਿੱਚ ਇਹ ਜ਼ਰੂਰ ਲਿਖਣਾ।"

"ਤੁਹਾਡੇ ਸ਼ਾਗਿਰਦ ਵੀ ਨਹੀਂ ਆਉਂਦੇ ?"

"ਨਹੀਂ, ਹੁਣ ਕੋਈ ਨਹੀਂ ਆਉਂਦਾ। ਕਿਸੇ ਦੀ ਨਾੜ ਉਤਰ ਜਾਵੇ ਤਾਂ ਮਲਾਉਣ, ਕਿਸੇ ਦੀ ਹੱਡੀ ਟੁੱਟ ਜਾਵੇ ਤਾਂ ਚੜ੍ਹਾਉਣ ਜ਼ਰੂਰ ਆ ਜਾਂਦੇ ਨੇ। ਦੂਜੀ ਗੱਲ ਏ ਕਿ ਹੁਣ ਕਿਥੇ ਬਚੇ ਨੇ ਕੁਸ਼ਤੀ ਦੇ ਸ਼ੌਕੀਨ ਤੇ ਕਦਰਦਾਨ ? ਨਵੀਂ ਉਮਰ ਦੇ ਮੁੰਡੇ-ਕੁੜੀਆਂ ਨੂੰ, ਉਹਨੂੰ ਕੀ ਕਹਿੰਦੇ ਨੇ, ਜਿਸ ਦਾ ਨਾਂ, .....ਹਾਂ ਜਿਮ, ਜਿਮ ਜਾਣਾ ਚੰਗਾ ਲੱਗਦਾ ਏ। .....ਤੁਹਾਡਾ ਫੋਟੋਗ੍ਰਾਫਰ ਹਾਲੇ ਤੱਕ ਨਹੀਂ ਆਇਆ ?"

"ਉਹ ਆਉਂਦਾ ਹੀ ਹੋਵੇਗਾ, ਉਹ ਇਸ ਜਗ੍ਹਾ ਨੂੰ ਲੱਭ ਰਿਹਾ ਹੋਵੇਗਾ। .....ਅੱਛਾ, ਸਰਕਾਰ ਜਾਂ ਕੌਂਸਲ ਵੱਲੋਂ ਵੀ ਕਦੇ ਕੋਈ.....?"

"ਉਹਨਾਂ ਨੂੰ ਤਾਂ ਸ਼ਾਇਦ ਇਸ ਜਗ੍ਹਾ ਦਾ ਵੀ ਨਾ ਪਤਾ ਹੋਵੇ। ਉਹਨਾਂ ਨੂੰ ਪੁੱਛੋ, 'ਗੁਰੂ ਸਦਾ ਨੰਦ ਨੂੰ ਜਾਣਦੇ ਹੋ ਜੋ ਮਸ਼ਹੂਰ ਪਹਿਲਵਾਨ ਰਹਿ ਚੁੱਕੇ ਨੇ, ਕਿਸੇ ਜ਼ਮਾਨੇ ਦੇ ਹਿੰਦ ਕੇਸਰੀ, ਉਹਨਾਂ ਦੇ ਚੇਲੇ ਵੀ ਸਨ ਜੋ ਉਸ ਵਕਤ ਸਟੇਟ ਤੇ ਨੈਸ਼ਨਲ ਲੈਵਲ ਦੇ ਕੰਪੀਟੀਸ਼ਨ ਵਿੱਚ.....,' ਮੂਰਖਾਂ ਵਾਂਗ ਤੁਹਾਡਾ ਮੂੰਹ ਦੇਖਦੇ ਰਹਿਣਗੇ। ਹੁਣ ਦੇਖੋ, ਅਖ਼ਬਾਰ ਵੱਲੋਂ ਵੀ ਤੁਸੀਂ ਹੁਣ ਆ ਕੇ ਆਏ ਹੋ, ਹਾਲ ਪੁੱਛਣ, ਏਨੇ ਸਾਲਾਂ ਬਾਅਦ।"

"ਮੈਂ ਪਹਿਲਾਂ ਵੀ ਆ ਚੁੱਕਾ ਹਾਂ।" ਉਹਨੇ ਸਿਰ ਝੁਕਾ ਕੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ।

"ਕਦੋਂ ?"

"ਬਹੁਤ ਪਹਿਲਾਂ। ਹੁਣ ਤੋਂ ਅਠਾਰਾਂ ਸਾਲ ਪਹਿਲਾਂ। ਉਸ ਵਕਤ ਜਦੋਂ ਤੁਸੀਂ ਆਖਰੀ ਕੁਸ਼ਤੀ ਲੜੀ ਸੀ ਤੇ ਫਿਰ ਕੁਸ਼ਤੀ ਤੋਂ ਸਨਿਆਸ ਲੈ ਲਿਆ ਸੀ।"

"ਤੁਸੀਂ ਆ ਚੁੱਕੇ ਹੋ ? ਉਸ ਦਿਨ ਤੁਸੀਂ ਇਥੇ ਸਾਓ ? .....ਦੱਸਿਆ ਕਿਉਂ ਨਹੀਂ ? .....ਤੁਸੀਂ ਦੇਖਿਆ ਸੀ ਨਾ, ਕਿੰਨੇ ਲੋਕ ਸਨ ਇਥੇ, ਕਿੰਨੀਆਂ ਰੌਸ਼ਨੀਆਂ, ਕਿੰਨਾ ਸ਼ੋਰ ! ਇਹ ਜਗ੍ਹਾ ਖਚਾਖੱਚ ਭਰੀ ਪਈ ਸੀ, ਯਾਦ ਏ ਤੁਹਾਨੂੰ ? .....ਤੁਸੀਂ ਬਹੁਤ ਛੋਟੇ ਹੋਵੋਗੇ, .....ਇਕੱਲੇ ਆਏ ਸਾਓ ?"

"ਨਹੀਂ, ਆਪਣੇ ਪਿਤਾ ਨਾਲ ਆਇਆ ਸਾਂ।"

"ਤੁਹਾਡੇ ਪਿਤਾ, ਜਿਹੜੇ, ਜਿਹਨਾਂ ਨੂੰ ਪਹਿਲੀਵਾਨੀ ਦਾ ਸ਼ੌਂਕ ਸੀ ? ਤੁਸੀਂ ਦੱਸਿਆ ਸੀ ਕਿ ਉਹ ਬਹੁਤ ਤਾਕਤਵਰ ਆਦਮੀ ਸਨ।"

ਉਹ ਉੱਠ ਕੇ ਖੜ੍ਹਾ ਹੋ ਗਿਆ। ਉਸ ਨੇ ਘਾਹ ਦੇ ਮੈਦਾਨ 'ਤੇ ਇਕ ਚੱਕਰ ਲਾਇਆ। ਥੋੜ੍ਹੀ ਜਿਹੀ ਵਰਜਿਸ਼ ਕੀਤੀ ਤੇ ਕਾਫੀ ਦੇਰ ਤੱਕ ਠੰਡੀ ਹਵਾ ਦੇ ਘੁੱਟ ਭਰਦਾ ਰਿਹਾ। ਉਸ ਨੇ ਆਪਣੀ ਸ਼ਕਤੀ ਵਾਪਸ ਆਉਂਦੀ ਮਹਿਸੂਸ ਕੀਤੀ। ਫਿਰ ਗੁਰੂ ਸਦਾ ਨੰਦ ਕੋਲੋਂ ਦੀ ਲੰਘਦਾ ਹੋਇਆ ਅਖਾੜੇ ਦੇ ਵਿਚਕਾਰ ਚਲੇ ਗਿਆ।

"ਹਾਂ, ਬਹੁਤ ਤਾਕਤਵਰ। ਬਚਪਨ ਵਿੱਚ ਮੈਨੂੰ ਲੱਗਦਾ ਸੀ ਕਿ ਉਹ ਦੁਨੀਆਂ ਦੇ ਸਭ ਤੋਂ ਤਾਕਤਵਰ ਆਦਮੀ ਨੇ।"

"ਪਰ ਪੱਤਰਕਾਰ ਜੀ, ਮੁਆਫ਼ ਕਰਨਾ, ਉਹਨਾਂ ਦੀ ਤਾਕਤ ਤੁਹਾਨੂੰ ਵਿਰਸੇ ਵਿੱਚ ਨਹੀਂ ਮਿਲੀ। ਇਕ ਹੱਥ ਵਿੱਚ ਹੀ ਚਿੱਤ ਹੋ ਗਏ !"

"ਆਓ, ਤੁਹਾਡੇ ਨਾਲ ਇਕ ਕੁਸ਼ਤੀ ਹੋਰ ਹੋ ਜਾਵੇ।"

ਗੁਰੂ ਸਦਾ ਨੰਦ ਨੇ ਉਹਦੇ ਵੱਲ ਤਰਸ ਭਰੀ ਨਜ਼ਰ ਨਾਲ ਦੇਖਿਆ।

"ਤੁਸੀਂ ਮਜ਼ਾਕ ਕਰ ਰਹੇ ਹੋ ਕੀ ? ਕੁਸ਼ਤੀ ਗੰਭੀਰ ਚੀਜ਼ ਏ, ਮਜ਼ਾਕ ਨਹੀਂ। ਪਹਿਲੀ ਵਿੱਚ ਕੀ ਹਾਲ ਹੋਇਆ ਸੀ, ਭੁੱਲ ਗਏ ? .....ਆਓ, ਬਹਿ ਕੇ ਗੱਲਾਂ ਕਰਦੇ ਹਾਂ।"

"ਸਦਾ ਨੰਦ ਜੀ, ਇਕ ਕੁਸ਼ਤੀ ਹੋਰ੍ਹ" ਉਹਨੇ ਮਿੰਨਤ ਕਰਨ ਵਾਂਗ ਆਖਿਆ।

"ਨਹੀਂ ਪੱਤਰਕਾਰ ਜੀ, ਮੁਆਫ ਕਰੋ। ਸ਼ਾਇਦ ਤੁਸੀਂ ਭੁੱਲ ਗਏ ਹੋ ਕਿ ਤੁਸੀਂ ਮੇਰਾ ਇੰਟਰਵਿਊ ਕਰਨ ਆਏ ਹੋ, ਕੁਸ਼ਤੀ ਲੜਨ ਨਹੀਂ। ਆਓ, ਇਹਨੂੰ ਪੂਰਾ ਕਰ ਲੈਂਦੇ ਹਾਂ। ਰਾਤ ਹੋ ਚੁੱਕੀ ਏ। ਤ੍ਰੇਲ ਪੈ ਰਹੀ ਏ। ਇਥੇ ਰੌਸ਼ਨੀ ਵੀ ਬਹੁਤ ਘੱਟ ਏ, ਫਿਰ ਮੈਂ ਘਰ ਵੀ ਜਾਣਾ ਏਂ। .....ਤੁਹਾਡਾ ਫੋਟੋਗ੍ਰਾਫਰ ਹਾਲੇ ਤੱਕ ਪਤਾ ਨਹੀਂ ਕਿੱਥੇ.....!"

"ਸਦਾ ਨੰਦ ਜੀ, ਤੁਸੀਂ ਡਰਦੇ ਹੋ ਕਿ ਸ਼ਾਇਦ ਪਹਿਲੀ ਵਾਰ ਤਾਂ ਕਿਸੇ ਤਰ੍ਹਾਂ ਇੱਜ਼ਤ ਬਚ ਗਈ ਪਰ ਇਸ ਕੁਸ਼ਤੀ ਵਿੱਚ ਕਿਤੇ.....।"

ਗੁਰੂ ਸਦਾ ਨੰਦ ਉਥੇ ਸੁੰਨੇ ਹਨੇਰੇ ਵਿੱਚ ਅੱਖਾਂ ਪਾੜ-ਪਾੜ ਕੇ ਦੇਖਦੇ ਰਹੇ। ਫਿਰ ਉਹ ਉੱਠ ਕੇ ਖੜ੍ਹੇ ਹੋ ਗਏ। ਗਿਣੇ-ਚੁਣੇ ਕਦਮਾਂ ਨਾਲ ਅਖਾੜੇ ਵਿੱਚ ਆ ਗਏ। ਤਾਰਿਆਂ ਦੀ ਲੋਅ ਹੇਠ, ਤ੍ਰੇਲ ਨਾਲ ਭਿੱਜੀ ਠੰਡੀ ਮਿੱਟੀ ਵਿੱਚ ਦੋ ਦੇਹਾਂ ਗੁਥਮਗੁੱਥਾ ਹੋ ਗਈਆਂ। ਉਹ ਜ਼ਮੀਨ ਨਾਲ ਚਿਪਕਿਆ ਹੋਇਆ ਸੀ। ਉਸ ਦਾ ਸਾਹ ਫੁੱਲ ਰਿਹਾ ਸੀ। ਉਹ ਪੂਰੀ ਤਾਕਤ ਨਾਲ ਮਿੱਟੀ ਨੂੰ ਫੜਨ ਦੀ ਕੋਸ਼ਿਸ਼ ਵਿੱਚ ਸੀ। ਸਦਾ ਨੰਦ ਨੇ ਆਪਣੇ ਜਿਸਮ ਦਾ ਪੂਰਾ ਭਾਰ ਉਸ 'ਤੇ ਪਾ ਦਿੱਤਾ। ਉਸ ਦੀ ਛਾਤੀ ਦੇ ਹੇਠਾਂ ਹੱਥ ਪਾਉਂਦੇ ਹੋਏ ਸਦਾ ਨੰਦ ਨੇ ਕਈ ਵਾਰ ਉਸ ਨੂੰ ਉਲਟਾਉਣ ਦੀ ਕੋਸ਼ਿਸ਼ ਕੀਤੀ ਪਰ ਨਾਕਾਮ ਰਹੇ। ਉਹ ਸਾਹ ਰੋਕੀ ਸਥਿਰ ਪਿਆ ਸੀ। ਮੂੰਹ ਮਿੱਟੀ ਵਿੱਚ ਦਿੱਤਾ ਹੋਇਆ ਸੀ। ਅਖੀਰ ਗੁਰੂ ਸਦਾ ਨੰਦ ਨੇ ਜ਼ਰਾ ਕੁ ਦਮ ਲੈਂਦਿਆਂ ਬਜਰੰਗ ਬਲੀ ਨੂੰ ਚੇਤੇ ਕੀਤਾ ਤੇ ਸਰੀਰ ਦੀ ਸਮੁੱਚੀ ਤਾਕਤ ਇਕੱਠੀ ਕਰਕੇ ਇਕੋ ਝਟਕੇ ਨਾਲ ਉਸ ਨੂੰ ਉਲਟ ਦਿੱਤਾ ਤੇ ਉੱਠ ਕੇ ਖੜ੍ਹੇ ਹੋ ਗਏ। ਪੱਤਰਕਾਰ ਉਹਨਾਂ ਦੇ ਪੈਰਾਂ ਵਿੱਚ ਚਿੱਤ ਪਿਆ ਰਿਹਾ।

"ਲਓ ਪੱਤਰਕਾਰ ਜੀ, ਤੁਹਾਡੀ ਇਹ ਤਮੰਨਾ ਵੀ ਪੂਰੀ ਹੋਈ। ਮੈਂ ਗਿਣਨਾ ਸ਼ੁਰੂ ਕਰਦਾਂ, ਇਕ.....।"

ਉਹ ਅੱਖਾਂ ਮੀਟੀ ਲਾਸ਼ ਵਾਂਗ ਅਹਿਲ ਸੀ।



"ਦੋ....., ਉੱਠਣ ਦੀ ਕੋਸ਼ਿਸ਼ ਕਰੋ।"

ਹੌਲੀ-ਹੌਲੀ ਉਤਰ ਰਹੇ ਹਨੇਰੇ ਨਾਲ ਉਸ ਦਾ ਜਿਸਮ ਇਕ-ਮਿੱਕ ਹੋ ਰਿਹਾ ਸੀ, ਜਿਵੇਂ ਹਨੇਰੇ ਦਾ ਹੀ ਇਕ ਹਿੱਸਾ ਹੋਵੇ। ਉਸ ਦੇ ਸਾਹਾਂ ਦੀ ਆਵਾਜ਼ ਵੀ ਮੱਧਮ ਸੀ।

"ਤਿੰਨ, ਚਾਰ, ਪੰਜ, ਛੇ, .....ਤੁਸੀਂ ਠੀਕ ਤਾਂ ਹੋ ?"

ਗੁਰੂ ਸਦਾ ਨੰਦ ਨੇ ਝੁਕ ਕੇ ਉਸ ਦੇ ਸਰੀਰ ਨੂੰ ਹੌਲੇ ਜਿਹੇ ਹਿਲਾਇਆ।

"ਸੱਤ, ਅੱਠ, ਨੌਂ, ਦਸ। ਬਸ। ਚਲੋ, ਖੇਲ ਖਤਮ। ਹੁਣ ਉੱਠੋ, ਸਰੀਰ ਨੂੰ ਝਾੜੋ ਤੇ ਕੱਪੜੇ ਪਾ ਲਓ। ਤਬੀਅਤ ਖਰਾਬ ਹੋ ਸਕਦੀ ਏ। ਇੰਟਰਵਿਊ ਹਾਲੇ ਬਾਕੀ ਏ ਜਾਂ..... ?"

ਉਹਨੇ ਬੇਜਾਨ ਜਿਹਾ ਹੱਥ ਅੱਗੇ ਵਧਾਇਆ। ਉਹਨਾਂ ਨੇ ਹੱਥ ਖਿੱਚ ਕੇ ਉਸ ਨੂੰ ਖੜ੍ਹਿਆਂ ਕਰ ਦਿੱਤਾ ਤੇ ਸਹਾਰਾ ਦਿੰਦੇ ਹੋਏ ਅਖਾੜੇ ਕੰਢੇ ਲੈ ਆਏ। ਉਹ ਘਾਹ 'ਤੇ ਖਿਲਰੇ ਪੱਤਿਆਂ 'ਤੇ ਪੈ ਗਿਆ ਤੇ ਗੁਰੂ ਸਦਾ ਨੰਦ ਕੱਪੜਿਆਂ ਦੇ ਢੇਰ ਵਿੱਚੋਂ ਉਸ ਦੀ ਕਮੀਜ਼ ਚੁੱਕ ਕੇ ਝਾੜਨ ਲੱਗਾ।

"ਤੁਸੀਂ ਬਹੁਤ ਥੱਕ ਗਏ ਹੋਵੋਂਗੇ। ਤੁਸੀਂ ਚਾਹੋਂ ਤਾਂ ਬਾਕੀ ਦਾ ਇੰਟਰਵਿਊ ਕੱਲ੍ਹ......।"

"ਨਹੀਂ, ਮੈਂ ਠੀਕ ਹਾਂ।" ਉਹ ਥੱਕੀ ਹੋਈ ਆਵਾਜ਼ ਵਿੱਚ ਸਹਿਜੇ ਜਿਹੇ ਬੋਲਿਆ।

"ਜਦੋਂ ਤੁਸੀਂ ਅਠਾਰਾਂ ਸਾਲ ਪਹਿਲਾਂ ਇਥੇ ਪਹਿਲੀ ਵਾਰ ਆਏ ਸੀ, ਉਸ ਵੇਲੇ ਦੀ ਅੱਜ ਨਾਲ ਤੁਲਨਾ ਕਰਦਿਆਂ ਤੁਹਾਨੂੰ ਬਹੁਤ ਅਜੀਬ ਲੱਗ ਰਿਹਾ ਹੋਵੇਗਾ ? ਉਸ ਵੇਲੇ ਰੌਸ਼ਨੀਆਂ ਤੇ ਹੁਣ ਉਜਾੜ, ਸੁੰਨਸਾਨ, .....ਪਰ ਕੁਸ਼ਤੀ ਦਾ ਸ਼ੌਂਕ ਹੁੰਦੇ ਹੋਏ ਵੀ ਤੁਸੀਂ ਏਧਰ ਨਹੀਂ ਆਏ ਦੁਬਾਰਾ ?" ਗੁਰੂ ਸਦਾ ਨੰਦ ਨੇ ਪੁੱਛਿਆ।

"ਦੁਬਾਰਾ ਆਇਆ ਹਾਂ ਨਾ, ਅੱਜ।"

"ਅੱਜ ਹਾਂ, ਪਰ ਏਨੇ ਸਾਲਾਂ ਬਾਅਦ ! ਪੂਰੇ ਅਠਾਰਾਂ ਸਾਲ ਬਾਅਦ ?"

"ਮੈਨੂੰ ਬਹੁਤ ਲੰਮੇ ਰਾਹ ਤੋਂ ਆਉਣਾ ਪਿਆ।" ਉਸ ਨੇ ਦੱਸਿਆ, "ਇਕ ਬਹੁਤ ਹੀ ਲੰਮਾ ਚੱਕਰ ਲਾ ਕੇ, ਪੂਰੀ ਦੁਨੀਆਂ ਦਾ ਚੱਕਰ।"

"ਪੂਰੀ ਦੁਨੀਆਂ ਦਾ ? ਮੈਂ ਸਮਝਿਆ ਨਹੀਂ।"

"ਹਾਂ, ਪੂਰੀ ਦੁਨੀਆਂ ਦਾ। ਲੰਡਨ, ਪੈਰਿਸ, ਨਿਊਯਾਰਕ। ਹੋਰ ਵੀ ਨਾ ਜਾਣੇ ਕਿਹੜਾ-ਕਿਹੜਾ ਸ਼ਹਿਰ !"

"ਤੁਹਾਨੂੰ ਕੰਮ ਦੇ ਸਿਲਸਿਲੇ ਵਿੱਚ ਜਾਣਾ ਪੈਂਦਾ ਹੋਵੇਗਾ। ਪੱਤਰਕਾਰਾਂ ਦੇ ਮਜ਼ੇ ਨੇ। .....ਤੁਸੀਂ ਆਪਣੀ ਅਖ਼ਬਾਰ ਦਾ ਕੀ ਨਾਂ ਦੱਸਿਆ ਸੀ ?"

ਉਹ ਚੁੱਪਚਾਪ ਜ਼ਮੀਨ 'ਤੇ ਪਿਆ ਰਿਹਾ। ਗੁਰੂ ਸਦਾ ਨੰਦ ਨੇ ਹਨੇਰੇ ਵਿੱਚ ਉਸ ਦੇ ਸਰੀਰ ਨੂੰ ਜ਼ਰਾ ਕੁ ਛੋਹਿਆ, ਫਿਰ ਪਿੱਠ 'ਤੇ ਹੱਥ ਫੇਰਿਆ। ਉਹ ਉਵੇਂ ਹੀ ਪਿਆ ਰਿਹਾ। ਉਸ ਦਾ ਅੰਦਰ ਥਕਾਵਟ ਨਾਲ ਪੂਰਾ ਭਰਿਆ ਪਿਆ ਸੀ। ਉਸ ਥਕਾਵਟ ਨਾਲ ਜਿਹੜੀ ਬੂੰਦ-ਬੂੰਦ ਕਰਕੇ ਜਮ੍ਹਾਂ ਹੁੰਦੀ ਰਹਿੰਦੀ ਹੈ। ਵਧਦੇ ਹਨੇਰੇ ਦਾ ਫਿਕਰ ਕਰਦੇ ਗੁਰੂ ਸਦਾ ਨੰਦ ਚਾਰੇ ਪਾਸੇ ਦੇਖ ਰਹੇ ਸਨ। ਹੁਣ ਹਵਾ ਵੀ ਤੇਜ਼ ਚੱਲਣ ਲੱਗੀ ਸੀ। ਗੁਰੂ ਸਦਾ ਨੰਦ ਨੇ ਗੇਟ ਤੋਂ ਪਾਰ ਕਿਸੇ ਆਹਟ ਨੂੰ ਕੰਨ ਲਾ ਕੇ ਸੁਣਿਆਂ। ਮੱਥੇ ਦਾ ਪਸੀਨਾ ਪੂੰਝਦੇ ਹੋਏ ਉੱਠ ਖੜੇ ਹੋਏ, ਗੇਟ ਵੱਲ ਤੁਰਨ ਲੱਗੇ। ਉਹ ਆਹਟ ਕੁਝ ਨੇੜੇ ਆਈ, ਫਿਰ ਦੂਰ ਚਲੇ ਗਈ। ਇੰਨੀ ਦੇਰ ਵਿੱਚ ਹੀ ਸਦੀਆਂ ਦੇ ਬਰਾਬਰ ਇਕ ਨਿਰਵਿਘਨ ਵਕਤ ਬੀਤ ਗਿਆ।

ਉਹ ਕੂਹਣੀਆਂ 'ਤੇ ਸਰੀਰ ਦਾ ਪੂਰਾ ਭਾਰ ਦਿੰਦੇ ਆਹਿਸਤਾ ਜਿਹੇ ਉੱਠ ਖੜਾ ਹੋਇਆ। ਪਹਿਲਾਂ ਉਸ ਨੇ ਅਸਮਾਨ ਵੱਲ ਦੇਖਿਆ, ਤਾਰਿਆਂ ਦਾ ਅਸੀਮ ਪਰਿਵਾਰ, ਫਿਰ ਹਨੇਰੇ ਵਿੱਚ ਚੁਪਾਸੇ ਦੇਖਣ ਲੱਗਾ। ਗੁਰੂ ਸਦਾ ਨੰਦ ਆਸ-ਪਾਸ ਨਹੀਂ ਸਨ। ਕਿਥੇ ਚਲੇ ਗਏ, ਉਹਨੇ ਸੋਚਿਆ ਤੇ ਅੱਖਾਂ ਗੱਡ ਕੇ ਹਨੇਰੇ ਵਿੱਚ ਦੇਖਣ ਦੀ ਕੋਸ਼ਿਸ਼ ਕੀਤੀ। ਗੁਰੂ ਸਦਾ ਨੰਦ ਗੇਟ ਵੱਲੋਂ ਆਉਂਦੇ ਦੂਰੋਂ ਦਿੱਸੇ। ਉਹ ਉੱਠ ਕੇ ਖੜਾ ਹੋ ਗਿਆ। ਹੁਣ ਉਹ ਆਪਣੇ ਆਪ ਨੂੰ ਕੁਝ ਠੀਕ ਮਹਿਸੂਸ ਕਰ ਰਿਹਾ ਸੀ ਤੇ ਅੰਦਰੋਂ ਵੀ ਬਹੁਤ ਸ਼ਾਂਤ ਸੀ।

"ਸਦਾ ਨੰਦ ਜੀ, ਤੁਹਾਡੇ ਨਾਲ ਇਕ ਕੁਸ਼ਤੀ ਹੋਰ ਲੜਨੀ ਏਂ।" ਉਹਨਾਂ ਦੇ ਨੇੜੇ ਆ ਜਾਣ 'ਤੇ ਉਸ ਨੇ ਆਖਿਆ।

"ਇਕ ਹੋਰ ਕੁਸ਼ਤੀ ?" ਗੁਰੂ ਸਦਾ ਨੰਦ ਹੈਰਾਨੀ ਤੇ ਬੇਯਕੀਨੀ ਨਾਲ ਦੇਖਣ ਲੱਗੇ।

"ਹਾਂ, ਇਕ ਕੁਸ਼ਤੀ ਹੋਰ।" ਉਸ ਨੇ ਕਿਹਾ।

"ਇਹ ਇੰਟਰਵਿਊ ਏ ਜਾਂ ਕੋਈ ਮਜ਼ਾਕ ? ਤੁਸੀਂ ਕੀ ਨਾਂ ਦੱਸਿਆ ਸੀ ਆਪਣੀ ਅਖ਼ਬਾਰ ਦਾ ? ਮੈਨੂੰ ਪਤਾ ਦਿਓ, ਮੈਂ ਸ਼ਿਕਾਇਤ ਕਰਾਂਗਾ। ਤੁਹਾਨੂੰ ਪੱਤਰਕਾਰ ਕਿਹਨੇ ਬਣਾ ਦਿੱਤਾ ? ਇਹ ਕੋਈ ਤਰੀਕਾ ਏ ? ਤੇ ਤੁਹਾਡਾ ਉਹ ਫੋਟੋਗ੍ਰਾਫਰ ਹਾਲੇ ਤੱਕ ਕਿਉਂ ਨਹੀਂ ਆਇਆ ?"

"ਮੁਆਫ ਕਰਨਾ ਸਦਾ ਨੰਦ ਜੀ, ਮੈਂ ਕੋਈ ਪੱਤਰਕਾਰ ਨਹੀਂ ਤੇ ਨਾ ਹੀ ਕੋਈ ਫੋਟੋਗ੍ਰਾਫਰ ਆਉਣ ਵਾਲਾ ਏ।" ਉਸ ਨੇ ਥੱਕੀ ਆਵਾਜ਼ ਵਿੱਚ ਕਿਹਾ।

"ਪੱਤਰਕਾਰ ਨਹੀਂ ਤਾਂ ਫਿਰ ਕੌਣ ਹੋ ? ਤੇ ਮੇਰੇ ਕੋਲ ਕਿਉਂ ਆਏ ਹੋ ?"

"ਮਨੋਵਿਗਿਆਨੀ ਹਾਂ ਇਕ।"

"ਉਹ ਕੀ ਹੁੰਦਾ ਏ ?"

"ਸਾਇਕੌਲੌਜੀ ਦਾ ਪ੍ਰੋਫੈਸਰ ਹਾਂ। ਪੈਰਿਸ ਯੂਨੀਵਰਸਟੀ ਵਿੱਚ ਪੜ੍ਹਾਉਂਦਾ ਹਾਂ। ਸਰੀਰ ਨਾਲ ਮੇਰਾ ਕੋਈ ਨਾਤਾ ਨਹੀਂ, ਮੇਰਾ ਵਾਹ ਮਨ ਨਾਲ ਏ ਪਰ ਲੱਗਦਾ ਏ ਜੋ ਸਰੀਰ ਤੇ ਆਤਮਾ ਨੂੰ ਇਵੇਂ ਵੰਡਦੇ ਨੇ ਉਹ ਕੁਝ ਵੀ ਨਹੀਂ ਜਾਣਦੇ, ਨਾ ਸਰੀਰ ਬਾਰੇ, ਨਾ ਹੀ ਆਤਮਾ ਬਾਰੇ। ਪਹਿਲਵਾਨ ਕੋਲ ਇਕ ਮਨ ਹੁੰਦਾ ਏ ਤੇ ਮਨੋਵਿਗਿਆਨੀ ਕੋਲ ਇਕ ਸਰੀਰ। ਦੁਨੀਆ ਭਰ ਦੀਆਂ ਯੂਨੀਵਰਸਿਟੀਆਂ ਵਿੱਚ ਲੈਕਚਰ ਦਿੰਦਾ ਹਾਂ, ਉਹ ਮੈਨੂੰ ਆਪਣੇ ਵੇਲੇ ਦਾ ਸਭ ਤੋਂ ਵੱਡਾ ਮਨੋਵਿਗਿਆਨੀ ਮੰਨਦੇ ਨੇ। ਪਰ ਹੁਣ ਉਸ ਦੇਸ਼ ਤੇ ਆਪਣੀ ਪਤਨੀ ਨਾਲੋਂ ਨਾਤਾ ਤੋੜ ਕੇ ਵਾਪਸ ਆ ਗਿਆ ਹਾਂ, ਅੱਜ ਹੀ.....।"

"ਤੁਸੀਂ ਪੈਰਿਸ ਤੋਂ ਆਏ ਹੋ ਤੇ ਸਿੱਧੇ ਮੇਰੇ ਕੋਲ, ਕਿਉਂ, ਕਿਸ ਇਰਾਦੇ ਨਾਲ ?"

"ਤੁਹਾਡੇ ਨਾਲ ਕੁਸ਼ਤੀ ਲੜਨ।"

ਗੁਰੂ ਸਦਾ ਨੰਦ ਹੈਰਾਨ ਹੋਏ ਉਸ ਵੱਲ ਦੇਖਦੇ ਜਾ ਰਹੇ ਸਨ।

"ਆਓ, ਇਕ ਕੁਸ਼ਤੀ ਹੋਰ ਹੋ ਜਾਵੇ। ਇਹ ਆਖਰੀ ਹੋਵੇਗੀ, ਬਸ, ਇਸ ਤੋਂ ਬਾਅਦ ਨਹੀਂ।"

"ਨਹੀਂ, ਮੈਨੂੰ ਮੁਆਫ ਕਰੋ। .....ਮੈਨੂੰ ਕੁਝ ਸਮਝ ਨਹੀਂ ਲੱਗ ਰਹੀ।"

"ਆਓ, ਇਕ ਕੁਸ਼ਤੀ ਹੋਰ।"

"ਨਹੀਂ, ਬਸ ਹੋ ਚੁੱਕਾ।"

ਆਪਣੀ ਗਦਾ ਘੜੀਸਦੇ ਸਦਾ ਨੰਦ ਆਪਣੀ ਕੋਠੜੀ ਵੱਲ ਜਾਣ ਲੱਗੇ।



"ਸਦਾ ਨੰਦ !" ਉਸ ਨੇ ਚੀਕ ਕੇ ਕਿਹਾ, "ਕਿਸੇ ਗਲਤ ਫਹਿਮੀ ਵਿੱਚ ਨਾ ਰਹਿਣਾ। ਰਿਹਾ ਹੋਵੇਂਗਾ ਆਪਣੇ ਵੇਲੇ ਦਾ ਵੱਡਾ ਪਹਿਲਵਾਨ ! ਪਰ ਹੁਣ ਕੁਝ ਨਹੀਂ ਬਚਿਆ ਤੇਰੇ ਅੰਦਰ।"

ਆਪਣੀ ਜਗ੍ਹਾ ਠਿਠਕ ਕੇ ਖੜੇ ਹੋ ਗਏ ਗੁਰੂ ਸਦਾ ਨੰਦ।

"ਤੇਰੀਆਂ ਹੱਡੀਆਂ ਨੂੰ ਜੰਗਾਲ਼ ਲੱਗ ਚੁੱਕਾ ਏ। ਪਹਿਲਵਾਨ ਕਹਿੰਦਾ ਏਂ ਆਪਣੇ ਆਪ ਨੂੰ ? .....ਤੇਰੀ ਕਾਇਆ ਹੁਣ ਇਕ ਪਰਛਾਵਾਂ ਏਂ ਬਸ, ਕਿਸੇ ਪੁਰਾਣੇ ਵੇਲੇ ਦਾ। ਅੰਦਰੋਂ ਖਾਲੀ ਹੋ ਚੁੱਕਿਆ ਏਂ ਤੂੰ, ਖੋਖਲਾ, ਖਤਮ !"

ਗਦਾ ਗੁਰੂ ਸਦਾ ਨੰਦ ਦੇ ਹੱਥੋਂ ਹੇਠਾਂ ਡਿਗ ਪਈ। ਉਹ ਮੁੜੇ ਤੇ ਭੱਜਦੇ ਹੋਏ ਆਏ। ਉਹਨਾਂ ਅਖਾੜੇ ਦੇ ਕੰਢੇ ਹੀ ਉਹਨੂੰ ਦਬੋਚ ਲਿਆ।

"ਕੌਣ ਏਂ ਤੂੰ ? ਕਿਉਂ ਆਇਆ ਏਂ ਤੇ ਕੀ ਚਾਹੁੰਨਾ ਏਂ ?" ਆਪਣੇ ਹਫਦੇ ਸਾਹਾਂ ਤੇ ਪਸੀਨੇ ਨਾਲ ਤਰ ਸਰੀਰ ਨਾਲ, ਗੁਰੂ ਸਦਾ ਨੰਦ ਨੇ ਚੀਕਦੇ ਹੋਏ ਕਿਹਾ।

"ਮੈਂ ਪਹਿਲਾਂ ਆ ਜਾਂਦਾ ਪਰ ਉਹ ਸਦਾ ਰੋਕਦੀ ਰਹੀ। ਉਸ ਦੇ ਮਰਨ ਤੋਂ ਬਾਅਦ ਹੀ ਆ ਸਕਿਆਂ। .....ਦਸ ਦਿਨ ਪਹਿਲਾਂ.....।"

"ਕੀ ਹੋਇਆ ਦਸ ਦਿਨ ਪਹਿਲਾਂ..... ?"

"ਕੁਝ ਵੀ ਨਹੀਂ। ਮਾਂ ਨੇ ਆਪਣੇ ਦਿਲ ਨੂੰ ਬਸ ਜ਼ਰਾ ਕੁ ਦਬਾਇਆ ਸੀ, ਇਥੇ, ਇਸ ਥਾਂ। ਮੇਰੀ ਪਤਨੀ ਬਹੁਤ ਘਬਰਾ ਗਈ ਤੇ ਟੈਲੀਫੋਨ ਵੱਲ ਭੱਜੀ। ਪਲਕ ਝਮਕਦੇ ਹੀ ਸਭ ਖਤਮ ਹੋ ਗਿਆ ਸੀ।"

"ਫਿਰ ?"

"ਮੈਂ ਫਰਸ਼ 'ਤੇ ਬਹਿ ਗਿਆ ਸਾਂ। ਮੇਰਾ ਅੰਦਰ ਬਹੁਤ ਸ਼ਾਂਤ ਸੀ। ਮੇਰੇ ਲਈ ਇਹੋ ਬਹੁਤ ਸੀ ਕਿ ਉਹ ਆਰਾਮ ਨਾਲ ਮਰੀ ਸੀ, ਬਿਨਾਂ ਕਿਸੇ ਤਕਲੀਫ ਤੋਂ, ਅਠਾਰਾਂ ਸਾਲ ਪਹਿਲਾਂ ਜਿੱਦਾਂ ਮੇਰਾ ਬਾਪ ਮਰਿਆ ਸੀ, ਉਦਾਂ ਨਹੀਂ। .....ਮੇਰੀ ਪਤਨੀ, ਜਨੀਨ ਉਸ ਮੁਲਕ ਦੀ ਏ, ਉਹ ਮੇਰੇ ਕੋਲ ਬਹਿ ਗਈ ਸੀ। ਉਹਨੇ ਮੇਰੇ ਹੱਥਾਂ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਪਰ ਮੈਂ ਹੌਲੇ ਜਿਹੇ ਆਪਣੇ ਹੱਥ ਛੁਡਾ ਲਏ ਸਨ। ਮੇਰੇ ਵੱਲ ਦੇਖਦਿਆਂ ਉਸ ਨੇ ਕਿਹਾ ਸੀ, 'ਹੁਣ ?' ਤੇ ਮੈਂ ਕਿਹਾ ਸੀ, 'ਮੈਂ ਦਸਤਖਤ ਕਰ ਦੇਵਾਂਗਾ।' ਉਹ ਚੁੱਪਚਾਪ ਰੋਣ ਲੱਗੀ ਸੀ।"

"ਕਿਸ ਗੱਲ ਦੇ ਦਸਤਖਤ ?"

"ਤਾਲਾਕ ਦੇ ਕਾਗਜ਼ਾਂ 'ਤੇ, ਹੋਰ ਕੀ ? ਉਹ ਮੇਰੀ ਵਿਦਵਤਾ 'ਤੇ ਮਰ ਮਿਟੀ ਸੀ ਪਰ ਵਿਆਹ ਤੋਂ ਬਾਅਦ ਜਦੋਂ ਮੇਰੇ ਖਿਆਲਾਂ ਦੇ ਕੁਣਬੇ ਵਿੱਚ ਸ਼ਾਮਲ ਹੋਣਾ ਪਿਆ ਤਾਂ.....। ਮੇਰੇ ਅਤੀਤ ਤੋਂ ਉਸ ਨੂੰ ਨਫਰਤ ਸੀ ਤੇ ਮੇਰੇ ਰਾਤਾਂ ਨੂੰ ਬੁੜਬੁੜਾਉਣ ਤੋਂ ਵੀ। ਕਈ ਸਾਲਾਂ ਤੋਂ ਹੀ ਅਲੱਗ ਰਹਿਣਾ ਚਾਹੁੰਦੀ ਸੀ, ਇਸੇ ਲਈ ਮੈਂ ਪਰਿਵਾਰ ਨਹੀਂ ਵਧਾਇਆ। ਮੈਂ ਹੀ ਉਹਨੂੰ ਬੇਨਤੀ ਕੀਤੀ ਸੀ ਕਿ ਮੇਰੀ ਮਾਂ ਦੇ ਰਹਿੰਦੇ.....।"

ਤਾਰਿਆਂ ਦੀ ਲੋਅ ਹੇਠ, ਮਿੱਟੀ ਤੇ ਪਸੀਨੇ ਨਾਲ ਲੱਥ-ਪੱਥ, ਇਕ ਦੂਜੇ ਨਾਲ ਗੁਥਮਗੁੱਥਾ, ਦੋ ਜਦੋ-ਜ਼ਹਿਦ ਕਰਦੇ ਸਰੀਰ।

"ਇਥੇ ਕਿਉਂ ਆਇਆ ਏਂ ਤੂੰ ?"

"ਇਹ ਹਰ ਪੁੱਤ ਨੂੰ ਕਰਨਾ ਹੀ ਪੈਂਦਾ ਏ ਨਾ। ਹੱਡੀਆਂ ਦੀ ਰਾਖ਼ ਗੰਗਾ ਵਿੱਚ ਪਾਉਣੀ ਹੁੰਦੀ ਏ। ਉਸੇ ਲਈ ਆਇਆਂ, ਪੰਜ ਹਜ਼ਾਰ ਕਿਲੋਮੀਟਰ ਦੂਰੋਂ, ਦੇਖ, ਉਹ ਰਿਹਾ ਬੈਗ, ਜਿਹਦੇ

ਵਿੱਚ ਮੇਰੀ ਮਾਂ ਦੇ ਫੁੱਲ ਨੇ। ਉਹੀ ਵਾਪਸ ਲਿਆ ਸਕਿਆਂ ਉਸ ਮੁਲਕ ਤੋਂ, ਤੇ ਨਾਲ ਆਪਣੇ ਪਿਓ ਦਾ ਚਾਕੂ।"

"ਚਾਕੂ ?"

"ਚਾਕੂ ਨਹੀਂ, ਛੁਰਾ। ਉਹ ਮੇਰੀ ਕੰਧ 'ਤੇ ਟੰਗਿਆ ਰਹਿੰਦਾ ਸੀ। ਉਸ ਨੂੰ ਮੇਰੀ ਮਾਂ ਦੇਖਦੀ ਰਹਿੰਦੀ ਸੀ। ਉਸ ਦੀਆਂ ਅੱਖਾਂ ਤੇ ਮੂੰਹ ਵਿੱਚ ਇਕੋ ਸਮੇਂ ਪਾਣੀ ਆ ਜਾਂਦਾ ਸੀ। .....ਉਸੇ ਛੁਰੇ ਨਾਲ ਮਾਰਦਾ ਸੀ ਮੇਰਾ ਬਾਪ।"

"ਮਾਰਦਾ ਸੀ ? .....ਕੀ ? .....ਕਿਹਨੂੰ ?"

"ਉਹਨੇ ਜੰਗਲੀ ਸੂਰ ਨੂੰ ਮਾਰਨ ਲਈ ਕਦੇ ਵੀ ਉਹਦੇ ਮੂੰਹ ਵਿੱਚ ਗੰਧਕ-ਪੁਟਾਸ਼ ਨਹੀਂ ਪਾਈ, ਨਾ ਹੀ ਕਦੇ ਜਾਲ ਲਾ ਕੇ ਮਾਰਿਆ। ਇਹਨਾਂ ਤਰੀਕਿਆਂ ਨਾਲ ਉਹਨੂੰ ਨਫਰਤ ਸੀ। ਉਹ ਖੁੱਲ੍ਹੇ ਮੈਦਾਨ ਵਿੱਚ ਛੁਰੇ ਨਾਲ ਮਾਰਦਾ ਸੀ, ਲਹੂ ਲੁਹਾਨ ਹੋ ਜਾਂਦਾ ਸੀ। ਇੰਨਾ ਤਾਕਤਵਰ ਸੀ ਉਹ। ਤੜਫ ਤੜਫ ਕੇ ਸੂਰ ਦਮ ਤੋੜ ਦਿੰਦਾ। ਬਾਅਦ ਵਿੱਚ ਖੂਨ ਨਾਲ ਲਿਬੜਿਆ, ਥੱਕਿਆ-ਟੁੱਟਿਆ ਮੇਰਾ ਪਿਓ ਸਾਰਾ ਦੁਪਹਿਰਾ ਸੁੱਤਾ ਰਹਿੰਦਾ। ਛੁਰਾ ਨਾ ਹੋਵੇ ਤਾਂ ਲਾਠੀ, ਪੱਥਰ, ਹਥੌੜਾ, ਕੁਹਾੜਾ, ਕੁਝ ਵੀ। ਇਹੋ ਸੀ ਸਾਡਾ ਜੱਦੀ-ਪੁਸ਼ਤੀ ਕੰਮ। ਮੈਨੂੰ ਕਦੇ ਨਹੀਂ ਸਿਖਾਇਆ ਤੇ ਨਾ ਹੀ ਛੁਰੇ ਨੂੰ ਹੱਥ ਲਾਉਣ ਦਿੱਤਾ, ਮੈਂ ਪੜ੍ਹਾਈ ਵਿੱਚ ਚੰਗਾ ਜਿਉਂ ਸਾਂ। ....ਸੂਰ ਦੀ ਚਰਬੀ, ਗੋਸ਼ਤ ਤੇ ਕਰੜੀ ਮਿਹਨਤ ਨਾਲ ਉਹਨੇ ਆਪਣਾ ਸਰੀਰ ਬਣਾਇਆ ਸੀ। ਧੁੱਪ ਵਿੱਚ ਚਮਕਦਾ ਸੀ। ਉਹਦੀ ਤਮੰਨਾ ਸੀ ਪਹਿਲਵਾਨ ਬਣਨ ਦੀ, ਮੈਂ ਦੱਸਿਆ ਸੀ ਨਾ। ਗੁੰਡੇ ਵੀ ਉਹਨੂੰ ਸਲਾਮ ਕਰਦੇ ਸਨ। ਦੂਰੋਂ ਲੰਘ ਜਾਂਦੇ ਸਨ। ਪਰ ਅਠਾਰਾਂ ਸਾਲ ਪਹਿਲਾਂ ਮੈਂ ਦੇਖਿਆ, ਉਹ ਹਾਰੇ ਹੋਏ ਮੂੰਹ ਨਾਲ ਕਮਰੇ ਵਿੱਚ ਟਹਿਲ ਰਿਹਾ ਸੀ, ਖਿੜਕੀ ਬਾਹਰ ਦੂਰ ਕਿਤੇ ਝਾਕ ਰਿਹਾ ਸੀ। ਜਿੱਦਾਂ ਦੁਨੀਆ ਨੂੰ ਆਖਰੀ ਵਾਰ ਦੇਖ ਰਿਹਾ ਹੋਵੇ। ਰੰਗ ਦਾ ਕਾਲ਼ਾ ਸੀ ਪਰ ਉਸ ਦਿਨ ਐਨਾ ਕਾਲਾ ਲੱਗ ਰਿਹਾ ਸੀ ਜਿੱਦਾਂ ਕਾਲੀ-ਬੋਲੀ ਰਾਤ ਦਾ ਰੰਗ ਹੁੰਦਾ ਏ।"

"ਖਿੜਕੀ ਤੋਂ ਬਾਹਰ ? .....ਕੀ ਸੀ ਬਾਹਰ ?"

"ਲੋਕ ਹੀ ਲੋਕ, ਤਿਲ ਸੁੱਟਣ ਲਈ ਜਗ੍ਹਾ ਨਹੀਂ। ਜਿੱਦਾਂ ਪੂਰਾ ਸ਼ਹਿਰ ਹੀ ਆ ਇਕੱਠਾ ਹੋ ਗਿਆ ਹੋਵੇ। ਸ਼ਾਮਿਆਨੇ ਤੇ ਜਗਮਗਾਉਂਦੀਆਂ ਰੌਸ਼ਨੀਆਂ। ਵਾਜਿਆਂ ਤੇ ਨਗਾਰਿਆਂ ਦਾ ਸ਼ੋਰ। ਉਸ ਦਿਨ, .....ਉਸ ਦਿਨ ਮਹਾਨ ਪਹਿਲਵਾਨ ਗੁਰੂ ਸਦਾ ਨੰਦ ਦੀ ਆਖਰੀ ਕੁਸ਼ਤੀ ਸੀ। ਉਹ ਜੋ ਸਾਹਮਣੇ ਕੰਧ ਏ, ਇਹ ਉਸ ਵਕਤ ਨਹੀਂ ਸੀ। ਉਸ ਦੇ ਪਿੱਛੇ ਹੀ ਤਾਂ ਸੀ ਸਾਡਾ ਘਰ, ਸਾਡੀ ਬਸਤੀ। ਹੁਣ ਤਾਂ ਉਹ ਵੀ ਉਜੜ ਗਈ।"

ਗੁਰੂ ਸਦਾ ਨੰਦ ਸਾਹ ਰੋਕੀ ਸੁਣ ਰਹੇ ਸਨ।

"ਜਦੋਂ ਹੋ ਚੁੱਕੀ ਆਖਰੀ ਕੁਸ਼ਤੀ ਤਾਂ ਲਾਊਡ ਸਪੀਕਰ ਤੋਂ ਐਲਾਨ ਕੀਤਾ ਗਿਆ, 'ਕੋਈ ਹੋਰ ਹੈ ਤਾਂ ਸਾਹਮਣੇ ਆਵੇ। ਸਭ ਨੂੰ ਚਣੌਤੀ ਏ ਕਿ ਕੋਈ ਵੀ ਮਾਈ ਦਾ ਲਾਲ ਆਵੇ, ਗੁਰੂ ਸਦਾ ਨੰਦ ਕੁਸ਼ਤੀ ਲੜਨਗੇ।' ਭੀੜ ਵਿੱਚੋਂ ਨਿਕਲ ਕੇ ਮੇਰਾ ਬਾਪ ਸਾਹਮਣੇ ਆਇਆ ਸੀ। ਉਹ ਹੌਲੀ ਹੌਲੀ ਅੱਗੇ ਵਧਿਆ ਸੀ। ਮੈਂ ਉਹਦੇ ਪਿੱਛੇ ਸਾਂ। ਉਹ ਗੁਰੂ ਜੀ ਦੇ ਪੈਰ ਛੂਹਣ ਲਈ ਝੁਕਿਆ। ਗੁਰੂ ਜੀ ਨੇ ਉਹਦੇ ਵੱਲ ਦੇਖਿਆ ਤੇ ਉਹਨੂੰ ਪੱਛਾਣ ਕੇ ਕਿਹਾ ਸੀ.....।"

"ਕੀ ਕਿਹਾ ਸੀ ?" ਗੁਰੂ ਸਦਾ ਨੰਦ ਨੇ ਕੁਝ ਚੇਤੇ ਕਰਨ ਦੀ ਕੋਸ਼ਿਸ਼ ਕਰਦਿਆਂ ਪੁੱਛਿਆ।

"ਕਿਹਾ ਸੀ, 'ਹੁਣ ਇਹ ਦਿਨ ਵੀ ਆ ਗਏ ! ਹੁਣ ਤਾਂ ਸ਼ੂਦਰ ਵੀ ਕੁਸ਼ਤੀ ਲੜਨ ਲੱਗੇ ਨੇ !' ਫਿਰ ਕਿਹਾ ਸੀ.....।"



"ਕੀ ? ਫਿਰ ਕੀ ਕਿਹਾ ?"

"ਕਿਹਾ ਸੀ, 'ਚੱਲ ਹਟ, ਮੈਂ ਸ਼ੂਦਰ ਨਾਲ ਲੜਾਂਗਾ ਆਖਰੀ ਕੁਸ਼ਤੀ' ?"

ਗੁਰੂ ਸਦਾ ਨੰਦ ਦਾ ਸਰੀਰ ਬਰਫ ਵਾਂਗ ਠੰਡਾ ਪੈ ਗਿਆ।

"ਦੁਨੀਆ ਭਰ ਵਿੱਚ ਲੈਕਚਰ ਦੇਣ ਜਾਂਦਾ ਹਾਂ। ਉਹ ਕਹਿੰਦੇ ਨੇ ਕਿ ਮੈਂ ਆਪਣੇ ਸਮੇਂ ਦਾ ਸਭ ਤੋਂ ਵੱਡਾ ਮਨੋਵਿਗਿਆਨੀ ਹਾਂ। ਉਹ ਕਹਿੰਦੇ ਨੇ ਕਿ ਮੈਂ ਖੋਜ ਕਰਾਂਗਾ, ਆਦਮੀ ਦੇ ਮਨ ਤੇ ਆਤਮਾ ਦੇ ਸਾਰੇ ਭੇਤ ਖੋਹਲਾਂਗਾ ਜੋ ਹਾਲੇ ਤੱਕ ਨਹੀਂ ਜਾਣੇ ਗਏ। .....ਰੋਜ਼ ਰਾਤ ਨੂੰ ਆਪਣੀ ਨੀਂਦ ਵਿੱਚ ਸੁਫਨਿਆਂ ਵਿੱਚ ਇਕ ਕੁਸ਼ਤੀ ਲੜਦਾ ਹਾਂ, ਬਿਸਤਰ ਵਿੱਚ ਪਿਆ ਪਸੀਨੇ ਨਾਲ ਭਿੱਜ ਜਾਂਦਾ ਹਾਂ। ਕਿੰਨੀਆਂ ਕਿਤਾਬਾਂ ਲਿਖ ਮਾਰੀਆਂ, ਕਿੰਨੇ ਆਰਟੀਕਲ ਪਰ ਉਹ ਜ਼ਖ਼ਮ.....! ਮੇਰਾ ਬਾਪ ਜਿਹਨੂੰ ਮੈਂ ਦੁਨੀਆ ਸਭ ਤੋਂ ਤਾਕਤਵਰ ਆਦਮੀ ਸਮਝਦਾ ਸਾਂ, ਕਿੰਨਾ ਕਮਜ਼ੋਰ ਨਿਕਲਿਆ, ਤੇ ਉਸ ਦਾ ਛੁਰਾ ਕਿੰਨਾ ਮਾਮੂਲੀ ! ਉਸ ਵੇਲੇ ਦੇ ਸਭ ਤੋਂ ਮਹਾਨ ਪਹਿਲਵਾਨ ਦੇ ਕੋਲ ਉਹ ਕਿਹੋ ਜਿਹੀ ਕਟਾਰ ਸੀ ਤੇ ਕਿਹੋ ਜਿਹੀ ਸੀ ਉਸ ਦੀ ਧਾਰ.....! ਅੱਜ ਤੱਕ ਵਹਿੰਦਾ ਏ ਖੂਨ !"

ਗੁਰੂ ਸਦਾ ਨੰਦ ਅਖਾੜੇ ਵਿੱਚ ਚਿੱਤ ਪਏ ਸਨ।

"ਮੈਂ ਗਿਣਨਾ ਸ਼ੁਰੂ ਕਰਦਾ ਹਾਂ," ਉਸ ਨੇ ਕਿਹਾ, "ਇਕ, ਦੋ, ਤਿੰਨ, ਚਾਰ.....।"

ਪਰ ਅੰਦਰੋਂ ਉੱਠੇ ਉਬਾਲ ਕਾਰਨ ਭਰੇ ਗਲ਼ੇਥ ਵਿੱਚੋਂ ਨੌਂ ਹੀ ਨਿਕਲੇ। ਉਹ ਕਹਿ ਹੀ ਨਹੀਂ ਸਕਿਆ- 'ਦਸ, ਬਸ, ਲਓ ਖੇਲ ਖਤਮ।' ਉਹ ਅਚਾਨਕ ਉੱਠਿਆ ਤੇ ਆਪਣੇ ਕੱਪੜੇ ਚੁੱਕ ਕੇ ਮੈਦਾਨ ਦੇ ਹਨੇਰੇ ਸੁੰਨਸਾਨ ਕੋਨੇ ਵੱਲ ਚਲੇ ਗਿਆ। ਸਦਾ ਨੰਦ ਦੂਰੋਂ ਆਉਂਦੀਆਂ ਉਸ ਦੀਆਂ ਹਿਚਕੀਆਂ ਦੀ ਆਵਾਜ਼ ਸੁਣਦੇ ਹੋਏ ਮਿੱਟੀ ਵਿੱਚ ਪਏ ਰਹੇ। ਥੋੜ੍ਹੀ ਦੇਰ ਬਾਅਦ ਉਹ ਉੱਠੇ ਤੇ ਆਪਣੀ ਗਦਾ ਘੜੀਸਦੇ ਹੋਏ, ਚੁੱਪ, ਥੱਕੇ ਹੋਏ ਕਦਮਾਂ ਨਾਲ ਆਪਣੀ ਕੋਠੜੀ ਵੱਲ ਤੁਰਨ ਲੱਗੇ।

---

**ਬਾਕੀ ਦਾ ਪੰਨਾ ਨੰ. 55 'ਤੇ**

ਮਹਾਰੁਖਸਾਰ ਦੀ ਸ਼ੇਰਨੀ ਵਰਗੀਆਂ ਮਗਰੂਰ ਅੱਖਾਂ ਸਭ ਦੇ ਦਿਲਾਂ 'ਤੇ ਅਸਰ ਕਰ ਗਈਆਂ। '...ਨ੍ਹੀਂ ! ਇਹ ਜ਼ਰੂਰ ਜਾਣਦੀ ਏ..., ਚੰਗੀ ਤਰ੍ਹਾਂਜਾਣਦੀ ਏ...,' ਮੱਥੇ 'ਤੇ ਵਲ਼ ਕੱਸੇ ਗਏ, 'ਸਭ ਕੁਝ ਬਦਲ ਗਿਆ, ...ਨ੍ਹੀਂ ਖੋਤੇ ਨ੍ਹੀਂ..., ਆਪਣੇ ਆਪ ਨੂੰ ਸੰਭਾਲ ਉਲੂ ਦੇ ਪੱਠੇ !'

ਉਸ ਦੀ ਨਿਗਾਹ ਮਹਾਰੁਖਸਾਰ ਦੀ ਮੁਸਕ੍ਰਾਹਟ ਤੋਂ ਤਿਲਕ ਗਈ। ਠੰਢਾ ਪਸੀਨਾ ਲੱਕ ਤੋਂ ਵਹਿਣ ਲੱਗਾ। ਅਣਜਾਣੇ ਵਿੱਚ ਹੀ ਉਹਨੂੰ ਮਹਾਰੁਖਸਾਰ ਦੇ ਇਸ ਬਹਾਦਰੀ ਭਰੇ ਵਿਵਹਾਰ ਨਾਲ ਈਰਖਾ ਹੋਈ ਤੇ ਜਿਹੜਾ ਪ੍ਰਸੰਸਾ ਦਾ ਭਾਵ ਉਭਰਿਆ ਸੀ, ਗੁੰਮ ਹੋ ਗਿਆ। ਉਸ ਦੀ ਥਾਂ ਗੁੱਸੇ ਤੇ ਕ੍ਰੋਧ ਨੇ ਲੈ ਲਈ। ਹੁਣ ਉਸ ਨੇ ਆਪਣੇ ਆਪ 'ਤੇ ਪੂਰਾ ਕਾਬੂ ਪਾ ਲਿਆ। ਸਾਰੇ ਫਿਕਰਾਂ ਤੇ ਖਿਆਲਾਂ ਉਪਰ ਕਾਬੂ ਪਾਉਂਦਿਆਂ ਉਹ ਜ਼ੋਰ ਨਾਲ ਚੀਕੀਆ, "ਫਾਇਰ !"

ਸੱਤ ਜਲਦੇ ਹੋਏ ਅੰਗਿਆਰ, ਸੱਤ ਪਿਘਲਦੇ ਹੋਏ ਲੋਹੇ ਦੇ ਟੁਕੜੇ ਇਕੋ ਵਾਰ ਨਿਕਲੇ ਜੋ ਮਹਾਰੁਖਸਾਰ ਦੇ ਸੀਨੇ ਵਿੱਚ ਜਾ ਵੱਜੇ ਤੇ ਉਸ ਦੀ ਦੇਹ ਨੂੰ ਛਲਣੀ ਕਰ ਗਏ। ਗੋਲ਼ੀਆਂ ਦੀ ਆਵਾਜ਼ ਉਸ ਸੁੰਨਸਾਨ ਮੈਦਾਨ ਵਿੱਚ ਗੂੰਜੀ ਤੇ ਦੂਜੇ ਹੀ ਪਲ ਉਹੀ ਮੌਤ ਦਾ ਸਨਾਟਾ ਪਹਾੜਾਂ ਵਿੱਚ ਵੀ ਫੈਲ ਗਿਆ। ਬੂੰਦ-ਬੂੰਦ ਖੂਨ, ਮਹਾਰੁਖਸਾਰ ਦੀ ਮੁਰਦਾ ਦੇਹ ਵਿੱਚ ਹੋਏ ਸੁਰਾਖਾਂ ਵਿੱਚੋਂ ਨਿਕਲਣ ਲੱਗਾ। ਉਸ ਦੇ ਲਿਬਾਸ ਦੇ ਲੰਮੇ ਦਾਮਨ ਨੂੰ ਲਾਲ ਛੱਪੜ ਬਣਾਉਂਦਾ, ਕੁਰਦਸਤਾਨ ਦੀ ਸੁੱਕੀ ਜ਼ਮੀਨ ਨੂੰ ਸਿੰਜਣ ਲੱਗਾ।

## ਸਨੀ ਲਿਓਨੀ/ਰਵੀ ਬੁੱਲੇ

ਸਿਲਵਰ ਸਪੌਟ ਕੋ-ਓਪਰੇਟਿਵ ਹਾਊਸਿੰਗ ਸੁਸਾਇਟੀ ਵਿੱਚ ਦੋ ਵਿੰਗ ਸਨ। ਜਿਹਨਾਂ ਵਿੱਚ ਇਕ-ਇਕ ਦਰਜਨ ਫਲੈਟ ਸਨ। ਲਗਭਗ ਹਰ ਘਰ ਵਿੱਚ ਛੋਟੇ-ਛੋਟੇ ਕਿਸ਼ੋਰ ਉਮਰ ਦੇ ਬੱਚੇ ਸਨ। ਸਭ ਮਿਲ ਕੇ ਖੇਡਦੇ, ਲੜਦੇ-ਝਗੜਦੇ। ਰੁਸਦੇ-ਮੰਨਦੇ। ਸ਼ਰਾਰਤਾਂ-ਸ਼ਿਕਾਇਤਾਂ ਕਰਦੇ। ਆਖਰ ਇਕੱਠੇ ਹੋ ਜਾਂਦੇ। ਸੁਸਾਇਟੀ ਦੇ ਲੋਕ ਪੜ੍ਹੇ-ਲਿਖੇ, ਸਮਝਦਾਰ ਸਨ। ਬੱਚਿਆਂ ਦੀਆਂ ਵਾਜਬ ਸ਼ਿਕਾਇਤਾਂ ਉਪਰ ਹੀ ਧਿਆਨ ਦਿੰਦੇ ਸਨ। ਇਵੇਂ ਆਪਸੀ ਸੰਬੰਧ ਬਹੁਤ ਵਧੀਆ ਬਣੇ ਰਹਿੰਦੇ। ਮੁੰਬਈ ਦੀ ਭੱਜਦੌੜ ਭਰੀ ਜ਼ਿੰਦਗੀ ਵਿੱਚ ਛੋਟੀਆਂ-ਛੋਟੀਆਂ ਗੱਲਾਂ ਲਈ ਵਕਤ ਨਹੀਂ ਸੀ। ਜ਼ਿਆਦਾਤਰ ਲੋਕ ਸਵੇਰੇ ਨਿਕਲ ਜਾਂਦੇ ਤੇ ਗਈ ਰਾਤ ਮੁੜਦੇ। ਵੀਕਐਂਡ ਪਰਿਵਾਰ ਨਾਲ ਮਨਾਉਂਦੇ। ਮਹੀਨੇ ਦੇ ਦੂਜੇ ਐਤਵਾਰ ਨੂੰ ਜ਼ਰੂਰ ਹਮੇਸ਼ਾ ਵਾਂਗ ਸੁਸਾਇਟੀ ਦੇ ਕਾਮਨ ਰੂਮ ਵਿੱਚ ਆਦਮੀਆਂ ਦਾ ਇਕੱਠ ਜਮ੍ਹਾਂ ਹੋ ਜਾਂਦਾ ਜਿਸ ਦਾ ਨਾਂ ਮੰਥਲੀ ਮੀਟਿੰਗ ਸੀ। ਕੋਈ ਕੰਮ ਦੀ ਗੱਲ ਹੁੰਦੀ ਤਾਂ ਠੀਕ ਨਹੀਂ ਤਾਂ ਇਕ-ਦੋ ਘੰਟੇ ਗੱਪਾਂ ਮਾਰਦੇ।

ਇਸ ਵਾਰ ਸਭ ਆਮ ਵਾਂਗ ਚੱਲ ਰਿਹਾ ਸੀ ਕਿ ਅਚਾਨਕ ਮਹੌਲ ਗਰਮਾ ਗਿਆ। ਗੱਲਾ-ਗੱਲਾਂ ਵਿੱਚ ਬੀ-3 ਦੇ ਆਲੋਕ ਚੈਟਰਜੀ ਨੇ ਏ-4 ਵਾਲੇ ਆਰ ਪ੍ਰਭਾਕਰ ਨੂੰ ਕਿਹਾ, "ਆਪਣੀ ਬੱਚਾ-ਪਾਰਟੀ ਵੱਡੀ ਹੋ ਰਹੀ ਏ, ਤੁਸੀਂ ਧਿਆਨ ਰੱਖ ਰਹੇ ਹੋ ਕਿ ਨਹੀਂ ?"

"ਬਿਲਕੁਲ ਰੱਖ ਰਿਹਾਂ, ਸਭ ਨੂੰ ਦੇਖਦਾਂ, .....ਵੱਡੇ ਤਾਂ ਹੋ ਹੀ ਰਹੇ ਨੇ।" ਪ੍ਰਭਾਕਰ ਬੋਲਿਆ।

"ਵੱਡੇ ਮਤਲਬ, ਬੱਚਾ-ਪਾਰਟੀ ਅੱਜ ਕੱਲ੍ਹ ਸਨੀ ਲਿਓਨੀ ਉਪਰ ਡਿਸਕਸ਼ਨ ਕਰ ਰਹੀ ਏ। ਪਤਾ ਕੁਝ ?" ਚੈਟਰਜੀ ਦੀ ਗੱਲ ਸੁਣ ਕੇ ਸਭ ਦੇ ਕੰਨ ਖੜੇ ਹੋ ਗਏ।

ਪੌਰਨ ਸਟਾਰ ਸਨੀ ਲਿਓਨੀ !!

"ਕੀ ?" ਸਭ ਦੇ ਮੂੰਹੋਂ ਇਕੋ ਵੇਲੇ ਨਿਕਲਿਆ। ਸਭ ਹੈਰਾਨ ਹੋਏ ਚੈਟਰਜੀ ਨੂੰ ਦੇਖਣ ਲੱਗੇ।

ਚੈਟਰਜੀ ਦੇ ਅੱਠ ਤੇ ਪੰਜ ਸਾਲ ਦੇ ਦੋ ਮੁੰਡੇ ਸਨ। ਵਿਮਲ ਤੇ ਸ਼ਿਆਮਲ।

ਚੈਟਰਜੀ ਨੇ ਕਿਹਾ, "ਅਸੀਂ ਖੁਦ ਆਪਣੇ ਦੋਨਾਂ ਮੁੰਡਿਆਂ ਨਾਲ ਗੱਲ ਕੀਤੀ ਏ। ਕੱਲ੍ਹ ਕਮਰੇ ਵਿੱਚ ਖੇਡ ਰਹੇ ਸਨ ਕਿ ਤਦੇ ਵੱਡਾ ਬਿਮਲ ਛੋਟੇ ਸ਼ਿਆਮਲ ਨੂੰ ਕਹਿਣ ਲੱਗਾ ਕਿ ਸਨੀ ਲਿਓਨੀ ਆ ਰਹੀ ਏ, ਤੈਨੂੰ ਫੜ ਕੇ ਲੈ ਜਾਵੇਗੀ, ਸੁਣਦੇ ਹੀ ਬਿਮਲ ਰੋਣ ਲੱਗਾ। ਰੋਂਦੇ ਹੋਏ ਵੱਡੇ ਨੂੰ ਕਹਿਣ ਲੱਗਾ ਕਿ ਤੂੰ ਕਰ ਲੈ ਉਹਦੇ ਨਾਲ ਵਿਆਹ।"

ਸਭ ਦਾ ਹਾਸਾ ਛੁੱਟ ਗਿਆ। ਚੈਟਰਜੀ ਬੋਲਿਆ, "ਹੱਸ ਰਹੇ ਓ ! ਇਹ ਸੁਣ ਕੇ ਸਾਡੇ ਤਾਂ ਕਰੰਟ ਲੱਗਿਆ ਸੀ, ....ਸਨੀ ਦਾ ਇਹਨਾਂ ਨੂੰ ਕਿਥੋਂ ਪਤਾ ਚੱਲਿਆ ? ਅਸੀਂ ਦੋਨਾਂ ਨੂੰ ਬੁਲਾਇਆ ਤੇ ਪੁੱਛਿਆ ਕਿ ਤੁਸੀਂ ਕੀ ਗੱਲਾਂ ਕਰ ਰਹੇ ਹੋ ਤਾਂ ਵੱਡਾ ਬੋਲਿਆ, 'ਬਾਬਾ, ਇਹ ਚੱਡੀ ਨਹੀਂ ਪਾਉਂਦਾ ਨਾ, ਏਸ ਲਈ ਇਹਨੂੰ ਸਨੀ ਲਿਓਨੀ ਫੜ ਕੇ ਲੈ ਜਾਵੇਗੀ,' ਸੁਣਦੇ ਹੀ ਛੋਟਾ ਰੋਣ ਲੱਗਿਆ।"

ਹੁਣ ਸਾਰੇ ਚੈਟਰਜੀ ਨੂੰ ਹੋਰ ਧਿਆਨ ਨਾਲ ਸੁਣਨ ਲੱਗੇ। ਉਹ ਬੋਲਦਾ ਰਿਹਾ, "ਅਸੀਂ ਪੁੱਛਿਆ ਕਿ ਕੌਣ ਏ ਇਹ ਸਨੀ ਲਿਓਨੀ ਤਾਂ ਵੱਡਾ ਕਹਿਣ ਲੱਗਾ, 'ਸਾਨੂੰ ਪਤਾ ਏ, .....ਤੁਸੀਂ



ਜਾਣਦੇ ਓ ਕਿ ਉਹ ਕਿੰਨੀ ਗੰਦੀ ਏ ! ਤੁਸੀਂ ਸਾਨੂੰ ਝੂਠ ਹੀ ਪੁੱਛ ਰਹੇ ਓ।' ਇਹ ਸੁਣ ਕੇ ਅਸੀਂ ਤਾਂ ਹੈਰਾਨ ਰਹਿ ਗਏ। ਸਾਨੂੰ ਕੱਟੋ ਤਾਂ ਸਾਡੇ ਵਿੱਚ ਖ਼ੂਨ ਨਹੀਂ ਵਾਲੀ ਹਾਲਤ ਹੋ ਗਈ। ਅਸੀਂ ਆਪਣੇ ਆਪ 'ਤੇ ਕੰਟਰੋਲ ਕਰਕੇ ਦੋਨਾਂ ਨੂੰ ਕਿਹਾ ਕਿ ਇਹ ਸਭ ਫਾਲਤੂ ਗੱਲਾਂ ਕਰਨ ਦੀ ਉਮਰ ਨਹੀਂ ਤੁਹਾਡੀ, ਜਾ ਕੇ ਖੇਡੋ।"

ਚੈਟਰਜੀ ਚੁੱਪ ਹੋਇਆ ਤਾਂ ਸੁਸਾਇਟੀ ਦੇ ਚੀਫ ਸੈਕਟਰੀ ਅਮਿਤ ਨਾਇਕ ਨੇ ਗੰਭੀਰ ਮੁਦਰਾ ਵਿੱਚ ਕਿਹਾ, "ਤਦੇ ਮੈਂ ਸੋਚਾਂ ਕਿ ਅੱਜ ਕੱਲ੍ਹ ਬਗੀਚੇ ਵਿੱਚ ਜਦ ਬੱਚਿਆਂ ਦੇ ਕੋਲ ਦੀ ਲੰਘਾਂ ਤਾਂ ਸਭ ਇਕਦਮ ਚੁੱਪ ਕਿਉਂ ਹੋ ਜਾਂਦੇ ਨੇ। ਅੱਠ ਦਸ ਦਿਨਾਂ ਤੋਂ ਵਾਚ ਕਰ ਰਿਹਾਂ। ਪਹਿਲਾਂ ਏਦਾਂ ਨਹੀਂ ਸੀ ਹੁੰਦਾ। ਤੁਸੀਂ ਉਹਨਾਂ ਨੂੰ ਕੁਝ ਵੀ ਕਹੋ ਤਦ ਵੀ ਉਹਨਾਂ ਨੂੰ ਕੋਈ ਫਰਕ ਨਹੀਂ ਸੀ ਪੈਂਦਾ।"

ਗੋਵਿੰਦ ਵਰਮਾ ਦੇ ਬੋਲਾਂ ਵਿੱਚ ਪਰੇਸ਼ਾਨੀ ਝਲਕੀ, "ਮੈਂ ਵੀ ਘਰ ਵਿੱਚ ਦੋ ਤਿੰਨ ਵਾਰ ਆਪਣੇ ਮੁੰਡਿਆਂ ਨੂੰ ਫੁਸਰ-ਫੁਸਰ ਕਰਦੇ ਤੇ ਹੱਸਦੇ ਦੇਖਿਆ ਏ, ਮੈਂ ਸੋਚ ਰਿਹਾ ਸਾਂ ਕਿ ਕੋਈ ਗੜਬੜ ਤਾਂ ਏ।" ਵਰਮਾ ਦੇ ਬੇਟੇ ਤੇਰ੍ਹਾਂ ਤੇ ਪੰਦਰ੍ਹਾਂ ਸਾਲ ਦੇ ਸਨ।

ਸਾਰੇ ਇਕ ਦੂਜੇ ਦਾ ਮੂੰਹ ਦੇਖ ਰਹੇ ਸਨ। ਚੰਦਰਕਾਂਤ ਗਰਗ ਨੇ ਥੋੜ੍ਹੇ ਜਿਹੇ ਗੁੱਸੇ ਵਿੱਚ ਆਉਂਦਿਆਂ ਆਖਿਆ, "ਸੁਸਾਇਟੀ ਦੇ ਗੇਟ ਦੇ ਬਾਹਰ ਸਵੀਟਾਂ ਵਾਲਾ ਖੜਾ ਰਹਿੰਦਾ ਏ, ਉਹਨੂੰ ਹਟਾਉਣਾ ਪਵੇਗਾ। ਤ੍ਰਿਕਾਲਾਂ ਨੂੰ ਏਧਰ-ਓਧਰ ਦੇ ਅਵਾਰਾ ਮੁੰਡੇ ਉਹਦੇ ਕੋਲ ਆ ਕੇ ਖੜੇ ਹੋ ਜਾਂਦੇ ਨੇ ਤੇ ਹੀ-ਹੀ ਕਰਦੇ ਰਹਿੰਦੇ ਨੇ। ਪਤਾ ਨਹੀਂ ਕੀ-ਕੀ ਗੱਲਾਂ ਕਰਕੇ ਹੱਸਦੇ ਹੋਣਗੇ ? ਅਸੀਂ ਆਪਣੇ ਬੱਚਿਆਂ ਨੂੰ ਵੀ ਉਹਨਾਂ ਨਾਲ ਗੱਲਾਂ ਕਰਦੇ ਦੇਖਿਆ ਏ। ਕੁਝ ਛੋਟੇ ਬੱਚੇ ਤਾਂ ਮੁਬਾਈਲ ਗੇਮਾਂ ਖੇਡਣ ਲਈ ਉਹਨਾਂ ਕੋਲ ਖੜੇ ਰਹਿੰਦੇ ਨੇ। ਹੋ ਸਕਦਾ ਏ ਕਿ ਉਥੇ ਹੀ ਕਿਸੇ ਨੇ ਇਹ ਬਕਵਾਸ ਕੀਤੀ ਹੋਵੇ।"

"ਬਾਹਰ ਵਾਲਿਆਂ ਨੂੰ ਕਿਉਂ ਦੋਸ਼ ਦੇਣਾ ਭਾਈ ਸਾਬ, ਸਾਡੇ ਮੁੰਡੇ-ਕੁੜੀਆਂ ਹੀ ਗਾਰਡਨ ਵਿੱਚ ਘੰਟਿਆਂਬੱਧੀ ਬੈਠਦੇ ਨੇ, ਹਾਸਾ-ਖੇਡਾ ਕਰਦੇ ਨੇ, ਅਸੀਂ ਉਹਨਾਂ 'ਤੇ ਤਾਂ ਭਰੋਸਾ ਕਰਦੇ ਹਾਂ, .....ਤੇ ਕਰੀਏ ਵੀ ਕਿਉਂ ਨਾ ?" ਕਮਲ ਕੁਮਾਰ ਨੇ ਤਰਕ ਦਿੱਤਾ। ਤਦ ਹੀ ਜੁੜਵੇਂ ਮੁੰਡਿਆਂ ਦੇ ਪਿਤਾ ਰਮੇਸ਼ ਸਕਸੈਨਾ ਬੋਲਿਆ, "ਦੀਪੂ ਤੇ ਰਾਜੂ ਉਪਰ ਤਾਂ ਮੈਂ ਸਖਤ ਨਜ਼ਰ ਰੱਖਦਾਂ। ਹਾਈ ਸਕੂਲ ਵਿੱਚ ਨੇ ਪਰ ਅਚਾਨਕ ਪੁੱਜ ਜਾਣਾ ਦੇਖਣ ਲਈ। ਕੱਲ ਪਿਕਨਿਕ ਸੀ, ਮੈਂ ਆਪ ਹੀ ਛੱਡਣ ਗਿਆ ਤੇ ਲੈਣ ਵੀ। ਹੁਣ ਇਹ ਬੱਚੇ ਕਦੋਂ ਤੇ ਕਿਥੇ ਹੱਥੋਂ ਨਿਕਲ ਜਾਣ, ਕੁਝ ਨਹੀਂ ਕਹਿ ਸਕਦੇ। ਇਸ ਲਈ ਸਖਤ ਕੰਟਰੋਲ ਜ਼ਰੂਰੀ ਏ।"

ਦੇਸਾਈ, ਸ਼ੁਕਲਾ, ਗੁਪਤਾ, ਭਾਟੀਆ, ਪ੍ਰਸਾਦ, ਮਿਸ਼ਰਾ, ਸਿਨਹਾ, ਜੋਸ਼ੀ, ਸਿੰਘ, ਗੁਲਾਟੀ, ਚਤਰਵੇਦੀ, ਗੋਖਲੇ ਬਗੈਰਾ ਸਭ ਦੀ ਆਪਣੀ-ਆਪਣੀ ਰਾਏ ਤੇ ਫਿਕਰ ਸਨ। ਸਭ ਦੇ ਮਨਾਂ ਵਿੱਚ ਹਲਚਲ ਸੀ। ਉਹ ਦਿਨ ਭਰ ਬਾਹਰ ਰਹਿੰਦੇ ਸਨ। ਕੁਝ ਜਾਣਿਆਂ ਦੀਆਂ ਪਤਨੀਆਂ ਵੀ ਕੰਮ ਕਰਦੀਆਂ ਸਨ। ਪਿੱਠ ਪਿੱਛੇ ਬੱਚਿਆਂ ਤੋਂ ਕੁਝ ਉਲਟ-ਪੁਲਟਾ ਹੋ ਗਿਆ ਤਾਂ ਕੀ ਹੋਵੇਗਾ ? ਬੱਚੇ ਤਾਂ ਬੱਚੇ ਹੀ ਹਨ। ਉਮਰ ਦੇ ਅਲੱਗ-ਅਲੱਗ ਮੋੜਾਂ 'ਤੇ ਉਹਨਾਂ ਦੀਆਂ ਆਪੋ ਆਪਣੀਆਂ ਸਮੱਸਿਆਵਾਂ, ਸੀਮਾਵਾਂ ਤੇ ਖਤਰੇ ਹਨ। ਪਰ ਫਿਲਹਾਲ ਸਭ ਨੂੰ ਬੱਚਿਆਂ ਲਈ ਇਕੋ ਇਕ ਖਤਰਾ ਦਿੱਸ ਰਿਹਾ ਸੀ- ਸਨੀ ਲਿਓਨੀ।

ਜਦੋਂ ਦੀ ਭਾਰਤ ਆਈ ਹੈ ਹਰ ਸਾਲ ਅਖ਼ਬਾਰਾਂ ਵਿੱਚ ਛਪਦਾ ਹੈ ਕਿ ਗੂਗਲ ਉਪਰ ਉਹ ਸਭ ਤੋਂ ਵੱਧ ਸਰਚ ਕੀਤੀ ਜਾਂਦੀ ਹੈ। ਫਿਲਮਾਂ ਵਿੱਚ ਆਉਂਦੀ ਹੈ। ਪੱਤਰਕਾਵਾਂ ਵਿੱਚ ਛਪਦੀ ਹੈ। ਟੀਵੀ ਉਪਰ ਕੰਡੋਮ ਦੇ ਵਿਗਿਆਪਨ ਵਿੱਚ ਘਰ-ਘਰ ਦਿੱਸਦੀ ਹੈ। ਕਿਹਨੇ ਉਹਦੇ ਬਾਰੇ ਗੱਲ ਨਹੀਂ ਕੀਤੀ? ਕਿਹਨੇ ਉਹਦੀਆਂ ਨਿਊਡ ਤਸਵੀਰਾਂ ਨਹੀਂ ਦੇਖੀਆਂ? ਉਹਦੇ ਪੌਰਨ ਵੀਡੀਓ ਨਹੀਂ ਦੇਖੇ? ਐਵੇਂ ਥੋੜ੍ਹੋਂ ਸਭ ਤੋਂ ਜ਼ਿਆਦਾ ਸਰਚ ਕੀਤੀ ਜਾਂਦੀ ਹੈ! ਸਭ ਨੂੰ ਪਤਾ ਹੈ ਕਿ ਉਹ ਕੌਣ ਹੈ ਤੇ ਕੈਸੀ ਹੈ ਪਰ ਛੋਟੇ-ਛੋਟੇ ਬੱਚਿਆਂ ਦੇ ਮੂੰਹ 'ਤੇ ਉਹਦਾ ਨਾਂ! ਇਹ ਜਾਣ ਕੇ ਵੱਡਿਆਂ ਨੂੰ ਸੱਪ ਸੁੰਘ ਗਿਆ ਸੀ।

ਕੀ ਹੱਲ ਹੈ ਇਸ ਸਮੱਸਿਆ ਦਾ?

ਕੀ ਬੱਚਿਆਂ ਨਾਲ ਸਿੱਧੀ ਗੱਲ ਕੀਤੀ ਜਾਵੇ? ਉਹਨਾਂ ਨੂੰ ਸਮਝਾਈਏ ਕਿ ਸਨੀ ਲਿਓਨੀ ਦੇ ਬਾਰੇ ਗੱਲਾਂ ਕਰਨੀਆਂ, ਸੋਚਣਾ ਚੰਗੀ ਗੱਲ ਨਹੀਂ ਹੈ। ਵੈਸੇ ਬੱਚਿਆਂ ਨਾਲ ਗੱਲ ਕੀਤੀ ਤਾਂ ਪੁੱਛਣਾ ਪਵੇਗਾ ਕਿ ਉਹਨਾਂ ਨੇ ਕੀ ਦੇਖਿਆ? ਕੀ ਸੁਣਿਆ? ਕੀ ਜਾਣਦੇ-ਸਮਝਦੇ ਹਨ ਸਨੀ ਲਿਓਨੀ ਬਾਰੇ ਵਿੱਚ? ਕਿਤੇ ਬੱਚਿਆਂ ਨੇ ਪੁੱਛ ਲਿਆ ਕਿ ਸਨੀ ਲਿਓਨੀ ਗੰਦੀ ਕਿਉਂ ਏ ਤਾਂ ਕੀ ਜਵਾਬ ਦੇਵਾਂਗੇ? ਕੀ ਸਨੀ ਨੂੰ ਲੈ ਕੇ ਉਹਨਾਂ ਦੀ ਉਤਸੁਕਤਾ ਹੋਰ ਨਹੀਂ ਵੱਧ ਜਾਵੇਗੀ? ਕੀ ਉਹ ਉਹਦੇ ਬਾਰੇ ਹੋਰ ਜਾਣਕਾਰੀ ਹਾਸਲ ਕਰਨ ਲਈ ਉਹਦੀ ਸਰਚ ਨਹੀਂ ਕਰਨ ਲੱਗਣਗੇ? ਇੰਟਰਨੈੱਟ ਸਭ ਦੇ ਘਰ ਵਿੱਚ ਹੈ। ਚੌਵੀ ਘੰਟੇ ਚੌਕਸੀ ਕਿੱਥੋਂ ਕਰ ਹੁੰਦੀ ਹੈ? ਕੁਝ ਬੱਚਿਆਂ ਕੋਲ ਤਾਂ ਸਮਾਰਟ ਫੋਨ ਵੀ ਨੇ, ਨੈੱਟ ਕੁਨੈਕਸ਼ਨ ਸਮੇਤ। ਜ਼ਰਾ ਕੁ ਸੰਤੁਲਨ ਵਿਗੜਿਆ ਤਾਂ ਗੱਲ ਮਖੀਲ ਦੇ ਇੱਟ ਮਾਰਨ ਵਾਂਗ ਹੋਵੇਗੀ। ਕਿਥੋਂ-ਕਿਥੋਂ ਸਿਰ ਬਚਾਵਾਂਗੇ? ਸੰਕਟ ਵੱਡਾ ਹੈ। ਕਿਵੇਂ ਹੱਲ ਨਿਕਲੇ?

ਸਾਰੇ ਉਲਝਾਊ ਸਵਾਲਾਂ ਉਪਰ ਚਰਚਾ ਵਿਚਕਾਰ ਪ੍ਰਕਾਸ਼ ਸ਼ਰਮਾ ਨੇ ਫਿਕਰਵੰਦ ਹੁੰਦੇ ਚੈਟਰਜੀ ਨੂੰ ਸਵਾਲ ਕੀਤਾ, "ਤੁਹਾਡੇ ਬੱਚਿਆਂ ਨੇ ਤਾਂ ਕੁਝ ਹੋਰ ਵੀ ਦੱਸਿਆ ਹੋਵੇਗਾ?" ਸ਼ਰਮਾ ਦੀ ਨੌਂ ਸਾਲ ਦੀ ਇਕਲੌਤੀ ਖ਼ੂਬਸੂਰਤ ਕੁੜੀ ਸੀ- ਈਸ਼ਾ।

ਚੈਟਰਜੀ ਨੇ ਇਕ ਤਿੱਖੀ ਨਜ਼ਰ ਉਹਦੇ ਉਪਰ ਸੁੱਟੀ ਤੇ ਬੋਲਿਆ, "ਬਿਮਲ ਨਾਲ ਤਾਂ ਅਸੀਂ ਬਾਅਦ ਵਿੱਚ ਪਿਆਰ ਨਾਲ ਗੱਲ ਕੀਤੀ ਸੀ ਤੇ ਪੁੱਛਿਆ ਸੀ ਕਿ ਉਹਨੂੰ ਸਨੀ ਬਾਰੇ ਕਿਥੋਂ ਪਤਾ ਲਗਿਆ.....।"

"ਕਿਥੋਂ?" ਸਭ ਨੇ ਇਕੋ ਆਵਾਜ਼ ਵਿੱਚ ਪੁੱਛਿਆ।

ਚੈਟਰਜੀ ਦੀਆਂ ਨਜ਼ਰਾਂ ਦਿਵਾਕਰ ਸਿਨਹਾ ਵੱਲ ਘੁੰਮ ਗਈਆਂ, ਬੋਲਿਆ, "ਸਿਨਹਾ ਸਾਬ, ਬੁਰਾ ਨਾ ਮਨਾਉਣਾ, ਤੁਹਾਡੇ ਮੁੰਡੇ ਸੰਦੇਸ਼ ਦੀ ਗੱਲ ਏ।"

ਸਿਨਹਾ ਦਾ ਚਿਹਰਾ ਉਤਰ ਗਿਆ। ਸਭ ਉਸੇ ਵੱਲ ਦੇਖ ਰਹੇ ਸਨ। ਚੈਟਰਜੀ ਨੇ ਕਿਹਾ, "ਵੱਡਾ ਬਿਮਲ ਸਾਨੂੰ ਕਹਿਣ ਲੱਗਾ ਕਿ ਸੰਦੇਸ਼ ਨੇ ਉਹਨੂੰ ਸਨੀ ਲਿਓਨੀ ਬਾਰੇ ਦੱਸਿਆ ਸੀ।"

ਸਿਨਹਾ ਨੇ ਖ਼ੁਦ ਨੂੰ ਸੰਭਾਲਿਆ ਤੇ ਆਖਿਆ, "ਤੁਸੀਂ ਕਹੋ ਜੋ ਕਹਿਣਾ, ਮੈਂ ਸੁਣ ਰਿਹਾਂ।"

ਚੈਟਰਜੀ ਬੋਲਿਆ, "ਸੰਦੇਸ਼ ਨੇ ਬਿਮਲ ਨੂੰ ਦੱਸਿਆ ਕਿ ਉਹ ਤੁਹਾਡੇ ਨਾਲ ਇਕ ਫੈਮਿਲੀ ਫਰੈਂਡ ਦੀ ਬਰਥ ਡੇ ਪਾਰਟੀ ਵਿੱਚ ਗਿਆ ਸੀ। ਉਥੇ ਸਭ ਦੀਆਂ ਫੋਟੋ ਖਿਚੀਆਂ ਜਾ



ਰਹੀਆਂ ਸਨ। ਬਾਅਦ ਵਿੱਚ ਬੱਚੇ ਜਦ ਸਕੂਲ ਵਿੱਚ ਮਿਲੇ ਤਾਂ ਤੁਹਾਡੇ ਫਰੈਂਡ ਦਾ ਮੁੰਡਾ ਸੰਦੇਸ਼ ਨੂੰ ਕਹਿਣ ਲੱਗਾ ਕਿ ਸਨੀ ਲਿਓਨੀ ਤੇਰੇ ਬਾਰੇ ਪੁੱਛ ਰਹੀ ਸੀ। ਸਨੀ ਉਸ ਦੇ ਪਾਪਾ ਦੀ ਫੇਸਬੁੱਕ ਫਰੈਂਡ ਏ ਤੇ ਬਰਥ ਡੇ ਦੇ ਫੋਟੋ ਫੇਸਬੁੱਕ ਉਪਰ ਦੇਖ ਕੇ ਸਨੀ ਨੇ ਸੰਦੇਸ਼ ਬਾਰੇ ਪੁੱਛਿਆ ਸੀ ਕਿ ਇਹ ਹੈਂਡਸਮ ਕੌਣ ਏ।"

"ਇਹ ਕੀ ਬਕਵਾਸ ਏ ਮਿਸਟਰ ਚੈਟਰਜੀ?" ਸਿਨਹਾ ਦੇ ਬੋਲਾਂ ਵਿੱਚ ਥੋੜ੍ਹੀ ਖਿੱਝ ਸੀ।

"ਸੁਣੋ ਤਾਂ ਸਹੀ, ਤੁਹਾਡੇ ਫਰੈਂਡ ਦਾ ਬੇਟਾ ਸੰਦੇਸ਼ ਨੂੰ ਬੋਲਿਆ ਕਿ ਸਨੀ ਤੇਰੇ ਨਾਲ ਵਿਆਹ ਕਰਾਉਣਾ ਚਾਹੁੰਦੀ ਏ, .....ਕਿਸੇ ਬੱਚੇ ਨੇ ਦੱਸਿਆ ਕਿ ਸਨੀ ਕੌਣ ਹੈ ਤੇ ਕਿਹਾ ਕਿ ਉਹ ਤੇਰੇ ਨਾਲ ਵਿਆਹ ਕਰਨ ਲਈ ਤੇਰੇ ਘਰ ਆਵੇਗੀ, .....ਸੰਦੇਸ਼ ਡਰ ਗਿਆ। ਉਹਨੇ ਇਹ ਸਾਰੀ ਗੱਲ ਬਿਮਲ ਨੂੰ ਦੱਸੀ ਤੇ ਕਿਹਾ ਕਿ ਉਹ ਸਨੀ ਨਾਲ ਵਿਆਹ ਨਹੀਂ ਕਰਾਉਣਾ ਚਾਹੁੰਦਾ, .....ਹੋ-ਹੋ-ਹੋ.....।" ਚੈਟਰਜੀ ਨੇ ਹਾਸੇ ਨੂੰ ਆਪਣੀ ਗੱਲ ਵਿੱਚ ਰਲ਼ਾ ਕੇ ਮਹੌਲ ਨੂੰ ਸੁਖਾਵਾਂ ਕਰਨ ਦੀ ਕੋਸ਼ਿਸ਼ ਕੀਤੀ। ਕੁਝ ਹੋਰ ਚਿਹਰਿਆਂ 'ਤੇ ਵੀ ਮੁਸਕਰਾਹਟ ਆਈ। ਸਿਨਹਾ ਦੇ ਮੱਥੇ ਉਪਰ ਤੀੜੀਆਂ ਉਭਰ ਆਈਆਂ। ਉਹ ਸੋਚਾਂ ਵਿੱਚ ਪੈ ਗਿਆ। ਫਿਰ ਕੁਝ ਪਲਾਂ ਬਾਅਦ ਉਹਦੇ ਚਿਹਰੇ ਦਾ ਤਣਾਵ ਕੁਝ ਘਟਿਆ।

ਆਪਣੇ ਮੂੰਹ 'ਤੇ ਮੁਸਕਾਨ ਲਿਆਉਂਦੇ ਹੋਏ ਸਿਨਹਾ ਨੇ ਕਿਹਾ, "ਸਮਝ ਗਿਆ, ਦਸ ਦਿਨ ਪਹਿਲਾਂ ਅਸੀਂ ਇਕ ਦੋਸਤ ਰਾਕੇਸ਼ ਦੀਵਾਨ ਦੇ ਘਰ ਗਏ ਸੀ। ਉਹ ਫਿਲਮ ਰਾਈਟਰ ਏ। ਉਸ ਦੀ ਲਿਖੀ ਫਿਲਮ ਵਿੱਚ ਸਨੀ ਕੰਮ ਕਰ ਚੁੱਕੀ ਏ। ਨਾਓ ਆਈ ਸੀ ਕਿਵੇਂ ਇਹ ਚੇਨ ਬਣੀ। ਮੈਨੂੰ ਉਹਨੂੰ ਵੀ ਅਲਰਟ ਕਰਨਾ ਹੋਵੇਗਾ।"

"ਕਿੰਨਾ ਵੱਡਾ ਏ ਉਹਦਾ ਮੁੰਡਾ?" ਚਤਰਵੇਦੀ ਨੇ ਪੁੱਛਿਆ।

"ਆਈ ਥਿੰਕ ਨੌਟ ਈਵਨ ਇਨ ਟੀਨ ਏਜ, .....ਨੌਂ ਦਸ ਦਾ ਹੀ ਹੋਵੇਗਾ। ਸੰਦੇਸ਼ ਤੇ ਉਹ ਇਕੋ ਜਮਾਤ ਵਿੱਚ ਨੇ.....।" ਸਿਨਹਾ ਨੇ ਦੱਸਿਆ।

ਗੁੱਥੀ ਸੁਲਝਣ ਤੋਂ ਬਾਅਦ ਸਭ ਨੇ ਚੁੱਪ ਦਾ ਸਾਹ ਲਿਆ। ਫਿਰ ਸਨੀ ਲਿਓਨੀ ਉਪਰ ਗੱਲ ਹੋਰ ਅੱਗੇ ਵਧੀ। ਹੌਲੀ-ਹੌਲੀ ਸਭ ਆਪਣੀ ਜਨਰਲ ਨੌਲਜ ਦੱਸਣ ਲੱਗੇ। ਕੁਝ ਵਧਾ ਚੜ੍ਹਾ ਕੇ ਬੋਲੇ। ਕੁਝ ਹਾਸੇ, ਕੁਝ ਠਹਾਕੇ ਲੱਗਣ ਲੱਗੇ। ਕੁਝ ਮੌਜ-ਮਜੇ ਦੀਆਂ ਗੱਲਾਂ ਹੋਈਆਂ। ਕੁਝ ਕੁ ਦੇ ਮੁਬਾਈਲ ਵਿੱਚ ਸਨੀ ਦੇ ਪੌਰਨ ਕਲਿੱਪ ਨਿਕਲੇ। ਮਾਮਲਾ ਜਦ ਏਨਾ ਅੱਗੇ ਵਧਿਆ ਤਾਂ ਇਕ ਐਮ.ਐਨ. ਸੀਥ ਵਿੱਚ ਠੀਕ ਠਾਕ ਅਹੁੱਦੇ 'ਤੇ ਕੰਮ ਕਰਨ ਵਾਲੇ ਨੌਜਵਾਨ ਪ੍ਰਕਾਸ਼ ਚੌਹਾਨ ਨੇ ਆਪਣਾ ਅਨੋਖਾ ਅਨੁਭਵ ਸੁਣਾਇਆ, ਕਿਹਾ, "ਮੇਰੀ ਮੁੰਬਈ ਟੂ ਚੰਡੀਗੜ੍ਹ ਫਲਾਈਟ ਸੀ। ਲਾਊਂਜ ਵਿੱਚ ਬੈਠਾ ਸਾਂ ਕਿ ਕੁਝ ਮਿੰਟਾਂ ਵਿੱਚ ਸਨੀ ਲਿਓਨੀ ਉਥੇ ਆ ਗਈ। ਉਹਦੇ ਨਾਲ ਦੋ ਬੌਡੀਗਾਰਡ ਸਨ ਤੇ ਦੋ ਮੈਨੇਜਰ ਕੁੜੀਆਂ। ਉਹ ਵੀ ਉਸੇ ਫਲਾਈਟ ਵਿੱਚ ਜਾਣ ਵਾਲੀ ਸੀ। ਉਹ ਲਾਊਂਜ ਵਿੱਚ ਮੇਰੇ ਔਪੋਜ਼ਿਟ ਸਾਈਡ ਦੇ ਸੋਫੇ 'ਤੇ ਲੈਗਜ਼ ਕਰੌਸ ਕਰਕੇ ਬੈਠ ਗਈ। ਉਥੇ ਹਾਜ਼ਰ ਹਰ ਕੋਈ ਉਸੇ ਨੂੰ ਦੇਖ ਰਿਹਾ ਸੀ, .....ਪਰ ਸਭ ਤੋਂ ਸ਼ੌਕਿੰਗ ਇਹ ਸੀ ਕਿ ਮੇਰੇ ਨਾਲ ਬੈਠਾ ਇਕ ਯੰਗ ਮੁੰਡਾ ਆਪਣੇ ਮੁਬਾਈਲ 'ਤੇ ਸਨੀ ਦੀ ਪੌਰਨ ਫਿਲਮ ਦੇਖਣ ਲੱਗਾ। ਹੱਦ ਹੋ ਗਈ ਯਾਰ! .....ਸਾਹਮਣੇ ਉਹ ਬੈਠੀ ਤੇ ਇਹ ਬੰਦਾ ਮੁਬਾਈਲ 'ਤੇ ਉਹਦੀ ਫਿਲਮ ਦੇਖ ਰਿਹਾ ਏ! .....ਹਾਏ, ਓਅ, ਆਹ!! ਦੀਆਂ ਆਵਾਜ਼ਾਂ ਵੀ ਚਾਲੂ, .....ਪਬਲਿਕ ਇਕੱਠੀ ਹੋਣ ਲੱਗੀ ਇਹ ਸੀਨ ਦੇਖਣ ਲਈ ਕਿ ਸਾਹਮਣੇ ਸਨੀ ਲਿਓਨੀ ਤੇ ਏਧਰ ਉਸ ਦੀ ਪੌਰਨ ਫਿਲਮ। ਪਰ ਉਹ ਦੀ ਡੇਅਰਿੰਗ ਗੱਲ

ਦੇਖੋ ਕਿ ਇਹ ਸਭ ਦੇਖ-ਸੁਣ ਕੇ ਉਹ ਉੱਠ ਕੇ ਅੰਦਰ ਵੀ.ਆਈ.ਪੀ. ਵੇਟਿੰਗ ਰੂਮ ਵਿੱਚ ਨਹੀਂ ਗਈ।"

ਸੁਣ ਕੇ ਸਭ ਹੈਰਾਨ ਵੀ ਹੋਏ ਤੇ ਡੂੰਘੇ ਸਾਹ ਵੀ ਲੈ ਰਹੇ ਸਨ। ਮਸਤੀ ਦੀਆਂ ਇਹਨਾਂ ਗੱਲਾਂ ਵਿੱਚ ਥੀਏਟਰ ਆਰਟਿਸਟ ਅਭਿਸ਼ੇਕ ਕਪੂਰ ਨੇ ਕਿਹਾ ਕਿ ਸਨੀ ਲਿਓਨੀ ਸਾਡੇ ਸਮਾਜ ਵਿੱਚ ਤਬਦੀਲੀ ਦੀ ਆਹਟ ਹੈ। ਉਹ ਭਾਰਤ ਵਿੱਚ ਹੋ ਰਹੀ ਸੈਕਸ ਕ੍ਰਾਂਤੀ ਦਾ ਹਿੱਸਾ ਹੈ। ਸੈਕਸ ਹੁਣ ਬੰਦ ਦਰਵਾਜ਼ਿਆਂ ਦੀ ਚੀਜ਼ ਨਹੀਂ ਹੈ। ਸੈਕਸ ਨੂੰ ਲੋਕ ਖੁਲ੍ਹੇਪਨ ਨਾਲ ਐਕਸੈਪਟ ਕਰ ਰਹੇ ਹਨ। ਸੈਕਸ-ਲਾਈਫ ਵਿੱਚ ਐਕਸਪੈਰੀਮੈਂਟ ਕਰ ਰਹੇ ਹਨ। ਕਪੂਰ ਦਾ ਗਵਾਂਢੀ ਰਾਜ ਅਸਥਾਨਾਂ ਨੇ ਇਸ ਉਪਰ ਮੋਹਰ ਲਗਾਉਂਦਿਆਂ ਕਿਹਾ, "ਸਵੇਰੇ ਹੀ ਟਾਈਮਜ਼ ਵਿੱਚ ਆਰਟੀਕਲ ਪੜ੍ਹ ਰਿਹਾ ਸਾਂ ਕਿ ਅੱਜ ਕੱਲ੍ਹ ਨਵੇਂ ਵਿਆਹੁਤਾ ਜੋੜੇ 'ਬੈਡਰੂਮ ਐਲਬੰਮ' ਬਣਾ ਰਹੇ ਹਨ। ਫਿਫਟੀ ਸ਼ੇਡਜ਼ ਆਫ ਗਰੇ ਤੇ ਗਰੇਟ ਗਰੇਟਸਬਾਈ ਦੇ ਥੀਮ ਉਪਰ।"

ਕਪੂਰ ਨੇ ਕਿਹਾ ਕਿ ਤੁਸੀਂ ਮੰਨੋ ਜਾਂ ਨਾ ਮੰਨੋ, ਸਨੀ 'ਗਰਲ-ਪਾਵਰ ਆਈਕਨ' ਵਾਂਗ ਬਣ ਗਈ ਹੈ। ਅਵਿਨਾਸ਼ ਪੰਡਤ ਚੁਟਕੀ ਲੈਣ ਦੇ ਅੰਦਾਜ਼ ਵਿੱਚ ਬੋਲਿਆ, "ਹਾਂ ਭਾਈ, ਸਨੀ ਤਾਂ ਸੈਕਸ ਐਜੂਕੇਸ਼ਨ ਟੀਚਰ ਏ। ਤੁਸੀਂ ਚੁੰਮਣ, ਕਾਮਸੂਤਰ, ਖੁਜਰਾਹੋ ਤੋਂ ਡਰਦੇ ਹੋ ਤੇ ਤੁਹਾਡੇ ਦੇਖਦੇ-ਦੇਖਦੇ ਉਹ ਬੱਚਿਆਂ ਨੂੰ ਸਭ ਸਿਖਾ ਰਹੀ ਏ।"

ਗੰਭੀਰ ਸਿੰਘ ਨੂੰ ਸੈਕਸ ਐਜੂਕੇਸ਼ਨ ਤੋਂ ਯਾਦ ਆਇਆ, "ਮੇਰਾ ਮੁੰਡਾ ਤੀਜੀ ਜਮਾਤ ਵਿੱਚ ਏ ਤੇ ਉਸ ਦੀ ਕਿਤਾਬ ਵਿੱਚ 'ਰੀਪਰੋਡਕਸ਼ਨ' ਉਪਰ ਚੈਪਟਰ ਏ, .....ਭਾਵੇਂ ਹੀ ਇਹਦੇ ਵਿੱਚ ਪਲਾਂਟਸ ਦੀ ਗੱਲ ਕੀਤੀ ਏ ਪਰ ਅਸੀਂ ਪਹਿਲੀ ਵਾਰ ਇਹ ਸ਼ਬਦ ਦਸਵੀਂ ਵਿੱਚ ਸੁਣਿਆ ਸੀ।"

ਗੱਲਾਂ ਦਾ ਰੁਖ ਬਦਲਣ ਲਈ ਸੁਸਾਇਟੀ ਦੇ ਚੈਅਰਮੈਨ ਅਖਿਲੇਸ਼ ਗੁਲਾਟੀ ਨੇ ਦਖਲ ਦਿੱਤਾ, "ਭਰਾਵੋ, ਮੁੱਦੇ ਦੀ ਗੱਲ 'ਤੇ ਆਓ ਕਿ ਕਰਨਾ ਕੀ ਏ ? ਦੁਪਹਿਰ ਹੋ ਰਹੀ ਏ, ਕੀ ਬੱਚਿਆਂ ਨਾਲ ਏਸ ਈਸ਼ੂ ਉਪਰ ਗੱਲ ਕਰਨੀ ਏਂ ?"

ਸ਼ਰਮਾ ਨੇ ਕਿਹਾ, "ਸਿਰਫ ਨਜ਼ਰ ਰੱਖੋ ਆਪੋ-ਆਪਣੇ ਬੱਚਿਆਂ ਉਪਰ। ਕੀ ਗੱਲ ਕਰੋਂਗੇ ਉਹਨਾਂ ਨਾਲ ਸਨੀ ਲਿਓਨੀ ਬਾਰੇ ? ਬੱਚਿਆਂ ਨੂੰ ਇਹ ਨਾ ਪਤਾ ਚੱਲੇ ਕਿ ਅਸੀਂ ਉਹਨਾਂ ਨੂੰ ਲੈ ਕੇ ਇਹ ਗੱਲਾਂ ਡਿਸਕਸ ਕੀਤੀਆਂ ਨੇ। ਬੇਕਾਰ ਵਿੱਚ ਉਹ ਅਲਰਟ ਹੋ ਜਾਣਗੇ।"

ਗੋਖਲੇ ਨੇ ਕਿਹਾ, "ਐਕਸਟਰਾ ਅਲਰਟ ਤਾਂ ਸਾਨੂੰ ਹੁਣ ਰਹਿਣਾ ਹੀ ਪਵੇਗਾ।"

ਸਾਰੇ ਇਸ ਗੱਲ ਨਾਲ ਸਹਿਮਤ ਸਨ ਕਿ ਗੱਲ ਨੂੰ ਇਥੇ ਹੀ ਛੱਡ ਦਿਓ। ਬੱਚਿਆਂ ਨਾਲ ਇਹ ਚਰਚਾ ਕਰਨ ਦਾ ਕੋਈ ਫਾਇਦਾ ਨਹੀਂ। ਜਿਸ ਲੈਵਲ ਦੀ ਗੱਲ ਹੈ, ਉਹ ਬਹੁਤੀ ਗਹਿਰਾਈ ਤੱਕ ਨਹੀਂ ਗਈ ਹੋਵੇਗੀ। ਬੱਚਿਆਂ ਦੀ ਵਧਦੀ ਉਮਰ ਵਿੱਚ ਏਦਾਂ ਦੀਆ ਕੱਚੀਆਂ-ਪੱਕੀਆਂ ਗੱਲਾਂ ਇਸ਼ਾਰਿਆਂ-ਇਸ਼ਾਰਿਆਂ ਵਿੱਚ ਹੋ ਜਾਂਦੀਆਂ ਹਨ। ਬੱਚੇ ਬਹੁਤਾ ਧਿਆਨ ਨਹੀਂ ਦਿਆ ਕਰਦੇ ਤੇ ਗੱਲ ਨੂੰ ਬਹੁਤਾ ਨਹੀਂ ਵਧਾਉਂਦੇ ਹੁੰਦੇ। ਘਰ ਵਿੱਚ ਥੋੜ੍ਹੇ ਬਹੁਤ ਸਵਾਲ ਕਰਦੇ ਹਨ ਪਰ ਜੇ ਸੰਤੁਲਤ ਜਵਾਬ ਦੇਈਏ ਤਾਂ ਉਹ ਫਿਰ ਆਪਣੀ ਦੁਨੀਆ ਵਿੱਚ ਗਵਾਚ ਜਾਇਆ ਕਰਦੇ ਹਨ। ਉਹਨਾਂ ਦੀ ਦੁਨੀਆ ਪਲ-ਪਲ ਬਦਲਦੀ ਰਹਿੰਦੀ ਹੈ। ਐਵੇਂ ਤਾਂ ਨਹੀਂ ਕਿਸੇ ਨੇ ਕਿਹਾ ਕਿ ਬੱਚੇ, ਮਨ ਦੇ ਸੱਚੇ। ਸਨੀ ਲਿਓਨੀ ਦੀ ਗੱਲ ਆਈ ਤਾਂ ਉਹਨਾਂ ਨੂੰ ਕੁਝ ਅਲੱਗ ਲੱਗੀ ਸੋ ਉਤਸੁਕਤ ਹੋ ਗਏ। ਜ਼ਿਆਦਾ ਕੁਰੇਦਿਆ ਗਿਆ ਤਾਂ ਹੋ ਸਕਦਾ ਹੈ ਕਿ ਖੋਜਬੀਨ ਕਰਨ ਲੱਗ



ਜਾਣ। ਫਿਰ ਉਹ ਖਤਰਨਾਕ ਹੋਵੇਗਾ। ਬਿਹਤਰ ਹੈ ਕਿ ਮਾਂ ਪਿਓ ਥੋੜ੍ਹੇ ਸੁਚੇਤ ਰਹਿਣ, ਉਹਨਾਂ ਦੀਆਂ ਗੱਲਾਂ ਵਿੱਚ ਸਨੀ ਲਿਓਨੀ ਦਾ ਜ਼ਿਕਰ ਆਵੇ ਤਾਂ ਟਾਲ-ਮਟੋਲ਼ ਕਰਕੇ ਗੱਲ ਨੂੰ ਮਰੋੜ ਦੇਣ। ਕੋਈ ਨਵੀਂ ਗੱਲ ਸਾਹਮਣੇ ਰੱਖ ਦੇਣ। ਜਿਹੜੀਆਂ ਗੱਲਾਂ ਨੰਨਿਆਂ-ਮੁੰਨਿਆਂ ਨੂੰ ਜਲਦੀ ਖਿੱਚਦੀਆਂ ਹਨ, ਉਹ ਓਨੀ ਜਲਦੀ ਹੀ ਬੇਮਤਲਬ ਬਣ ਜਾਂਦੀਆਂ ਹਨ। ਸਭ ਤੋਂ ਚੰਗਾ ਇਹੀ ਹੈ ਕਿ ਇਸ ਮਾਮਲੇ ਵਿੱਚ ਬੱਚਿਆਂ ਨਾਲ ਕੋਈ ਗੱਲ ਨਾ ਕੀਤੀ ਜਾਵੇ। ਸਨੀ ਲਿਓਨੀ ਦਾ ਨਾਂ ਉਹਨਾਂ ਸਾਹਮਣੇ ਨਾ ਲਿਆ ਜਾਵੇ।

ਸਰਵਸੰਮਤੀ ਨਾਲ ਇਹ ਤੈਅ ਹੋਇਆ ਕਿ ਕਾਮਨ ਰੂਮ ਵਿੱਚੋਂ ਇਕ-ਇਕ ਕਰਕੇ ਉਹ ਬਾਹਰ ਨਿਕਲਣ। ਸਨੀ ਲਿਓਨੀ ਦੀਆਂ ਗੱਲਾਂ ਨੇ ਕੁਝ ਅਲੱਗ ਜਿਹੀ ਊਰਜਾ ਭਰ ਦਿੱਤੀ ਹੋਈ ਸੀ। ਬਾਹਰ ਨਿਕਲ ਕੇ ਉਹ ਏਧਰ ਓਧਰ ਦੇਖ ਰਹੇ ਸਨ ਕਿ ਆਪੋ ਆਪਣੇ ਘਰਾਂ ਨੂੰ ਚੱਲਿਆ ਜਾਵੇ। ਤਦੇ ਸੁਸਾਇਟੀ ਦੇ ਗਾਰਡਨ ਦੇ ਇਕ ਖੂੰਜਿਓਂ ਸ਼ੋਰ ਉੱਠਿਆ। ਸਭ ਦਾ ਧਿਆਨ ਓਧਰ ਹੋ ਗਿਆ। ਖੂੰਜੇ ਬਣੇ ਹੌਦ ਨੂੰ ਸਾਰੇ ਬੱਚੇ ਘੇਰ ਕੇ ਉਸ ਉਪਰ ਝੁਕੇ ਹੋਏ ਸਨ। ਕਈ ਮਹੀਨਿਆਂ ਤੋਂ ਇਹ ਹੌਦ ਸੁੱਕਾ ਪਿਆ ਸੀ।

"ਕੀ ਹੋ ਰਿਹਾ ਏ ?" ਗੁਪਤਾ ਨੇ ਕਿਹਾ।

ਸਾਰੇ ਇਕੱਠੇ ਉਸ ਪਾਸੇ ਨੂੰ ਤੁਰ ਪਏ।

ਬੱਚੇ ਸਤਰਕ ਹੋ ਗਏ ਤੇ ਵੱਡਿਆਂ ਨੂੰ ਆਉਂਦਿਆਂ ਦੇਖਣ ਲੱਗੇ। ਵੱਡੇ ਸਾਰੇ ਹੌਦ ਕੋਲ ਪੁੱਜ ਗਏ ਤਾਂ ਦੇਖਿਆ ਕਿ ਗੁਲਾਟੀ ਦਾ ਚਾਰ ਸਾਲ ਦਾ ਬੇਟਾ ਰੰਜਨ ਹੌਦ ਵਿੱਚ ਉਤਰ ਕੇ ਇਕ ਕੋਨੇ ਵਿੱਚ ਲੁਕਿਆ ਬੈਠਾ ਰੋ ਰਿਹਾ ਹੈ। ਉਹਨੇ ਸਿਰਫ ਮੈਲੀ ਜਿਹੀ ਟੀ-ਸ਼ਰਟ ਪਾਈ ਹੋਈ ਸੀ। ਗੁਲਾਟੀ ਹੈਰਾਨ ਹੋ ਕੇ ਹੌਦ ਦੀਆਂ ਪੌੜੀਆਂ ਉਤਰਿਆ ਤੇ ਰੰਜਨ ਨੂੰ ਗੋਦੀ ਵਿੱਚ ਚੁੱਕ ਲਿਆ। ਸਾਰੇ ਬੱਚੇ ਚੁੱਪ ਸਨ।

ਸਵਾਲ ਹੋਇਆ ਕਿ ਰੰਜਨ ਕਿਉਂ ਉਥੇ ਉਤਰ ਕੇ ਰੋ ਰਿਹਾ ਸੀ, ਕੀ ਹੋਇਆ ? ਬੱਚੇ ਚੁੱਪ-ਚਾਪ ਇਕ ਦੂਜੇ ਦਾ ਮੂੰਹ ਦੇਖੀ ਜਾ ਰਹੇ ਸਨ। ਕੋਈ ਜਵਾਬ ਨਹੀਂ ਸੀ ਦੇ ਰਿਹਾ। ਸਵਾਲ ਦੁਹਰਾਇਆ ਗਿਆ ਤਾਂ ਬੱਚਿਆਂ ਵੱਲੋਂ ਚੁੱਪ ਵਿੱਚ ਹੀ ਜਵਾਬ ਆਇਆ। ਤਦ ਚੈਟਰਜੀ ਨੇ ਆਪਣੇ ਛੋਟੇ ਮੁੰਡੇ ਸ਼ਿਆਮਲ ਨੂੰ ਬਾਹੋਂ ਫੜ ਕੇ ਪੁੱਛਿਆ, "ਕਿਉਂ ਛੋਟੇ, ਕੀ ਹੋਇਆ ? ਰੰਜਨ ਕਿਉਂ ਰੋ ਰਿਹਾ ਏ ?"

ਪੰਜ ਸਾਲ ਦੇ ਸ਼ਿਆਮਲ ਨੇ ਇਕ ਨਜ਼ਰ ਸਾਰੇ ਬੱਚਿਆਂ ਨੂੰ ਦੇਖਿਆ ਤੇ ਸੰਦੇਸ਼ 'ਤੇ ਆ ਕੇ ਰੁਕ ਗਿਆ। ਬੋਲਿਆ, "ਬਾਬਾ, ਸੰਦੇਸ਼ ਰੰਜਨ ਨੂੰ ਡਰਾ ਰਿਹਾ ਸੀ ਕਿ ਤੂੰ ਚੱਡੀ ਨਹੀਂ ਪਾਏਂਗਾ ਤਾਂ ਸਨੀ ਲਿਓਨੀ ਆਏਗੀ ਤੇ ਤੇਰੀ ਤੋਤੋ ਆਪਣੇ ਮੂੰਹ ਵਿੱਚ ਪਾ ਕੇ ਖਾ ਜਾਵੇਗੀ।"

ਏਨਾ ਸੁਣਦੇ ਹੀ ਵੱਡਿਆਂ ਦੇ ਚਿਹਰੇ ਫੱਕ ਪੈ ਗਏ।

ਉਹਨਾਂ ਨੂੰ ਅਹਿਸਾਸ ਹੋ ਗਿਆ ਕਿ ਸਨੀ ਲਿਓਨੀ ਵਾਲੀ ਗੱਲ ਉਹਨਾਂ ਦੇ ਹੱਥੋਂ ਨਿਕਲ ਚੁੱਕੀ ਹੈ।

## ਫਾਰਸੀ ਕਹਾਣੀਆਂ

# ਆਦਮ ਦੀ ਔਲਾਦ/ਜਲਾਲ ਅਲ ਅਹਿਮਦ

ਆਖਿਰ ਮੈਂ ਕਰ ਵੀ ਕਰ ਸਕਦੀ ਸਾਂ ? ਖਾਵੰਦ ਮੈਨੂੰ ਮੇਰੇ ਬੱਚੇ ਨਾਲ ਰੱਖਣ ਨੂੰ ਤਿਆਰ ਹੀ ਨਹੀਂ ਸੀ। ਬੱਚਾ ਉਹਦਾ ਨਹੀਂ ਸੀ, ਮੇਰੇ ਪਹਿਲੇ ਮਰਦ ਦਾ ਸੀ ਜਿਹਨੇ ਮੈਨੂੰ ਤਲਾਕ ਦੇ ਦਿੱਤਾ ਸੀ ਤੇ ਬੱਚੇ ਦੀ ਜ਼ਿੰਮੇਵਾਰੀ ਤੋਂ ਇਨਕਾਰੀ ਹੋ ਗਿਆ ਸੀ। ਮੇਰੀ ਥਾਂ 'ਤੇ ਕੋਈ ਹੋਰ ਵੀ ਹੁੰਦਾ ਤਾਂ ਕੀ ਕਰਦਾ ? ਮੈਨੂੰ ਵੀ ਜ਼ਿੰਦਗੀ ਦੀ ਗੱਡੀ ਖਿੱਚਣੀ ਪੈਣੀ ਸੀ। ਜੇ ਇਸ ਪਤੀ ਨੇ ਵੀ ਤਲਾਕ ਦੇ ਦਿੱਤਾ ਤਾਂ ? ਇਸ ਡਰ ਦੀ ਵਹਿਸ਼ਤ ਕਾਰਨ ਮੈਂ ਮੁੰਡੇ ਦਾ ਵਜੂਦ ਇਸ ਘਰ ਵਿੱਚੋਂ ਮਿਟਾਉਣ ਦਾ ਫੈਸਲਾ ਕਰ ਲਿਆ ਸੀ।

ਇਕ ਘਰੇਲੂ ਅਨਪੜ੍ਹ੍ਹਤੇ ਮੂਰਖ ਜਿਹੀ ਔਰਤ, ਉਹ ਵੀ ਮੇਰੇ ਵਾਂਗ ਦੁਨੀਆਂ ਬਾਰੇ ਬੁਰਾ-ਭਲਾ ਨਾ ਜਾਣਦੀ ਹੋਵੇ। ਜਿਸ ਦੇ ਸਾਹਮਣੇ ਕੋਈ ਹੋਰ ਰਾਹ ਹੀ ਨਾ ਹੋਵੇ, ਉਹ ਇਸ ਤੋਂ ਇਲਾਵਾ ਕੁਝ ਹੋਰ ਕੀ ਸੋਚ ਸਕਦੀ ਹੈ ? ਮੈਨੂੰ ਕਈ ਸੰਸਥਾਵਾਂ ਬਾਰੇ ਬਸ ਇੰਨਾ ਪਤਾ ਸੀ ਕਿ ਉਹ ਬੱਚੇ ਲੈਂਦੇ ਹਨ ਪਰ ਗਰੰਟੀ ਕੀ ਸੀ ਕਿ ਉਹ ਮੇਰੇ ਬੱਚੇ ਨੂੰ ਲੈਣਾ ਕਬੂਲ ਕਰ ਲੈਣਗੇ ? ਕੁਝ ਮਹੀਨੇ ਉਡੀਕਣ ਲਈ ਨਹੀਂ ਕਹਿਣਗੇ, ਤੇ ਮੇਰੇ ਮੁੰਡੇ ਬਾਰੇ ਪੁੱਠੀਆਂ ਸਿੱਧੀਆਂ ਗੱਲਾਂ ਨਹੀਂ ਕਰਨਗੇ ? ਮੇਰੇ ਮਨ ਵਿੱਚ ਸ਼ੱਕ ਸੀ ਕਿ ਉਹ ਬਿਨਾਂ ਕਿਸੇ ਸਿਰਦਰਦੀ ਦੇ ਮੇਰੇ ਬੱਚੇ ਨੂੰ ਕਬੂਲ ਵੀ ਕਰ ਲੈਣਗੇ, ਫਿਰ ਵੀ ਇਸ ਸਾਰੇ ਦੀ ਮੈਨੂੰ ਜਾਣਕਾਰੀ ਕਿਥੋਂ ਮਿਲੇਗੀ ? ਅਖੀਰ ਮੈਂ ਨਾ ਚਾਹੁੰਦੀ ਹੋਈ ਵੀ ਐਦਾਂ ਕਰਨ ਲਈ ਮਜਬੂਰ ਸੀ।

ਸਭ ਕੁਝ ਕਰ ਲੈਣ ਤੋਂ ਬਾਅਦ ਮੈਂ ਘਰ ਮੁੜੀ। ਮਾਂ ਨੂੰ ਦੱਸਿਆ। ਉਥੇ ਕੁਝ ਗਵਾਂਢਣਾਂ ਵੀ ਬੈਠੀਆਂ ਸਨ। ਉਹਨਾਂ ਨੇ ਵੀ ਸੁਣਿਆਂ। ਸੁਣ ਕੇ ਕਿਹੜੀ ਔਰਤ ਨੇ ਇਹ ਗੱਲ ਕਹੀ, ਚੰਗੀ ਤਰ੍ਹਾਂ ਯਾਦ ਨਹੀਂ, 'ਬਹੁਤ ਅੱਛੇ ! ਕੁੜੀਏ, ਜੇ ਮੁੰਡੇ ਨੂੰ ਨਹੀਂ ਸੀ ਚਾਹੁੰਦੀ ਤਾਂ ਬਾਲ-ਬਾੜੀ ਜਾਂ ਅਨਾਥ ਆਸ਼ਰਮ ਲੈ ਜਾਂਦੀ।' ਪਤਾ ਨਹੀਂ ਹੋਰ ਕਿਹੜੇ-ਕਿਹੜੇ ਨਾਂ ਉਹ ਲੈਂਦੀ ਰਹੀ, ਪਤੇ ਗਿਣਾਉਂਦੀ ਰਹੀ। ਅਖੀਰ ਉਹਦੀ ਗੱਲ ਕੱਟਦੀ ਹੋਈ ਮਾਂ ਬੋਲੀ, "ਉਹ ਸਭ ਠੀਕ ਏ ਪਰ ਉਹ ਇਸ ਬੱਚੇ ਨੂੰ ਥਾਂ ਦਿੰਦੇ ਵੀ ਕਿ ਨਾ ?" ਮੈਂ ਜਾਣਦੀ-ਸਮਝਦੀ ਸਾਂ ਪਰ ਫਿਰ ਵੀ ਉਸ ਔਰਤ ਦੇ ਕਹਿਣ 'ਤੇ ਮੇਰੇ ਮਨ ਵਿੱਚ ਉਥਲ-ਪੁਥਲ ਹੋਣ ਲੱਗੀ ਸੀ। ਢਿੱਡ ਵਿੱਚੋਂ ਕੁਝ ਬਾਹਰ ਨਿਕਲਣ ਲਈ ਤੜਫਣ ਲੱਗਾ। ਮੈਂ ਮਾਂ ਨੂੰ ਬੋਲੀ, "ਕਾਸ਼ ਮੈਂ ਇਕ ਵਾਰ ਉਥੇ ਜਾ ਕੇ ਦੇਖ ਲੈਂਦੀ !" ਪਰ ਫਿਰ ਆਪਣੇ ਆਪ ਨੂੰ ਕਹਿਣ ਲੱਗੀ, 'ਕਿਥੇ ਜਾਂਦੀ, ਨਾ ਅਤਾ ਨਾ ਪਤਾ ਤੇ ਨਾ ਹੀ ਉਥੇ ਦੇ ਕਾਇਦੇ-ਕਾਨੂੰਨ ਦਾ ਪਤਾ ਸੀ। ਕਿਥੇ ਜਾਂਦੀ ਸਿਰ ਟਰਕਾਉਣ ? ਹੁਣ ਤਾਂ ਬਹੁਤ ਦੇਰ ਹੋ ਚੁੱਕੀ ਏ।' ਉਸ ਔਰਤ ਦੀਆਂ ਗੱਲਾਂ ਨਾਲ ਮੇਰਾ ਮਨ ਦੁੱਖ ਨਾਲ ਭਰ ਗਿਆ। ਕੋਈ ਮੇਰੇ ਦਿਲ ਨੂੰ ਕੁਰੇਦ ਰਿਹਾ ਸੀ। ਪੁੱਤ ਦੀ ਤੋਤਲੀ, ਰਸ ਵਿੱਚ ਡੁੱਬੀ ਆਵਾਜ਼ ਕੰਨਾਂ ਵਿੱਚ ਗੂੰਜਣ ਲੱਗੀ। ਮਨ ਐਦਾਂ ਉਦਾਸ ਹੋਇਆ ਕਿ ਸਾਰੀ ਸ਼ਰਮ ਛੱਡ ਕੇ ਸਭ ਦੇ ਸਾਹਮਣੇ ਰੋਣ ਲੱਗ ਪਈ। ਐਦਾਂ ਰੋਣਾ ਕਿੰਨਾ ਬੁਰਾ ਸੀ ! ਮੈਂ ਆਪਣੇ ਆਪ ਉਪਰ ਕਾਬੂ ਨਾ ਪਾ ਸਕੀ। ਤਦੇ ਕਿਸੇ ਦੀ ਆਵਾਜ਼ ਮੇਰੇ ਕੰਨੀਂ ਪਈ, "ਰੋ ਵੀ ਰਹੀ ਏ, ਸ਼ਰਮ ਤਾਂ ਨ੍ਹੀਂ ਆਉਂਦੀ ਇਹਨੂੰ !"

ਇਸ ਸਭ ਦੇਖ ਕੇ ਮਾਂ ਮੇਰੀ ਵਕਾਲਤ ਕਰਦੀ ਬੋਲੀ, "ਉਹ ਠੀਕ ਹੀ ਤਾਂ ਕਹਿ ਰਹੀ ਸੀ ਕਿ ਤੂੰ ਜਵਾਨ ਏਂ, ਕਿਉਂ ਇਕ ਬੱਚੇ ਲਈ ਹੰਝੂ ਵਹਾਉਂਦੀ ਏਂ ? ਫਿਰ ਤੇਰਾ ਪਤੀ ਵੀ ਤਾਂ ਉਸ ਬੱਚੇ ਨੂੰ ਪਸੰਦ ਨ੍ਹੀਂ ਸੀ ਕਰਦਾ। ਹਾਲੇ ਤੇਰੀ ਜਵਾਨੀ ਦੀ ਸ਼ੁਰੂਆਤ ਏ, ਜਿੰਨੇ ਮਰਜ਼ੀ, ਇਕ ਤੋਂ ਬਾਅਦ ਇਕ ਪੈਦਾ ਕਰ ਲੈਣੇ। ਤਿੰਨ-ਚਾਰ ਜਾਂ ਜਿੰਨੇ ਚਾਹੇਂ।" ਠੀਕ ਉਹ ਮੇਰਾ ਪਹਿਲਾ ਬੱਚਾ ਸੀ। ਪਲੇਠੀ



ਦੀ ਔਲਾਦ ਨਾਲ ਐਦਾਂ ਨਹੀਂ ਸੀ ਕਰਨਾ ਚਾਹੀਦਾ ਪਰ ਹੁਣ ਤਾਂ ਜੋ ਹੋਇਆ ਸੋ ਹੋ ਗਿਆ, ਉਸ ਬਾਰੇ ਸੋਚਣਾ ਵੀ ਫਿਜ਼ੂਲ ਹੈ।

ਮੈਨੂੰ ਉਹਦਾ ਕੋਈ ਦੁੱਖ ਨਹੀਂ ਸੀ ਪਰ ਮੇਰਾ ਪਤੀ ਉਸ ਨੂੰ ਫੁੱਟੀ ਅੱਖ ਵੀ ਪਸੰਦ ਨਹੀਂ ਸੀ ਕਰਦਾ। ਮੈਂ ਇਹ ਕੰਮ ਨਾ ਕਰਦੀ ਪਰ ਮੇਰਾ ਪਤੀ ਤਾਂ ਹੱਥ ਧੋ ਕੇ ਮੇਰੇ ਪਿੱਛੇ ਪੈ ਗਿਆ ਸੀ। ਉਸ ਦਾ ਕਹਿਣਾ ਠੀਕ ਹੀ ਤਾਂ ਸੀ ਕਿ ਉਹ ਕਿਸੇ ਵੀ ਉਲੂ ਦੇ ਪੱਠੇ ਨੂੰ ਰੋਟੀ ਨਹੀਂ ਖਵਾ ਸਕਦਾ। ਮੈਂ ਵੀ ਨਿਕਾਹ ਵੇਲੇ ਆਪਣੀ ਜ਼ਿੰਦਗੀ ਦਾ ਸਾਰਾ ਅਧਿਕਾਰ ਉਸ ਪਤੀ ਨੂੰ ਸੌਂਪ ਦਿੱਤਾ ਸੀ। ਮੈਂ ਖ਼ੁਦ ਨੂੰ ਉਹਦੀ ਥਾਂ ਰੱਖ ਕੇ ਸੋਚਦੀ। ਕੀ ਮੈਂ ਆਪਣੇ ਪਤੀ ਦੇ ਬੱਚੇ ਦਾ ਵਜੂਦ ਇਸ ਘਰ ਵਿੱਚ ਸਹਿਣ ਕਰ ਸਕਦੀ ਸੀ ? ਕੀ ਉਹਨੂੰ ਆਪਣੀ ਗ੍ਰਹਿਸਥੀ 'ਤੇ ਬੋਝ ਨਾ ਸਮਝਦੀ ? ਤਾਂ ਠੀਕ ਹੈ ਉਹ ਵੀ ਤਾਂ ਇਸੇ ਤਰ੍ਹਾਂਹੀ ਸੋਚਦਾ ਹੈ। ਉਸ ਨੂੰ ਵੀ ਹੱਕ ਮਿਲਦਾ ਹੈ ਕਿ ਮੇਰੇ ਬੱਚੇ ਨੂੰ, ਨਹੀਂ-ਨਹੀਂ ਮੇਰੇ ਪਹਿਲੇ ਪਤੀ ਦੇ ਬੱਚੇ ਨੂੰ, ਨਹੀਂ ਬਲਕਿ ਉਸ ਅਨੁਸਾਰ ਕਿਸੇ ਹੋਰ ਉਲੂ ਦੇ ਪੱਠੇ ਨੂੰ ਉਹ ਕਿਉਂ ਬਰਦਾਸ਼ਤ ਕਰੇ।

ਦੋ ਦਿਨ ਹੀ ਹੋਏ ਸਨ ਮੈਨੂੰ ਆਪਣੇ ਇਸ ਨਵੇਂ ਘਰ ਵਿੱਚ ਆਈ ਨੂੰ, ਪਰ ਇਹਨਾਂ ਦੋ ਦਿਨਾਂ ਵਿੱਚ ਮੇਰੇ ਕੰਨ ਐਦਾਂ ਪੱਕ ਗਏ ਕਿ ਮੇਰੀ ਤੌਅਬਾ ਬੋਲ ਗਈ। ਉਸ ਦਿਨ ਰਾਤ ਨੂੰ ਉਹ ਬੱਚੇ ਦੀ ਸਮੱਸਿਆ ਬਾਰੇ ਕਾਫੀ ਦੇਰ ਤੱਕ ਬੋਲਦਾ ਰਿਹਾ। ਮੈਂ ਚੁੱਪ ਕੀਤੀ, ਸਿਰ ਸੁੱਟੀ ਸੁਣਦੀ ਰਹੀ। ਅੰਤ ਮੈਂ ਪੁੱਛਿਆ, "ਕੀ ਕਰਾਂ ਇਸ ਬੱਚੇ ਦਾ ?" ਥੋੜ੍ਹੀ ਦੇਰ ਚੁੱਪ ਰਹਿ ਕੇ, ਕੁਝ ਸੋਚਦੇ ਹੋਏ ਲਾਪਰਵਾਹੀ ਨਾਲ ਬੋਲਿਆ, "ਮੈਂ ਕੁਝ ਨ੍ਹੀਂ ਜਾਣਦਾ ਕਿ ਕੀ ਕਰੇਂ ਪਰ ਮੈਂ ਇਸ ਉਲੂ ਦੇ ਪੱਠੇ ਨੂੰ ਬਰਦਾਸ਼ਤ ਨ੍ਹੀਂ ਕਰ ਸਕਦਾ। ਤੈਨੂੰ ਜੋ ਠੀਕ ਲੱਗਦਾ ਏ, ਕਰ।" ਇਹ ਕਹਿ ਕੇ ਉਹ ਮੇਰੇ ਕੋਲੋਂ ਉੱਠ ਖੜਿਆ। ਉਸ ਰਾਤ ਉਹ ਮੇਰੇ ਨੇੜੇ ਵੀ ਨਾ ਆਇਆ ਜਿੱਦਾਂ ਮੇਰੇ ਨਾਲ ਰੁੱਸਿਆ ਹੋਇਆ ਹੋਵੇ। ਗੁੱਸੇ ਵਿੱਚ ਉਸ ਨੇ ਸਭ ਕਹਿ ਵੀ ਦਿੱਤਾ ਸੀ, ਆਪਣੀਆਂ ਹਰਕਤਾਂ ਨਾਲ ਸਭ ਚਿਤਾਰ ਵੀ ਦਿੱਤਾ ਸੀ। ਪਰ ਨਾ ਰਾਹ ਸੁਝਾਇਆ ਤੇ ਨਾ ਹੀ ਕੋਈ ਤਰਕੀਬ ਦੱਸੀ।

ਤੀਜੀ ਰਾਤ ਅਸੀਂ ਇਕੱਠੇ ਸੁੱਤੇ ਪਰ ਮੈਂ ਦੇਖਿਆ ਕਿ ਉਹ ਆਪਣੇ ਅੰਦਰਲੇ ਕ੍ਰੋਧ ਨੂੰ ਕਾਬੂ ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਹੁਣ ਮੈਂ ਚੰਗੀ ਤਰ੍ਹਾਂਸਮਝ ਚੁੱਕੀ ਸੀ ਕਿ ਆਪਣੇ ਵਿਵਹਾਰ ਨਾਲ ਉਹ ਮੈਨੂੰ ਐਦਾਂ ਉਤੇਜਿਤ ਕਰਨਾ ਚਾਹੁੰਦਾ ਸੀ ਕਿ ਉਸ ਬੱਚੇ ਬਾਰੇ ਮੈਂ ਕੋਈ ਜਲਦੀ ਹੀ ਫੈਸਲਾ ਕਰ ਲਵਾਂ। ਸਵੇਰੇ ਜਦ ਉਹ ਕੰਮ 'ਤੇ ਜਾਣ ਲੱਗਾ ਤਾਂ ਬੋਲਿਆ, "ਦੁਪਹਿਰ ਨੂੰ ਮੁੜਾਂਗਾ ਤਾਂ ਇਹਦੀ ਸ਼ਕਲ ਨਾ ਦੇਖਾਂ, ਸਮਝੀ !"

ਮੈਂ ਉਸ ਦੀ ਧਮਕੀ ਵਿੱਚ ਲੁਕੀ ਬੈਠੀ ਆਪਣੀ ਪਰੇਸ਼ਾਨੀ ਨੂੰ ਸਮਝ ਚੁੱਕੀ ਸਾਂ। ਹੁਣ ਜਲਦੀ ਤੋਂ ਜਲਦੀ ਮੈਨੂੰ ਕੁਝ ਕਰਨਾ ਪੈਣਾ ਸੀ।

ਹੁਣ ਮੈਂ ਜਿੰਨਾ ਵੀ ਸੋਚਦੀ ਹਾਂ, ਸਮਝ ਨਹੀਂ ਪਾਉਂਦੀ, ਆਖਿਰ ਮੇਰੇ ਤੋਂ ਇਹ ਸਭ ਕਿੱਦਾਂ ਹੋ ਸਕਿਆ ? ਇਹ ਦਿਲ ਕਿੱਦਾਂ ਮੰਨਿਆਂ ਇਸ ਨਿਰਦਈ ਕੰਮ ਕਰਨ ਲਈ ? ਮੇਰੇ ਹੱਥ ਵਿੱਚ ਕੁਝ ਵੀ ਨਹੀਂ ਸੀ। ਜਿੱਦਾਂ ਹੀ ਮੇਰਾ ਖਾਵੰਦ ਘਰੋਂ ਨਿਕਲਿਆ, ਮੈਂ ਬੌਖਲਾ ਗਈ। ਘਬਰਾਈ ਹੋਈ ਸਿਰ 'ਤੇ ਚਾਦਰ ਲੈ ਕੇ ਨਿਕਲ ਗਈ। ਮੇਰਾ ਪੁੱਤ ਤਿੰਨ ਸਾਲ ਦਾ ਹੋ ਗਿਆ ਸੀ। ਬੜੇ ਮਜ਼ੇ ਨਾਲ ਤੁਰ ਸਕਦਾ ਸੀ। ਬਸ ਖਰਾਬੀ ਇਹੋ ਸੀ ਕਿ ਮੈਂ ਇਹਨੂੰ ਵੱਡਾ ਕਰਨ ਲਈ ਤਿੰਨ ਸਾਲ ਖਰਾਬ ਕਰ ਦਿੱਤੇ। ਰਾਤਾਂ ਜਾਗ-ਜਾਗ ਕੇ ਇਹਨੂੰ ਪਾਲਿਆ-ਪੋਸਿਆ। ਹੁਣ ਤਾਂ ਉਹਨਾਂ ਸਾਰੀਆਂ ਤਕਲੀਫਾਂ ਦਾ ਵਕਤ ਖਤਮ ਹੋ ਗਿਆ ਸੀ, ਹੁਣ ਤਾਂ ਆਰਾਮ ਦੇ ਦਿਨ ਸਨ ਕਿ ਮੈਨੂੰ ਇਹ ਫੈਸਲਾ ਲੈਣਾ ਪੈ ਰਿਹਾ ਸੀ।

ਬੱਸ ਸਟੈਂਡ ਤੱਕ ਅਸੀਂ ਪੈਦਲ ਗਏ। ਉਹਦੇ ਪੈਰਾਂ ਵਿੱਚ ਅੱਜ ਜੁੱਤੀ ਪਾਈ ਹੋਈ ਸੀ। ਨੀਲਾ ਕੋਟ-ਪੈਂਟ, ਜਿਹੜਾ ਮੇਰੇ ਪਹਿਲੇ ਪਤੀ ਨੇ ਆਖਰੀ ਵਾਰ ਇਹਦੇ ਲਈ ਖਰੀਦਿਆ ਸੀ, ਇਹਦੇ ਪੁਆਇਆ ਸੀ ਜੋ ਉਹਨੂੰ ਬਹੁਤ ਫੱਬ ਰਿਹਾ ਸੀ। ਜਦੋਂ ਮੈਂ ਉਹਨੂੰ ਨਵਾਂ ਜੋੜਾ ਪੁਆ ਰਹੀ ਸੀ ਤਾਂ ਇਕ ਵਿਚਾਰ ਵਾਰ ਵਾਰ ਮੇਰੇ ਮਨ ਵਿੱਚ ਆ ਰਿਹਾ ਸੀ, 'ਓ ਪਾਗਲ! ਹੁਣ ਕਿਉਂ ਨਵੇਂ ਕੱਪੜੇ ਇਹਦੇ ਪਾ ਰਹੀ ਏਂ ? ਕੱਲ੍ਹ ਨੂੰ ਤੇਰੇ ਹੋਰ ਬੱਚਾ ਹੋਵੇਗਾ, ਇਹ ਉਹਦੇ ਕੰਮ ਨਹੀਂ ਆਵੇਗਾ ?' ਫਿਰ ਲੱਗਾ ਕਿ ਉਹਦਾ ਪਿਓ ਹੋਰ ਖਰੀਦ ਲਿਆਵੇਗਾ। ਮਨ ਨਾ ਮੰਨਿਆਂ ਤੇ ਉਹੀ ਸੂਟ ਉਸ ਦੇ ਪੁਆਇਆ। ਵਾਲ਼ਾਂ ਵਿੱਚ ਬਰੱਸ਼ ਕੀਤਾ। ਅੱਜ ਉਹ ਬਹੁਤ ਸੁਹਣਾ ਲੱਗ ਰਿਹਾ ਸੀ। ਇਕ ਹੱਥ ਨਾਲ ਉਸ ਦੀ ਉਂਗਲੀ ਫੜੀ, ਦੂਜੇ ਹੱਥ ਨਾਲ ਲਈ ਹੋਈ ਚਾਦਰ ਨੂੰ ਲੱਕ ਕੋਲੋਂ ਸੰਭਾਲ ਲਿਆ। ਅੱਜ ਉਸ ਦੇ ਹੌਲੀ ਤੁਰਨ 'ਤੇ ਮੈਨੂੰ ਜ਼ਰਾ ਵੀ ਗੁੱਸਾ ਨਹੀਂ ਸੀ ਆ ਰਿਹਾ। ਅੱਜ ਆਖਰੀ ਮੌਕਾ ਸੀ ਕਿ ਮੈਂ ਉਸ ਨੂੰ ਲੈ ਕੇ ਬਾਹਰ ਗਲੀ ਵਿੱਚ ਨਿਕਲੀ ਸਾਂ। ਰਾਹ ਵਿੱਚ ਕਈ ਵਾਰ ਉਹਨੇ ਮਠਿਆਈ ਖਰੀਦਣ ਦੀ ਜ਼ਿੱਦ ਕੀਤੀ ਪਰ ਮੈਂ ਅੱਕੀ ਨਾ। ਉਸ ਨੂੰ ਬਹਿਲਾਉਣ ਲਈ ਬੋਲੀ, "ਬੱਸ ਵਿੱਚ ਚੜ੍ਹਾਂਗੇ, ਫਿਰ ਮੈਂ ਤੇਰੇ ਲਈ ਗੁੱਡਾ ਖਰੀਦਾਂਗੀ।" ਮੈਨੂੰ ਚੰਗੀ ਤਰ੍ਹਾਂਯਾਦ ਹੈ ਕਿ ਉਸ ਦਿਨ ਵੀ ਬਾਕੀ ਦਿਨਾਂ ਵਾਂਗ ਉਹ ਮੈਨੂੰ ਕਈ ਸਵਾਲ ਪੁੱਛਦਾ ਰਿਹਾ ਸੀ।

ਘੋੜੇ ਦਾ ਪੈਰ ਤਿਲਕ ਕਿ ਟੋਏ ਵਿੱਚ ਪੈ ਗਿਆ ਸੀ ਜਿਸ ਕਾਰਨ ਲੋਕਾਂ ਦੀ ਭੀੜ ਜਮਾਂ ਹੋ ਗਈ ਸੀ। ਮੇਰਾ ਪੁੱਤ ਵੀ ਮੈਨੂੰ ਜ਼ਿੱਦ ਕਰਨ ਲੱਗਾ ਕਿ ਉਹਨੂੰ ਗੋਦੀ ਵਿੱਚ ਚੁੱਕ ਕੇ ਦਿਖਾਵਾਂ। ਜ਼ਖ਼ਮ ਹੋ ਜਾਣ ਕਾਰਨ ਘੋੜੇ ਦੇ ਪੌੜ ਵਿੱਚੋਂ ਖ਼ੂਨ ਨਿਕਲ ਰਿਹਾ ਸੀ। ਉਹਨੂੰ ਦਿਖਾ ਕੇ ਜਦੋਂ ਹੇਠਾਂ ਲਾਹਿਆ ਤਾਂ ਬੋਲਿਆ, "ਮੰਮੀ, ਘੋੜਾ ਗਿਲ ਗਿਆ ਏ ?" "ਹਾਂ, ਪੁੱਤ, ਜਦੋਂ ਕੋਈ ਆਪਣੀ ਮਾਂ ਦਾ ਕਹਿਣਾ ਨਹੀਂ ਮੰਨਦਾ ਤਾਂ ਐਦਾਂ ਹੀ ਹੁੰਦਾ ਏ।"

ਹੌਲੀ-ਹੌਲੀ ਤੁਰਦੇ ਅਸੀਂ ਬੱਸ ਸਟੈਂਡ 'ਤੇ ਪੁੱਜ ਗਏ। ਸਵੇਰ ਦਾ ਵੇਲਾ ਸੀ। ਲੋਹੜੇ ਦੀ ਭੀੜ ਸੀ। ਅੱਧਾ ਘੰਟਾ ਹੋ ਗਿਆ, ਬੱਸ ਵਿੱਚ ਥਾਂ ਨਾ ਮਿਲੀ। ਉਹ ਵੀ ਖੜੇ-ਖੜੇ ਥੱਕ ਗਿਆ ਸੀ। ਵਾਰ ਵਾਰ ਪੁੱਛ ਰਿਹਾ ਸੀ, ਕੀ ਹੋਇਆ ? ਬੱਸ ਕਿਉਂ ਨਹੀਂ ਆਈ ? ਉਹਦੇ ਸਵਾਲਾਂ ਤੋਂ ਮੈਂ ਥੱਕ ਗਈ ਸੀ। ਮੇਰੇ ਸਬਰ ਦਾ ਪੈਮਾਨਾ ਭਰ ਚੁੱਕਾ ਸੀ। ਉਹਨੇ ਕਿਹਾ, "ਤਲੋ, ਗੁੱਦਾ ਲੈਂਦੇ ਆਂ।" ਮੈਂ ਕਿਹਾ, "ਹੁਣੇ ਬੱਸ ਆਉਣ ਵਾਲੀ ਏ, ਫਿਰ ਆਪਾਂ ਢੇਰ ਸਾਰੇ ਗੁੱਡੇ ਖਰੀਦਾਂਗੇ।"

ਅੱਲਾ-ਅੱਲਾ ਕਰਦਿਆਂ ਸੱਤ ਨੰਬਰ ਬੱਸ ਮਿਲੀ, ਉਸ ਵਿੱਚ ਬਹਿ ਗਏ। ਸਾਰੇ ਰਾਹ ਉਹ ਤਰ੍ਹਾਂ-ਤਰ੍ਹਾਂਦੇ ਸਵਾਲ ਪੁੱਛਦਾ ਰਿਹਾ। ਇਕ ਵਾਰ ਮੈਨੂੰ ਯਾਦ ਹੈ, ਉਹਨੇ ਪੁੱਛਿਆ ਸੀ, "ਹਮ ਤਹੀਂ ਜਾ ਲਹੇ ਹੈਂ ?"

"ਤੇਰੇ ਚਾਚੇ ਕੋਲ ਪੁੱਤਰਾ।"

"ਤੌਨ ਵਾਲੇ ਚਾਚਾ ?"

"ਓਏ ਮੇਰੇ ਪੁੱਤਰਾ! ਕਿੰਨਾ ਬੋਲ ਰਿਹਾ ਏਂ ਤੂੰ ? ਜੇ ਇੰਨੀਆਂ ਗੱਲਾਂ ਕਰੇਂਗਾ ਤਾਂ ਮੈਂ ਗੁੱਡਾ ਨ੍ਹੀਂ ਲੈ ਕੇ ਦੇਣਾ, ਹਾਂ!"

ਉਹ ਸੁਣਦੇ ਹੀ ਸਹਿਮ ਗਿਆ ਸੀ। ਮੇਰਾ ਮਨ ਖੁਦ ਨੂੰ ਕੋਸ ਰਿਹਾ ਸੀ ਕਿ ਇਸ ਜੁਦਾਈ ਦੇ ਅੰਤਿਮ ਵੇਲੇ ਮੈਂ ਇਸ ਜੁਆਕ ਦਾ ਦਿਲ ਕਿਉਂ ਤੋੜਿਆ। ਕਿਉਂ ਉਹਦਾ ਮਨ ਨਾ ਰੱਖ ਸਕੀ, ਕਿਹੋ ਜਿਹੀ ਮੇਰੇ ਅੰਦਰ ਅੱਗ ਲੱਗੀ ਹੋਈ ਹੈ, ਕਿੱਦਾਂ ਦਿਲ ਜਲ਼ ਰਿਹਾ ਹੈ, ਇਹ ਸਭ ਸੋਚ ਕੇ। ਜਦੋਂ ਘਰੋਂ ਨਿਕਲੀ ਸਾਂ ਤਾਂ ਸੋਚਿਆ ਸੀ ਕਿ ਕਿਸੇ ਕਿਸਮ ਦਾ ਕ੍ਰੋਧ ਨਹੀਂ ਕਰਾਂਗੀ, ਖਿਝਾਂਗੀ ਵੀ ਨਹੀਂ ਸਗੋਂ ਪੂਰੇ ਪਿਆਰ ਨਾਲ ਵਰਤਾਂਗੀ। ਹੁਣ ਦਿਲ ਦੁਖ ਰਿਹਾ ਹੈ ਕਿ ਕਿਉਂ ਇੱਦਾਂ ਕਹਿ ਕੇ ਉਸ ਨੂੰ



ਚੁੱਪ ਕਰਾ ਦਿੱਤਾ ਸੀ। ਉਸ ਦਾ ਮੂੰਹ ਸੀਅ ਦਿੱਤਾ ਸੀ।

ਇਸ ਤੋਂ ਬਾਅਦ ਮੇਰਾ ਮਾਸੂਮ ਪੁੱਤ ਚੁੱਪ ਹੋ ਗਿਆ ਸੀ। ਮੇਰੇ ਵੱਲੋਂ ਬੇਰੁਖੀ ਦੇਖ ਕੇ ਕੰਡਕਟਰ ਉਹਦੇ ਨਾਲ ਗੱਲਾਂ ਕਰਨ ਲੱਗਾ। ਤਰ੍ਹਾਂ-ਤਰ੍ਹਾਂਦੇ ਮੂੰਹ ਬਣਾ ਕੇ ਉਸ ਨੂੰ ਦਿਖਾ ਰਿਹਾ ਸੀ। ਬੱਚਾ ਸਭ ਭੁੱਲ ਕੇ ਉਹਦੇ ਨਾਲ ਘੁਲ-ਮਿਲ ਗਿਆ ਸੀ। ਖੂਬ ਗੱਲਾਂ ਕਰ ਰਿਹਾ ਸੀ ਪਰ ਮੈਂ ਬੁੱਤ ਬਣੀ ਬੈਠੀ ਸਾਂ। ਨਾ ਕੰਡਕਟਰ ਵੱਲ ਧਿਆਨ ਦੇ ਰਹੀ ਸੀ ਤੇ ਨਾ ਹੀ ਪੁੱਤ ਦੀਆਂ ਗੱਲਾਂ 'ਤੇ ਮੁਸਕ੍ਰਾ ਰਹੀ ਸੀ। ਉਹ ਵਿੱਚ-ਵਿੱਚ ਮੈਨੂੰ ਚੁੱਪ ਬੈਠੀ ਨੂੰ ਦੇਖਦਾ, ਮੁੜ ਗੱਲਾਂ ਵਿੱਚ ਮਗਨ ਹੋ ਜਾਂਦਾ।

ਬੱਸ ਮੈਦਾਨ ਸ਼ਾਹ 'ਤੇ ਰੁਕੀ। ਉਤਰਨ ਵੇਲੇ ਵੀ ਉਹ ਹੱਸ ਰਿਹਾ ਸੀ, ਖਿਲਖਿਲਾ ਰਿਹਾ ਸੀ। ਚਾਰੇ ਪਾਸੇ ਬੱਸਾਂ ਹੀ ਬੱਸਾਂ ਨਜ਼ਰ ਆ ਰਹੀਆਂ ਸਨ। ਬਹੁਤ ਭੀੜ ਸੀ। ਇੰਨੇ ਸ਼ੋਰਗੁੱਲ ਵਾਲੇ ਮਾਹੌਲ ਵਿੱਚ ਇਹ ਕੰਮ ਕਰਦੇ ਘਬਰਾ ਰਹੀ ਸੀ। ਉਥੇ ਬੇਚੈਨੀ ਨਾਲ ਕਿੰਨਾ ਚਿਰ ਮੈਂ ਟਹਿਲਦੀ ਰਹੀ। ਅੱਧੇ ਘੰਟੇ ਬਾਅਦ ਭੀੜ ਕੁਝ ਘੱਟ ਹੋਈ। ਬੱਸਾਂ ਦੀ ਗਿਣਤੀ ਕੁਝ ਘਟੀ। ਟਹਿਲਦੀ ਹੋਈ ਨੇ ਕੁਝ ਪੈਸੇ ਕੱਢ ਕੇ ਬੱਚੇ ਦੇ ਹੱਥ 'ਚ ਰੱਖ ਦਿੱਤੇ। ਉਹ ਬੌਂਖਲਾ ਕੇ ਪਰੇਸ਼ਾਨ ਅੱਖਾਂ ਨਾਲ ਮੇਰੇ ਵੱਲ ਇਕ ਟੁੱਕ ਦੇਖਣ ਲੱਗਾ। ਨਾ ਉਸ ਨੂੰ ਪੈਸਿਆਂ ਦੀ ਪੱਛਾਣ ਸੀ ਤੇ ਨਾ ਹੀ ਇਸ ਦੀ ਮਹੱਤਤਾ ਦਾ ਅੰਦਾਜ਼ਾ। ਹਾਲੇ ਤੱਕ ਕਦੇ ਐਦਾਂ ਕੀਤਾ ਹੀ ਨਹੀਂ ਸੀ ਕਿ ਉਹ ਪੈਸੇ ਫੜਨੇ ਸਿੱਖਦਾ।

ਮੈਦਾਨ ਦੇ ਦੂਜੇ ਪਾਸੇ ਇਕ ਮੇਵਿਆਂ ਵਾਲੀ ਦੁਕਾਨ ਵੱਲ ਇਸ਼ਾਰਾ ਕਰਦੇ ਹੋਏ ਮੈਂ ਕਿਹਾ, "ਇਹ ਲੈ ਪੈਸੇ ਤੇ ਓਹ ਸਾਹਮਣੇ ਦੁਕਾਨ ਹੈ ਨਾ, ਉਥੋਂ ਜਾ ਕੇ ਗੁੱਡਾ ਖਰੀਦ ਲੈ। ਤੂੰ ਜਾਣਦਾ ਏਂ ਨਾ ਖਰੀਦਣਾ!" ਪੁੱਤ ਨੇ ਪਹਿਲਾਂ ਪੈਸੇ 'ਤੇ ਨਜ਼ਰ ਮਾਰੀ ਤੇ ਫਿਰ ਮੇਰੇ 'ਤੇ। ਉਹ ਦੋ ਦਿਲਾ ਹੋ ਰਿਹਾ ਸੀ। ਉਸ ਦੀ ਸਮਝ ਵਿੱਚ ਮੇਰੀ ਗੱਲ ਨਹੀਂ ਸੀ ਆ ਰਹੀ। ਮੈਂ ਵੀ ਸਮਝ ਨਹੀ ਸਾਂ ਰਹੀ ਕਿ ਉਸ ਨੂੰ ਕਿੱਦਾਂ ਸਮਝਾਵਾਂ।

"ਮੰਮੀ, ਤੂੰ ਤੁੱਲ ਮੇਲੇ ਨਾਲ।"

"ਨ੍ਹੀਂ ਪੁੱਤ, ਤੂੰ ਜਾਹ। ਤੂੰ ਜਾਣਦਾ ਏਂ ਨਾ ਖਰੀਦਣਾ, ਸ਼ਾਬਾਸ਼!" ਬੱਚੇ ਨੇ ਇਕ ਵਾਰ ਪੈਸਿਆਂ ਵੱਲ ਦੇਖਿਆ। ਫਿਰ ਮੈਨੂੰ। ਉਹਦੀ ਸਮਝ ਵਿੱਚ ਚੀਜ਼ ਖਰੀਦਣਾ ਨਹੀਂ ਸੀ ਆ ਰਿਹਾ। ਪਹਿਲਾਂ ਐਦਾਂ ਉਸ ਨੇ ਕਦੇ ਕੀਤਾ ਵੀ ਤਾਂ ਨਹੀਂ ਸੀ। ਟੁਕਰ-ਟੁਕਰ, ਭੋਲੀਆਂ-ਭਾਲੀਆਂ ਅੱਖਾਂ ਨਾਲ ਮੈਨੂੰ ਦੇਖ ਰਿਹਾ ਸੀ। ਕਿਹੋ ਜਿਹੀਆਂ ਸਨ ਉਸ ਦੀਆਂ ਨਜ਼ਰਾਂ ? ਮੇਰੇ ਦਿਲ ਦੇ ਟੁਕੜੇ-ਟੁਕੜੇ ਕਰ ਰਹੀਆਂ ਸਨ ਉਹ ਨਜ਼ਰਾਂ। ਤਬੀਅਤ ਵਿਗੜਨ ਲੱਗੀ। ਦਿਲ ਦੁਖਣ ਲੱਗਾ। ਮੇਰੇ ਤੋਂ ਇਹ ਕੰਮ ਨਹੀਂ ਹੋ ਸਕਣਾ। ਐਦਾਂ ਦਿਲ ਤਾਂ ਉਸ ਵੇਲੇ ਵੀ ਨਹੀਂ ਸੀ ਫਟਿਆ ਜਦੋਂ ਮੈਂ ਉਸ ਨੂੰ ਛੱਡ ਕੇ ਭੱਜੀ ਸਾਂ। ਨਾ ਉਦੋਂ ਅਜਿਹੀ ਟੀਸ ਉਠੀ ਸੀ ਜਦੋਂ ਗਵਾਂਢਣਾਂ ਸਾਹਮਣੇ ਫੁੱਟ-ਫੁੱਟ ਕੇ ਰੋਈ ਸਾਂ। ਅਜਿਹੀ ਹਾਲਤ, ਅਜਿਹੀ ਨਿਰਬਲਤਾ, ਅਜਿਹਾ ਦੁੱਖ ਤਾਂ ਮੈਂ ਕਦੇ ਵੀ ਮਹਿਸੂਸ ਨਹੀਂ ਸੀ ਕੀਤਾ। ਲੱਗਾ ਮੇਰੀ ਹੋਂਦ ਖਿਲਰ ਜਾਵੇਗੀ। ਕਿਹੋ ਜਿਹੀਆਂ ਸਨ ਉਹ ਨਜ਼ਰਾਂ ?

ਉਹ ਚਕਰਾਇਆ ਹੋਇਆ ਆਪਣਾ ਮਾਸੂਮ ਚਿਹਰਾ ਉਪਰ ਚੁੱਕੀ ਖੜਾ ਸੀ। ਚਿਹਰੇ 'ਤੇ ਅਜਿਹਾ ਭਾਵ ਲਈ ਜਿੱਦਾਂ ਮੈਨੂੰ ਕੁਝ ਪੁੱਛਣਾ ਚਾਹੁੰਦਾ ਹੋਵੇ। ਕੁਝ ਸਮਝਾਉਣਾ ਚਾਹੁੰਦਾ ਹੋਵੇ। ਬਿਆਨ ਨਹੀਂ ਕਰ ਸਕਦੀ ਕਿ ਉਹਨਾਂ ਪਲਾਂ ਵਿੱਚ ਮੈਂ ਆਪਣੇ 'ਤੇ ਕਿੱਦਾਂ ਕਾਬੂ ਪਾਇਆ ਸੀ। ਮੈਂ ਇਕ ਵਾਰ ਫਿਰ ਮੇਵੇ ਵਾਲੀ ਦੁਕਾਨ ਦੂਰੋਂ ਦਿਖਾਈ ਤੇ ਕਿਹਾ, "ਜਾਹ ਮੇਰੇ ਦਿਲ ਦੇ ਟੁਕੜੇ। ਇਹ ਪੈਸੇ ਉਹਨੂੰ ਦੇ ਦਿਖਾਉਣੇ ਉਹ ਤੈਨੂੰ ਸਵਾਦੀ ਕੱਦੂ ਦੇ ਬੀਅ ਦੇ ਦੇਵੇਗਾ, ਜਾਹ, ਸ਼ਾਬਾਸ਼!" ਉਸ ਨੇ ਦੂਰੋਂ ਮੇਵੇ ਵਾਲੀ ਦੁਕਾਨ ਵੱਲ ਦੇਖਿਆ ਤੇ ਫਿਰ ਰੁਆਂਸੂ ਬਣਦਾ ਜ਼ਿੱਦ ਜਿਹੀ

ਕਰਦਾ ਬੋਲਿਆ, "ਮੈਨੂੰ ਕੱਦੂ ਦੇ ਬੀਅ ਨ੍ਹੀਂ, ਕਿਸ਼ਮਿਸ਼ ਚਾਹੀਦੀ ਏ!"

ਮੇਰੀ ਹਾਲਤ ਪਲ-ਪਲ ਖਰਾਬ ਹੁੰਦੀ ਜਾ ਰਹੀ ਸੀ। ਮੈਨੂੰ ਜਾਪ ਰਿਹਾ ਹੈ ਕਿ ਜੇ ਇਸ ਵੇਲੇ ਇਸ ਬੱਚੇ ਨੇ ਪਲ ਭਰ ਦੀ ਵੀ ਦੇਰੀ ਕੀਤੀ ਜਾਂ ਰੋਣਾ ਸ਼ੁਰੂ ਕਰ ਦਿੱਤਾ ਤਾਂ ਮੈਂ ਹਥਿਆਰ ਸੁੱਟ ਦੇਵਾਂਗੀ। ਪਰ ਉਹ ਰੋਇਆ ਨਹੀਂ, ਉਵੇਂ ਹੀ ਖੜ੍ਹਾ ਰਿਹਾ। ਮੈਨੂੰ ਕਾਹਲ ਪੈ ਰਹੀ ਸੀ ਤੇ ਮੈਂ ਕ੍ਰੋਧ ਨਾਲ ਭਰ ਗਈ। ਸਬਰ ਦਾ ਪਿਆਲਾ ਭਰ ਗਿਆ, ਚੀਕਦੀ ਹੋਈ ਬੋਲੀ, "ਉਹਦੇ ਕੋਲ ਕਿਸ਼ਮਿਸ਼ ਵੀ ਹੈਗੀ, ਜਾਹ, ਜੋ ਚਾਹੁੰਦਾ ਏਂ ਪੈਸੇ ਦੇ ਕੇ ਖਰੀਦ ਲੈ, ਜਾਹ, ਹੁਣ ਜਾਹ ਵੀ।" ਉਸ ਨੂੰ ਫੁੱਟਪਾਥ ਤੋਂ ਚੁੱਕ ਕੇ ਨਾਲੀ ਦੇ ਉਸ ਪਾਰ ਸੜਕ 'ਤੇ ਖੜ੍ਹਾ ਕਰ ਦਿੱਤਾ। ਉਸ ਦੇ ਲੱਕ 'ਤੇ ਹੱਥ ਰੱਖ ਕੇ ਹਲਕਾ ਜਿਹਾ ਧੱਕਾ ਦਿੱਤਾ, "ਜਾਹ, ਨ੍ਹੀਂ ਤਾਂ ਦੇਰ ਹੋ ਜਾਵੇਗੀ।"

ਸੜਕ ਖਾਲੀ ਸੀ। ਇਥੋਂ ਉਥੇ ਤਕ ਕਿਸੇ ਵਾਹਨ ਦਾ ਕੋਈ ਨਿਸ਼ਾਨ ਨਹੀਂ ਸੀ। ਇਸ ਲਈ ਬੱਚੇ ਦੇ ਸੱਟ-ਫੇਟ ਦਾ ਕੋਈ ਡਰ ਨਹੀਂ ਸੀ। ਉਹ ਦੋ-ਤਿੰਨ ਕਦਮ ਹੀ ਚੱਲਿਆ ਹੋਵੇਗਾ ਕਿ ਪਿੱਛੇ ਮੁੜ ਕੇ ਬੋਲਿਆ, "ਮੰਮੀ, ਉਥੇ ਕਿਸ਼ਮਿਸ਼ ਹੋਏਗੀ?"

"ਹਾਂ-ਹਾਂ, ਸੁਹਣਿਆਂ, ਉਥੇ ਕਿਸ਼ਮਿਸ਼ ਹੈਗੀ। ਤੂੰ ਇਹ ਪੈਸੇ ਦੇ ਕੇ ਕਹਿਣਾ, ਕਿਸ਼ਮਿਸ਼ ਚਾਹੀਦੀ ਏ।" ਇੰਨਾ ਸੁਣ ਕੇ ਉਹ ਅੱਗੇ ਵੱਧ ਗਿਆ ਕਿ ਅਚਾਨਕ ਕਿਤੋਂ ਮੋਟਰ ਦੇ ਹਾਰਨ ਦੀ ਆਵਾਜ਼ ਗੂੰਜੀ। ਸੁਣਦੇ ਹੀ ਘਬਰਾ ਉੱਠੀ, ਕੀ ਕਰਾਂ? ਪਾਗਲਾਂ ਵਾਂਗ ਇਕ ਤਰ੍ਹਾਂਮੈਂ ਛਾਲ ਮਾਰ ਕੇ ਸੜਕ 'ਤੇ ਪੁੱਜੀ ਤੇ ਜਿਗਰ ਦੇ ਟੁੱਕੜੇ ਨੂੰ ਚੁੱਕ ਕੇ ਸੀਨੇ ਨਾਲ ਲਾ ਲਿਆ ਤੇ ਘਬਰਾਈ ਹੋਈ ਲੋਕਾਂ ਦੀ ਭੀੜ ਵਿੱਚ ਲੁਕ ਗਈ। ਮੈਂ ਸਿਰ ਤੋਂ ਪੈਰਾਂ ਤੱਕ ਪਸੀਨੇ ਵਿੱਚ ਨਹਾਈ ਹੋਈ ਸਾਂ। ਦਿਲ ਬੁਰੀ ਤਰ੍ਹਾਂਧੜਕ ਰਿਹਾ ਸੀ। ਪੁੱਤ ਵਾਰ-ਵਾਰ ਪੁੱਛ ਰਿਹਾ ਸੀ, "ਮੰਮੀ, ਕੀ ਹੋਇਆ?"

"ਕੁਸ਼ ਨ੍ਹੀਂ ਬੇਟੇ। ਸੜਕ ਵਿੱਚਕਾਰ ਜਾ ਕੇ ਬੰਦੇ ਨੂੰ ਕਾਹਲੀ ਨਾਲ ਸੜਕ ਪਾਰ ਕਰਨੀ ਚਾਹੀਦੀ ਏ ਨ੍ਹੀਂ ਤਾਂ ਤੂੰ ਕਿਸੇ ਟਾਇਰ ਹੇਠਾਂ ਜਾਂਦਾ।" ਕਹਿੰਦੇ ਹੋਏ ਮੈਨੂੰ ਲੱਗਿਆ ਕਿ ਮੈਂ ਰੋ ਪਵਾਂਗੀ। ਜੁਆਕ ਹੁਣ ਜੋ ਮੇਰੀ ਗੋਦ ਵਿੱਚ ਸੀ, ਬੋਲਿਆ, "ਅੱਛਾ! ਫਿਲ ਮੈਨੂੰ ਉਤਾਲ ਦੇ, ਇਸ਼ ਵਾਲ ਤੇਜ਼ ਦਾਊਂਗਾ।" ਜੇ ਉਹ ਇੰਦਾਂ ਨਾ ਕਹਿੰਦਾ ਤਾਂ ਮੈਨੂੰ ਯਾਦ ਹੀ ਨਾ ਆਉਂਦਾ ਕਿ ਮੈਂ ਇਥੇ ਕਿਹੜੇ ਕੰਮ ਆਈ ਹਾਂ। ਉਹਦੇ ਬੋਲਾਂ ਨੇ ਮੈਨੂੰ ਮੁੜ ਕੇ ਹੋਸ਼ ਵਿੱਚ ਲੈ ਆਂਦਾ। ਹਾਲੇ ਮੈਂ ਅੱਖਾਂ ਦੇ ਹੰਝੂ ਚੰਗੀ ਤਰ੍ਹਾਂਨਹੀਂ ਸਨ ਪੂੰਝੇ ਕਿ ਮੈਨੂੰ ਯਾਦ ਆ ਗਿਆ ਕਿ ਮੈਂ ਕੀ ਕਰਨਾ ਹੈ। ਇੱਥੇ ਮੈਂ ਕਿਸ ਲਈ ਆਈ ਹਾਂ। ਮੈਨੂੰ ਆਪਣਾ ਖਾਵੰਦ ਯਾਦ ਆ ਗਿਆ ਜਿਸ ਨੇ ਡਰਾ-ਧਮਕਾ ਕੇ ਮੈਨੂੰ ਭੇਜਿਆ ਸੀ। ਜੋ ਮੇਰੇ ਅੰਦਰ ਛੇਤੀ ਫੈਸਲਾ ਕਰਨ ਦੀ ਕਾਹਲ ਪਾ ਰਿਹਾ ਸੀ। ਘਬਰਾ ਕੇ ਪੁੱਤ ਦੀ ਗੱਲ੍ਹ'ਤੇ ਚੁੰਮਣ ਦਿੱਤਾ। ਗੋਦ ਵਿੱਚੋਂ ਲਾਹ ਕੇ ਉਸ ਦੇ ਕੰਨਾਂ ਵਿੱਚ ਹੌਲੇ ਜਿਹੇ ਕਿਹਾ, "ਮੇਰੇ ਲਾਲ, ਤੇਜ਼ੀ ਨਾਲ ਜਾਣਾ, ਫਿਰ ਕੋਈ ਮੋਟਰ ਨਾ ਆ ਜਾਵੇ।"

ਸੜਕ ਖਾਲੀ ਪਈ ਸੀ। ਉਹ ਤੇਜ਼ੀ ਨਾਲ ਭੱਜਦਾ ਹੋਇਆ ਸੜਕ ਪਾਰ ਕਰਕੇ ਦੂਜੇ ਪਾਸੇ ਜਾ ਖੜ੍ਹਾ ਹੋਇਆ। ਚਲਦੇ ਹੋਏ ਉਸ ਦੇ ਨਿੱਕੇ-ਨਿੱਕੇ ਪੈਰਾਂ ਨੂੰ ਦੇਖਦੇ ਹੋਇਆ ਲੱਗ ਰਿਹਾ ਸੀ ਕਿ ਕਿਤੇ ਉਹ ਆਪਸ ਵਿੱਚ ਉਲਝ ਨਾ ਜਾਣ ਤੇ ਉਹ ਠੋਕਰ ਖਾ ਕੇ ਡਿਗ ਨਾ ਪਵੇ। ਦੂਜੇ ਪਾਸੇ ਪੁੱਜ ਕੇ ਉਸ ਨੇ ਮੁੜ ਕੇ ਮੇਰੇ ਵੱਲ ਦੇਖਿਆ। ਮੈਂ ਚਾਦਰ ਨੂੰ ਚੰਗੀ ਤਰ੍ਹਾਂ ਲਪੇਟ ਕੇ ਲੱਕ ਕੋਲੋਂ ਦੋਨਾਂ ਹੱਥਾਂ ਨਾਲ ਸੰਭਾਲਦੇ ਵਾਪਸ ਜਾਣ ਲਈ ਤਿਆਰ ਸਾਂ। ਜਦੋਂ ਉਸ ਨੇ ਮੁੜ ਕੇ ਮੇਰੇ ਵੱਲ ਦੇਖਿਆ ਤਾਂ ਮੇਰੇ ਪੈਰ ਥਾਵੇਂ ਜੰਮ ਗਏ। ਡਰ ਨਾਲ ਸੁਕ ਗਈ। ਠੀਕ ਹੈ, ਮੈਂ ਨਹੀਂ ਸੀ ਚਾਹੁੰਦੀ ਕਿ ਉਹ ਮੁੜ ਕੇ ਮੇਰੇ ਵੱਲ ਦੇਖੇ ਪਰ ਡਰ ਨਾਲ ਪੱਥਰ ਹੋ ਜਾਣ ਦੇ ਅਰਥ ਕੀ ਸਨ? ਜਿੱਦਾਂ ਚੋਰ ਚੋਰੀ



ਕਰਦਾ ਹੋਇਆ ਰੰਗੇ ਹੱਥੀਂ ਫੜਿਆ ਗਿਆ ਹੋਵੇ? ਠੱਗੀ ਰਹਿ ਗਈ ਸਾਂ ਮੈਂ। ਹੱਥ ਚਾਦਰ ਫੜੀ ਥਾਵੇਂ ਜੰਮ ਗਏ ਸਨ।

ਠੀਕ ਇਸ ਤਰ੍ਹਾਂ ਮੇਰਾ ਹੱਥ ਪਹਿਲਾਂ ਵਾਲੇ ਪਤੀ ਦੀ ਜੇਬਵਿੱਚ ਸੀ ਕਿ ਉਹ ਉਪਰੋਂ ਆ ਗਿਆ ਸੀ। ਜੇਬ ਫਰੋਲਦਾ ਹੱਥ ਥਾਵੇਂ ਰੁਕ ਗਿਆ ਸੀ। ਡਰ ਦੇ ਮਾਰੇ ਮੇਰੇ ਸਾਹ ਸੁੱਕ ਗਏ ਸਨ। ਦੋਬਾਰਾ ਮੈਂ ਪਸੀਨੇ ਨਾਲ ਸਿਰ ਤੋਂ ਪੈਰਾਂ ਤਕ ਨਹਾ ਗਈ ਸਾਂ। ਸਿਰ ਉਸ ਦੀਆਂ ਅੱਖਾਂ ਦੀ ਤਾਬ ਨਹੀਂ ਸੀ ਝੱਲ ਪਾ ਰਿਹਾ, ਸੋ ਸਿਰ ਥੱਲੇ ਝੁਕ ਗਿਆ। ਜਦੋਂ ਬੜੀ ਮੁਸ਼ਕਲ ਨਾਲ ਸਿਰ ਉਪਰ ਚੁੱਕਿਆ ਤਾਂ ਦੇਖਿਆ ਕਿ ਉਹ ਮੁੜ ਨਿੱਕੇ-ਨਿੱਕੇ ਪੈਰਾਂ ਨਾਲ ਅੱਗੇ ਵੱਧ ਰਿਹਾ ਸੀ। ਮੇਵੇ ਦੀ ਦੁਕਾਨ ਤੋਂ ਉਸ ਦਾ ਫਾਸਲਾ ਬਹੁਤ ਥੋੜ੍ਹਾ ਰਹਿ ਗਿਆ ਸੀ। ਮੇਰਾ ਬੋਝ ਉਤਰ ਗਿਆ ਸੀ। ਮੇਰੀ ਜ਼ਿੰਮੇਵਾਰੀ ਪੂਰੀ ਹੋ ਚੁੱਕੀ ਸੀ। ਉਹ ਸੜਕ ਦੇ ਉਸ ਪਾਰ ਸਹੀ ਸਲਾਮਤ ਪੁੱਜ ਗਿਆ ਸੀ। ਇਹ ਉਹੀ ਛਿਣ ਸੀ, ਜਦੋਂ ਮੈਂ ਪਹਿਲੀ ਵਾਰ ਮਹਿਸੂਸ ਕੀਤਾ ਕਿ ਮੇਰੀ ਕੋਈ ਔਲਾਦ ਨਹੀਂ ਹੈ। ਮੈਂ ਕਿਸੇ ਬੇਟੇ, ਕਿਸੇ ਬੱਚੇ ਨੂੰ ਜਨਮ ਨਹੀਂ ਦਿੱਤਾ। ਆਖਿਰੀ ਵਾਰ ਜਦੋਂ ਉਸ ਉਪਰ ਨਜ਼ਰ ਪਈ ਤਾਂ ਜਾਪਿਆ ਜਿੱਦਾਂ ਉਹ ਕਿਸੇ ਹੋਰ ਆਦਮੀ ਦਾ ਬੱਚਾ ਹੋਵੇ। ਉਹ ਬੱਚਾ, ਪਿਆਰਾ, ਗੁਦਗੁਦਾ ਜਿਹਾ ਜਿਹਨੂੰ ਮੈਂ ਦੇਖ ਰਹੀ ਹਾਂ ਠੀਕ ਉਹੋ ਜਿਹਾ ਹੀ ਜਾਪਿਆ ਜਿੱਦਾਂ ਸੜਕ 'ਤੇ ਗੁਜ਼ਰਦੇ ਹੋਏ ਕੋਈ ਬੱਚਾ ਦਿੱਸ ਹੀ ਜਾਇਆ ਕਰਦਾ ਹੈ। ਮੈਂ ਵੀ ਇਕ ਆਮ ਰਾਹਗੀਰ ਵਾਂਗ ਹੀ ਨਜ਼ਰ ਮਾਰੀ ਜੋ ਬਹੁਤੀ ਵਾਰ ਬੱਚਿਆਂ ਨੂੰ ਦੇਖਦੇ ਹੋਏ ਬਿਨਾਂ ਕੁਝ ਮਹਿਸੂਸ ਕੀਤਾ ਅੱਗੇ ਲੰਘ ਜਾਇਆ ਕਰਦਾ ਹੈ। ਇੰਦਾਂ ਹੀ ਮੈਂ ਕਿਸੇ ਹੋਰ ਆਦਮੀ ਦੇ ਬੱਚੇ ਵੱਲ ਦੇਖਦੀ ਹੋਈ ਅੱਗੇ ਨਿਕਲ ਗਈ। ਜਾ ਕੇ ਭੀੜ ਵਿੱਚ ਮਿਲ ਗਈ, ਗੁੰਮ ਹੋ ਗਈ।

ਅਚਾਨਕ ਮੇਰੇ ਅੰਦਰ ਇਕ ਡਰ ਦੀ ਤਾਰ ਜਿਹੀ ਫਿਰੀ। ਕਿਤੇ ਕੋਈ ਮੇਰਾ ਪਿੱਛਾ ਤਾਂ ਨਹੀਂ ਕਰ ਰਿਹਾ? ਇਹ ਵਿਚਾਰ ਮਨ ਵਿੱਚ ਆਉਂਦਿਆਂ ਹੀ ਮੇਰੀ ਦੇਹੀ ਦੇ ਲੂੰ-ਕੰਡੇ ਖੜ੍ਹੇ ਹੋ ਗਏ ਤੇ ਮੈਂ ਫੁਰਤੀ ਨਾਲ ਅੱਗੇ ਵੱਧਣ ਲੱਗੀ। ਮੈਂ ਸੋਚ ਰਹੀ ਸੀ ਕਿ ਤੰਗ ਗਲੀਆਂ ਵਿੱਚ ਵੜ ਕੇ ਨਿਕਲ ਜਾਵਾਂਗੀ ਤੇ ਭੱਜਣ ਵਿੱਚ ਕਾਮਯਾਬ ਹੋ ਜਾਵਾਂਗੀ। ਬਹੁਤ ਮੁਸ਼ਕਲ ਨਾਲ ਆਪਣੇ ਆਪ ਨੂੰ ਅੱਗੇ ਖਿੱਚ ਰਹੀ ਸਾਂ ਤਦੇ ਪਿੱਛੇ ਕਿਸੇ ਕਾਰ ਦੇ ਰੁਕਣ ਦੀ ਆਵਾਜ਼ ਆਈ, ਮੈਂ ਸਹਿਮ ਕੇ ਰੁਕ ਗਈ ਕਿ ਹੁਣ ਪਕੜੀ ਗਈ ਹਾਂ। ਚੌਰਾਹੇ ਵਿੱਚ ਖੜ੍ਹਾ ਪੁਲੀਸ ਵਾਲਾ ਸਭ ਦੇਖ ਰਿਹਾ ਸੀ। ਟੈਕਸੀ ਵਿੱਚ ਬੈਠ ਮੇਰੇ ਪਿੱਛੇ ਆਇਆ ਹੈ, ਹੁਣ ਮੈਨੂੰ ਫੜ ਲਵੇਗਾ। ਕਿਸੇ ਤਰ੍ਹਾਂ ਹਿੰਮਤ ਕਰਕੇ ਪਿੱਛੇ ਮੁੜੀ ਤੇ ਸਾਹਮਣੇ ਖੜ੍ਹੀ ਕਿਰਾਏ ਵਾਲੀ ਟੈਕਸੀ ਵਿੱਚ ਜਾ ਬੈਠੀ। ਕੁਝ ਸਵਾਰੀਆਂ ਕਿਰਾਇਆ ਦੇ ਕੇ ਜਾ ਰਹੀਆਂ ਸਨ ਤੇ ਕੁਝ ਦੇ ਰਹੀਆਂ ਸਨ। ਮੈਂ ਸੁੱਖ ਦਾ ਸਾਹ ਲਿਆ। ਤਦੇ, ਫਿਰ ਖਿਆਲ ਆਇਆ ਕਿ ਮੇਰੀਆਂ ਅੱਖਾਂ ਹੁਣ ਹੋਰ ਕੁਝ ਨਾ ਦੇਖ ਲੈਣ। ਦਹਿਸ਼ਤ ਜਿਹੀ ਨਾਲ ਭਰੀ ਅੱਗੇ ਵਧੀ ਤੇ ਟੈਕਸੀ ਦਾ ਦਰਵਾਜ਼ਾ ਠਾਹ ਕਰਕੇ ਬੰਦ ਕਰ ਲਿਆ। ਦਰਵਾਜ਼ੇ ਦੀ ਉੱਚੀ ਆਵਾਜ਼ ਸੁਣ ਕੇ ਡਰਾਈਵਰ ਹੜਬੜਾ ਗਿਆ ਤੇ ਉਸ ਨੇ ਟੈਕਸੀ ਸਟਾਰਟ ਕਰ ਲਈ। ਦਰਵਾਜ਼ੇ ਵਿੱਚ ਮੇਰੀ ਚਾਦਰ ਫਸੀ ਹੋਈ ਸੀ।

ਜਦੋਂ ਟੈਕਸੀ ਕੁਝ ਦੂਰ ਨਿਕਲ ਗਈ ਤਾਂ ਮੇਰਾ ਸਾਹ ਕੁਝ ਸੌਖਾ ਹੋਇਆ ਤੇ ਮੈਂ ਜ਼ਰਾ ਕੁ ਬੂਹਾ ਖੋਲ੍ਹ ਕੇ ਚਾਦਰ ਖਿੱਚ ਲਈ ਤੇ ਆਰਾਮ ਨਾਲ ਢੋਅ ਲਾ ਕੇ ਸੀਟ 'ਤੇ ਬਹਿ ਗਈ। ਸਿਰ ਪਿੱਛੇ ਨੂੰ ਸੁੱਟ ਕੇ ਤਸੱਲੀ ਭਰਿਆ ਸਾਹ ਲਿਆ।

## ਚਾਚੇ ਨੇ ਕਿਹਾ ਸੀ/ਅੱਬਾਸ ਹਕੀਮ

ਸੰਗਤਰਾਸ਼ ਜਵਾਨ ਸੀ। ਸਭ ਕੁਝ ਹੋਣ ਤੋਂ ਬਾਅਦ ਵੀ ਉਹ ਬਹੁਤ ਇਕੱਲਾ ਸੀ ਤੇ ਰਾਤ ਇਸ ਇਕੱਲ ਨੂੰ ਚੌਗਣਾ ਕਰ ਦਿੰਦੀ। ਸਵੇਰੇ ਉੱਠ ਕੇ ਉਹ ਝੀਲ ਕੰਢੇ ਚਲੇ ਜਾਂਦਾ ਤੇ ਪਾਣੀ ਵਿੱਚ ਆਪਣੀ ਸ਼ਕਲ ਦੇਖਦਾ। ਇਕ ਰਾਤ ਦੀ ਇਕੱਲ ਤੋਂ ਘਬਰਾਇਆ ਹੋਇਆ ਉਹ ਸੋਚਣ ਲੱਗਾ ਕਿ ਕੱਲ੍ਹ ਉਹ ਚਸ਼ਮੇ ਦੇ ਪਾਣੀ ਵਿੱਚੋਂ ਬੇਤਾਲ ਨੂੰ ਲੈ ਆਵੇਗਾ। ਇਹ ਸੋਚ ਕੇ ਉਹ ਖੁਸ਼ ਹੋਇਆ। ਸਵੇਰੇ ਮੁਸਕ੍ਰਾਹਟ ਦਾ ਜਾਲ ਸੁੱਟਿਆ ਤੇ ਬੇਤਾਲ ਫਸ ਗਿਆ। ਪਰ ਜਿੱਦਾਂ ਹੀ ਉਹਨੇ ਉਸ ਨੂੰ ਫੜਨਾ ਚਾਹਿਆ ਤਾਂ ਪਾਣੀ ਦੀਆਂ ਲਹਿਰਾਂ ਨੇ ਉਹਦੇ ਕੋਲੋਂ ਉਹਨੂੰ ਖੋਹ ਲਿਆ। ਦੁਖੀ ਹੋ ਕੇ ਉਹਨੇ ਹਥੌੜੀ ਚੁੱਕੀ ਤੇ ਪੱਥਰ ਵਿੱਚੋਂ ਇਕ ਸੁੰਦਰੀ ਘੜ ਦਿੱਤੀ ਪਰ ਉਹ ਬੇਜਾਨ ਤੇ ਠੰਢੀ ਸੀ। ਇਹ ਦੇਖਦਿਆਂ ਉਹ ਗੁੱਸੇ ਵਿੱਚ ਆ ਗਿਆ। ਫਿਰ ਵੀ ਉਹਨੇ ਹਿੰਮਤ ਨਾ ਹਾਰੀ। ਹਥੌੜੀ-ਛੈਣੀ ਸੁੱਟ ਕੇ ਉਹ ਨੇ ਪਿਆਰ ਨਾਲ ਇਹਦੇ ਵਿੱਚ ਜਾਨ ਪਾਉਣ ਦਾ ਇਰਾਦਾ ਕੀਤਾ। ਉਸ ਨੂੰ ਗਲ਼ ਨਾਲ ਲਾਇਆ। ਉਸ ਦੇ ਲੱਕ ਦੁਆਲੇ ਆਪਣਾ ਹੱਥ ਵਗਲ਼ਿਆ। ਉਹਦੇ ਪਥਰੀਲੇ ਸੀਨੇ ਵਿੱਚ ਗਰਮੀ ਪਹੁੰਚਾ ਕੇ ਆਪਣੀਆਂ ਅੱਖਾਂ ਉਸ ਦੀਆਂ ਅੱਖਾਂ ਵਿੱਚ ਪਾ ਕੇ ਜਾਨ ਪਾਈ। ਫਿਰ ਉਹ ਦੋਵੇਂ ਹੱਥਾਂ ਵਿੱਚ ਹੱਥ ਪਾਈ ਜੰਗਲ ਵਿੱਚ ਇੱਧਰ ਓਧਰ ਘੁੰਮਣ ਲੱਗੇ।

ਇਕ ਦਿਨ ਮੂਰਤੀ ਨੇ ਸੰਗਤਰਾਸ਼ ਨੂੰ ਪੁੱਛਿਆ, "ਮੈਨੂੰ ਪਿਆਰ ਕਰਦੇ ਹੋ ?"

"ਮੈਂ ਤੈਨੂੰ ਪੂਜਦਾ ਹਾਂ।"

ਉਹ ਸਵਾਲ ਮੂਰਤੀ ਨੇ ਕਈ ਵਾਰ ਪੁੱਛਿਆ। ਹਰ ਵਾਰ ਉਹ ਉਹੀ ਜਵਾਬ ਦਿੰਦਾ। ਸੰਗਤਰਾਸ਼ ਦਾ ਜਵਾਬ ਸੁਣ ਕੇ ਮੂਰਤੀ ਬੋਲੀ, "ਮੈਨੂੰ ਪੂਜਾ ਨ੍ਹੀਂ ਪਿਆਰ ਚਾਹੀਦਾ ਏ।"

"ਮੈਂ ਤੈਨੂੰ ਪਿਆਰ ਕਰਦਾ ਹਾਂ।" ਸੰਗਤਰਾਸ਼ ਨੇ ਕਿਹਾ। ਬਰਫ ਪਿਘਲ ਗਈ। ਚਿੜੀਆਂ ਚਹਿਕਣ ਲੱਗੀਆਂ। ਬੁਲਬੁਲਾਂ ਗਾ ਰਹੀਆਂ ਸਨ। ਬਸੰਤ ਆ ਗਈ ਸੀ।

"ਤੂੰ ਮੈਨੂੰ ਪਿਆਰ ਕਰਦੀ ਏਂ।" ਸੰਗਤਰਾਸ਼ ਨੇ ਮੂਰਤੀ ਨੂੰ ਸਵਾਲ ਕੀਤਾ।

"ਮੈਂ ਤੈਨੂੰ ਪਿਆਰ ਕਰਦੀ ਹਾਂ ਪਰ ਤੇਰੀ ਆਸ਼ਕ ਨ੍ਹੀਂ ਹਾਂ।" ਮੂਰਤੀ ਨੇ ਕਿਹਾ।

ਇਹ ਸੁਣਦੇ ਹੀ ਸੰਗਤਰਾਸ਼ ਬੁੱਢਾ ਹੋ ਗਿਆ। ਦੁਖੀ ਹੋ ਕੇ ਉਹਨੇ ਝਰਨੇ ਦੇ ਪਾਣੀ ਵਿੱਚ ਆਪਣੇ ਆਪ ਨੂੰ ਦੇਖਿਆ ਤਾਂ ਡਰ ਗਿਆ।

ਉਸ ਦੀ ਨਾਉਮੀਦੀ ਦੇਖ ਕੇ ਮੂਰਤੀ ਉਸ ਨੂੰ ਦਿਲਾਸਾ ਦਿੰਦੀ ਬੋਲੀ, "ਉਹਨਾਂ ਦਿਨਾਂ ਵਿੱਚ ਜਦ ਇਕੱਲੇ ਰਹਿੰਦੇ ਸੀ ਤਾਂ ਕੀ ਕਰਦੇ ਸੀ ?"

"ਝਰਨੇ ਕੱਢੇ ਜਾਂਦਾ ਸਾਂ, ਪਾਣੀ 'ਚ ਆਪਣੇ ਆਪ ਨੂੰ ਦੇਖਦਾ ਸੀ।"

"ਫਿਰ ਤੁਸੀਂ ਮੈਨੂੰ ਕਿਉਂ ਘੜਿਆ ?"

"ਤੂੰ ਵੀ ਤਾਂ ਪਾਣੀ 'ਚ ਏਂ।"

"ਮੈਂ ਪਾਣੀ 'ਚ ਨ੍ਹੀਂ ਤੇਰੇ ਕੋਲ ਹਾਂ।"

"ਤੂੰ ਪਾਣੀ 'ਚ ਝਾਕ ਕੇ ਦੇਖ।"

ਸੰਗਤਰਾਸ਼ ਦੀ ਗੱਲ ਸੁਣ ਕੇ ਮੂਰਤੀ ਨੇ ਪਾਣੀ ਵਿੱਚ ਝਾਕਿਆ ਤੇ ਆਪਣੇ ਆਪ ਨੂੰ ਪੱਛਾਣ ਨਾ ਸਕੀ। ਕੁਝ ਦੇਰ ਬਾਅਦ ਉਹ ਜਾਣ ਲੱਗੀ। ਉਸ ਨੂੰ ਜਾਂਦੀ ਨੂੰ ਦੇਖ ਸੰਗਰਤਾਸ਼ ਵਿਆਕੁਲ ਹੁੰਦਾ ਉਹਦੇ ਨੇੜੇ ਹੋਇਆ। **ਬਾਕੀ ਪੰਨਾ ਨੰ. 28 'ਤੇ**



## ਲਾਲ ਛੱਪੜ/ਦਰਿਵਸ਼ ਕਾਰਗਰ

ਉਤਾਂਹ ਡੁੱਬਦੇ ਸੂਰਜ ਦੀਆਂ ਕਿਰਨਾਂ ਪਹਾੜਾਂ 'ਤੇ ਖ਼ੂਨ ਦੇ ਹੰਝੂ ਰੋ ਰਹੀਆਂ ਸਨ। ਹੇਠਾਂ ਦੋ ਆਦਮੀਆਂ ਨੇ ਇਕ ਟਰੱਕ ਤੋਂ ਧਰਤੀ 'ਤੇ ਛਾਲ਼ਾਂ ਮਾਰੀਆਂ ਤੇ ਦੂਜੇ ਹੀ ਪਲ ਉਹ ਬਹੁਤ ਫੁਰਤੀ ਨਾਲ ਖੜੇ ਹੋ ਗਏ। ਉਹਨਾਂ ਦੇ ਚਿਹਰੇ ਚਾਰਖਾਨੇ ਦੇ ਸਾਫੇ ਨਾਲ ਇਸ ਤਰ੍ਹਾਂ ਲਪੇਟੇ ਹੋਏ ਸਨ ਕਿ ਉਹਨਾਂ ਦੀਆਂ ਅੱਖਾਂ ਹੀ ਝਾਕ ਰਹੀਆਂ ਸਨ। ਭਾਵਹੀਣ ਤੇ ਸਪਾਟ। ਜਿਹਨਾਂ ਵਿੱਚੋਂ ਕੁਝ ਪੜ੍ਹ ਸਕਣਾ ਹਾਲੇ ਮੁਸ਼ਕਲ ਸੀ। ਉਹਨਾਂ ਵਿੱਚੋਂ ਇਕ ਨੇ ਹੱਥ ਅੱਗੇ ਕੀਤਾ ਤਾਂ ਕਿ ਮਾਹਰੁਖਸਾਰ ਨੂੰ ਟਰੱਕ ਤੋਂ ਹੇਠਾਂ ਉਤਰਨ ਵਿੱਚ ਆਸਾਨੀ ਹੋ ਜਾਵੇ। ਮਹਾਰੁਖਸਾਰ ਨੇ ਘਿਰਣਾ ਨਾਲ ਉਸ ਆਦਮੀ ਨੂੰ ਦੇਖਿਆ, ਫਿਰ ਮਨ ਹੀ ਮਨ ਬੁੜਬੁੜ ਕਰਦੀ ਟਰੱਕ ਦੇ ਡਾਲੇ ਦਾ ਸਹਾਰਾ ਲੈਂਦੀ ਹੇਠਾਂ ਉਤਰ ਆਈ।

ਮਹਾਰੁਖਸਾਰ ਦੇ ਹੇਠਾਂ ਉਤਰਦੇ ਹੀ ਉਹ ਦੋਵੇਂ ਮਰਦ ਸਾਵਧਾਨ ਹੋ ਕੇ ਚੁੱਪ-ਚਾਪ ਉਸ ਦੇ ਦੋਵੇਂ ਪਾਸੀਂ ਖੜ ਗਏ। ਹੁਣ ਉਹ ਮਹਾਰੁਖਸਾਰ ਨੂੰ ਖੁੱਲ੍ਹੇ ਜਿਹੇ ਮੈਦਾਨ ਵੱਲ ਲੈ ਕੇ ਤੁਰ ਪਏ।

ਅਸਲ ਵਿੱਚ ਉਹ ਮੈਦਾਨ ਸ਼ਹਿਰ ਦੇ ਗਰੀਬ ਇਲਾਕੇ ਦੀ ਕੁਰਬਾਨਗਾਹ ਸੀ। ਇੱਥੇ ਕਸਾਈ ਭੇਡਾਂ ਲਿਆਉਂਦਾ ਸੀ। ਭੇਡਾਂ ਗਰਦਨ ਝੁਕਾਈ ਕਸਾਈ ਦੇ ਪਿੱਛੇ-ਪਿੱਛੇ ਤੁਰਦੀਆਂ ਇਥੇ ਤੱਕ ਆਉਂਦੀਆਂ ਸਨ। ਇਹ ਸੁੰਨਾ ਜਿਹਾ ਮੈਦਾਨ ਇਸੇ ਕੰਮ ਲਈ ਵਰਤਿਆ ਜਾਂਦਾ ਸੀ। ਇਸ ਲਈ ਵਾਤਾਵਰਣ ਵਿੱਚ ਅਜੀਬ ਜਿਹਾ ਜ਼ਹਿਰੀਲਾ ਮੁਸ਼ਕ ਭਰਿਆ ਪਿਆ ਸੀ।

ਮਹਾਰੁਖਸਾਰ ਪਹਿਲੀ ਹੀ ਨਜ਼ਰ ਵਿੱਚ ਸਭ ਕੁਝ ਦੇਖ ਕੇ ਸਮਝ ਗਈ ਸੀ ਪਰ ਉਹ ਭੇਡ ਤਾਂ ਨਹੀਂ ਸੀ ਜੋ ਸਿਰ ਝੁਕਾਈ ਚੁੱਪਚਾਪ, ਬਿਨਾਂ ਕੁਝ ਸਮਝੇ-ਬੁੱਝੇ ਆਪਣੀ ਕਤਲਗਾਹ ਤੱਕ ਆਪਣੇ ਹੀ ਪੈਰਾਂ ਨਾਲ ਤੁਰਦੀ ਆ ਪੁੱਜੇ। ਇਕ ਸ਼ੋਅਲਾ ਜਿਹਾ ਚਮਕਿਆ। ਉਹਨੇ ਆਪਣੇ ਨਾਲ ਤੁਰਦੇ ਹੋਏ ਉਹਨਾਂ ਦੋਹਾਂ ਆਦਮੀਆਂ ਨੂੰ ਦੇਖਿਆ, ਫਿਰ ਬਿਜਲੀ ਜਿਹੀ ਫੁਰਤੀ ਨਾਲ ਇਕ ਭਰਪੂਰ ਵਾਰ ਆਪਣੇ ਹੱਥਾਂ ਨਾਲ ਇਕ ਦੀ ਛਾਤੀ 'ਤੇ ਕਈ ਵਾਰ ਕੀਤਾ ਤੇ ਇਕ ਪਾਸੇ ਨੂੰ ਦੌੜਨ ਲੱਗੀ। ਅਚਾਨਕ ਹੋਏ ਹਮਲੇ ਦੇ ਲਈ ਉਹ ਤਿਆਰ ਨਹੀਂ ਸਨ। ਲੁੱਟੇ ਜਿਹੇ ਖੜੇ ਇਕ ਦੂਜੇ ਵੱਲ ਦੇਖਣ ਲੱਗੇ, ਅਗਲੇ ਹੀ ਪਲ ਜਦੋਂ ਉਹ ਹੋਸ਼ ਵਿੱਚ ਆ ਗਏ, "ਏ, ਰੁਕ, ਠਹਿਰ!" ਕਹਿੰਦੇ ਹੋਏ ਉਸ ਦੇ ਪਿੱਛੇ ਭੱਜ ਪਏ। ਡਰਾਈਵਰ ਹੈਰਾਨ ਹੋਇਆ ਦੋ ਪਲ ਸਾਹਮਣੇ ਦੇਖਦਾ ਰਿਹਾ, ਫਿਰ ਤੇਜ਼ੀ ਨਾਲ ਇੰਜਣ ਚਾਲੂ ਕਰਕੇ ਗੋਲਾਈ ਵਿੱਚ ਟਰੱਕ ਘੁੰਮਾਉਂਦਾ ਮਹਾਰੁਖਸਾਰ ਦੇ ਮੂਹਰੇ ਜਾ ਬ੍ਰੇਕ ਲਾਈ। ਮਹਾਰੁਖਸਾਰ ਨੇ ਚੁੰਧਿਆਈਆਂ ਅੱਖਾਂ ਨਾਲ ਟਰੱਕ ਦੇ ਸ਼ੀਸ਼ਿਆਂ ਨੂੰ ਦੇਖਿਆ। ਦਹਿਸ਼ਤਜ਼ਦਾ ਚਮਕੀਲੀਆਂ ਅੱਖਾਂ ਪੂਰੀ ਤਰ੍ਹਾਂਖੁੱਲ੍ਹ ਕੇ ਕੁਝ ਦੇਰ ਝਮਕੀਆਂ ਤੇ ਫਿਰ ਜੰਮ ਜਿਹੀਆਂ ਗਈਆਂ। ਪਿੱਛੇ ਦੌੜੇ ਆਉਂਦੇ ਉਹ ਦੋਵੇਂ ਵੀ ਪੁੱਜ ਗਏ ਤੇ ਝਪਟ ਕੇ ਮਹਾਰੁਖਸਾਰ ਦੇ ਹੱਥ ਪਿੱਛਿਓਂ ਫੜ ਲਏ।

ਉਸ ਵੇਲੇ ਉਸ ਨੂੰ ਕਾਕਉਮਰ ਦੀਆਂ ਅੱਖਾਂ ਯਾਦ ਆ ਗਈਆਂ। ਲੱਗਾ, ਮਨ ਨੂੰ ਕਿਸੇ ਨੇ ਮੁੱਠੀ ਵਿੱਚ ਲੈ ਕੇ ਨਿਚੋੜ ਦਿੱਤਾ ਹੋਵੇ। ਦਰਦ ਦੀਆਂ ਬੇਸੁਮਾਰ ਟੀਸਾਂ ਉੱਠਦੀਆਂ ਉਸ ਨੂੰ ਤੜਫਾਉਣ ਲੱਗੀਆਂ। ਕੰਨਾਂ ਵਿੱਚ ਆਵਾਜ਼ਾਂ ਗੂੰਜਣ ਲੱਗੀਆਂ। ਇਹ ਗੱਲਾਂ ਕੁਝ ਦਿਨ ਪਹਿਲਾਂ ਹੀ ਤਾਂ ਉਹਨਾਂ ਵਿਚਕਾਰ ਹੋਈਆਂ ਸਨ।

"ਕਾਕਉਮਰ, ਤੈਨੂੰ ਮੁੰਡਾ ਹੀ ਕਿਉਂ ਪਸੰਦ ਏ ?"

"ਕੁਰਦਸਤਾਨ ਲਈ।"

"ਜਾਣੀ ਕਿ ?"

"ਤਾਂ ਕਿ ਕੁਰਦ ਜ਼ਿਆਦਾ ਹੋਣ।"

ਕਾਕਉਮਰ ਦੀ ਆਵਾਜ਼ ਵਿੱਚ ਭਰਪੂਰ ਇੱਛਿਆ ਦਾ ਅਜਿਹਾ ਗੌਰਵਮਈ ਰੰਗ ਸੀ ਕਿ ਮਹਾਰੁਖਸਾਰ ਦੀ ਸਾਰੀ ਦੇਹ ਉਸੇ ਰੰਗ ਵਿੱਚ ਭਿੱਜੀ ਯਾਦ ਨਾਲ ਝੁਣਝੁਣਾ ਉੱਠੀ। ਕਾਕਉਮਰ ਦੀ ਆਵਾਜ਼ ਦੀ ਗਰਮੀ, ਉਸ ਦਾ ਗਰੂਰ, ਉਸਦੀਆਂ ਨਾੜਾਂ ਵਿੱਚ ਵਹਿਣ ਲੱਗਾ। ਉਸ ਦੀਆਂ ਪ੍ਰੇਮ ਵਿੱਚ ਭਿੱਜੀਆਂ ਅੱਖਾਂ ਦਾ ਇਹ ਉਤਾਵਲਾਪਨ ਉਸ ਦੇ ਬੁੱਲ੍ਹਾਂ ਵਿੱਚ ਫਸ ਕੇ ਰਹਿ ਗਿਆ ਕਿ ਕਾਸ਼! ਕਾਕਉਮਰ ਦੀ ਇਹ ਇੱਛਿਆ ਉਸ ਦੇ ਤਨ ਵਿੱਚੋਂ ਜਨਮ ਲਵੇ।

"ਉਹਨਾਂ ਦਾ ਜਨਮ ਉਹਨਾਂ ਦੀ ਮੌਤ ਦੀ ਗਿਣਤੀ ਨਾਲੋਂ ਅਧਿੱਕ ਹੋਵੇ, ਪੀਸ਼ਮਰਗ (ਕੁਰਦਸਤਾਨ ਦੇ ਇਕ ਗੁੱਟ ਦਾ ਨਾਂ ਹੈ। ਇਹਨਾਂ ਦਾ ਯਕੀਨ ਹੈ ਕਿ ਮਰਨ ਤੋਂ ਪਹਿਲਾਂ ਉਹ ਕੁਰਬਾਨ ਹੋਣਗੇ। ਇਸ ਲਈ ਉਹਨਾਂ ਆਪਣੇ ਗੁੱਟ ਦਾ ਨਾਂ ਪੀਸ਼ ਮਤਲਬ ਪਹਿਲੇ, ਮਰਗ ਜਾਣੀ ਕਿ ਮੌਤ ਰੱਖਿਆ ਹੈ।) ਜ਼ਿਆਦਾ ਹੋਣਗੇ ਮਹਾਰੁਖਸਾਰ। ਇੰਨੇ ਜ਼ਿਆਦਾ, ਇੰਨੇ ਜ਼ਿਆਦਾ ਕਿ ਫਿਰ ਕੋਈ ਸਾਡੇ 'ਤੇ ਆਪਣੀ ਮਰਜ਼ੀ ਨਾਲ ਜ਼ੋਰ ਨ੍ਹੀਂ ਚਲਾ ਸਕੇ।" ਕਾਕਉਮਰ ਦੀਆਂ ਅੱਖਾਂ ਆਲੇਦੁਆਲੇ ਫੈਲੀ ਖੁੱਲ੍ਹੀ ਉਜਾੜ ਧਰਤੀ 'ਤੇ ਤਿਲਕਣ ਲੱਗੀਆਂ। ਵਿਚਾਰਾਂ ਨੇ ਉਸ ਦੇ ਮਸਤਕ ਨੂੰ ਨਵੀਂ ਦਿਸ਼ਾ ਦਿੱਤੀ। ਇਸ ਵਾਰ ਮਹਾਰੁਖਸਾਰ ਦੇ ਕੰਨਾਂ ਵਿੱਚ ਜੋ ਆਵਾਜ਼ ਟਕਰਾਈ, ਉਹ ਪਹਿਲਾਂ ਨਾਲੋਂ ਜ਼ਿਆਦਾ ਸਾਫ ਤੇ ਉਤਸ਼ਾਹ ਨਾਲ ਭਰੀ ਹੋਈ ਸੀ।

"ਇਹਨਾਂ ਲੋਕਾਂ ਦੇ ਹੱਥੋਂ, ਇਹਨਾਂ ਆਪਣੇ ਕੁਰਦਾਂ ਦੇ ਹੱਥੋਂ, ਆਪਣੇ ਪੀਸ਼ਮਰਗਾਂ ਦਾ ਹੱਕ ਅਸੀਂ ਲਵਾਂਗੇ, ਉਹਨਾਂ ਦੇ ਹੱਥਾਂ ਨਾਲ, ਇਹ ਸੁੱਕੀ ਧਰਤੀ ਕਣਕ ਦੀਆਂ ਬੱਲੀਆਂ ਨਾਲ ਭਰ ਜਾਵੇਗੀ, ਉਹਨਾਂ ਦਾ ਪਸੀਨਾ ਸਾਨੂੰ ਅਨਾਜ ਦੇਵੇਗਾ, ਤੇ ਉਹਨਾਂ ਦੇ ਹੱਥੋਂ ਦੇਸ਼ ਦੀ ਭੁੱਖ ਮਿਟੇਗੀ।"

ਪਿੱਛਿਓਂ ਭਾਰੀ ਹੱਥਾਂ ਨੇ ਮਹਾਰੁਖਸਾਰ ਨੂੰ ਅੱਗੇ ਨੂੰ ਧੱਕ ਦਿੱਤਾ। ਕਾਕਉਮਰ ਦੀ ਗੂੰਜਦੀ ਆਵਾਜ਼ ਮਹਾਰੁਖਸਾਰ ਦੇ ਕੰਨਾਂ ਵਿੱਚੋਂ ਗਾਇਬ ਹੋ ਗਈ ਤੇ ਉਹ ਉਹਨਾਂ ਨਾਲ ਕਦਮ ਮਿਲਾ ਕੇ ਤੁਰਨ ਲੱਗੀ।...

"ਮਹਾਰੁਖਸਾਰ, ਮੰਨ ਲੈ ਜੇ ਇਕ ਵਕਤ ਮੈਂ ਨਾ ਰਿਹਾ...!"

"ਨ੍ਹੀਂ ਨ੍ਹੀਂ, ਕਾਕਉਮਰ, ਐਦਾਂ ਨਾ ਕਹਿ।"

ਕਾਕਉਮਰ ਦੇ ਬੁੱਲ੍ਹਾਂ 'ਤੇ ਉਦਾਸ ਮੁਸਕਾਨ ਖੇਡ ਰਹੀ ਸੀ। ਗਮ ਵਿੱਚ ਡੁੱਬੀਆਂ ਉਸ ਦੀਆਂ ਅੱਖਾਂ ਮਹਾਰੁਖਸਾਰ ਦੇ ਚਿਹਰੇ ਨੂੰ ਜੀ ਭਰ ਕੇ ਦੇਖਣਾ ਚਾਹੁੰਦੀਆਂ ਸੀ। ਇਕਦਮ ਕਾਕਉਮਰ ਦੇ ਮੋਢੇ ਦੁੱਖ ਨਾਲ ਝੁਕ ਗਏ, "ਸ਼ਾਇਦ ਐਦਾਂ ਹੀ ਹੋ ਜਾਵੇ ਮਹਾਰੁਖਸਾਰ, ਸਮਝ ਲੈ ਕਿ ਮੈਂ ਨਾ ਰਿਹਾ ਤਾਂ ਤੂੰ ਹੱਥ 'ਤੇ ਹੱਥ ਧਰ ਕੇ ਨਾ ਬਹਿਣਾ। ਆਹ ਬੰਦੂਕ ਏ। ਇਹਨੂੰ ਚੁੱਕ ਕੇ ਸਿੱਧੇ ਉਸ ਪਹਾੜੀ ਵੱਲ ਗੋਲੀ ਦਾਗ ਦੇਣੀ, ਉਥੇ ਮੇਰੇ ਭਰਾ ਨੇ, ਮੇਰੇ ਦੋਸਤ ਨੇ, ਉਹ ਜਮਾਂ ਹੋ ਜਾਣਗੇ, ਤੇਰੀ ਮੱਦਦ ਕਰਨਗੇ, ਉਹ ਤੇਰਾ ਪੂਰਾ ਖਿਆਲ ਰੱਖਣਗੇ, ਤੈਨੂੰ ਇਕੱਲੀ ਨ੍ਹੀਂ ਛੱਡਣਗੇ।"

ਮਹਾਰੁਖਸਾਰ ਦੀਆਂ ਅੱਖਾਂ ਵਿੱਚੋਂ ਸਾਵਣ-ਭਾਦੋਂ ਦੀ ਝੜੀ ਲੱਗ ਗਈ। ਉਹ ਵਾਰ-ਵਾਰ ਅੱਖਾਂ ਪੂੰਝਦੀ ਪਰ ਲੰਮੇ ਲੰਮੇ ਹੰਝੂ ਉਸ ਦੀਆਂ ਗੱਲ੍ਹਾਂ ਉਪਰੋਂ ਦੀ ਵਹਿ ਰਹੇ ਸਨ। ਉਸ ਦਾ ਦਿਲ ਚਾਹ ਰਿਹਾ ਸੀ ਕਿ ਦੁਸ਼ਮਣਾਂ ਦੀਆਂ ਨਜ਼ਰਾਂ ਤੋਂ ਦੂਰ, ਕਾਕਉਮਰ ਨੂੰ ਗੁਆਉਣ ਤੋਂ ਪਹਿਲਾਂ, ਇਸ ਦੁੱਖ ਨੂੰ ਜੀ ਭਰ ਕੇ ਦੇਖ ਲਵੇ।



ਉਹ ਮੈਦਾਨ ਦੇ ਵਿਚਕਾਰ ਪੁੱਜ ਗਏ। ਇਕ ਆਦਮੀ ਜੋ ਅੱਗੇ ਨੂੰ ਦੌੜਿਆ ਤੇ ਉਹਨਾਂ ਦੇ ਮੂਹਰੇ ਆ ਕੇ ਖੜ ਗਿਆ। ਦੂਜੇ ਨੇ ਮਹਾਰੁਖਸਾਰ ਦੇ ਹੱਥਾਂ ਨੂੰ ਪਿੱਛੇ ਕਰਕੇ ਉਹਨਾਂ ਨੂੰ ਕੱਸ ਕੇ ਚੰਗੀ ਤਰ੍ਹਾਂਬੰਨਦਿੱਤਾ। ਮਹਾਰੁਖਸਾਰ ਨੇ ਸਰੀਰ ਦੀ ਸਾਰੀ ਤਾਕਤ ਲਾ ਕੇ ਛੁਡਵਾਉਣਾ ਚਾਹਿਆ ਪਰ ਹੱਥ ਬਿਲਕੁਲ ਨਾ ਹਿੱਲੇ। ਆਜ਼ਾਦ ਹੋਣਾ ਤਾਂ ਬਹੁਤ ਮੁਸ਼ਕਲ ਸੀ। ਉਸ ਦਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗਾ। ਸਰੀਰ ਕੰਬਿਆ ਤੇ ਮਨ ਵਿੱਚ ਸਵਾਲ ਉਭਰੇ, "ਮੈਂ ਕਿਹੜੀ ਹਾਂ ?" ਉਹਨਾਂ ਦੋਹਾਂ ਆਦਮੀਆਂ ਵੱਲੋਂ ਧਿਆਨ ਹਟਾ ਕੇ ਉਹ ਸੋਚਣ ਲੱਗੀ, "ਮੈਂ ਕਿਹੜੀ ਕੁਰਦ ਹਾਂ ਜਿਹੜੀ ਇਥੇ ਲਿਆਂਦੀ ਗਈ ਹਾਂ। ਮੈਂ ਮਰਨ ਵਾਲਿਆਂ ਦੀ ਗਿਣਤੀ 'ਚ ਕਿਹੜਾ ਨੰਬਰ ਹੋਵਾਂਗੀ।" ਉਸ ਦੀਆਂ ਨਜ਼ਰਾਂ ਧਰਤੀ 'ਤੇ ਟਿਕ ਗਈਆਂ। ਉਸ ਦੇ ਪੈਰਾਂ ਕੋਲ ਜ਼ਮੀਨ ਦੀ ਮਿੱਟੀ ਖਿਲਰੀ ਹੋਈ ਸੀ। ਉਸ ਦੇ ਮੱਥੇ ਵਿੱਚ ਦੂਜਾ ਵਿਚਾਰ ਆਇਆ, 'ਮਹਾਰੁਖਸਾਰ, ਆਪਣੇ ਆਪ ਨੂੰ ਪੁੱਛੋ ਕਿ ਤੂੰ ਕਿਹੜੀ ਪੀਸ਼ਮਰਗ ਏਂ ? ਸ਼ਾਇਦ ਅੱਜ ਸਵੇਰੇ, ਸ਼ਾਇਦ ਦੁਪਹਿਰ ਨੂੰ ਜਾਂ ਦੁਪਹਿਰ ਤੋਂ ਪਹਿਲਾਂ, ਹੋ ਸਕਦਾ ਏ ਘੰਟਾ ਕੁ ਪਹਿਲਾਂ ਹੀ ਕੋਈ ਕੁਰਦ ਇਥੇ ਮਾਰਿਆ ਗਿਆ ਹੋਵੇ, ਕੋਈ ਕੀ ਜਾਣੇ ?' ਅਭਿਮਾਨ ਤੇ ਅਰਥ ਭਰਪੂਰ ਮੁਸਕ੍ਰਾਹਟ ਉਸ ਦੇ ਬੁੱਲ੍ਹਾਂ ਤੇ ਆਈ ਤੇ ਸਾਰੇ ਚਿਹਰੇ 'ਤੇ ਫੈਲ ਗਈ। ਅਚਾਨਕ ਉਸ ਦੀਆਂ ਅੱਖਾਂ ਵਿੱਚ ਚਮਕ ਭਰ ਗਈ। ਫਿਰ ਖੁਦ ਨੂੰ ਬੋਲੀ, 'ਪਹਿਲੀ ਹੋਵਾਂ, ਦੂਜੀ ਜਾਂ ਸੌਵੀਂ, ਕੀ ਫਰਕ ਪੈਂਦਾ ਏ ਪਰ ਇਹ ਜਾਣਦੀ ਹਾਂ ਕਿ ਜਿਸ ਤਰ੍ਹਾਂਪਹਿਲੀ ਜ਼ਰੂਰ ਨ੍ਹੀਂ ਹਾਂ, ਆਖਰੀ ਵੀ ਨ੍ਹੀਂ ਹਾਂ।'

ਇਸ ਵਿਸ਼ਵਾਸ ਦੇ ਬਾਵਜੂਦ ਇਕ ਇੱਛਿਆ ਉਭਰੀ, '-ਕਾਸ਼, ਮੈਂ ਮਰਨ ਵਾਲਿਆਂ ਵਿੱਚੋਂ ਆਖਰੀ ਹੁੰਦੀ! ਕਾਸ਼ ਮੇਰੀ ਬਲੀ ਆਖਰੀ ਹੁੰਦੀ! ਮੇਰੇ ਇਸ ਬਲੀਦਾਨ ਤੋਂ ਬਾਅਦ ਕੁਰਦਸਤਾਨ ਆਜ਼ਾਦ ਹੋ ਜਾਂਦਾ! ਕਾਸ਼...'

ਇਕ ਅੱਗੇ ਹੋਇਆ। ਮਹਾਰੁਖਸਾਰ ਦੀ ਸੋਚ ਦੀ ਲੜੀ ਬਿਖਰ ਗਈ। ਆਪਣੀ ਜੇਬ ਵਿੱਚੋਂ ਕਾਲ਼ਾ ਰੁਮਾਲ ਕੱਢ ਕੇ ਉਹਨੇ ਮਹਾਰੁਖਸਾਰ ਦੀਆਂ ਅੱਖਾਂ 'ਤੇ ਬੰਨਣਾ ਚਾਹਿਆ। ਇਹ ਦੇਖ ਕੇ ਮਹਾਰੁਖਸਾਰ ਨੇ ਰਹਿੰਦਾ-ਖੂੰਹਦਾ ਡਰ ਵੀ ਮਨ ਵਿੱਚੋਂ ਕੱਢ ਮਾਰਿਆ ਤੇ ਕੜਕਦੀ ਆਵਾਜ਼ ਵਿੱਚ ਐਦਾਂ ਕਰਨ ਤੋਂ ਉਹਨੇ ਮਨਾਂ ਕਰ ਦਿੱਤਾ, "ਮੇਰੀਆਂ ਅੱਖਾਂ ਨੂੰ ਮਤ ਛੂਹਣਾ।" ਫਿਰ ਖੁੱਲ੍ਹਕੇ ਹੱਸਦਿਆਂ ਬੋਲੀ, "ਠਹਿਰੋ, ਮੈਨੂੰ ਆਖਰੀ ਵਾਰ ਜੀ ਭਰ ਕੇ ਕੁਰਦਸਤਾਨ ਨੂੰ ਦੇਖ ਲੈਣ ਦਿਓ। ਇਹਨਾਂ ਅੱਖਾਂ ਨਾਲ ਆਪਣੀ ਧਰਤੀ ਦੇ ਦਰਸ਼ਨ ਕਰ ਲੈਣ ਦਿਓ।"

"ਠੀਕ ਏ, ਛੱਡ ਦਿਓ ਇਹਨੂੰ, ਪੱਟੀ ਨਾ ਬੰਨੋ।" ਟਰੱਕ ਵਿੱਚੋਂ ਆਵਾਜ਼ ਆਈ।

ਮੁਸਕ੍ਰਾਹਟ ਦੀ ਪਰਤ, ਸੰਤੁਸ਼ਟੀ ਦਾ ਰੰਗ ਮਹਾਰੁਖਸਾਰ ਦੇ ਚਿਹਰੇ 'ਤੇ ਡੂੰਘਾ ਹੁੰਦਾ ਗਿਆ। ਰੂਪ ਕੁਝ ਨਿੱਖਰ ਗਿਆ।

ਅਚਾਨਕ ਕਿਸੇ ਦੀ ਪਿੱਛਿਓਂ ਚੀਕਦੇ ਬੋਲਾਂ ਨੇ ਮਹਾਰੁਖਸਾਰ ਦਾ ਧਿਆਨ ਖਿੱਚ ਲਿਆ,

"ਜੋਖੇ, ਤਿਆਰ ਹੋ ਨਾ ?"

ਉਥੇ ਹਾਜ਼ਰ ਸੱਤ ਲੋਕ ਆਵਾਜ਼ ਸੁਣਦੇ ਹੀ ਬਿਜਲੀ ਵਾਲੀ ਤੇਜ਼ੀ ਨਾਲ ਗੋਡਿਆਂ ਭਾਰ ਹੋ ਗਏ ਤੇ ਆਪਣੀਆਂ ਬੰਦੂਕਾਂ ਦੀਆਂ ਨਾਲੀਆਂ ਨਾਲ ਮਹਾਰੁਖਸਾਰ ਨੂੰ ਨਿਸ਼ਾਨਾ ਬਣਾ ਲਿਆ।

ਮਹਾਰੁਖਸਾਰ ਆਪਣੇ ਉਪਰ ਟਿਕੀਆਂ ਨਜ਼ਰਾਂ ਵਿੱਚੋਂ ਕੁਝ ਲੱਭਣ ਦੀ ਕੋਸ਼ਿਸ਼ ਕਰਨ ਲੱਗੀ। ਉਹਨਾਂ ਵਿੱਚ ਕੁਝ ਵੀ ਨਹੀਂ ਸੀ ਜਿਸ ਨੂੰ ਉਹ ਲੱਭਦੀ ਜਾਂ ਪੜ੍ਹਦੀ। ਸਭ ਕੁਝ ਸਪਾਟ ਦੇਖ

ਕੇ ਉਸ ਨੂੰ ਬਹੁਤ ਅਫਸੋਸ ਹੋਇਆ। ਮਹਾਰੁਖਸਾਰ ਦੇ ਜੀਵਨ ਦਾ ਇਹ ਸਭ ਤੋਂ ਵੱਡਾ ਆਖਰੀ ਦੁੱਖ ਸੀ। ਉਸ ਨੇ ਆਪਣੀਆਂ ਨਜ਼ਰਾਂ ਉਹਨਾਂ ਵਲੋਂ ਹਟਾਈਆਂ। ਬੁੱਲ੍ਹਾਂ 'ਤੇ ਜੀਭ ਫੇਰੀ। ਉਹਨਾਂ ਦੀਆਂ ਉਂਗਲਾਂ ਟਰਾਇਗਰ 'ਤੇ ਟਿਕੀਆਂ ਹੁਕਮ ਦੀ ਉਡੀਕ ਕਰ ਰਹੀਆਂ ਸਨ। ਮਹਾਰੁਖਸਾਰ ਨੇ ਜ਼ੋਰ ਨਾਲ ਸਾਹ ਲਏ। ਉਸ ਦੀਆਂ ਰਗਾਂ ਵਿੱਚ ਖ਼ੂਨ ਦੀ ਗਤੀ ਦੁੱਗਣੀ ਹੋ ਗਈ। ਆਪਣੇ ਸਾਰੇ ਇਰਾਦਿਆਂ ਨੂੰ ਇਕ ਥਾਂ ਇਕੱਠਾ ਕੀਤਾ ਤੇ ਪੂਰੀ ਤਾਕਤ ਨਾਲ ਬੋਲੀ, "ਕੁਦਰਸਤਾਨ ਜਾਂ ਮੌਤ!"

ਉਸ ਦੀ ਆਵਾਜ਼ ਮੈਦਾਨ ਦੇ ਜ਼ਰੇ-ਜ਼ਰੇ ਤਕ ਪੁੱਜ ਗਈ। ਸਾਲਾਂ ਪੁਰਾਣੇ ਜ਼ਖ਼ਮਾਂ ਨੂੰ ਹਰੇ ਹੁੰਦੇ ਦੇਖ ਕੇ ਉਹ ਵਿਆਕੁਲ ਹੁੰਦੇ ਆਪਣੇ ਆਪ ਵਿੱਚ ਹੀ ਵਲ਼ ਖਾ ਕੇ ਰਹਿ ਗਏ। ਰੁੱਖ-ਪੇੜ ਜੋ ਸਾਰਾ ਮਾਜ਼ਰਾ ਸਮਝ ਚੁੱਕੇ ਸਨ, ਇਸ ਆਵਾਜ਼ ਨੂੰ ਉਹਨਾਂ ਨੇ ਆਪਣੇ ਸਾਰੇ ਵਜੂਦ ਨਾਲ ਮਹਿਸੂਸ ਕੀਤਾ। ਮੀਲਾਂ ਤੱਕ ਸੁੱਕੀ ਮਿੱਟੀ, ਝਰਨੇ, ਸੁੱਕੇ ਖੇਤਾਂ, ਕੰਡੇਦਾਰ ਝਾੜੀਆਂ ਤੇ ਪਰਬਤਾਂ ਦੀਆਂ ਲੜੀਆਂ ਨੇ ਫੁਸਫੁਸਾਉਂਦੇ ਹੋਏ ਇਕ ਦੂਜੇ ਦੇ ਕੰਨਾਂ ਵਿੱਚ ਇਹ ਖ਼ਬਰ ਸੁਣਾਈ। ਉਹਨਾਂ ਲਈ ਮਹਾਰੁਖਸਾਰ ਦੀ ਆਵਾਜ਼ ਕੋਈ ਨਵੀਂ ਨਹੀਂ ਸੀ। ਬਹੁਤ ਪੁਰਾਣੀ ਸੀ, ਇੰਨੀ ਪੁਰਾਣੀ ਜਿੰਨਾ ਪੁਰਾਣਾ ਕੁਦਰਸਤਾਨ ਦਾ ਇਤਿਹਾਸ। ਅਜਿਹੀਆਂ ਅਨੇਕ ਆਵਾਜ਼ਾਂ ਇਸ ਵਾਰ ਵਾਂਗ ਪਹਿਲਾਂ ਹਜ਼ਾਰਾਂ ਵਾਰ ਕੁਦਰਸਤਾਨ ਦੇ ਮੈਦਾਨਾਂ ਤੇ ਪਹਾੜਾਂ ਦੇ ਦਿਲ ਹਿਲਾ ਚੁੱਕੀਆਂ ਸਨ।

ਮਹਾਰੁਖਸਾਰ ਦੀ ਆਵਾਜ਼ ਨਾਅਰਾ ਸੀ, ਦਹਾੜ ਸੀ, ਫਰਿਆਦ ਸੀ, ਤੇ ਅਜਿਹੀ ਤੀਬਰ ਲਲਕਾਰ ਸੀ ਜਿਸ ਨੇ ਸੱਤਾਂ ਜੋਖਾਂ ਦੇ ਪੈਰਾਂ ਨੂੰ ਕੰਬਣ ਲਾ ਦਿੱਤਾ। ਉਹਨਾਂ ਦੇ ਹੱਥ ਵੀ ਹਿੱਲ ਰਹੇ ਸਨ। ਜੋਖਾਂ ਦੇ ਸਰਦਾਰ ਦੀ ਵੀ ਇਹੀ ਹਾਲਤ ਸੀ, ਜਿੱਦਾਂ ਹੁਕਮ ਦੇਣ ਵਾਲੇ ਸ਼ਬਦ ਮੂੰਹ ਵਿੱਚ ਹੀ ਜੰਮ ਗਏ ਹੋਣ। ਮਹਾਰੁਖਸਾਰ ਵੱਲੋਂ ਕਹੇ ਗਏ ਸ਼ਬਦਾਂ ਨੂੰ ਉਹ ਮਨ ਹੀ ਮਨ ਦੁਹਰਾਉਣ ਲੱਗਾ..., 'ਕੁਦਰਸਤਾਨ ਜਾਂ ਮੌਤ, ...ਕੁਦਰਸਤਾਨ ਜਾਂ ਮੌਤ, ...ਕੁਦਰਸਤਾਨ ਜਾਂ ਮੌਤ? ...ਜਾਣੀ, ...ਜਾਣੀ ਕੀ?'

ਫਿਰ ਉਹ ਸ਼ਬਦਾਂ ਦੇ ਜਾਲ ਵਿੱਚ ਫਸ ਗਿਆ। ਮੱਥੇ ਵਿੱਚ ਤਣਾਉ ਵੱਧ ਗਿਆ। ਕਈ ਰੰਗ-ਬਰੰਗੇ ਸਵਾਲ ਉਭਰੇ। ਉਸ ਦਾ ਮਨ ਚਾਹਿਆ ਕਿ ਇਹਨਾਂ ਸ਼ਬਦਾਂ ਦੇ ਅਰਥ ਸਮਝੇ। ਇਸੇ ਉਤਸੁਕਤਾ ਕਾਰਨ ਉਸ ਦਾ ਮਨ ਵਿਆਕੁਲਤਾ ਨਾਲ ਭਰ ਗਿਆ।

'ਜਾਣੀ ਕੀ...?"

ਉਸ ਦਾ ਸਾਰਾ ਵਜੂਦ ਹੀ ਸਵਾਲ ਬਣ ਗਿਆ।

'ਕੀ ਹੋਏਗਾ ਕਿ ਇਹਨੇ ਇਹ ਗੱਲ ਕਹੀ!'

ਉਸ ਦੀ ਨਜ਼ਰ ਜੋਖਿਆਂ ਉਪਰ ਪਈ ਤੇ ਥੋੜ੍ਹੀ ਦੇਰ ਲਈ ਸਭ ਕੁਝ ਭੁੱਲ ਗਿਆ। ਉਹ ਖੁਦ ਤਾਂ ਜਾਣਦੀ ਹੀ ਹੈ, ਚਲੋ ਉਸ ਨੂੰ ਹੀ ਪੁੱਛ ਲੈਂਦਾ ਹਾਂ। ਨਹੀਂ ਬੇਵਕੂਫੀ ਨਾ ਕਰ। ਜੇ ਇਹਨਾਂ ਵਿੱਚੋਂ ਹੀ ਕਿਸੇ ਨੇ ਜਾ ਕੇ ਉਹਨਾਂ ਨੂੰ ਕੁਝ ਦੱਸ ਦਿੱਤਾ ਤੇ ਉਹਨਾਂ ਨੂੰ ਭਿਣਕ ਪੈ ਗਈ ਤਾਂ...! ਜ਼ਰਾ ਆਦਮੀ ਆਪ ਇਹਦੀ ਥਾਂ 'ਤੇ ਖੜਾ ਹੋ ਕੇ ਦੇਖੇ ਤਾਂ...! ਪਰ ਕਿਉਂ, ਕਾਹਦੇ ਲਈ? ਕੁਰਦਸਤਾਨ? ਮੌਤ?

ਹੁਣ ਸਵਾਲਾਂ ਦੀ ਥਾਂ ਪ੍ਰਸੰਸਾ ਨੇ ਥਾਂ ਮੱਲ ਲਈ। ਅਜੀਬ ਦਿਲਵਾਲੀ ਹੈ, ...ਇਸ ਉਮਰ ਵਿੱਚ ਵੀ ਇੰਨਾ ਹੌਸਲਾ! ਨਿਰਭੀਤ! ਮੌਤ ਦੇ ਖ਼ੌਫ ਤੋਂ ਨਿਡਰ! ਹੋ ਸਕਦਾ ਹੈ ਕਿ ਇਸ ਨੂੰ ਯਕੀਨ ਹੀ ਨਾ ਹੋਵੇ ਕਿ ਇਹਨੂੰ ਸ਼ੂਟ ਕਰ ਦਿੱਤਾ ਜਾਵੇਗਾ।

**ਬਾਕੀ ਪੰਨਾ ਨੰ. 38 'ਤੇ**



## ਗਤੀ/ਸੰਦੀਪ ਸਮਰਾਲਾ

ਮੈਂ ਕੋਠੜੀ 'ਚ ਕਦੇ ਖੜ੍ਹ ਜਾਂਦਾ, ਕਦੇ ਬੈਠ ਜਾਂਦਾ, ਕਦੇ ਗੁੱਸੇ 'ਚ ਅੱਗੇ ਪਿੱਛੇ ਹੁੰਦਾ, ਮੁੱਠੀਆਂ ਘੁੱਟਦਾ। ਕਦੇ ਸਲਾਖਾਂ ਫੜ੍ਹ ਕੇ ਖਿੱਚਦਾ ਹਾਂ ਤੇ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਮਾਰਦਾ। ਕੋਠੜੀ 'ਚੋਂ ਇਨਕਲਾਬ ਜ਼ਿੰਦਾਬਾਦ ਦੀ ਗੂੰਜ ਮਹਿਸੂਸ ਕਰਦਾ ਸੋਚਦਾ, ਜਿਹੋ ਜਿਹਾ ਤੁਸੀਂ ਸਮਾਜ ਨੂੰ ਦੇਵੋਂਗੇ, ਉਹੋ ਜਿਹਾ ਹੀ ਉਹ ਤੁਹਾਨੂੰ ਵਾਪਸ ਕਰੇਗਾ। ਇਹ ਘੱਟ ਜਾਂ ਵੱਧ ਹੋ ਸਕਦਾ ਹੈ ਪਰ ਬਿਲਕੁਲ ਨਾ ਹੋਵੇ ਇਸ ਤਰ੍ਹਾਂ ਨਹੀਂ। ਜ਼ੇਲ੍ਹ 'ਚ ਜਦ ਵੀ ਮੈਂ 'ਕੱਲਾ ਮਹਿਸੂਸ ਕਰਦਾ, ਮੈਂ ਨਾਅਰਾ ਮਾਰਦਾ। ਨਾਅਰੇ ਦਾ ਜੁਆਬ ਦਿੰਦਾ ਭਗਤ ਸਿੰਘ ਮੇਰੇ ਕੋਲ ਆ ਖੜ੍ਹਾ ਹੁੰਦਾ ਤੇ ਫੇਰ ਮੈਂ ਭਗਤ ਸਿੰਘ ਨਾਲ ਮਿਹਣੋ-ਮਿਹਣੀ ਹੁੰਦਾ।

........ ਉਸ ਦਿਨ ਜਦੋਂ ਪੁਲੀਸ ਵਾਲੇ ਮੈਨੂੰ ਘਰੋਂ ਚੁੱਕਣ ਆਏ ਸੀ। ਮੈਂ ਘਰ ਦੇ ਗੇਟ ਕੋਲ਼ ਬਣੇ ਬਾਥਰੂਮ 'ਚ ਸਾਂ। ਉਹਨਾਂ ਹਫੜਾ-ਦਫੜੀ 'ਚ ਘਰੇ ਵੜ੍ਹਦਿਆ ਪੁੱਛਿਆ ਸੀ, "ਸੂਰਜ ਕਿੱਥੇ ਆ? ਕਿੱਥੇ ਆ ਸੂਰਜ?"

ਮਾਂ ਨੇ ਪੁੱਛਿਆ, "ਗੱਲ ਤਾਂ ਦੱਸੋ ਭਾਈ ਕੀ ਹੋ ਗਿਆ? ਕੀ ਕਰਤਾ ਸੂਰਜ ਨੇ?"

"ਮਾਤਾ ਗੱਲ ਫੇਰ ਦੱਸਾਂਗੇ, ਪਹਿਲਾਂ ਦੱਸੋ ਸੂਰਜ ਕਿੱਥੇ ਆ?"

ਮਾਂ ਘਬਰਾ ਗਈ ਸੀ, "ਗੱਲ ਤਾਂ ਦੱਸਦੋ ਕੀ ਹੋ ਗਿਆ? ਕੀ ਕਰਤਾ ਸੂਰਜ ਨੇ?" ਆਂਢੀ-ਗੁਆਂਢੀ 'ਕੱਠੇ ਹੋ ਗਏ ਸਨ। ਮੈਂ ਬਾਥਰੂਮ 'ਚ ਹੀ ਬੈਠਾ ਰਿਹਾ। ਪੁਲੀਸ ਵਾਲਿਆਂ ਦਾ ਧਿਆਨ ਉੱਧਰ ਨੂੰ ਗਿਆ ਹੀ ਨਹੀਂ ਸੀ। ਜਾਣ ਲੱਗੇ ਉਹ ਕਹਿ ਗਏ ਸੀ ਕਿ ਸੂਰਜ ਨੂੰ ਪੇਸ਼ ਕਰ ਦਿਓ ਨਹੀਂ ਤਾਂ.......।

ਜਦ ਕੁਝ ਸ਼ਾਂਤ ਹੋਇਆ, ਮੈਂ ਬਾਥਰੂਮ 'ਚੋ ਬਾਹਰ ਆਇਆ। "ਇੱਥੇ ਮਰਦਾ ਸੀ ਤੂੰ, ਹੁਣ ਕੀ ਚੰਦ ਚੜ੍ਹਾ ਆਇਆ ਵੈ ਜਾਨਿਆ?" ਫੇਰ ਮੇਰੇ ਕੋਲ਼ ਨੂੰ ਆ ਕੇ ਕਿਹਾ, "ਮੈਂ ਤੇਰੇ ਪਿਉ ਨੂੰ ਕੀ ਜਵਾਬ ਦਊਂ?" ਮੈਂ ਕੁੱਝ ਕਹਿਣ ਹੀ ਲੱਗਿਆ ਸੀ ਪਰ ਮਾਂ ਨੇ ਵਿੱਚੋਂ ਹੀ ਟੋਕਿਆ, "ਜਾ ਵਗਜਾ ਹੁਣ। ਇੱਥੇ ਖੜ੍ਹਾ ਕੀ ਕਰਦਾਂ? ਕਿਤੇ ਫੇਰ ਨਾ ਉਹ ਆ ਜਾਣ।" ਮਾਂ ਕੰਬ ਰਹੀ ਸੀ। "ਜੇ ਤੇਰੇ ਪਿਉ ਨੂੰ ਪਤਾ ਲੱਗ ਗਿਆ ਤਾਂ ਉਹਨੇ ਤਾਂ ਮੇਰੀ ਜਾਨ ਖਾ ਲੈਣੀ ਆ.....।" ਮੈਂ ਤੇਜ਼ੀ ਨਾਲ ਘਰੋਂ ਬਾਹਰ ਹੋ ਗਿਆ ਸੀ। ਮਾਂ ਨੇ ਪਿੱਛੋਂ 'ਵਾਜ਼ ਮਾਰੀ ਸੀ, "ਆਪਣਾ ਖ਼ਿਆਲ ਰੱਖੀਂ ਪੁੱਤ।"

ਪੁਲੀਸ ਵਾਲਿਆਂ ਦੀ ਇਸ ਦਗੜ-ਦਗੜ ਨੇ ਬਚਪਨ ਦੀ ਇੱਕ ਘਟਨਾ ਯਾਦ ਕਰਵਾਤੀ। ਜਦੋਂ ਪੁਲੀਸ ਵਾਲੇ ਚਾਚੇ ਨੂੰ ਘਰੋਂ ਚੁੱਕਣ ਆਏ ਸਨ, ਚਾਚੇ ਨੇ ਦੀਵਾਲੀ ਦੇ ਦਿਨਾਂ 'ਚ ਬੰਬ-ਪਟਾਕਿਆਂ ਦਾ 'ਹੋਲ-ਸੇਲ' ਦਾ ਕੰਮ ਕੀਤਾ ਸੀ। ਕਿਤੇ ਬੰਬ ਪਟਾਕਿਆਂ ਨੂੰ ਅੱਗ ਲੱਗਣ ਨਾਲ ਕਾਫ਼ੀ ਨੁਕਸਾਨ ਹੋਇਆ ਸੀ। ਇਸ ਕਰਕੇ ਪੁਲੀਸ ਵਾਲਿਆਂ ਨੇ ਬੰਬ ਪਟਾਕਿਆਂ ਨੂੰ ਬੈਨ ਕਰ ਦਿੱਤਾ ਸੀ। ਕਿਸੇ ਨੇ ਮੁਖ਼ਬਰੀ ਕਰ ਦਿੱਤੀ। ਪੁਲੀਸ ਵਾਲੇ ਸਾਰਾ ਸਮਾਨ ਘਰੋਂ ਚੁੱਕ ਕੇ ਲੈ ਗਏ। ਚਾਚੇ ਨੂੰ ਉਹਨਾਂ ਦਿਨਾਂ 'ਚ ਲੱਖਾਂ ਦਾ ਘਾਟਾ ਪਿਆ ਸੀ ਤੇ ਮੁੜ ਕੇ ਚਾਚੇ ਦਾ ਕੋਈ ਕੰਮ ਤਾਬ ਨਾ ਆਇਆ ਤੇ ਨਾ ਹੀ ਚਾਚਾ। ਦੀਵਾਲੀ ਵਾਲੇ ਦਿਨ ਚਾਚਾ ਘਰੇ ਮੱਥਾ ਟੇਕਣ ਵੀ ਨਾ ਅਇਆ, ਸਾਰੀ ਰਾਤ ਬੰਬ-ਪਟਾਕੇ ਚੱਲਦੇ ਰਹੇ ਤੇ ਸਾਡੇ ਕੋਲ਼ ਕੁਝ ਵੀ ਨਹੀਂ ਸੀ ਚਲਾਉਣ ਨੂੰ। ਅਸੀਂ ਗੱਲਾਂ ਕਰਦੇ ਸੀ ਕਿ ਆਹ ਬੰਬ-ਪਟਾਕੇ ਤਾਂ ਬੈਨ ਸੀ। ਹੁਣ ਦੁਨੀਆਂ ਕਿੱਥੋਂ ਲਿਆ-ਲਿਆ ਫੂਕਦੀ ਆ। ਸਾਰਾ ਪਰਿਵਾਰ ਉਦਾਸ ਸੀ

.... ਉਦਾਸ ਤਾਂ ਉਸ ਦਿਨ ਮਾਂ ਵੀ ਬਹੁਤ ਹੋਣੀ ਆ ਜਦੋਂ ਪੁਲੀਸ ਵਾਲੇ ਭਾਪੇ ਨੂੰ ਲੈ ਗਏ ਸਨ ਬਾਜ਼ਾਰੋਂ। ਇਹ ਸੁਨੇਹਾ ਆਇਆ ਸੀ ਕਿ ਸੂਰਜ ਨੂੰ ਪੇਸ਼ ਕਰ ਦਿਉ, ਉਨਾਂ ਤੀਕ ......। ਜਦੋਂ ਮੈਂ ਪੇਸ਼ ਹੋਣ ਲਈ ਥਾਣੇ ਜਾ ਰਿਹਾ ਸੀ। ਦੋ ਗੱਡੀਆਂ ਪੁਲੀਸ ਦੀਆਂ ਮੇਰੇ ਕੋਲ ਆ ਕੇ ਰੁਕੀਆ ਤੇ ਮੈਨੂੰ ਗੱਡੀ 'ਚ ਬਿਠਾਉਣ ਲੱਗੇ। ਇੱਕ ਸਿਪਾਹੀ ਬੋਲਿਆ, "ਇਹਨੂੰ ਬਣਾਉਂਦੇ ਆ ਬੰਦੇ ਦਾ ਪੁੱਤ। ਬਹੁਤ ਗਰਮੀ ਆ ਇਹਦੇ 'ਚ, ਕੱਢਦੇ ਆਂ ਇਹਦੀ ਗਰਮੀ।" ਮੈਨੂੰ ਇਸ ਤਰ੍ਹਾਂ ਚੁੱਕਣ ਆਏ ਜਿਵੇਂ ਮੈਂ ਕੋਈ ਕਤਲ ਕੀਤਾ ਹੋਵੇ। ਬਾਜ਼ਾਰ 'ਚ 'ਕੱਠ ਹੋ ਗਿਆ ਸੀ। ਥਾਣੇ ਲਿਆ ਕੇ ਮੈਨੂੰ ਹਵਾਲਾਤ 'ਚ ਬੰਦ ਕਰ ਦਿੱਤਾ।

"ਮੇਰੇ ਭਾਪੇ ਨੂੰ ਛੱਡ ਦਿਉ ਜੇ ਉਹਨੂੰ ਝਰੀਟ ਵੀ ਆਈ ਤਾਂ ਕੱਲੇ ਕੱਲੇ ਨੂੰ ਦੇਖੂੰ", ਮੈਂ ਸ਼ੇਰ ਵਾਂਗ ਦਹਾੜ ਰਿਹਾ ਸੀ। ਮੇਰੇ ਭਾਪੇ ਨੂੰ ਛੱਡ ਦਿੱਤਾ ਸੀ। ਮੈਨੂੰ ਤਸੱਲੀ ਸੀ, ਚੱਲ ਉਸਨੂੰ ਤਾਂ ਕੁਝ ਨੀਂ ਕਿਹਾ, ਪਰ ਜਾਣ ਲੱਗਿਆ ਭਾਪਾ ਮਿਲ ਕੇ ਨਾ ਗਿਆ। ਮੈਂ ਦੁਖੀ ਹੋ ਗਿਆ। ਮੈਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉਹਨੇ ਕਹਿਣਾ ਸੀ ਕਿ ਬਸ ਤੇਰੀ ਆਹੀ ਕਸਰ ਰਹਿਗੀ ਸੀ ਥਾਣਾ ਦਿਖਾਉਣ ਦੀ। ਉਹ ਵੀ ਦਿਖਾ ਦਿੱਤਾ। ਫੇਰ ਧਿਆਨ ਮਾਂ ਵੱਲ ਗਿਆ ਕਿ ਭਾਪਾ ਜਾ ਕੇ ਉਹਨੂੰ ਬੋਲੂ ਕਿ ਤੇਰਾ ਹੀ ਝਮਲਾਇਆ ਹੋਇਆ ਵੱਡਾ ਭਗਤ ਸਿੰਘ। ਮਾਂ ਵਿਚਾਰੀ ਕਿੰਨੀ.......। ਉਸਨੂੰ ਮੇਰਾ ਬਹੁਤ ਫ਼ਿਕਰ ਰਹਿੰਦਾ। ਮਾਂਵਾਂ ਲਈ ਪੁੱਤ ਕਿੰਨੇ ਹੀ ਸ਼ਰਾਬੀ-ਕਵਾਬੀ ਕਿਉਂ ਨਾ ਹੋਣ ਆਤਮਾ ਤਾਂ ਤੜਫਦੀ ਹੈ। ਮੈਂ ਕਿਹੜਾ ਸ਼ਰਾਬੀ-ਕਵਾਬੀ ਸੀ। ਮਾਂ ਬਾਰੇ ਸੋਚ ਅੱਖਾਂ 'ਚ ਪਾਣੀ ਆ ਗਿਆ। ਮਨ ਹੀ ਮਨ ਕਹਿੰਦਾ, "ਮਾਂ ਮੈਨੂੰ ਮਾਫ਼ ਕਰੀਂ। ਮੈਂ ਤੇਰੇ ਸੁਪਨੇ ਪੂਰੇ ਨੀ ਕਰ ਸਕਿਆ......।" ਕਾਫ਼ੀ ਦੇਰ ਤੱਕ ਹੰਝੂ ਗਿਰਦੇ ਰਹੇ.....। ਫੇਰ ਕੁਝ ਦੇਰ ਬਾਅਦ ਸ਼ਾਂਤ ਹੋਇਆ। ਮੈਨੂੰ ਸਰਾਭੇ ਦੇ ਬੋਲ਼ ਯਾਦ ਆਏ, ਜੋ ਭਗਤ ਸਿੰਘ ਅਕਸਰ ਗੁਣਗਣਾਉਂਦਾ ਸੀ। ਮੈਂ ਹੇਕ ਲਾ ਕੇ ਗਾਉਣਾ ਸ਼ੁਰੂ ਕਰਤਾ :

ਸੇਵਾ ਦੇਸ਼ ਦੀ ਜਿੰਦੜੀਆਂ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।

ਮੈਨੂੰ ਕਾਲਜ ਵਿੱਚ ਭਗਤ ਸਿੰਘ ਬਾਰੇ ਖੇਡਿਆਂ ਨਾਟਕ ਵਾਰ-ਵਾਰ ਯਾਦ ਆ ਰਿਹਾ ਸੀ। ਮੈਂ ਭਗਤ ਸਿੰਘ ਦਾ ਰੋਲ ਕੀਤਾ ਸੀ। ਅੱਜ ਉਹੀ ਸਲਾਖਾਂ ਪਿੱਛੇ ਭਗਤ ਸਿੰਘ ਦਾ ਸੀਨ ਸੱਚਾਈ ਬਣ ਗਿਆ ਸੀ। ਭਗਤ ਸਿੰਘ ਇਸ ਨਾਟਕ ਤੋਂ ਬਾਅਦ ਮੇਰੇ ਦਿਲ, ਦਿਮਾਗ਼ 'ਚੋਂ ਕਦੇ ਬਾਹਰ ਹੀ ਨਹੀਂ ਸੀ ਹੋਇਆ। ਮੈਂ ਇਨਕਲਾਬ ਜ਼ਿੰਦਾਬਾਦ ਦਾ ਨਾਅਰਾ ਪੂਰੇ ਜੋਸ਼ 'ਚ ਮਾਰਦਾ ਹਾਂ, ਮੈਂ ਮਹਿਸੂਸ ਕੀਤਾ ਜਿਵੇਂ ਭਗਤ ਸਿੰਘ ਲੈਨਿਨ ਦੀ ਕਿਤਾਬ ਹੱਥ 'ਚ ਫੜੀਂ ਕੋਲ ਖੜ੍ਹਾ ਹੋਵੇ। ਜਿਹੜਾ ਵਰਕਾ ਉਸਨੇ ਫਾਂਸੀ ਚੜ੍ਹਨ ਤੋਂ ਪਹਿਲਾਂ ਮੋੜਿਆ ਸੀ, ਮੈਨੂੰ ਦਿਖਾ ਰਿਹਾ ਹੋਵੇ। ਮੈਂ ਆਪਣੇ ਆਪ ਨੂੰ ਝਟਕਿਆ ਕਿ ਇਹ ਮੇਰਾ ਵਹਿਮ ਸੀ। ਉਸਦੀ ਪੱਗ 'ਤੇ ਬਿੱਠਾਂ ਦੇ ਨਿਸ਼ਾਨ, ਗਲ਼ ਵਿੱਚ ਸੁੱਕੇ ਫੁੱਲਾਂ ਵਾਲਾ ਹਾਰ, ਕੱਪੜੇ ਲਿੱਬੜੇ ਹੋਏ, ਪਰ ਚਿਹਰਾ ਸੂਰਜ ਵਾਂਗ ਚਮਕ ਰਿਹਾ ਸੀ, ਤੇਜ਼ ਐਨਾ ਸੀ ਕਿ ਉਸ ਨਾਲ ਮੈਂ ਅੱਖਾਂ ਨਾ ਮਿਲਾ ਸਕਿਆ। ਮੈਨੂੰ ਪੁੱਛਿਆ ਸੀ, "ਹੋਰ ਬਈ ਸੂਰਜ ਸੁਣਾ, ਕੀ ਹਾਲ ਆ ਤੇਰਾ ਹੁਣ ?"

"ਜਦ ਤੂੰ ਸਾਹਮਣੇ ਖੜ੍ਹਾ ਹੋਵੇਂ, ਫੇਰ ਮੇਰਾ ਹਾਲ ਕਿਵੇਂ ਮਾੜਾ ਹੋ ਸਕਦਾ।" ਮੈਂ ਇਕ ਦਮ ਫੇਰ ਆਪਣੇ ਆਪ ਨੂੰ ਝਟਕਿਆ, ਜਿਵੇਂ ਪਾਗ਼ਲ ਹੋ ਗਿਆ ਹੋਵਾਂ। ਉਸਨੇ ਮੇਰੇ ਮੋਢੇ 'ਤੇ ਹੱਥ ਰੱਖਿਆ ਤੇ ਕਹਿ ਰਿਹਾ ਹੋਵੇ, "ਘਬਰਾ ਨਾ।"

"ਮੈਂ ਕਿਸ ਲਈ ਘਬਰਾਉਣਾ। ਜਿਸ ਰੱਬ ਨੂੰ ਤੁਸੀਂ ਮੰਨਦੇ ਹੋ, ਸੁਣਿਆ ਕਈ ਵਾਰੀ



ਉਹ ਦਰਸ਼ਨ ਵੀ ਦਿੰਦਾ ਹੈ।" ਉਸ ਨੇ ਹੈਰਾਨੀ 'ਚ ਕਿਹਾ, "ਰੱਬ....।"

ਭਗਤ ਸਿੰਘ ਇਸ ਤੋਂ ਪਹਿਲਾਂ ਵੀ ਲੱਗਦਾ ਸੀ ਜਿਵੇਂ ਉਹ ਮੇਰੇ ਹੁੱਜਾਂ ਮਾਰਦਾ ਹੋਵੇ। ਹੁੱਜਾਂ ਤਾਂ ਕਹਿੰਦੇ ਤਦ ਪੈਂਦੀਆਂ ਨੇ ਜਦ ਬੰਦਾ ਮਰਨ ਵਾਲਾ ਹੋਵੇ। ਮੈਂ ਮਰਨ ਵਾਲਾ ਨਹੀਂ ਸੀ ਪਰ ਅੰਦਰੋ-ਅੰਦਰੀ ਜ਼ਰੂਰ ਮਰ ਰਿਹਾ ਸੀ। ਗ਼ਲਤ ਹੁੰਦਾ ਦੇਖ। ਭਗਤ ਹੁੱਜਾਂ ਮਾਰ-ਮਾਰ ਜਿਵੇਂ ਮੈਨੂੰ ਜਿਉਂਦਾ ਕਰ ਰਿਹਾ ਹੋਵੇ।

ਹਵਾਲਾਤ 'ਚ ਮੈਂ ਭਗਤ ਸਿੰਘ ਬਣ ਗਿਆ ਸੀ। ਉਸਦੀ ਰੂਹ ਮੇਰੇ 'ਚ ਆ ਗਈ ਸੀ। "ਮੈਨੂੰ ਫਾਂਸੀ ਲਾ ਦਿਉ, ਮੈਂ ਮਰਨਾ ਚਾਹੁੰਦਾ ਹਾਂ।" ਫੇਰ ਹੋਰ ਉੱਚੀ, "ਮਰਨਾ ਨਹੀਂ ਸ਼ਹੀਦ ਹੋਣਾ ਚਾਹੁੰਦਾ ਹਾਂ.....ਸ਼ਹੀਦ।" ਪੰਜ-ਸੱਤ ਨਾਅਰੇ ਮਾਰਨ ਤੋਂ ਬਾਅਦ ਨਾਲ ਦੀ ਬੈਰਕ 'ਚੋਂ ਵੀ ਜਵਾਬ ਆਉਣਾ ਸ਼ੁਰੂ ਹੋ ਗਿਆ, "ਜ਼ਿੰਦਾਬਾਦ- ਜ਼ਿੰਦਾਬਾਦ।" ਭਗਤ ਸਿੰਘ ਵੀ ਨਾਅਰੇ ਲਗਾ ਰਿਹਾ ਸੀ।

ਮੁਨਸ਼ੀ, ਥਾਣੇਦਾਰ ਤੇ ਦੋ-ਤਿੰਨ ਸਿਪਾਹੀ ਆ ਕੇ ਕਹਿਣ ਲੱਗੇ, "ਫੇਰ ਬਣਾਈਏ ਤੈਨੂੰ ਭਗਤ ਸਿੰਘ, ਪਾਗ਼ਲ ਹੋ ਗਿਐਂ ਤੂੰ।" ਇਹ ਸ਼ਬਦ ਸੁਣਦਿਆਂ ਮੇਰਾ ਗੁੱਸਾ ਜਿਵੇਂ ਸੱਤਵੇਂ ਅਸਮਾਨ ਤੇ ਚਲਾ ਗਿਆ ਹੋਵੇ, "ਪਾਗ਼ਲ ਮੈਂ ਨਹੀਂ, ਤੁਸੀਂ ਹੋ.... ਮੂਰਖ ਹੋ, ਕਮੀਨੇ ਹੋ। ਨਸ਼ਿਆਂ ਨਾਲ ਮੁੰਡੇ ਮਰ ਰਹੇ ਨੇ। 'ਰੇਪ ਕੇਸ' ਹੋ ਰਹੇ ਨੇ। ਸੜਕਾਂ ਤੇ 'ਐਕਸੀਡੈਂਟਾਂ' ਨਾਲ ਲੋਕ ਮਰ ਰਹੇ ਨੇ। ਤੁਸੀਂ ਖੜ੍ਹੇ ਥਣ ਫੜ੍ਹਦੇ ਹੋ। ਅੱਜ ਤੱਕ ਕਿਹੜਾ ਨਸ਼ਿਆਂ ਦਾ ਵਪਾਰੀ ਫੜ੍ਹਿਆ ਤੁਸੀਂ ?"

"ਥਾਣੇਦਾਰ ਸਾਹਿਬ ਇਹਦੀ ਮੰਜੀ ਤਾਂ ਠੋਕਣੀ ਹੀ ਪੈਣੀ ਆ, ਨਹੀਂ ਤਾਂ ਸਾਰੀ ਰਾਤ ਤੰਗ ਕਰਦਾ ਰਹੂ।"

"ਮੰਜੀ ਤਾਂ ਥੋਡੀ ਠੋਕਣ ਆਲੀ ਆ। ਦੋ-ਦੋ ਰੁਪਏ ਸੜਕਾਂ ਤੇ ਖੜ੍ਹੇ ਕੱਠੇ ਕਰਦੇ ਹੋ। ਕਿਸੇ ਰਿਕਸ਼ੇ, ਥ੍ਰੀਵੀਲਰ ਵਾਲਿਆਂ ਨੂੰ ਤੁਸੀਂ ਕਿਰਾਇਆ ਨੀਂ ਦਿੰਦੇ।" ਮੈਂ ਪੂਰੇ ਵਿਸ਼ਵਾਸ਼ 'ਚ ਬੋਲ ਰਿਹਾ ਸੀ, ਡਰ ਵੀ ਲੱਗ ਰਿਹਾ ਸੀ। ਪਰ ਜਦੋਂ ਕੋਲ਼ ਖੜ੍ਹਾ ਭਗਤ ਸਿੰਘ ਦੇਖਦਾ ਹਾਂ ਤਾਂ ਡਰ ਕੋਹਾਂ ਦੂਰ ਹੋ ਜਾਂਦਾ। ਗੁੱਸਾ ਤਾਂ ਅਕਸਰ ਪੁਲੀਸ ਵਾਲਿਆਂ 'ਤੇ ਚੜ੍ਹ ਹੀ ਜਾਂਦਾ ਸੀ। ਇੱਕ ਦਿਨ ਮੈਂ ਤੇ ਮੇਰਾ ਦੋਸਤ ਮੋਟਰਸਾਈਕਲ ਤੇ ਜਾ ਰਹੇ ਸੀ। ਪੁਲੀਸ ਵਾਲਿਆਂ ਨੇ ਰੋਕ ਲਿਆ ਕਹਿੰਦੇ, "ਕਾਗਜ਼ ਪੱਤਰ ਦਿਖਾਓ।" ਮੈਂ ਕਾਗਜ਼ ਦਿਖਾ ਦਿੱਤੇ। ਪੁਲੀਸ ਵਾਲਾ ਬੋਲਿਆ,"ਆਰ. ਸੀ. ਕਿੱਥੇ ਆ ?"

"ਸਰ, ਆਰ. ਸੀ. ਨੀਂ ਹੈਗੀ ਪਹਿਲਾਂ ਹੀ ਚਲਾਨ ਕੱਟਿਆ ਹੋਇਆ।"

"ਹੈਲਮੇਟ ਨੀ ਪਾਏ। ਥੋਡਾ ਚਲਾਨ ਤਾਂ ਕੱਟਣਾ ਪੈਣਾ।"

"ਸਰ ਅਸੀਂ ਪ੍ਰਾਈਵੇਟ ਨੌਕਰੀ ਕਰਦੇ ਹਾਂ। 'ਮਾਰਕਟਿੰਗ' ਕਰਕੇ ਆਏ ਹਾਂ। ਲੁਧਿਆਣੇ ਜਾਣਾ ਜੇ ਤੁਸੀਂ ਚਲਾਨ ਕੱਟਤਾ ਇੱਕ ਦਿਹਾੜੀ ਤਾਂ ਚਲਾਨ ਭੁਗਤਣ ਤੇ ਲੱਗ ਜਾਣੀ ਆ।" ਮੇਰਾ 'ਲਾਇਸੰਸ' ਉਸਨੇ ਰੱਖ ਲਿਆ ਸੀ।

"ਸਰ ਅੱਗੇ ਤੋਂ ਹੈਲਮੇਟ ਲੈ ਲਿਆ ਕਰਾਂਗੇ। ਸਰ ਕੋਈ ਵੀ ਹੈਲਮੇਟ ਨੀਂ ਪਾਉਂਦਾ।" ਬਹੁਤ ਮਿੰਨਤਾਂ ਕੀਤੀਆਂ ਸਨ, "ਸਰ ਅੱਗੇ ਤੋਂ ਹੈਲਮੇਟ.....।" ਸਾਡੀ ਟੌਹਰ ਕੱਢੀ ਦੇਖ ਉਹ ਚਲਾਨ ਵੀ ਨਹੀਂ ਸੀ ਕੱਟ ਰਿਹਾ ਫੇਰ ਕਹਿੰਦਾ, "ਇਧਰ ਆ ਕੇ ਸਿਪਾਹੀ ਨੂੰ ਮਿਲ ਲਵੋ।" ਅਸੀਂ ਸਮਝ ਗਏ ਤੇ ਸਿਪਾਹੀ ਕੋਲ਼ ਗਏ ਕਿ ਸਾਹਿਬ ਨੇ ਭੇਜਿਆ, ਸੇਵਾ ਪਾਣੀ....। ਮੇਰਾ ਸਾਥੀ ਸਿਪਾਹੀ ਨੂੰ ਸੌ ਰੁਪਇਆ ਦੇ ਰਿਹਾ ਸੀ, ਪਰ ਮੈਂ ਦੇਣਾ ਨਹੀਂ ਸੀ ਚਾਹੁੰਦਾ। ਸਿਪਾਹੀ ਬੋਲਿਆ, "ਸੌ ਦਾ ਕੀ ਆਉਂਦਾ। ਪੰਜ ਸੌ ਚਾਹੀਦਾ, ਪੰਜ .....।"

"ਪੰਜ ਸੌ...... ?" ਪਤਾ ਹੀ ਨਾ ਲੱਗਿਆ ਕਦੋਂ ਗੁੱਸਾ ਚੜ੍ਹ ਗਿਆ, ਮੈਂ ਕਿਹਾ, "ਤੇਰੀ ਔਕਾਤ ਹੈਗੀ ਆ ਪੰਜ ਸੌ ਲੈਣ ਦੀ, ਸਾਨੂੰ ਪੰਜ ਸੌ ਕਮਾਉਣ ਲਈ ਚਿੱਤੜਾਂ ਤੱਕ ਪਾਣੀ ਆ ਜਾਂਦਾ।"

"ਬੋਲਦਾ ਕਿਵੇਂ ਆ ?"

"ਬੋਲਣ ਨੂੰ ਤੂੰ ਡੀਸੀ ਲੱਗਿਆਂ।"

ਥਾਣੇਦਾਰ ਕੋਲ਼ ਆਇਆ, "ਕੀ ਤਕਲੀਫ਼ ਆ ਥੋਨੂੰ।"

ਮੈਂ ਕਿਹਾ, "ਪੰਜ ਸੌ ਮੰਗਦਾ, ਪੰਜ ਸੌ ਦੀ ਔਕਾਤ ਹੈਗੀ ਆ......। ਕੱਟ ਚਲਾਨ ਭੁਗਤ ਲਵਾਂਗੇ।"

"ਚਲਾਨ ਨੀਂ ਕੱਟਣਾ ਹੁਣ, ਬਿਠਾਓ ਇਹਨਾਂ ਨੂੰ ਗੱਡੀ 'ਚ, ਚੋਰੀ ਦਾ ਮੋਟਰ ਸਾਇਕਲ ਆ, ਕੇਸ ਪਾਊਂ। ਇਹਨਾਂ ਨੂੰ ਦੱਸਦੇ ਆਂ ਇਹਨਾਂ ਦੀ ਔਕਾਤ।"

"ਚੱਲ ਮਿੱਤਰਾਂ ਬੈਠ ਗੱਡੀ 'ਚ ਆਪਾਂ ਥਾਣਾ ਕਿਹੜਾ ਪਹਿਲੀ ਵਾਰ ਦੇਖਣਾ। ਜਿਹੜਾ ਕੁਸ਼ ਕਰਨਾ ਕਰਲੀ ਦੇਖਲਾਂਗੇ।" ਮੈਂ ਇਕ ਦਮ "ਇਨਕਲਾਬ ਜ਼ਿੰਦਾਬਾਦ" ਦਾ ਨਾਅਰਾ ਮਾਰਿਆ

"ਬਦਮਾਸ਼ੀ ਕਰਦੇ ਹੋਂ ?" ਕਹਿ ਕੇ ਮੇਰੇ ਤੇ ਹੱਥ ਚੁੱਕਣ ਲੱਗਿਆ ਹੀ ਸੀ।

ਮੈਂ ਕਿਹਾ, "ਮਾਰ ਕੇ ਦਿਖਾ ਤਾਂ ਦੇਖਾਂ ਤੈਨੂੰ ਵੱਡੇ ਬਦਮਾਸ਼ ਨੂੰ।" ਮੈਂ ਸੋਚਿਆ ਜੇ ਹੁਣ ਡਰ ਗਿਆ ਸੂਰਜਾ ਫੇਰ ਤਾਂ ....।" ਏਨੇ ਨੂੰ ਕੱਠ ਹੋ ਗਿਆ। "ਡਾਕੂ ਨੇ ਇਹ ਡਾਕੂ, ਸਿਖ਼ਰ ਦੁਪਹਿਰੇ ਡਾਕਾ ਮਾਰਦੇ ਨੇ। ਪੰਜ ਸੌ ਮੰਗਦੇ ਨੇ, ਪੰਜ ਸੌ ਕਮਾਉਣ ਲਈ.......।" ਥਾਣੇਦਾਰ ਦੇ ਮਨ 'ਚ ਪਤਾ ਨਹੀਂ ਕੀ ਆਈ, ਸਿਪਾਹੀ ਨੂੰ ਲਾਇਸੰਸ ਫੜਾਉਂਦਾ ਕਹਿੰਦਾ, "ਦੇ ਇਹਨਾਂ ਦੀ ਚਾਬੀ ਤੇ ਲਾਇਸੰਸ, ਭਜਾ ਇਥੋਂ।" ਉਸ ਦਿਨ ਪਹਿਲੀ ਵਾਰ ਲੱਗਿਆ ਸੀ ਕਿ ਭਗਤ ਸਿੰਘ ਮੇਰੇ ਕੋਲ਼ ਖੜ੍ਹਾ ਸੀ। ਉਸ ਦਿਨ ਤੋਂ ਬਾਅਦ ਮੈਂ 'ਹੈਲਮੈਟ' ਪਾਉਣਾ ਸ਼ੁਰੂ ਕਰ ਦਿੱਤਾ। ਚਲਾਨ ਦੇ ਡਰ ਤੋਂ ਨਹੀਂ ਸਿਰਫ਼ ਅਸੂਲਾਂ ਕਰਕੇ। ਮੇਰੇ ਦੋਸਤ ਮੈਨੂੰ ਪਾਗ਼ਲ ਕਹਿੰਦੇ। ਮੈਂ ਕਿਹਾ ਸੀ ਕਿ ਮੈਂ ਪਾਗ਼ਲ ਹੀ ਠੀਕ ਆਂ।

.......ਹਵਾਲਾਤ 'ਚ ਵੀ ਉਸ ਦਿਨ ਮੈਂ ਪਾਗ਼ਲਾ ਵਾਂਗ ਉੱਚੀ-ਉੱਚੀ ਬੋਲ ਰਿਹਾ ਸੀ। ਪੁਲਿਸ ਵਾਲੇ ਹਵਾਲਾਤ 'ਚ ਆਏ ਤੇ ਥੱਪੜ ਮਾਰਨ ਲੱਗੇ। ਇੱਕ ਕਹਿੰਦਾ ਕਿ ਚੜ੍ਹਾਓ ਇਹਨੂੰ ਪਟੇ ਤੇ ਵੱਡੇ ਭਗਤ ਸਿੰਘ ਨੂੰ। ਮੇਰਾ ਸਿਰ ਉਹਨਾਂ ਕੰਧ 'ਚ ਮਾਰਿਆ। ਖ਼ੂਨ ਨਿਕਲਣ ਲੱਗਿਆ। ਪਟੇ ਮਾਰਦੇ ਉਹ ਮੇਰੇ ਤੋਂ ਪੁੱਛ ਰਹੇ ਸੀ, "ਕਿੱਥੇ ਆ ਤੇਰਾ ਭਗਤ ਸਿੰਘ ਹੁਣ ? ਬੁਲਾ ਉਹਨੂੰ।" ਮੈਂ ਭਗਤ ਸਿੰਘ ਵੱਲ ਦੇਖਿਆ। ਉਹ ਬੇਚੈਨੀ ਨਾਲ ਇੱਧਰ-ਉੱਧਰ ਘੁੰਮ ਰਿਹਾ ਸੀ। ਥਾਣੇਦਾਰ ਕਹਿੰਦਾ, "ਭੈਣ.....ਕਦੋਂ ਦਾ ਪੰਗੇ ਲਈ ਜਾਂਦਾ ਸੀ ਜੇ ਹੁਣ 'ਵਾਜ਼ ਕੱਢੀ ਤਾਂ ਦੇਖੀਂ ਫੇਰ।"

"ਪਾਣੀ ਨੀਂਵੇ ਨੂੰ ਹੀ ਵਗਦਾ, ਥੋਡੇ ਘਰੇ ਵੀ ਮਾਂਵਾਂ-ਭੈਣਾਂ ਨੇ। ਗਾਲ਼ਾਂ ਮੈਨੂੰ ਵੀ ਕੱਢਣੀਆਂ ਆਉਂਦੀਆਂ ਨੇ, ਪਰ ਮੈਂ ਮਾਂਵਾਂ-ਭੈਣਾਂ ਨੂੰ ਵਿੱਚ ਨੀ ਲੈ ਕੇ ਆਉਂਦਾ। ਸਵੇਰੇ ਬਾਜ਼ਾਰ ਬੰਦ ਹੋਊ। ਲੋਕ ਸੜਕਾਂ ਤੇ ਹੋਣਗੇ।"

"ਚਾਰ ਘੰਟੇ ਹੋ ਗਏ ਤੈਨੂੰ ਚੱਕਿਆਂ, ਕੋਈ ਮਿਲਣ ਤੱਕ ਤਾਂ ਆਇਆ ਨੀਂ, ਵੱਡਾ ਭਗਤ ਸਿੰਘ ਬਣਿਆ ਫਿਰਦੈਂ।"

ਮੱਥੇ 'ਚ ਨਿਕਲੇ ਖ਼ੂਨ ਨਾਲ ਮੈਂ ਕੰਧ ਤੇ ਲਿਖਣ ਲੱਗਿਆ 'ਇਨਕਲਾਬ ਜ਼ਿੰਦਾਬਾਦ', ਬਸ ਅਜੇ 'ਇਨ' ਹੀ ਲਿਖਿਆ ਸੀ। ਮੈਂ ਮਹਿਸੂਸ ਕੀਤਾ ਭਗਤ ਸਿੰਘ ਨੇ ਮੈਨੂੰ ਖੜ੍ਹਾ ਕੀਤਾ। ਮੈਨੂੰ ਜੱਫੀ 'ਚ



ਲਿਆ। ਮੈਂ ਕਿਹਾ "ਦੇਖਿਆ ਭਗਤ ਸਿਹਾਂ.....।"

ਕੁਝ ਸਮੇਂ ਬਾਅਦ ਸਿਪਾਹੀ ਪਾਣੀ ਦੀ ਬੋਤਲ ਦੇਣ ਆਇਆ, "ਲੱਗਦਾ ਪਾਣੀ ਪਿਲਾ-ਪਿਲਾ ਕੇ ਸੇਵਾ ਕਰੋਂਗੇ।"

ਉਹ ਹੱਸ ਪਿਆ ਤੇ ਪੁੱਛਿਆ, "ਕੀ ਕੰਮ ਕਰਦਾ ਤੂੰ ?" ਮੈਂ ਕਹਿਣਾ ਚਾਹੁੰਦਾ ਸੀ ਕਿ ਵਿਹਲਾ ਹਾਂ। ਉਹ ਮੈਨੂੰ ਕਹਿੰਦਾ ਕਿ ਮੈਨੂੰ ਤਾਂ ਐਂ ਲੱਗਦਾ ਜਿਵੇਂ ਤੂੰ ਕਿਤੇ ਟੀਚਰ ਹੋਵੇਂ। ਆ ਕਹਿ ਕੇ ਉਸਨੇ ਮੇਰੀ ਦੁੱਖ਼ਦੀ ਰਗ ਤੇ ਹੱਥ ਧਰ ਦਿੱਤਾ ਹੋਵੇ।

"ਹਾਂ, ਮੈਂ ਲੈਕਚਰਾਰ ਸੀ ਕਾਲਜ 'ਚ। ਇੱਕ ਸਾਲ ਦੀ ਤਨਖ਼ਾਹ ਨੀ ਦਿੱਤੀ ਕਹਿੰਦੇ 'ਮੈਨੇਜਮੈਂਟ' ਕੋਲ਼ ਪੈਸੇ ਨੀਂ ਹੈਗੇ। ਇਹਦੇ 'ਚ ਮੇਰਾ ਕੀ ਕਸੂਰ ਆ ?"

"ਉੱਥੇ ਵੀ ਤੂੰ ਭਗਤ ਸਿੰਘ ਬਣਿਆ ਫਿਰਦਾ ਹੋਣਾ।" ਕਹਿ ਕੇ ਸਿਪਾਹੀ ਹੱਸ ਪਿਆ।

ਮੈਂ ਵੀ ਮੁਸਕਰਾ ਪਿਆ।

"ਹੁਣ ਕੀ ਕਰਦੈ ਤੂੰ ?"

"ਵਿਹਲਾ ਹਾਂ, ਪ੍ਰਾਈਵੇਟ ਨੌਕਰੀ ਕਰਦਾ ਸੀ, ਛੱਡ ਦਿੱਤੀ।"

"ਛੱਡ ਦਿੱਤੀ ਜਾਂ ਕੱਢ ਦਿੱਤਾ ?"

"ਜਿਵੇਂ ਮਰਜ਼ੀ ਸਮਝ ਲਵੋ।"

"ਉਹ ਤਾਂ ਪਤਾ ਲੱਗ ਗਿਆ ਤੂੰ ਨੌਕਰੀ ਕਿਉਂ ਛੱਡਤੀ।" ਫੇਰ ਥੋੜ੍ਹਾ ਰੁਕ ਕੇ ਬੋਲਿਆ, "ਮੇਰਾ ਦਿਲ ਨੀਂ ਸੀ ਕੀਤਾ ਤੈਨੂੰ ਕੁੱਟਣ ਲਈ, ਬਹੁਤ ਕੁੱਟ-ਕੁੱਟ ਸਿੱਧੇ ਕੀਤੇ ਨੇ, ਪਤਾ ਨਹੀਂ ਮੈਂ ਕਿਉਂ ਡਰ ਗਿਆ ਸੀ ? ਕਾਂਬਾ ਜਿਹਾ ਛਿੜ ਗਿਆ ਸੀ ਮੈਨੂੰ, ਮੈਂ ਮਹਿਸਸ ਕੀਤਾ, ਨਹੀਂ ਯਾਰ ਇਹਨੂੰ ਨਹੀਂ......।"

"ਸੁਣਦੈਂ ਭਗਤ ਸਿਹਾਂ ਸਾਰੇ ਇੱਕੋ ਜਿਹੇ ਨੀ ਹੁੰਦੇ।"

ਸਿਪਾਹੀ ਨੇ ਆਲਾ ਦੁਆਲਾ ਦੇਖਿਆ ਕਿ ਭਗਤ ਸਿੰਘ ਕਿੱਥੇ ਆ ? ਸਿਪਾਹੀ ਮੋਢੇ 'ਤੇ ਹੱਥ ਰੱਖ ਹਾਉਕਾ ਭਰਦਾ ਪਿੱਛੇ ਨੂੰ ਮੁੜਿਆ ਜਿਵੇਂ ਉਸਨੂੰ ਵੀ ਭਗਤ ਸਿੰਘ ਦਿੱਸ ਗਿਆ ਹੋਵੇ। ਉਹ ਉਦਾਸ ਹੁੰਦਾ ਬੋਲਿਆ, "ਕੀ ਕਰੀਏ ਸਾਡੀ ਵੀ ਮਜ਼ਬੂਰੀ ਆ, ਅਸੀਂ ਵੀ ਨੌਕਰੀ ਕਰਨੀ ਆ, ਸਾਡੇ ਵੀ ਬਾਲ ਬੱਚੇ ਨੇ।"

"ਤੁਸੀਂ ਸਾਰੇ ਆਪਣੀ ਮਜ਼ਬੂਰੀ ਦੱਸ ਕੇ ਖਹਿੜਾ ਛੁਡਾ ਲੈਂਦੇ ਹੋ। ਅਸੀਂ ਕੀ ਕਰੀਏ........ ?"

ਨਾਲ ਦੀ ਬੈਰਕ 'ਚੋਂ ਆਵਾਜ਼ ਆਈ, "ਕਿੱਥੇ ਮਰ ਗਿਆ ਭਗਤ ਸਿਹਾਂ ਹੁਣ ? ਹੋਗੀ ਤਸੱਲੀ ਤੇਰੀ, ਤੇਰੇ ਪਿੱਛੇ ਲੱਗ ਕੇ ਤਾਂ ਅਸੀਂ ਵੀ ਬਾਂਦਰ ਲੰਡਾਂ ਕਰਵਾ ਲੈਣਾ ਸੀ।" ਭਗਤ ਸਿੰਘ ਕੋਲ਼ ਖੜ੍ਹਾ ਹੱਸਣ ਲੱਗਿਆ।

ਮੈਂ ਕਿਹਾ, "ਮੈਂ ਡਰਦਾ-ਡੁਰਦਾ ਨੀਂ, ਇੰਨੇ ਕੁ ਥੱਪੜ ਤਾਂ ਭਾਪਾ ਮਾਰ ਦਿੰਦਾ ਸੀ।"

ਮੇਰਾ ਸਰੀਰ ਦਰਦ ਕਰ ਰਿਹਾ ਸੀ, ਪਰ ਭਗਤ ਸਿੰਘ ਨੂੰ ਮਹਿਸੂਸ ਨੀਂ ਹੋਣ ਦਿੱਤਾ। ਉਹ ਕਹਿੰਦਾ, "ਤੂੰ ਨਾਅਰੇ ਬਹੁਤ ਮਾਰਦੈਂ, ਹਾਲੇ ਤੈਨੂੰ ਇਨਕਲਾਬ ਦਾ ਪਤਾ ਨਹੀਂ, ਨਾਅਰੇ ਮਾਰਨ ਨਾਲ ਇਨਕਲਾਬ ਨੀਂ ਆਉਂਦਾ।"

"ਫੇਰ ਤੁਸੀਂ ਹੀ ਦੱਸ ਦਿਓ ਵੀਰੇ।"

ਉਹ ਥੋੜ੍ਹਾ ਤਲਖ਼ੀ 'ਚ ਬੋਲਿਆ, "ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਆ।"

ਮੈਂ ਕਿਹਾ, "ਲੋਕ-ਲੂਕ ਨੀਂ ਸੁਣਦੇ ਵਿਚਾਰਾਂ-ਵਚੂਰਾਂ ਨੂੰ, ਪਤਾ ਨਹੀਂ ਕਿਹੜੀ ਕੁੰਭਕਰਨੀ ਨੀਂਦ ਸੁੱਤੇ ਪਏ ਨੇ। ਇਹਨਾਂ ਨੂੰ ਸਾਡੇ ਧਾਰਮਿਕ ਗ੍ਰੰਥ ਨੀ ਜਗ੍ਹਾ ਸਕੇ।" ਫੇਰ ਥੋੜ੍ਹਾ ਰੁਕ ਕੇ ਪੁੱਛਿਆ, "ਵੀਰ ਤੁਸੀਂ ਵੀ ਤਾਂ ਹਥਿਆਰ ਚੁੱਕੇ ਸੀ।"

"ਹਾਂ ਚੁੱਕੇ ਸੀ, ਪਰ ਕਿਸੇ ਨੂੰ ਮਾਰਨ ਲਈ ਨਹੀਂ।"

ਮੈਂ ਕਿਹਾ, "ਮਹਾਂਭਾਰਤ 'ਚ ਕ੍ਰਿਸ਼ਨ ਨੇ ਭਾਈਆਂ ਤੋਂ ਭਾਈ ਮਰਵਾ ਦਿੱਤੇ ਸੀ। ਸਿਰਫ਼ ਹੱਕਾਂ ਲਈ, ਤੁਸੀਂ ਵੀ ਹੱਕਾਂ ਲਈ ਲੜੇ, ਆਜ਼ਾਦੀ ਲਈ ਲੜੇ।" ਉਹ ਮੇਰੀ ਗੱਲ ਸੁਣ ਮੁਸਕਰਾ ਪਿਆ। ਮੈਨੂੰ ਗੁੱਸਾ ਚੜ੍ਹ ਗਿਆ। "ਰਾਮਚੰਦਰ ਜੀ ਧਰਨਾ ਲਾ ਕੇ ਰਾਵਣ ਦੇ ਦਰਬਾਰ ਦੇ ਬਾਹਰ ਬੈਠ ਜਾਂਦੇ। ਰਾਵਣ ਕਦੇ ਸੀਤਾ ਨੂੰ ਵਾਪਸ ਕਰ ਦਿੰਦਾ ? ਕਦੇ ਵੀ ਨਹੀਂ। ਲਾਲਾ ਲਾਜਪਤ ਰਾਏ ਹੋਰਾਂ ਧਰਨੇ ਲਾਏ, ਬਦਲੇ 'ਚ ਕੀ ਮਿਲਿਆ ਡਾਂਗਾਂ, ਗੋਲ਼ੀਆਂ। ਤੁਸੀਂ ਫੇਰ ਬਦਲਾ ਲਿਆ।"

ਭਗਤ ਸਿੰਘ ਬੇਚੈਨ ਹੋ ਗਿਆ। "ਹਾਂ ਲਿਆ, ਲੈਣਾ ਵੀ ਸੀ ਤੇ ਲਵਾਂਗੇ ਵੀ।"

"ਜਦੋਂ ਤੁਸੀਂ ਅੰਸੈਬਲੀ 'ਚ ਬੰਬ ਸੁੱਟਿਆ ਸੀ, ਇਹ ਸਿਰਫ਼ ਇੱਕ ਪਾਸੇ ਨੂੰ ਹੀ ਕਿਉਂ ਸਿੱਟਿਆ ?"

"ਸਿਰਫ਼ ਸਰਕਾਰਾਂ ਦੇ ਕੰਨ ਖੋਲ੍ਹਣ ਲਈ, ਕਿਸੇ ਨੂੰ ਮਾਰਨ ਲਈ ਨਹੀਂ ?"

"ਉਹਨਾਂ ਦੇ ਕੰਨ ਤਾਂ ਕੀ ਖੁੱਲ੍ਹਣੇ ਸੀ। ਅਜੇ ਤੱਕ ਸਾਡੇ ਲੋਕਾਂ ਦੇ ਕੰਨ ਨੀਂ ਖੁੱਲ੍ਹੇ। ਦੋ-ਚਾਰ ਰਗੜ ਦਿੰਦੇ ਕੀ ਹੋ ਜਾਂਦਾ। ਜਦ ਦੇਸ਼ ਆਜ਼ਾਦ ਹੋਇਆ ਤਾਂ ਅੰਗਰੇਜ਼ ਜਾਂਦੇ-ਜਾਂਦੇ ਦੰਗੇ ਕਰਵਾ ਗਏ ਲੱਖਾਂ ਹੀ ਲੋਕਾਂ ਦੀ ਕੱਟ-ਵੱਢ ਹੋ ਗਈ, ਇੱਜਤਾਂ ਲੁੱਟੀਆਂ ਗਈਆਂ .......।" ਭਗਤ ਸਿਆਂ ਇੱਕ ਗੱਲ ਮੈਨੂੰ ਬਹੁਤ ਤੰਗ ਕਰਦੀ ਆ, ਮੈਨੂੰ ਆਪਣੇ ਦਾਦੇ ਤੋਂ ਬਹੁਤ ਡਰ ਲੱਗਦਾ ਸੀ, ਜਦੋਂ ਉਹ ਇੱਕਦਮ ਸੁੱਤਾ ਪਿਆ ਉੱਠਦਾ ਚੀਕ-ਚਿਹਾੜਾ ਪਾ ਦਿੰਦਾ, ਰੌਲਾ ਪਾਉਂਦਾ, "ਓ ਆ ਗਏ, ਭੱਜ ਲਓ ... ਓ ਆ ਗੇ, ਭੱਜ ਲਓ।" ਜੋ 47 'ਚ ਪਾਕਿਸਤਾਨੋਂ ਆਉਂਦਾ ਆਪਣੇ ਚਾਚੇ-ਤਾਏ ਖੋ ਆਇਆ ਸੀ .....।

ਭਗਤ ਸਿਹਾਂ ਥੋਨੂੰ ਤਾਂ ਸਭ ਪਤਾ ਮੈਂ ਥੋਡੇ ਵਿਚਾਰਾਂ ਦੀ ਬਰਾਬਰੀ ਤਾਂ ਨਹੀਂ ਕਰ ਸਕਦਾ ਪਰ ਸਾਡੇ ਦੇਸ਼ ਦੇ ਲੋਕਾਂ 'ਤੇ ਹਮਲੇ ਹੋਏ ਨੇ, ਅਸੀਂ ਕਿਸੇ 'ਤੇ ਹਮਲਾ ਨਹੀਂ ਕੀਤਾ। ਮਹਿਮੂਦ ਗਜ਼ਨਵੀ ਨੇ 21 ਵਾਰ ਹਮਲਾ ਕੀਤਾ। ਸਾਡੇ ਲੋਕ ਮਾਲਾ ਫੇਰਦੇ ਰਹੇ। ਕਹਿੰਦੇ ਰੱਬ ਇਹਨਾਂ ਨੂੰ ਅੰਨੇ ਕਰਦੂ, ਕੀ ਉਹ ਹੋਏ ਅੰਨੇ ? ਸਾਰੇ ਭਗਵਾਨਾਂ ਦੀਆਂ ਫੋਟੋਆਂ 'ਚ ਉਹਨਾਂ ਕੋਲ਼ ਹਥਿਆਰ ਨੇ। ਮਾਲਾ ਕਿਸੇ ਦੇ ਹੱਥ 'ਚ ਨਹੀਂ। ਕਿੱਥੇ ਗਈ ਸਾਡੀ ਸੰਸਕ੍ਰਿਤੀ ਤੇ ਪਰੰਪਰਾ ?" ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਹਨੂੰ ਮੈਂ ਆਪਣੀ ਵਿਦਵਤਾ ਦਿਖਾ ਰਿਹਾ ਹੋਵਾਂ। ਮੈਂ ਕਿਹਾ, "ਭਗਤ ਸਿਆਂ, ਮੈਨੂੰ ਪਤਾ ਤੇਰੇ ਨਾਲ ਗੱਲ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਵਾਲੀ ਗੱਲ ਹੈ।" ਅਚਾਨਕ ਮੈਂ ਗੱਲ ਬਦਲਦਿਆਂ ਕਿਹਾ, "ਭਗਤ ਸਿਹਾਂ ਇੰਨਾਂ ਲਿਬੜਿਆ ਕਿਉਂ ਹੋਇਆਂ ?"

ਉਹ ਬੋਲਿਆ, "ਹਾਲੇ ਮੇਰਾ ਜਨਮ ਦਿਨ ਨੀਂ ਆਇਆ, ਨਾ ਹੀ ਸ਼ਹੀਦੀ ਦਿਨ, ਉਸ ਦਿਨ ਹੀ ਤੁਸੀਂ ........।"

"ਭਗਤ ਸਿਹਾਂ ਮੈਨੂੰ ਜਨਮ ਦਿਨ 'ਤੇ ਗੱਲ ਯਾਦ ਆ ਗਈ, ਅਸੀਂ ਵੀ ਤੇਰਾ ਜਨਮ ਦਿਨ ਮਨਾਉਂਦੇ ਆਂ ਤੇ ਸ਼ਹੀਦੀ ਦਿਨ ਵੀ। ਉਸ ਤੋਂ ਪਹਿਲਾਂ ਮੈਂ ਦੱਸਦਾ, ਚਿੜੀ ਦੇ ਪੌਂਚੇ ਜਿੱਡਾ ਸਾਡਾ ਸ਼ਹਿਰ ਆ, ਇੱਥੇ ਬਾਹਮਣ ਸਭਾ, ਜੱਟ ਸਭਾ, ਖੱਤਰੀ ਸਭਾ, ਰਾਮਗੜੀਆ ਸਭਾ, ਪਤਾ ਨਹੀਂ ਕਿੰਨੀਆਂ ਹੋਰ.....।" ਮੈਨੂੰ ਲੱਗਿਆ ਜਿਵੇਂ ਉਹ ਸੁਣ ਕੇ ਹੈਰਾਨ ਹੋ ਰਿਹਾ ਹੋਵੇ। "ਪਰ ਅਸੀਂ ਵੀ



ਸਭਾ ਬਣਾਈ ਸੀ ਤੇਰੇ ਨਾਂ 'ਤੇ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ। ਪਹਿਲੀ ਵਾਰੀ ਉਸ ਵਿੱਚ 80-90 ਜਾਣੇ ਸਨ। ਫੇਰ ਅਸੀਂ ਦੂਸਰੀ ਤੀਸਰੀ ਵਾਰ 40-50, ਫੇਰ ਮੈਂ ਕੱਲਾ ਹੀ ਰਹਿ ਗਿਆ, ਪਰ ਤੇਰਾ ਜਨਮ ਦਿਨ ਤਾਂ ਮਨਾਉਣਾ ਹੀ ਸੀ। ਮੈਂ ਟਰਾਲੀ ਸਜਾ ਕੇ ਤੇਰੀ ਵੱਡੀ ਸਾਰੀ ਫੋਟੋ ਤੇ ਹਾਰ ਪਾ ਕੇ, ਇਨਕਲਾਬੀ ਗੀਤ ਚਲਾ ਕੇ ਸ਼ਹਿਰ 'ਚ ਗੇੜਾ ਦਿੱਤਾ ਸੀ। ਲੋਕ ਮੈਨੂੰ ਕਹਿੰਦੇ ਇਹਦਾ ਦਿਮਾਗ ਹਿੱਲ ਗਿਆ। ਕੋਈ ਵੀ ਤੇਰੇ ਨਾਲ ਚੱਲਣ ਨੂੰ ਤਿਆਰ ਨਹੀਂ ਸੀ।

ਮੈਂ ਭਾਸ਼ਣ ਕਰ ਰਿਹਾ ਸੀ, "ਦੋਸਤੋ ਭਗਤ ਸਿੰਘ ਦੇ ਸ਼ਹੀਦੀ ਦਿਵਸ ਤੇ ਜਾਂ ਜਨਮ ਦਿਨ ਤੇ ਕੋਈ ਛੁੱਟੀ ਨੀਂ ਹੋਣੀ ਚਾਹੀਦੀ, ਉਸ ਦਿਨ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ 'ਚ ਸਵੇਰ ਤੋਂ ਸ਼ਾਮ ਤੱਕ ਭਗਤ ਸਿੰਘ ਦੇ ਇਨਕਲਾਬੀ ਵਿਚਾਰਾਂ ਨਾਲ ਸਾਂਝ ਪਵਾਉਣੀ ਚਾਹੀਦੀ ਆ। ਪਰ ਸਾਡੀਆਂ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਲੋਕ ਬੰਦੇ ਬਣ ਜਾਣ, ਕਿਤੇ ਬਗਾਵਤ ਨਾ ਕਰ ਦੇਣ।" ਇਹ ਭਾਸ਼ਣ ਵੀ ਦੇ ਦਿੰਦਾ ਸੀ ਕਿ ਧਰਨੇ-ਮੁਜਾਹਰਿਆਂ ਦੀ ਕੋਈ ਲੋੜ ਨਹੀਂ ਸਰਕਾਰਾਂ ਦੇ ਕੰਨ ਖੋਲਣ ਲਈ ਬੰਬਾਂ ਤੇ ਬੰਦੂਕਾਂ ਦੀ ਲੋੜ ਹੁੰਦੀ ਹੈ।

ਉਹ ਮੇਰੀ ਗੱਲ ਬੜੇ ਠਰ੍ਹੰਮੇ ਨਾਲ ਸੁਣ ਰਿਹਾ ਸੀ। ਇੰਨੇ ਨੂੰ ਸਿਪਾਹੀ ਆ ਗਿਆ, ਥਾਲੀ ਫੜਾਉਂਦਿਆ ਬੋਲਿਆ, "ਲੈ ਰੋਟੀ ਖਾ ਲੈ।"

"ਸਿਪਾਹੀ ਜੀ ਥਾਲੀ ਇੱਕ ਨੀਂ ਦੋ ਦਿਉ।"

"ਦੋ ਕਾਹਦੇ ਲਈ ?"

"ਮੇਰੇ ਨਾਲ ਭਗਤ ਸਿੰਘ ਵੀ ਹੈ।"

"ਸ਼ੁਦਾਈ ਹੋ ਗਿਆ ਤੂੰ।" ਥਾਲੀ ਰੱਖ ਕੇ ਚਲਾ ਗਿਆ।

ਮੈਂ ਕਿਹਾ, "ਭਗਤ ਸਿਆਂ ਰੋਟੀ ਖਾ ਲੈ, ਤੂੰ ਤਾਂ ਜੇਲ੍ਹ ਦੀਆਂ ਬਥੇਰੀਆਂ ਰੋਟੀਆਂ ਖਾਧੀਆਂ ਨੇ, ਸੁਆਦ ਦਾ ਪਤਾ ਹੋਊ।"

"ਮੈਂ ਤਾਂ ਭੁੱਖਾ ਹਾਂ ਸਾਲਾਂ ਤੋਂ, ਤੂੰ ਮੇਰੀ ਭੁੱਖ ਨਹੀਂ ਮਿਟਾ ਸਕਦਾ। ਅੱਜ ਰੋਟੀ ਤੈਨੂੰ ਮੈਂ ਖੁਆਉਣਾ।" ਉਹ ਮੇਰੀ ਮਾਂ ਦੀ ਤਰ੍ਹਾਂ ਬੁਰਕੀਆਂ ਮੂੰਹ 'ਚ ਪਾ ਰਿਹਾ ਸੀ। ਰੋਟੀ ਖਾ ਕੇ ਕਦੋਂ ਮੇਰੀ ਅੱਖ ਲੱਗ ਗਈ ਪਤਾ ਹੀ ਨਾ ਲੱਗਿਆ।

ਦੂਸਰੇ ਦਿਨ ਸਿਪਾਹੀ ਸਲਾਖਾਂ 'ਤੇ ਡੰਡਾ ਮਾਰਦਾ ਬੋਲਿਆ, "ਉੱਠ ਵੀ ਕਾਮਰੇਡਾ, ਬਥੇਰਾ ਸੌਂ ਲਿਆ।" ਮੈਂ ਤ੍ਰਭਕ ਕੇ ਉੱਠਿਆ, "ਪਾਣੀ 'ਚ ਰਹਿ ਕੇ ਮਗਰਮੱਛ ਨਾਲ ਵੈਰ ਨੀਂ ਪਾਈਦਾ।" ਸਿਪਾਹੀ ਕਹਿ ਕੇ ਚਲਾ ਗਿਆ।

ਮੈਂ ਦੇਖਿਆ ਭਗਤ ਸਿੰਘ ਕਿਤਾਬ ਪੜ੍ਹ ਰਿਹਾ ਸੀ। ਮੈਂ ਪੁੱਛਿਆ, "ਤੂੰ ਸੁੱਤਾ ਨਹੀਂ ?"

"ਸਾਨੂੰ ਕਿੱਥੇ ਨੀਂਦ ਆਉਂਦੀ ਆ। ਅਸੀਂ ਤਾਂ ਜਾਗਦੇ ਲੋਕ ਹਾਂ, ਤੁਸੀਂ ਹੋ ਸੌਣ ਵਾਲੇ।" ਆਖ ਉਸਨੇ ਹੁੱਜ ਮਾਰੀ ਸੀ। ਸਾਜਰੇ ਹੀ ਭਾਪਾ ਰੋਟੀ ਲੈ ਆਇਆ ਤੇ ਪੁੱਛਿਆ, "ਰਾਤ ਕੁਝ ਖਾ ਪੀ ਲਿਆ ਸੀ ?"

ਕਹਿਣਾ ਚਾਹੁੰਦਾ ਸੀ, "ਹਾਂ ਪਟੇ ਖਾ ਲਏ ਸੀ.....।" ਪਰ ਕਹਿ ਨਾ ਸਕਿਆ ਕਿ ਭਾਪੇ ਦਾ ਮਨ ਦੁਖੀ ਹੋਵੇਗਾ। ਪਹਿਲਾਂ ਹੀ ਮੈਂ ਉਸਨੂੰ ਬਹੁਤ ਕਲਪਾਇਆ, "ਭਾਪਾ-ਮੰਮੀ ਦੇ ਕਹਿਣ ਤੇ ਹੀ ਆਇਆ ਹੋਣਾ ?"

"ਜਬਲੀਆ ਨਾ ਮਾਰ, ਰੋਟੀ ਖਾ ਲੈ, ਛੱਡ ਖਹਿੜਾ ਹੁਣ ਕ੍ਰਾਂਤੀ ਦਾ, ਬਥੇਰਾ ਬਣ ਲਿਆ ਭਗਤ ਸਿੰਘ। ਬਸ ਹੁਣ ਤੇਰੇ ਰੱਸਾ ਪਾ ਦੇਣਾ। ਵਿਆਹ ਕਰ ਦੇਣਾ ਚੰਗੀ ਕੁੜੀ ਦੇਖ ਕੇ ਉਹ

ਤੇਰੇ ਸੰਗਲ ਪਾਊ। ਹੋਰ ਤੈਂ ਕਿਸੇ ਤੋਂ ਲੋਟ ਨੀਂ ਆਉਣਾ।" ਭਗਤ ਸਿੰਘ ਇੱਕ ਦਮ ਮੇਰੇ ਕੋਲ਼ ਆਇਆ ਤੇ ਮੋਢੇ 'ਤੇ ਹੱਥ ਰੱਖ ਬੋਲਿਆ ਕਿ ਕਹਿ ਭਾਪੇ ਨੂੰ ਜੇ ਭਗਤ ਸਿੰਘ ਵਿਆਹ ਬਾਰੇ ਸੋਚਦਾ ਫਿਰ ਤਾਂ ਮਿਲ ਗਈ ਸੀ ਆਜ਼ਾਦੀ। ਮੈਂ ਇਸ ਤਰ੍ਹਾਂ ਹੀ ਕਿਹਾ।

"ਹੁਣ ਤੂੰ ਕਿਹੜੀ ਆਜ਼ਾਦੀ ਲੈਣ ਦੀ ਗੱਲ ਕਰਦਾ । ਤੇਰੇ ਭਗਤ ਸਿੰਘ ਨੂੰ ਤਾਂ ਸਰਕਾਰਾਂ ਸ਼ਹੀਦ ਵੀ ਨਹੀਂ ਮੰਨਦੀਆਂ।" ਭਾਪੇ ਨੇ ਟਾਂਚ ਮਾਰੀ ।

"ਭਾਪਾ ਸਰਕਾਰਾਂ ਦੇ ਮੰਨਣ ਜਾਂ ਨਾ ਮੰਨਣ ਨਾਲ ਕੀ ਫ਼ਰਕ ਪੈਂਦਾ। ਅੱਜ ਵੀ ਲੋਕਾਂ ਦੇ ਦਿਲਾਂ ਤੇ ਰਾਜ ਕਰਦਾ ਮੇਰਾ ਵੀਰ।" ਫੇਰ ਆਪਣੇ ਆਪ 'ਚ ਹੀ ਕਿ ਕਿਹੜੇ ਲੋਕਾਂ ਦੇ ਦਿਲਾਂ 'ਚ.....?

"ਭਗਤ ਸਿੰਘ ਤੇਰਾ ਵੀਰ ਕਿਵੇਂ ਹੋ ਗਿਆ ?"

ਮੈਂ ਹੱਸ ਕੇ ਕਿਹਾ, "ਜਨਤਾ ਨੇ ਕਿਸੇ ਨੂੰ ਚਾਚਾ ਬਣਾ ਲਿਆ, ਕਿਸੇ ਨੂੰ ਬਾਪੂ, ਕਿਸੇ ਨੂੰ ਮਾਸੀ। ਭਗਤ ਸਿੰਘ ਸਾਡਾ ਵੀਰ ਨੀਂ ਹੋ ਸਕਦਾ।" ਮੈਂ ਭਗਤ ਸਿੰਘ ਨੂੰ ਅੱਖ ਮਾਰ ਕਿਹਾ ਸੀ। "ਕਿਉਂ ਵੀਰ ਠੀਕ ਆ ਨਾ।"

"ਕੀਹਨੂੰ ਇਸ਼ਾਰੇ ਕਰੀ ਜਾਨਾ ? ਇੱਧਰ-ਉੱਧਰ ਨੂੰ ਕੀ ਝਾਕੀ ਜਾਨੈਂ ? ਕਮਲਾ ਹੋ ਗਿਆ ਤੂੰ ?"

ਮੈਂ ਕਿਹਾ, "ਮੇਰੇ ਕੋਲ ਭਗਤ ਸਿੰਘ ਆਇਆ ਹੋਇਆ।"

"ਪਹਿਲਾਂ ਤੇਰਾ 'ਲਾਜ ਕਰਵਾਉਨੇ ਆਂ। ਐ ਤੈਂ ਲੋਟ ਨੀਂ ਆਉਣਾ।" ਮੈਨੂੰ ਮਹਿਸੂਸ ਹੋਇਆ ਕਿ ਭਾਪੇ ਦੀਆਂ ਅੱਖਾਂ 'ਚ ਪਾਣੀ ਆ ਗਿਆ ਸੀ। "ਮੈਂ ਕਰਲੀ ਵਕੀਲ ਨਾਲ ਗੱਲ, ਹੋਜੂ ਜਮਾਨਤ ਤੇਰੀ, ਕਚਹਿਰੀਆਂ ਦੀਆਂ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਨੇ। ਅੱਜ ਤੱਕ ਤੈਂ ਧੇਲਾ ਜੋੜਿਆ ਨੀਂ। ਕੋਈ ਨਾ ਫਿਕਰ ਨਾ ਕਰ।" ਕਹਿ ਕੇ ਮੂੰਹ ਘੁੰਮਾ ਲਿਆ ਸ਼ਾਇਦ ਅੱਖਾਂ ਸਾਫ ਕਰ ਰਿਹਾ ਸੀ। ਪਹਿਲੀ ਵਾਰ ਲੱਗਿਆ ਕਿ ਜਿਵੇਂ ਉਹ ਮੇਰੇ ਨਾਲ ਖੜ੍ਹਾ ਸੀ। ਉਸ ਨੂੰ ਦੇਖ ਮੈਂ ਹੰਝੂ ਪੀ ਗਿਆ। "ਭਗਤ ਸਿਆਂ ਮੈਥੋਂ ਇਹ ਨੀਂ ਦੇਖ ਹੁੰਦਾ।"

"ਅਸੀਂ ਨੀ ਛੱਡਿਆ ਆਪਣਾ ਪਰਿਵਾਰ, ਹੌਂਸਲਾ ਨੀਂ ਹਾਰੀ ਦਾ, ਦਿਲ ਤੇ ਪੱਥਰ ਰੱਖ ਕੇ ਹੀ ਕੰਮ ਹੁੰਦੇ ਨੇ।"

ਮੈਂ ਉਦਾਸੀ 'ਚ ਕਿਹਾ, "ਹੂੰ....। ਮਾਂ ਨੂੰ ਤਾਂ ਸਾਰੀ ਰਾਤ ਟੇਕ ਨੀਂ ਆਈ ਹੋਣੀ। ਮਾਂ ਨੇ ਬਹੁਤ ਜ਼ੋਰ ਲਾਇਆ ਹੋਣਾ ਜਾਂ ਪੁੱਛ ਆ ਸੂਰਜ ਦਾ ਹਾਲ, ਦੇਆ ਰਾਤ ਦੀ ਰੋਟੀ, ਪਰ ਭਾਪਾ ਬੜਾ ਢੀਠ ਆ।"

"ਹੈ ਤਾਂ ਤੇਰਾ ਹੀ ਪਿਓ, ਤੇਰਾ ਭਾਪਾ ਸੋਚਦਾ ਹੋਣਾ ਪਤਾ ਲੱਗੇ ਪੁੱਤ ਨੂੰ ਥਾਣੇ 'ਚ ਰਾਤ ਕੱਟਣ ਦਾ। ਪਰ ਉਹਨੂੰ ਕੀ ਪਤਾ ਮੈਂ ਵੀ ਤੇਰੇ ਨਾਲ ਹਾਂ......।

......ਗਿਆਰ੍ਹਾਂ ਕੁ ਵਜੇ ਮੈਨੂੰ ਅਦਾਲਤ 'ਚ ਪੇਸ਼ ਕਰਨ ਲੈ ਗਏ। ਜਦ ਅਸੀਂ ਅਦਾਲਤ ਜਾ ਰਹੇ ਸੀ ਰਸਤੇ 'ਚ ਸਿਪਾਹੀ ਕਹਿੰਦਾ, ਜੱਜ ਸਾਹਿਬ ਮੂਹਰੇ ਬਹੁਤਾ ਨਾ ਬੋਲੀਂ, ਐਵੇਂ ਕੋਈ ਹੋਰ ਹੀ ਨਾ ਪੰਗਾ ਪੈ ਜਾਵੇ।" ਉਹ ਮੈਨੂੰ ਵੱਡੇ ਭਾਈ ਦੀ ਤਰ੍ਹਾਂ ਸਮਝਾ ਰਿਹਾ ਸੀ। ਮੈਂ ਕਿਹਾ, "ਜੱਜ ਕਿਹੜਾ ਮੈਨੂੰ ਖਾਜੂਗਾ।" ਇੱਕ ਵਾਰ ਪਹਿਲਾਂ ਮੈਂ ਦੋਸਤ ਦੀ ਗਵਾਹੀ ਦੇਣ ਅਦਾਲਤ 'ਚ ਆਇਆ ਸੀ। ਮੇਰਾ ਕੋਰਟ 'ਚ ਮੋਬਾਇਲ ਵੱਜ ਗਿਆ ਸੀ। ਜੱਜ ਨੇ ਅਰਦਲੀ ਨੂੰ ਹੁਕਮ ਦਿੱਤਾ ਕਿ ਉਹ ਮੇਰਾ ਮੋਬਾਇਲ ਫੜ ਲਵੇ, ਤੇ ਇੱਕ ਪਾਸੇ ਬੈਠਣ ਲਈ ਕਿਹਾ। ਦੋ-ਤਿੰਨ ਘੰਟੇ ਉਡੀਕ ਕਰਨ ਤੋਂ



ਬਾਅਦ ਜੱਜ 'ਲੰਚ ਟਾਇਮ' ਕਹਿ ਕੇ ਉੱਠ ਗਿਆ। ਮੈਂ ਅਰਦਲੀ ਨੂੰ ਕਿਹਾ, "ਯਾਰ ਮੋਬਾਇਲ ਤਾਂ ਦੇ-ਦੇ ਹੁਣ ਤਾਂ ਜੱਜ ਵੀ ਚਲਾ ਗਿਆ।"

ਉਹ ਕਹਿੰਦਾ, "ਤਿੰਨ ਸੌ ਰੁਪਏ ਦੇ ਦੇ।"

ਮੈਂ ਗੁੱਸਾ ਪੀ ਗਿਆ "ਮੇਰੇ ਕੋਲ ਤਾਂ ਹੈ ਨੀਂ।"

"ਫੇਰ ਜੱਜ ਸਾਹਿਬ ਤੋਂ ਹੀ ਮੰਗ ਲਈਂ।"

ਜੱਜ ਜਦ ਸੀਟ 'ਤੇ ਬੈਠਾ, ਮੈਂ ਕਿਹਾ, "ਸਰ ਇੱਕ ਗੱਲ ਕਰਨੀ ਆ।"

"ਛੇਤੀ ਕਰੋ।"

"ਜੱਜ ਸਾਹਿਬ ਦੀਵੇ ਥੱਲੇ ਹਨ੍ਹੇਰਾ ਹੀ ਹੁੰਦਾ ਸਿਆਣੇ ਕਹਿੰਦੇ ਨੇ।"

"ਕੀ ਮਤਲਬ ਤੇਰਾ ?"

"ਅਰਦਲੀ ਤੋਂ ਮੋਬਾਇਲ ਮੰਗਿਆ ਸੀ ਕਹਿੰਦਾ 300 ਰੁਪਏ ਦੇ। ਮੈਂ ਕਿਹਾ ਮੇਰੀ ਤਾਂ ਦਿਹਾੜੀ 200 ਰੁਪਏ ਹੈ।"

"ਇਹਦਾ ਮੋਬਾਇਲ ਦੇ ਦੇ ਤੇਰੇ ਨਾਲ ਮੈਂ ਫੇਰ ਗੱਲ ਕਰਦਾਂ।" ਮੈਂ ਧੰਨਵਾਦ ਕਹਿਣਾ ਚਾਹੁੰਦਾ ਸੀ। ਫੇਰ ਸੋਚਦਾਂ ਧੰਨਵਾਦ ਕਿਸ ਗੱਲ ਲਈ ਕਰਾਂ ? ਉਸ ਤੋਂ ਬਾਅਦ ਕਾਫੀ ਦੇਰ ਸੋਚਦਾ ਰਿਹਾ ਕਿਤੇ ਜੱਜ ਅਰਦਲੀ ਨੂੰ ਨੌਕਰੀ ਤੋਂ ਹੀ ਨਾ ਕੱਢ ਦੇਵੇ। ਮੈਂ ਕਾਹਨੂੰ ਕਹਿਣਾ ਸੀ। ਉਹਦੇ ਵੀ ਬਾਲ-ਬੱਚੇ ਨੇ। ਫੇਰ ਆਪਣੇ-ਆਪ 'ਚ ਬਾਹਰਲੇ ਦੇਸ਼ 'ਚ ਸੁਣਿਆ ਜੇ ਕੋਈ ਗ਼ਲਤੀ ਕਰਦਾ ਤਾਂ ਉਸਦੀ ਸ਼ਿਕਾਇਤ ਲੋਕ ਜਦੇ ਹੀ ਕਰ ਦਿੰਦੇ ਨੇ। ਆਪਣੇ ਆਲੇ ਕਹਿੰਦੇ ਨੇ 'ਅਸੀਂ ਕੀ ਲੈਣਾ' ਕਿਸੇ ਤੋਂ। ਇੱਥੇ ਕੌਣ ਕੀਹਦੀ ਸੁਣਦਾ ? ਸਾਰੇ ਹੀ ਚੋਰ ਨੇ ......।

ਉਸ ਦਿਨ ਮੈਨੂੰ ਅਰਦਲੀ ਨੇ ਹਾਕ ਮਾਰ ਬੁਲਾਇਆ ਸੀ। ਮੈਂ ਜੱਜ ਸਾਹਮਣੇ ਪੇਸ਼ ਹੁੰਦਿਆਂ ਹੀ ਨਾਅਰਾ ਮਾਰਿਆ ਸੀ। ਭਗਤ ਸਿੰਘ ਜ਼ਿੰਦਾਬਾਦ ਕਹਿੰਦਾ ਕਟਿਹਰੇ ਕੋਲ ਜਾ ਖੜ੍ਹਾ ਹੋਇਆ। ਸਾਰਿਆਂ ਨੇ ਜੱਜ ਸਾਹਮਣੇ ਸਿਰ ਝੁਕਾਇਆ ਪਰ ਮੈਂ ਨਹੀਂ। ਜੱਜ ਨੇ ਮੇਰੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ "ਕੀ ਤਕਲੀਫ਼ ਆ ਤੈਨੂੰ ?"

"ਤਕਲੀਫ ਤਾਂ ਬਹੁਤ ਆਂ ਮੈਨੂੰ.....।" ਮੈਂ ਆਪਣੀਆਂ ਗੱਲਾਂ ਦੁਹਰਾਈਆਂ, "ਜੱਜ ਸਾਹਿਬ ਨਸ਼ਿਆਂ ਨਾਲ ਮੁੰਡੇ ਮਰ ਰਹੇ ਨੇ, ਇਸ ਦਾ ਜ਼ਿੰਮੇਵਾਰ ਕੌਣ ਹੈ ? ਤੁਸੀਂ ਹੋ। ਸੜਕਾਂ ਦੇ ਐਕਸੀਡੈਂਟਾਂ ਨਾਲ ਰੋਜ਼ ਲੋਕ ਮਰ ਰਹੇ ਨੇ ਇਸਦਾ ਜ਼ਿੰਮੇਵਾਰ ਕੌਣ ਹੈ ? ਪ੍ਰਸ਼ਾਸ਼ਨ ਹੈ। ਰੇਪ-ਕੇਸ ਹੋ ਰਹੇ ਨੇ ਇਸਦਾ ਜ਼ਿੰਮੇਵਾਰ ਕੌਣ ਹੈ। ਤੁਸੀਂ ? ਮੈਂ ਤਾਂ ਤੁਹਾਡੇ ਤੇ ਕੇਸ ਕਰਨ ਨੂੰ ਫਿਰਦਾ। ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੇ ਹੋ।" ਜੱਜ ਮੈਨੂੰ ਦੇਖਦਾ ਹੀ ਰਹਿ ਗਿਆ। ਜੱਜ ਨੇ ਜਮਾਨਤ ਦੀ ਅਰਜ਼ੀ ਖਾਰਜ ਕਰਕੇ ਮਹੀਨੇ ਲਈ ਜ਼ੇਲ੍ਹ 'ਚ ਭੇਜਣ ਲਈ ਕਿਹਾ। ਮੇਰੇ 'ਤੇ ਦੇਸ਼-ਧ੍ਰੋਹ ਦਾ ਕੇਸ ਪਾਇਆ ਸੀ ਲੋਕਾਂ ਨੂੰ ਭੜਕਾਉਣ ਦਾ। ਧਾਰਾ 153

ਜੇਲ੍ਹ 'ਚ ਪਹੁੰਚ ਕੇ ਦੇਖਿਆ ਬੈਰਕ 'ਚ 40-50 ਕੈਦੀ ਸਨ। ਮੈਂ ਜਾਂਦਿਆਂ ਹੀ ਨਾਅਰਾ ਮਾਰਿਆ, ਸਾਰਿਆਂ ਨੇ ਜਵਾਬ ਦਿੱਤਾ, "ਜ਼ਿੰਦਾਬਾਦ ਜ਼ਿੰਦਾਬਾਦ।" ਮੈਂ ਸੋਚਿਆ ਹੁਣ ਕ੍ਰਾਂਤੀ ਆ ਕੇ ਰਹੂ।

ਬੈਰਕ 'ਚ ਜਦੋਂ ਮੈਂ ਭਗਤ ਸਿੰਘ ਨਾਲ ਗੱਲਾ ਕਰਦਾ ਤਾਂ ਕਈ ਕੈਦੀ ਮੈਨੂੰ ਦੇਖ ਦੇਖ ਹੱਸਦੇ। ਕਈ ਕਹਿੰਦੇ, "ਲੱਗਦਾ ਜਿਆਦਾ ਪੜ੍ਹ ਕੇ ਹਿੱਲ ਗਿਆ।" ਕਈ ਕਹਿੰਦੇ "ਮਿੱਤਰਾ ਸਾਨੂੰ ਵੀ ਦਰਸ਼ਨ ਕਰਵਾ ਕਦੇ ਭਗਤ ਸਿੰਘ ਦੇ।" ਮੈਂ ਕਿਹਾ, "ਦਰਸ਼ਨ ਤਾਂ ਭਗਤ ਸਿੰਘ ਦੇ ਉਹਦੀਆਂ

ਕਿਤਾਬਾਂ ਪੜ੍ਹਨ 'ਤੇ ਹੀ ਹੁੰਦੇ ਨੇ।" ਇੱਕ ਰਾਤ ਮੈਂ ਗਾਉਣਾ ਸ਼ੁਰੂ ਕਰ ਦਿੱਤਾ

ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜ਼ੋਰ ਕਿਤਨਾ ਬਾਜੂਏ ਕਾਤਿਲ ਮੇਂ ਹੈ।

ਇੱਕ ਕੈਦੀ ਕਹਿੰਦਾ "ਸੌਂ ਜਾ ਸੌਂ ਜਾ, ਬੰਦੇ ਦਾ ਪੁੱਤ ਬਣਕੇ ਨਹੀਂ ਤਾਂ ਅਸੀਂ ਆਪਣੇ ਬਾਜੂਆਂ ਦੀ ਤਾਕਤ ਦਿਖਾ ਦਿਆਂਗੇ।" ਮੇਰੀ ਉਹਨਾਂ ਸ਼ਿਕਾਇਤ ਕਰ ਦਿੱਤੀ ਸੀ ਕਿ ਪਾਗ਼ਲ ਆ ਜੀ ਇਹ ਪਾਗ਼ਲ। ਜੇ ਕਿਸੇ ਨੇ ਇਸਦੇ ਮਾਰਿਆ ਜਾਂ ਇਹਨੇ ਕਿਸੇ ਦੇ। ਸਾਰੀ ਰਾਤ ਤੰਗ ਕਰਦਾ ਰਹਿੰਦੈ। ਡਰ ਲੱਗਦਾ ਇਹਦੇ ਤੋਂ। ਮੈਨੂੰ ਕੈਦੀਆਂ ਤੋਂ ਦੂਰ ਕੋਠੜੀ 'ਚ ਬੰਦ ਕਰ ਦਿੱਤਾ ਤੇ ਜ਼ੇਲਰ ਨੇ ਕਿਹਾ ਸੀ, "ਇੱਥੇ ਕਰੀ ਜਾ ਜਿਹੜੀਆਂ ਗੱਲਾਂ ਕਰਨੀਆਂ ਨੇ ਭਗਤ ਸਿੰਘ ਨਾਲ।" ਜਿੱਥੇ ਭਗਤ ਸਿੰਘ ਤੋਂ ਬਿਨਾਂ ਕੋਈ ਵੀ ਮੇਰੀ ਆਵਾਜ਼ ਸੁਣਨ ਵਾਲਾ ਨਹੀਂ ਸੀ। ਭਗਤ ਸਿੰਹਾਂ ਇੱਕ ਗੱਲ ਪੁੱਛਾਂ, ਜੇ ਸਾਡੇ ਲੋਕਾਂ ਦੇ ਸੰਗਲ ਖੋਲ੍ਹ ਦੇਣ ਸਰਕਾਰਾਂ, ਬਈ ਜਾਓ ਜਿਹੜੇ ਦੇਸ਼ ਜਾਣਾ ਤੁਸੀਂ। ਇੱਕ ਮਹੀਨੇ 'ਚ ਦੇਖੀਂ ਮੈਨੂੰ ਨੀਂ ਲੱਗਦਾ ਕੋਈ ਵੀ ਰਹੂ ਇੱਥੇ।"ਇਹ ਤਾਂ ਤੇਰੀ ਗੱਲ ਠੀਕ ਆ" ਭਗਤ ਸਿੰਘ ਬੋਲਿਆ। "ਜੇ ਗੱਲ ਠੀਕ ਆ, ਫੇਰ ਥੋਨੂੰ ਅੰਗਰੇਜ਼ਾਂ ਨੂੰ ਇੱਥੋਂ ਭਜਾਉਣ ਦੀ ਕੀ ਲੋੜ ਸੀ?" ਉਹ ਚੁੱਪ ਹੀ ਰਿਹਾ ਮੈਂ ਕਿਹਾ, "ਹੁਣ ਬੋਲਦਾ ਕਿਉਂ ਨਹੀਂ?" ਮੈਨੂੰ ਉਸਦੀ ਚੁੱਪ ਬੇਚੈਨ ਕਰ ਰਹੀ ਸੀ।

ਮੈਂ ਕਿਹਾ, "ਤੁਸੀਂ ਹੀ ਕਹਿੰਦੇ ਸੀ, ਅੰਗਰੇਜ਼ ਚਲੇ ਜਾਣਗੇ। ਸਾਡੇ ਕਾਲੇ ਆ ਜਾਣਗੇ। ਰਾਜ ਕਰਨਗੇ। ਜੇ ਪਤਾ ਸੀ ਫੇਰ ਆਜ਼ਾਦੀ ਲੈਣ ਦੀ ਲੋੜ ਕੀ ਪਈ ਸੀ।" ਮੈਂ ਪਾਗ਼ਲਾਂ ਦੀ ਤਰ੍ਹਾਂ ਹੱਸਣ ਲੱਗਦਾ। ਜੇ ਅਸੀਂ ਅੰਗਰੇਜ਼ਾਂ ਦੇ ਗੁਲਾਮ ਹੁੰਦੇ ਤਾਂ ਉਹ ਸਾਡੇ ਡਾਂਗਾਂ ਮਾਰ-ਮਾਰ ਸਿੱਧਾ ਕਰਦੇ। ਬੰਦੇ ਬਣਾ ਕੇ ਰੱਖਦੇ, ਸੁਣਿਆ, ਮੈਂ ਬਈ, ਬਾਹਰ ਲੋਕ ਜ਼ਹਾਜ਼ ਉਤਰਦੇ ਸਾਰ ਹੀ ਬੰਦੇ ਬਣ ਜਾਂਦੇ ਨੇ। ਬੰਦੇ ਨੂੰ ਚੰਗੇ ਮਾੜੇ ਦੀ ਸਭ ਸਮਝ ਆ ਜਾਂਦੀ। ਪਤਾ ਬਈ ਡਾਂਗ ਫਿਰੂ। ਸਾਡੇ ਲੋਕਾਂ ਦੇ ਵੀ ਡਾਂਗ ਫਿਰਨੀ ਚਾਹੀਦੀ ਆ, ਫੇਰ ਬਣਨਗੇ ਬੰਦੇ ਦੇ ਪੁੱਤ। ਫੇਰ ਮੈਂ ਉੱਚੀ-ਉੱਚੀ ਹੱਸ ਕੇ ਕਹਿੰਦਾ ਹਾਂ, "ਇਹ ਡਾਂਗ ਫੇਰੂ ਕੌਣ....?" ਫੇਰ ਮੈਂ ਉਸਨੂੰ ਫੜ ਕੇ ਚੀਕਦਾ ਹਾਂ, "ਕਿਉਂ ਲਈ ਆਜ਼ਾਦੀ? ਥੋਨੂੰ ਕੀ ਚੱਟੀ ਪਈ ਸੀ। ਆਪਣੀ ਜੁਆਨੀ ਖਰਾਬ ਕਰ ਲਈ। ਬਸੰਤੀ ਚੋਲਾ ਰੰਗਾ ਕੇ ਤੇਰੇ ਪੱਲੇ ਕੀ ਪਿਆ? ਕ੍ਰਾਂਤੀ ਆਈ ਲੋਕਾਂ 'ਚ?" ਮੈਨੂੰ ਲੱਗਿਆ ਜਿਵੇਂ ਮੇਰੀਆਂ ਗੱਲਾਂ ਸੁਣ ਉਹ ਬੇਚੈਨ ਹੋ ਗਿਆ। ਫੇਰ ਮੈਂ ਮਹਿਸੂਸ ਕੀਤਾ ਜਿਵੇਂ ਉਹ ਮੈਨੂੰ ਛੱਡ ਕੇ ਜਾ ਰਿਹਾ ਹੋਵੇ। ਮੈਂ ਹਾਕਾਂ ਮਾਰ-ਮਾਰ ਕਹਿੰਦਾ, "ਮੈਨੂੰ ਛੱਡ ਕੇ ਨਾ ਜਾ ਵੀਰ ਮੈਨੂੰ ਛੱਡ ਕੇ ਨਾ ਜਾ ਵੀਰ.... ਮੈਂ ਕੱਲਾ ਰਹਿ ਜੂੰਗਾ।" ਮੈਂ ਗਿਰ ਜਾਂਦਾ, ਬੇਹੋਸ਼ ਹੋ ਜਾਂਦਾ। ਜਦੋਂ ਹੋਸ਼ ਆਉਂਦੀ, ਮੈਂ ਜੇਲ੍ਹ 'ਚ ਬਣੇ ਹਸਪਤਾਲ 'ਚ ਸੀ ਤੇ ਭਗਤ ਸਿੰਘ ਮੇਰੇ ਸਰ੍ਹਾਣੇ ਖੜ੍ਹਾ ਸੀ।

ਮੈਂ ਭਗਤ ਸਿੰਘ ਤੋਂ ਪੁੱਛਿਆ, "ਭਗਤ ਸਿਹਾਂ ਤੂੰ ਵੀ ਇਸੇ ਤਰ੍ਹਾਂ ਹੀ ਭਟਕਦਾ ਰਹੇਂਗਾ। ਤੇਰੀ ਗਤੀ ਕਿਸ ਤਰ੍ਹਾਂ ਹੋਵੇਗੀ।" ਭਗਤ ਸਿੰਘ ਕਿਤੇ ਦੂਰ ਦੇਖਦਾ ਬੋਲਿਆ, "ਜਦੋਂ ਕੋਈ ਇਨਕਲਾਬ ਜ਼ਿੰਦਾਬਾਦ ਕਹਿੰਦੈ ਤਾਂ ਮੈਨੂੰ ਲੱਗਦਾ ਹੈ ਕਿ ਲੈ ਕੋਈ ਉਠ ਗਿਆ ਸਾਡਾ ਵਾਰਿਸ, ਹੁਣ ਆਊ ਕ੍ਰਾਂਤੀ, ਪਰ...... ਨਹੀਂ....। ਤੁਸੀਂ ਲੋਕ ਸਿੱਧੇ ਪਾਸੇ ਗਤੀ ਫੜੋ, ਬੰਦੇ ਬਣਜੋ ਤੇ ਸਾਡੀ ਗਤੀ ਸਾਡੇ ਸਿਰਜੇ ਸਵਰਗ 'ਚ ਹੀ ਜਾ ਕੇ ਹੋਣੀ ਆ।"

ਮੋਬਾ.98884-20033



## ਭੁੱਖ ਇਉਂ ਸਾਹ ਲੈਂਦੀ ਹੈ/ਦੀਪਤੀ ਬਬੂਟਾ

ਖ਼ਾਲੀ ਹੱਥ ਹਵਾ 'ਚ ਘੁੰਮਿਆ। ਭਰੀ ਮੁੱਠੀ ਬਣ ਮੂੰਹ ਵੱਲ ਵਧਿਆ। ਮੂੰਹ ਅੱਡਿਆ ਗਿਆ। ਮੁੱਠੀ ਮੂੰਹ ਵਿੱਚ ਖੁੱਲ੍ਹੀ। ਮੁੱਠੀ ਖ਼ਾਲੀ। ਮੈਂ ਖ਼ਾਲੀ ਮੂੰਹ 'ਚ ਭੁੱਖ ਨੂੰ ਚਬਾਉਣ ਲੱਗਿਆ। ਭੁੱਖ ਹੋਰ ਤਿੱਖੀ ਹੋ ਮੇਰੀਆਂ ਆਂਦਰਾਂ ਕੋਹਣ ਲੱਗੀ। ਮੈਂ ਘੁੱਟ ਕੇ ਮੂੰਹ ਮੀਚ ਲਿਆ ਤੇ ਅੱਖਾਂ ਬੰਦ ਕਰਕੇ ਭੁੱਖ ਨੂੰ ਮਾਰਨ ਲਈ ਢਿੱਡ ਨਾਲ ਘੋਲ ਘੁਲਣ ਲੱਗਿਆ। ਢਿੱਡ 'ਚੋਂ ਆਵਾਜ਼ ਉੱਠੀ, ਭੁੱਖ ਦੀ ਭੁੱਖ ਨਾਲ ਜੰਗ ਓਨੀ ਹੀ ਪੁਰਾਣੀ ਹੈ, ਜਿੰਨਾ ਪੁਰਾਣਾ ਧਰਤੀ 'ਤੇ ਮਨੁੱਖੀ ਜੀਵਨ। ਭੁੱਖ 'ਤੇ ਸਹੀ ਸਮੇਂ ਵਾਰ ਕਰਕੇ ਘੋਗਾ ਚਿੱਤ ਨਾ ਕੀਤਾ ਜਾਵੇ ਤਾਂ ਅੱਖ ਝਪਕਣ ਤੋਂ ਪਹਿਲਾਂ ਭੁੱਖ, ਭੁੱਖ ਨੂੰ ਨਿਗਲ ਜਾਂਦੀ ਹੈ। ਮੈਂ ਦੋਹਾਂ ਹੱਥਾਂ ਨਾਲ ਢਿੱਡ ਨੂੰ ਘੁੱਟ ਕੇ ਭੁੱਖ ਦਾ ਗਲਾ ਘੁੱਟਣ ਲੱਗਿਆ। ਮੈਂ ਜਿੰਨਾ ਭੁੱਖ ਨੂੰ ਮਾਰਨ ਦੀ ਕੋਸ਼ਿਸ਼ ਕਰਦਾ, ਉਹ ਪਹਿਲਾਂ ਨਾਲੋਂ ਦੂਣ-ਸਵਾਈ ਹੋ ਉੱਠਦੀ।

ਅਜੀਬ ਕਸ਼ਮਕਸ਼...।

ਮੈਂ ਭੁੱਖ ਦੇ ਪਿੱਛੇ, ਭੁੱਖ ਮੇਰੇ ਪਿੱਛੇ। ਅੰਦਰ ਭੁੱਖ, ਬਾਹਰ ਭੁੱਖ। ਚਾਰ ਚੁਫੇਰੇ ਭੁੱਖ ਹੀ ਭੁੱਖ। ਭੁੱਖ ਤੋਂ ਬਚਣ ਲਈ ਮੈਂ ਰੀਂਗਣ ਲੱਗਿਆ। ਪਿੱਛਾ ਛੱਡਣ ਦੀ ਬਜਾਏ ਭੁੱਖ ਮੇਰੇ 'ਤੇ ਘਾਤ ਲਾ ਕੇ ਬੈਠ ਗਈ ਹੈ।

ਸਮਝ ਨਹੀਂ ਆ ਰਹੀ, ਇਹ ਸਭ ਹੋ ਕੀ ਰਿਹਾ ਹੈ? ਮੈਂ ਕਿੱਥੇ ਹਾਂ? ਕਿੱਧਰ ਜਾ ਰਿਹਾਂ? ਉਹ ਮੇਰਾ ਪਿੱਛਾ ਕਿਉਂ ਕਰ ਰਹੀ ਹੈ?

ਇਹ ਬਾਲ ਕੌਣ ਹੈ? ਮੈਂ ਕੌਣ ਹਾਂ? ਇਹ ਗਿਰਝ ਮੇਰਾ ਪਿੱਛਾ ਕਿਉਂ ਕਰ ਰਹੀ ਹੈ? ਮੈਨੂੰ ਕੀ ਹੋ ਗਿਆ...?

ਮੈਨੂੰ ਇਸ ਗਿਰਝ ਤੇ ਮੇਰੀ ਦਿੱਖ ਵਿੱਚ ਕੋਈ ਫ਼ਰਕ ਨਹੀਂ ਲੱਗ ਰਿਹਾ। ਵੇਖਣ ਨੂੰ ਦੋਵੇਂ ਸਿਆਹ ਕਾਲੇ। ਦੋਵੇਂ ਡਰਾਵਣੇ। ਦੋਵਾਂ ਦਾ ਕੁੱਬ ਨਿਕਲਿਆ ਹੋਇਆ। ਦੋਵੇਂ ਭੁੱਖ ਦੀ ਦੌੜ 'ਚ ਰੀਂਗ ਰਹੇ। ਮੈਨੂੰ ਭੋਜਨ ਦੀ ਤਲਾਸ਼ ਹੈ, ਉਸ ਵਾਸਤੇ ਬਿਲਕੁਲ ਤਾਜ਼ਾ ਬਣਨ ਜਾ ਰਿਹਾ ਭੋਜਨ ਉਸ ਦੀਆਂ ਅੱਖਾਂ ਦੇ ਸਾਹਮਣੇ ਹੈ। ਬਸ ਉਸ ਨੂੰ ਉਡੀਕ ਹੈ ਤਾਂ ਮੇਰਾ ਆਖਰੀ ਸਾਹ ਨਿਕਲਣ ਦੀ। ਅੱਗੇ ਸਰਕਣ ਦੀ ਕੋਸ਼ਿਸ਼ ਕਰਦਾ ਮੈਂ ਜਿਵੇਂ-ਜਿਵੇਂ ਨਿਢਾਲ ਹੋਣ ਲੱਗਿਆ, ਉਹ ਸਥਿਰ ਹੋਣ ਲੱਗੀ। ਮੇਰੇ ਹੋਸ਼ ਗੁਆਚਣ ਲੱਗੇ। ਅੱਖਾਂ ਅੱਗੇ ਧੁੰਦਲਕਾ ਉਤਰਨ ਲੱਗਿਆ। ਗਰਦਨ ਢਿਲਕਣ ਲੱਗੀ। ਸਿਰ ਜ਼ਮੀਨ ਵੱਲ ਝੁਕਣ ਲੱਗਾ, ਜਿਵੇਂ ਮੈਂ ਪਸ਼ੀਮੋਤਾਨ ਆਸਨ ਵਿੱਚ ਆ ਰਿਹਾ ਹੋਵਾਂ। ਮੇਰੀਆਂ ਲੱਤਾਂ ਆਕੜਨ ਲੱਗੀਆਂ ਹਨ। ਸਿਰ ਢਿੱਡ ਦੇ ਅੰਦਰ ਧਸਦਾ ਜਾ ਰਿਹਾ ਹੈ ਤੇ ਮਨ ਹੌਲੀ-ਹੌਲੀ ਸ਼ਾਂਤ ਹੋਣ ਲੱਗਿਆ ਹੈ। ਮੈਂ ਜਿਸ ਗਤੀ ਨਾਲ ਪਸ਼ੀਮੋਤਾਨ ਆਸਨ ਵਿੱਚ ਸਥਿਰ ਹੋ ਰਿਹਾਂ, ਉਹ ਭੁਜੰਗ ਆਸਨ ਵਿੱਚ ਆਉਣ ਲੱਗੀ। ਉਸ ਦੀ ਗਰਦਨ ਉੱਚੀ ਹੋ ਮੇਰੇ ਵੱਲ ਮੁੜੀ। ਮੇਰੀ ਬੋਟੀ ਖਾਣ ਲਈ ਉਸ ਨੇ ਠੂੰਗਾ ਮਾਰਿਆ। ਮੇਰੇ ਹੱਡੀਆਂ ਦੇ ਢਾਂਚੇ 'ਤੇ ਚਿਪਕੀ ਸਿਆਹ ਪਰਤ...! ਮਾਸ ਰਹਿਤ, ਹੱਡੀਆਂ ਦੀ ਮੁੱਠ 'ਤੇ ਚੁੰਝ ਦੇ ਵਾਰ ਨਾਲ ਕੜੱਕ ਦੀ ਆਵਾਜ਼ ਆਈ। ਪਤਾ ਨਹੀਂ ਮੇਰੀ ਹੱਡੀ ਚੂਰ ਹੋਈ ਹੈ ਜਾਂ ਗਿਰਝ ਦੀ ਚੁੰਝ ਨੁਕਸਾਨੀ ਗਈ ਹੈ। ਮੈਂ ਉਸ ਦੀ ਭੁੱਖ ਦੀ ਬੁਰਕੀ ਬਣਨ ਨੂੰ ਤਿਆਰ ਨਹੀਂ। ਉਸ ਦੀ ਚੁੰਝ ਤੋਂ ਬਚਣ ਲਈ ਮੈਂ ਉੱਡਣ ਲਈ ਜ਼ੋਰ ਮਾਰਿਆ। ਸਭ ਵਿਅਰਥ। ਮੇਰਾ ਸਾਰਾ ਜ਼ੋਰ ਤਾਂ ਭੁੱਖ ਚੂਸ ਚੁੱਕੀ ਹੈ। ਆਖਰ ਮੈਂ ਭੁੱਖ ਅੱਗੇ ਹਥਿਆਰ ਸੁੱਟ ਦਿੱਤੇ। ਮੇਰਾ ਸਿਰ ਟੁੱਟੇ ਟਾਹਣ ਵਾਂਗ ਜ਼ਮੀਨ 'ਤੇ ਲੁੜਕ ਗਿਆ। ਗਿਰਝ ਨੇ ਖੰਭ ਫੜ-ਫੜਾਏ ਤੇ

ਮੇਰੇ ਪਿੰਜਰ ਉੱਤੇ ਆ ਬੈਠੀ। ਮੈਂ ਉਸ ਵਾਸਤੇ ਭੋਜਨ ਬਣਿਆ। ਮੇਰੇ ਢਿੱਡ 'ਚੋਂ ਫਿਰ ਭੁੱਖ ਨੇ ਰੁੱਗ ਭਰਿਆ। ਮੈਂ ਜ਼ਮੀਨ 'ਤੇ ਹੱਥ ਫੇਰਿਆ। ਕਮਜ਼ੋਰ ਮੁੱਠੀ ਭਰ ਕੇ ਬੰਦ ਕੀਤੀ ਤੇ ਮੂੰਹ ਵੱਲ ਲੈ ਗਿਆ। ਆਪ-ਮੁਹਾਰੇ ਮੂੰਹ ਖੁੱਲ੍ਹ ਗਿਆ। ਜਿਵੇਂ ਹੀ ਬੰਦ ਮੁੱਠੀ ਨੂੰ ਮੂੰਹ ਦੇ ਅੰਦਰ ਖੋਲ੍ਹਿਆ, ਮੁੱਠੀ ਖ਼ਾਲੀ ਦੀ ਖ਼ਾਲੀ।

ਮੇਰੀਆਂ ਲੱਤਾਂ ਜੁੜ ਗਈਆਂ। ਸਿਰ ਢਹਿੰਦਾ-ਢਹਿੰਦਾ ਖੂਹ ਬਣੇ ਢਿੱਡ 'ਚ ਧਸ ਗਿਆ। ਕਲਿੱਕ ਦੀ ਆਵਾਜ਼ ਕਰਦੀ ਕੈਮਰੇ ਦੀ ਭੁੱਖ ਲਿਸ਼ਕੀ। ਮੇਰੀ ਚੀਕ ਨਿਕਲ ਗਈ ਤੇ ਮੈਂ ਉੱਭੜਵਾਹੇ ਉੱਠ ਬੈਠਾ।

ਤ੍ਰੇਲੀਓ-ਤ੍ਰੇਲੀ ਹੋਇਆ ਮੈਂ ਆਪਣੇ ਆਪ ਨੂੰ ਟੋਹਣ ਲੱਗਿਆ। ਮੇਰਾ ਕੋਈ ਕੁੱਬ ਨਹੀਂ ਨਿਕਲਿਆ ਹੋਇਆ। ਕੁਪੋਸ਼ਣ ਮਾਰਿਆ ਭੁੱਖ ਨਾਲ ਮਰ ਰਿਹਾ ਬਾਲ ਤੇ ਆਪਣੀ ਭੁੱਖ ਮਿਟਾਉਣ ਲਈ ਉਸ ਦੇ ਮਰਨ ਦੀ ਉਡੀਕ 'ਚ ਘਾਤ ਲਾ ਕੇ ਬੈਠੀ ਗਿਰਝ...। ਭੁੱਖਮਰੀ ਦੀ ਜੋ ਸੱਚੀ ਤਸਵੀਰ ਵੇਖ ਅੰਤਰਮਨ ਨਾਲ ਵਿਚਾਰਾਂ ਕਰਦਿਆਂ ਮੈਂ ਸੌਂ ਗਿਆ ਸੀ, ਉਹੀ ਭੁੱਖ ਮੇਰਾ ਅੰਦਰ ਕੋਹ ਨੀਂਦਰ 'ਤੇ ਪਹਿਰਾ ਲਾ ਬੈਠੀ ਸੀ।

ਇਸ ਭਿਆਨਕ ਮੰਜ਼ਰ ਦਾ ਦੁਹਰਾਅ ਮੇਰੇ ਜ਼ਿਹਨ ਨੂੰ ਅਜਿਹਾ ਚਿੰਬੜਿਆ ਕਿ ਮੈਂ ਪਰਸਥਿਤੀਆਂ ਖੰਗਾਲਣ ਲੱਗਿਆ...।

ਕੈਵਿਨ ਕਾਰਟਰ ਪੇਸ਼ੇਵਰ ਫ਼ੋਟੋਗ੍ਰਾਫਰ। ਕੈਮਰੇ ਨੂੰ ਭਖੀ ਸ਼ੋਹਰਤ ਦੀ ਭੁੱਖ ਕੈਵਿਨ ਦੀ ਸੋਚਣ ਸ਼ਕਤੀ ਦਾ ਵਸ਼ੀਕਰਣ ਕੀਤੀ ਚੰਗੀ ਤੋਂ ਚੰਗੀ ਭੁੱਖਮਰੀ ਦੀ ਤਸਵੀਰ ਤਲਾਸ਼ ਰਹੀ ਸੀ। ਜਿਵੇਂ ਹੀ ਕੈਮਰੇ ਦੀ ਅੱਖ ਭੁੱਖਮਰੀ ਦੀ ਸ਼ਿਕਾਰ ਹੋਈ ਆਪਣੀ ਝੌਂਪੜੀ ਵੱਲ ਰੇਂਗਦੀ ਜਾ ਰਹੀ ਇਥੋਪੀਅਨ ਬੱਚੀ 'ਤੇ ਪਈ, ਕੈਮਰਾ ਗਿਰਝ ਬਣ ਗਿਆ। ਕੈਮਰੇ ਨੇ ਸਭ ਤੋਂ ਕਮਾਲ ਦੀ ਤਸਵੀਰ ਖਿੱਚ ਕੇ ਆਪਣੀ ਭੁੱਖ ਤਾਂ ਸ਼ਾਂਤ ਕਰ ਲਈ ਪਰ ਕੈਵਿਨ ਦੀ ਸੋਚ ਸ਼ਕਤੀ ਹਲੂਣੀ ਗਈ। ਉਸ ਨੇ ਗਿਰਝ ਨੂੰ ਉਡਾ ਦਿੱਤਾ ਪਰ ਸ਼ਾਇਦ ਹੁਣ ਦੇਰ ਹੋ ਚੁੱਕੀ ਸੀ। ਉਹ ਨਹੀਂ ਸੀ ਜਾਣਦਾ ਕਿ ਤਤਕਾਲੀਨ ਸੱਤਾ ਦੇ ਮੂੰਹ 'ਤੇ ਚਪੇੜ ਮਾਰਦੀ ਉਸ ਵੱਲੋਂ ਖਿੱਚੀ ਗਈ ਤਸਵੀਰ ਹੀ ਉਸ ਲਈ ਜਾਨ ਦਾ ਖੌਅ ਬਣ ਜਾਵੇਗੀ। ਇਹ ਤਸਵੀਰ ਅਖ਼ਬਾਰ ਵਿੱਚ ਛਪੀ। ਮੌਤ ਨਾਲ ਘੋਲ ਕਰਦੀ ਭੁੱਖ 'ਤੇ ਲੋਕਾਂ ਨੂੰ ਤਰਸ ਆਇਆ। ਲੋਕਾਂ ਨੇ ਤਸਵੀਰ ਖਿੱਚਣ ਵਾਲੇ 'ਤੇ ਵਾਰ ਕੀਤਾ ਕਿ ਉਹ ਵੀਹ ਮਿੰਟ ਤੱਕ ਇੱਕ ਚੰਗੀ ਤਸਵੀਰ ਲੈਣ ਲਈ ਬੱਚੀ ਦੀ ਮੌਤ ਦਾ ਮੰਜ਼ਰ ਵੇਖਦਾ ਖੜ੍ਹਾ ਰਿਹਾ। ਕੀ ਉਸ ਲਈ ਇਨਸਾਨ ਦੀ ਜਾਨ ਬਚਾਉਣ ਨਾਲੋਂ ਮੌਤ ਨੂੰ ਕੈਮਰੇ 'ਚ ਕੈਦ ਕਰਨਾ ਵਧੇਰੇ ਜ਼ਰੂਰੀ ਸੀ ? ਇਹ ਸਵਾਲ ਉਸ ਦੀ ਅੰਤਰ-ਆਤਮਾ ਨੂੰ ਕੋਹਣ ਲੱਗਿਆ। ਵਰ੍ਹੇ ਦਾ ਸਭ ਤੋਂ ਵੱਡਾ ਫੋਟੋਗ੍ਰਾਫ਼ੀ ਦਾ ਇਨਾਮ ਉਸ ਵੱਲੋਂ ਖਿੱਚੀ ਮੌਤ ਦੀ ਤਸਵੀਰ ਨੂੰ ਮਿਲ ਗਿਆ। ਜਾਗਦੀ ਜ਼ਮੀਰ ਵਾਲਾ ਉਹ ਫੋਟੋਗ੍ਰਾਫ਼ਰ ਅੰਤਰ ਆਤਮਾ ਦਾ ਬੋਝ ਨਾ ਝੱਲਦਾ ਆਖ਼ਰ ਆਤਮ-ਹੱਤਿਆ ਕਰ ਲੈਂਦਾ ਹੈ।

ਮੈਂ ਖ਼ੁਦ ਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਂਦਾ ਭੁੱਖ ਨਾਲ ਮਰ ਰਹੀ ਉਸ ਬਾਲੜੀ ਦਾ ਪੋਜ਼ ਬਣਾ ਕੇ ਭੁੱਖ ਦਾ ਸਾਹਮਣਾ ਕਰਨ ਲੱਗਿਆ।

ਜੇ ਮੈਂ ਉਹ ਬਾਲ ਹੁੰਦਾ...! ਮੇਰੀ ਮੌਤ ਤੋਂ ਪਹਿਲਾਂ ਦੀ ਜ਼ਿੰਦਗੀ ਪ੍ਰਤੀ ਭੁੱਖ ਕਿਵੇਂ ਸਾਹ ਲੈਂਦੀ ਤੇ ਆਖ਼ਰੀ ਸਾਹ ਤੋਂ ਬਾਦ ਮੇਰੇ ਮਰਦੇ ਹੀ ਗਿਰਝ ਦੀ ਭੁੱਖ ਮੈਨੂੰ ਕਿਵੇਂ ਆਪਣਾ ਬੁਰਕ ਬਣਾਵੇਗੀ ? ਗਿਰਝ ਦੀ ਸੰਤੁਸ਼ਟੀ ਤੇ ਬਾਲ ਦੀ ਪੀੜਾ ਦਾ ਅਹਿਸਾਸ ਮੈਨੂੰ ਕੈਵਿਨ ਦੀ ਭੁੱਖ ਤੱਕ ਲੈ ਪਹੁੰਚਿਆ। ਪ੍ਰੋਫ਼ੈਸ਼ਨ ਵਿੱਚ ਪ੍ਰਫ਼ੈਕਸ਼ਨ ਦੀ ਭੁੱਖ ਨੇ ਕੈਵਿਨ ਦੀ ਪੇਸ਼ੇਵਰ ਫ਼ੋਟੋਗ੍ਰਾਫ਼ੀ ਦੀ



ਮੁਹਾਰਤ ਨੂੰ ਪਰਖ-ਨਲੀ 'ਚੋਂ ਲੰਘਾਉਣ ਲਈ ਵੀਹ ਮਿੰਟ ਲੈ ਲਏ। ਫੋਟੋਗ੍ਰਾਫ਼ਰ ਨਾ ਰਾਜਨੀਤਕ ਸੱਤਾ ਸੀ, ਨਾ ਸਮਾਜਿਕ ਸੰਸਥਾ, ਉਹ ਪੇਸ਼ੇਵਰ ਸੀ। ਪੇਸ਼ੇ ਦੀ ਮੁਹਾਰਤ ਸਿੱਧ ਕਰਨਾ ਉਸ ਦਾ ਧਰਮ ਸੀ। ਭੁੱਖ ਨਾਲ ਨਿਕਲਦੀ ਜਾਨ ਦੀ ਤਸਵੀਰ ਉਸ ਦੇ ਕੰਮ ਦੀ ਮੁਹਾਰਤ 'ਤੇ ਮੋਹਰ ਹੋਣ ਵਾਲੀ ਸੀ। ਉਸ ਨੇ ਭੁੱਖਮਰੀ ਨੂੰ ਕੈਮਰੇ 'ਚ ਕੈਦ ਕੀਤਾ ਤੇ ਗਿਰਝ ਨੂੰ ਉਡਾ ਕੇ ਢਿੱਡ ਨੂੰ ਭੁੱਖ ਨਾਲ ਲੜਨ ਲਈ ਛੱਡ ਦਿੱਤਾ। ਜੀਵਨ-ਮੌਤ ਉਸ ਦੇ ਹੱਥ 'ਚ ਨਹੀਂ ਸੀ। ਪੇਸ਼ੇਵਰ ਕੈਵਿਨ ਸੱਤਾ ਨਹੀਂ ਸੀ ਪਰ ਸਮਾਜਿਕ ਪ੍ਰਾਣੀ ਹੋਣ ਕਾਰਨ ਉਸ ਅੰਦਰ ਇਨਸਾਨੀਅਤ ਸੀ ਤੇ ਇਹੀ ਇਨਸਾਨੀਅਤ ਦਾ ਅਹਿਸਾਸ ਉਸ ਨੂੰ ਅੰਦਰੋ-ਅੰਦਰ ਖੋਰਾ ਲਾਉਣ ਲੱਗਿਆ। ਖੁਰਦਾ-ਖੁਰਦਾ ਅਜਿਹਾ ਖੁਰਿਆ ਕਿ ਕੈਵਿਨ ਨੇ ਹੱਥੀਂ ਮੌਤ ਨੂੰ ਗਲੇ ਲਗਾ ਕੇ ਮਾਨਸਿਕ ਪੀੜਾ ਤੋਂ ਛੁਟਕਾਰਾ ਪਾਇਆ।

ਉਹ ਨਾ ਤਾਂ ਮੇਰੀ ਭੁੱਖ ਦਾ ਕਾਰਨ ਸੀ ਨਾ ਮੌਤ ਦਾ। ਫਿਰ ਵੀ ਉਸ ਤੋਂ ਮੇਰੀ ਭੁੱਖ ਦਾ ਦਰਦ ਝੱਲਿਆ ਨਾ ਗਿਆ ਪਰ ਜਿਨ੍ਹਾਂ ਮੈਨੂੰ ਤੇ ਮੇਰੇ ਜਿਹੇ ਅਨੇਕਾਂ ਹੋਰਾਂ ਨੂੰ ਭੁੱਖਮਰੀ ਦੀ ਹਾਲਤ ਵਿੱਚ ਪਹੁੰਚਾਇਆ ਉਨ੍ਹਾਂ ਦੀ ਜ਼ਮੀਰ ਕਿਉਂ ਨਾ ਜਾਗੀ ? ਉਨ੍ਹਾਂ ਆਪਣੇ ਲਈ ਮੌਤ ਦਾ ਰਾਹ ਕਿਉਂ ਨਾ ਚੁਣਿਆ ? ਉਹ ਕਿਵੇਂ ਮੇਰੀ ਭੁੱਖ 'ਚੋਂ ਆਪਣਾ ਢਿੱਡ ਭਰ ਕੇ ਅੱਯਾਸ਼ੀ ਦੀ ਜ਼ਿੰਦਗੀ ਜੀਉਂਦੇ ਰਹੇ ?

ਭੁੱਖਮਰੀ ਦਾ ਸ਼ਿਕਾਰ ਹੋਈ ਉਸ ਬੱਚੀ ਦਾ ਦਰਦ ਆਪਣੇ ਢਿੱਡ 'ਚ ਮਹਿਸੂਸ ਕਰਦਾ ਮੈਂ ਭੁੱਖਮਰੀ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਤਸਵੀਰਾਂ ਵੇਖਣ ਲੱਗਿਆ। ਨੰਗ-ਧੜੰਗੇ ਲੋਕ। ਮਾਂਵਾਂ ਦੀਆਂ ਟੁੱਟੇ ਛਿੱਤਰ ਵਾਂਗ ਲਮਕਦੀਆਂ ਸੁੱਕੀਆਂ ਛਾਤੀਆਂ 'ਚੋਂ ਦੁੱਧ ਚੁੰਘਦੇ ਲੀਰ ਵਰਗੇ ਬਾਲ। ਸੁੱਕੇ ਪਿੰਜਰਾਂ ਦੇ ਗੁਬਾਰੇ ਵਾਂਗ ਫੁੱਲੇ ਢਿੱਡ ਕੁਰਲਾਉਣ ਲੱਗੇ, 'ਭੁੱਖ ਸਰਾਪ ਹੈ।'

...ਤੇ ਇਹ ਸਰਾਪਿਆ ਜੀਵਨ ਮੈਨੂੰ ਮਨਜ਼ੂਰ ਨਹੀਂ।

ਬਿਲਗੇਟਸ ਮੇਰੇ ਸਿਰ 'ਤੇ ਸਵਾਰ ਹੋ ਗਿਆ, 'ਤੁਸੀਂ ਗਰੀਬ ਪੈਦਾ ਹੁੰਦੇ ਹੋ ਤਾਂ ਤੁਹਾਡਾ ਦੋਸ਼ ਨਹੀਂ ਪਰ ਜੇ ਤੁਸੀਂ ਮਰਦੇ ਵੀ ਗਰੀਬ ਹੋ ਤਾਂ ਇਹ ਕੇਵਲ ਤੁਹਾਡਾ ਖ਼ੁਦ ਦਾ ਦੋਸ਼ ਹੈ।'

ਭੁੱਖ ਨੇ ਵੰਗਾਰਿਆ, 'ਪੈਸੇ ਬਗੈਰ ਬੰਦਿਆ ਤੇਰੀ ਕੋਈ ਵੁੱਕਤ ਨਹੀਂ। ਮਰ ਕੇ ਪੈਸਾ ਨਾਲ ਨਹੀਂ ਜਾਣਾ ਪਰ ਪੈਸੇ ਬਗੈਰ ਜੀਉਣਾ ਸੌਖਾ ਨਹੀਂ, ਬਲਕਿ ਜੀਉਂਦੇ ਜੀਅ ਮੌਤ ਨਾਲ ਘੋਲ ਘੁਲਣਾ ਹੈ। ਨਹੀਂ, ਘੱਟੋ ਘੱਟ ਮੈਂ ਭੁੱਖ ਨਾਲ ਤਾਂ ਨਹੀਂ ਮਰਾਂਗਾ।'

ਭੁੱਖਮਰੀ ਦੇ ਸੁਪਨੇ ਤੋਂ ਬਚਣ ਲਈ ਮੈਂ ਮੂੰਹ ਸਿਰ ਲਪੇਟਿਆ ਤੇ ਸੌਣ ਦੇ ਯਤਨ ਕਰਨ ਲੱਗਿਆ।

ਸੁੱਤਾ ਹਾਂ ਜਾਂ ਜਾਗਦਾ ਕਿ ਸੋਚਾਂ ਦੀ ਚਰਖੜੀ ਚੜ੍ਹਿਆ ਹਾਂ, ਸਮਝ ਨਹੀਂ ਆ ਰਹੀ। ਜਿਸ ਗਿਰਝ ਤੋਂ ਪਿੱਛਾ ਛੁਡਾਉਣ ਦਾ ਸੰਕਲਪ ਮਨ 'ਚ ਲੈ ਸੌਣ ਲਈ ਲੇਟਿਆ ਸੀ, ਉਹ ਤਾਂ ਫਿਰ ਮੇਰੇ ਸਿਰਹਾਣੇ ਆ ਬੈਠੀ ਹੈ। ਮੈਨੂੰ ਖਾਣ ਲਈ ਮੇਰੇ ਮਰਨ ਦਾ ਇੰਤਜ਼ਾਰ ਕਰਦੀ। ਡੂੰਘਾ ਸਾਹ ਲੈਂਦਿਆਂ ਮੈਂ ਮਨ 'ਚ ਸੰਕਲਪ ਦੁਹਰਾਇਆ ਮੈਨੂੰ ਕਿਸੇ ਦੀ ਭੁੱਖ ਵਾਸਤੇ ਮੌਤ ਮਨਜ਼ੂਰ ਨਹੀਂ। ਇੱਥੇ ਸਭ ਨੂੰ ਆਪੋ-ਆਪਣੀ ਭੁੱਖ ਦੀ ਭੁੱਖ ਪਈ ਹੈ, ਕਿਸੇ ਨੂੰ ਕਿਸੇ ਦੀ ਭੁੱਖ ਦੀ ਪਰਵਾਹ ਨਹੀਂ ਤਾਂ ਮੈਂ ਕਿਉਂ ਕਿਸੇ ਦਾ ਬੁਰਕ ਬਣਾਂ ?

ਪਤਾ ਨਹੀਂ ਮੇਰੇ ਸੁੱਕੇ ਪਿੰਜਰ ਵਿੱਚ ਕਿੱਥੋਂ ਅੰਤਾਂ ਦਾ ਜ਼ੋਰ ਆ ਗਿਆ। ਮੈਂ ਸਪਰਿੰਗ ਵਾਂਗ ਉੱਛਲ ਕੇ ਗਿਰਝ ਦੇ ਖੰਭਾਂ 'ਤੇ ਸਵਾਰ ਹੋ ਗਿਆ। ਆਪਣਾ ਸ਼ਿਕਾਰ ਹੱਥੋਂ ਨਿਕਲ ਜਾਣ 'ਤੇ ਗਿਰਝ ਨੇ ਖੰਭ ਫੈਲਾਏ ਤੇ ਉਡਾਰੀ ਭਰ ਲਈ। ਕੁਝ ਪਲਾਂ ਵਿੱਚ ਮੈਂ ਅਕਾਸ਼ ਵਿੱਚ ਉੱਚਾ, ਹੋਰ

ਉੱਚਾ ਉੱਡਣ ਲੱਗਿਆ ਹਾਂ। ਸ਼ਾਇਦ ਗਿਰਝ ਦੀ ਨਜ਼ਰ ਆਪਣੇ ਭੁੱਖ ਦੇ ਪ੍ਰਬੰਧ 'ਤੇ ਜਾ ਪਈ ਹੈ। ਉਸ ਨੇ ਧਰਤੀ ਵੱਲ ਉਤਰਨਾ ਸ਼ੁਰੂ ਕਰ ਦਿੱਤਾ ਹੈ। ਇੱਕ ਵਾਰ ਅਕਾਸ਼ ਵਿੱਚ ਉੱਡਣ ਲੱਗਿਆ ਮੈਂ ਧਰਤੀ 'ਤੇ ਪੈਰ ਰੱਖਣ ਨੂੰ ਤਿਆਰ ਨਹੀਂ। ਮੈਂ ਗਿਰਝ ਦੇ ਖੰਭਾਂ ਤੋਂ ਉਤਰ ਆਪਣੀਆਂ ਬਾਹਾਂ ਨੂੰ ਖੰਭ ਬਣਾ ਆਪਣੀ ਮਰਜ਼ੀ ਦੇ ਅਕਾਸ਼ ਗਾਹੁਣ ਲਈ ਆਜ਼ਾਦ ਹੋ ਗਿਆ ਹਾਂ। ਉੱਡ ਰਿਹਾਂ ਤੇ ਉੱਡਦਾ ਹੀ ਜਾ ਰਿਹਾਂ। ਸਾਰੀਆਂ ਧਰਤੀਆਂ ਮੈਨੂੰ ਆਪਣੇ ਪੈਰਾਂ ਹੇਠ ਤੇ ਸਾਰੇ ਅਕਾਸ਼ ਬਾਹਾਂ ਦੇ ਫੈਲੇ ਖੰਭਾਂ ਵਿੱਚ ਸਿਮਟੇ ਪ੍ਰਤੀਤ ਹੋਣ ਲੱਗੇ ਹਨ। ਮੈਂ ਭੁੱਖ 'ਤੇ ਕਾਬੂ ਪਾ ਲਿਆ ਹੈ, ਪਰ ਭੁੱਖ ਮੈਨੂੰ ਇੱਕ ਪਲ ਟਿਕਣ ਨਹੀਂ ਦੇ ਰਹੀ। ਭੁੱਖ ਮੌਤ ਹੈ ਤਾਂ ਭੁੱਖ ਹੀ ਹੈ ਜੋ ਬੰਦੇ ਅੰਦਰ ਮਰਦੇ ਦਮ ਤੱਕ ਅੱਗੇ ਵਧਣ ਦੀ ਤਾਂਘ ਪੈਦਾ ਕਰਦੀ ਹੈ।

ਭਾਂਡੇ ਮਾਂਜ-ਮਾਂਜ ਕੁੱਬਾ ਹੋਇਆ ਬੁੱਢਾ ਮੈਨੂੰ ਦ੍ਰਿੜ ਸੰਕਲਪ ਕਰਨ ਲੱਗਿਆ ਹੈ। ਭੁੱਖ ਅਜਿਹੀ ਸ਼ੈਅ ਹੈ ਜੋ ਬੰਦੇ ਨੂੰ ਬੁਢਾਪੇ ਤੋਂ ਪਹਿਲਾਂ ਬੁੱਢਾ ਕਰ ਦਿੰਦੀ ਹੈ ਤੇ ਭੁੱਖ ਹੀ ਹੈ ਜੋ ਬੰਦੇ ਨੂੰ ਮਰਦੇ ਦਮ ਤੱਕ ਬੁਢਾਪੇ ਦਾ ਅਹਿਸਾਸ ਨਹੀਂ ਹੋਣ ਦਿੰਦੀ।

ਮੈਂ ਬੁੱਢੇ ਨੂੰ ਗੌਰ ਨਾਲ ਵੇਖਣ ਲੱਗਿਆ। ਪਤਾ ਨਹੀਂ ਇਹ ਬੁੱਢਾ ਹੈ ਵੀ ਜਾਂ ਭੁੱਖ ਦੇ ਝੁਲਸਾਅ ਨੇ ਇਹਨੂੰ ਉਮਰ ਨਾਲੋਂ ਪਹਿਲਾਂ ਹੀ ਬੁੱਢਾ ਕਰ ਦਿੱਤਾ ਹੈ? ਦਿਲ 'ਚ ਆਇਆ ਇੱਕੋ ਅਵਸਥਾ ਵਿੱਚ ਚਾਬੀ ਦੇ ਕੇ ਛੱਡੇ ਖਿਡੌਣੇ ਵਾਂਗ ਰਗੜ-ਰਗੜ ਕੇ ਪਤੀਲਾ ਚਮਕਾਉਂਦੇ ਨੂੰ ਹੱਥ ਲਾ ਕੇ ਵੇਖਾਂ, ਅਸਲੀ ਹੈ ਜਾਂ ਨਕਲੀ। ਜਾਂ ਫਿਰ ਕੋਈ ਰੋਬੋਟ ਤਾਂ ਨਹੀਂ? ਜਦੋਂ ਤੋਂ ਹੋਸ਼ ਸੰਭਾਲੀ ਹੈ, ਇਸ ਨੂੰ ਭਾਂਡਿਆਂ 'ਤੇ ਸਵਾਹ ਮਲ ਕੇ ਹੱਥ ਘਸਾਉਂਦਾ ਵੇਖਿਆ ਹੈ। ਇੰਨੇ ਭਾਂਡੇ ਮਾਂਜਦਿਆਂ ਇਹਦੇ ਹੱਥਾਂ ਦੀਆਂ ਲਕੀਰਾਂ ਤਾਂ ਕੀ, ਹੱਥ ਵੀ ਘਸ ਜਾਣੇ ਚਾਹੀਦੇ ਸਨ। ਜੇ ਹੱਥਾਂ ਦੀਆਂ ਲਕੀਰਾਂ 'ਚ ਤਕਦੀਰਾਂ ਲੁਕੀਆਂ ਹੁੰਦੀਆਂ ਤਾਂ ਇਹਦੀ ਕਿਸਮਤ ਇਨ੍ਹਾਂ ਭਾਂਡਿਆਂ ਵਾਂਗ ਕਿਉਂ ਨਾ ਚਮਕੀ? ਮੈਨੂੰ ਉਸ ਦੇ ਹੱਥਾਂ ਦੀਆਂ ਲਕੀਰਾਂ ਘਸਦੀਆਂ-ਘਸਦੀਆਂ ਕਈ ਆਕਾਰ ਲੈਂਦੀਆਂ ਜਾਪਣ ਲੱਗੀਆਂ ਪਰ ਉਹ ਉਵੇਂ ਦਾ ਉਵੇਂ। ਮੇਰਾ ਧਿਆਨ ਉਸ ਦੀ ਮਟਮੈਲੀ ਕਮੀਜ਼ ਤੋਂ ਹੁੰਦਾ ਉਸ ਦੇ ਢਾਂਚੇ ਵਰਗੇ ਸਰੀਰ ਨੂੰ ਘੂਰਨ ਲੱਗਿਆ। ਮੈਨੂੰ ਉਹ ਸਾਰੇ ਦਾ ਸਾਰਾ ਧੁਆਂਖੇ ਪਤੀਲੇ ਦਾ ਥੱਲਾ ਪ੍ਰਤੀਤ ਹੋਣ ਲੱਗਿਆ। ਮੈਨੂੰ ਇਸ ਦੀ ਹਾਲਤ 'ਤੇ ਤਰਸ ਆਇਆ ਤੇ ਉਹ ਮੇਰੇ ਮਨ-ਮਸਤਕ 'ਚ ਭੁੱਖ ਦੀ ਤਸਵੀਰ ਬਣ ਕੇ ਉੱਕਰ ਗਿਆ। ਮੈਂ ਤਸਵੀਰ ਸਿਆਨਣ ਦੀ ਕੋਸ਼ਿਸ਼ ਕਰਨ ਲੱਗਿਆ। ਮੇਰੀ ਭੁੱਬ ਨਿਕਲ ਗਈ। ਇਹ ਬੁੱਢਾ ਕੋਈ ਹੋਰ ਨਹੀਂ ਮੇਰਾ ਬਾਪ ਸੀ, ਜੋ ਮੇਰੀ ਭੁੱਖ ਦਾ ਪ੍ਰਬੰਧ ਕਰਦਾ-ਕਰਦਾ ਪਤੀਲੇ ਦਾ ਥੱਲਾ ਹੋ ਗਿਆ ਸੀ।

ਭੁੱਖ ਦੀਆਂ ਤਸਵੀਰਾਂ 'ਤੇ ਤਰਸ ਖਾਧਾ ਜਾਂਦਾ ਹੈ, ਭੁੱਖ 'ਤੇ ਕੋਈ ਤਰਸ ਨਹੀਂ ਖਾਂਦਾ। ਸਭ ਤੋਂ ਮਾਰਮਿਕ ਭੁੱਖ ਦੀ ਤਸਵੀਰ ਇਨਾਮੀ ਰਾਸ਼ੀ ਹਾਸਲ ਕਰਦੀ ਹੈ ਤੇ ਪੈਸੇ ਦੀ ਭੁੱਖ ਸਾਰੇ ਕੈਮਰਿਆਂ ਦੀ ਫ਼ਲੈਸ਼ ਖ਼ਰੀਦ ਲੈਂਦੀ ਹੈ।

ਭੁੱਖ ਤੇ ਪੈਸਾ...। ਮੇਰੀ ਸੋਚ ਇਨ੍ਹਾਂ ਦੋ ਸ਼ਬਦਾਂ ਤੋਂ ਅੱਗੇ ਸੋਚਣ ਤੋਂ ਇਨਕਾਰੀ ਹੋ ਗਈ ਹੈ। ਮੈਂ ਜਿੱਥੇ ਬੈਠਦਾ ਹਾਂ ਘੰਟਿਆਂ-ਬੱਧੀ ਇਨ੍ਹਾਂ ਬਾਰੇ ਸੋਚੀ ਜਾਂਦਾ ਹਾਂ। ਇੱਕ ਟੱਕ ਜ਼ਮੀਨ ਨੂੰ ਘੂਰਨ ਲੱਗਦਾ ਹਾਂ ਤਾਂ ਅੱਖਾਂ ਝਪਕਣਾ ਭੁੱਲ ਜਾਂਦਾ ਹਾਂ। ਮੇਰੇ ਕੰਨਾਂ 'ਚ ਆਵਾਜ਼ ਗੂੰਜਦੀ, 'ਗਰੀਬ ਜੰਮਣਾ ਗੁਨਾਹ ਨਹੀਂ ਪਰ ਜੇ ਤੁਸੀਂ ਮਰਦੇ ਵੀ ਗਰੀਬ ਹੋ ਤਾਂ ਦੋਸ਼ ਸਿਰਫ਼ ਤੁਹਾਡਾ ਹੈ।' ਮੈਂ ਗਰੀਬੀ ਤੇ ਭੁੱਖ ਨੂੰ ਇੱਕੋ ਪੱਲੜੇ ਤੋਲਣ ਲੱਗਦਾ ਹਾਂ। ਮਾਂ ਦੀ ਕੁੱਖ 'ਚੋਂ ਨਿਕਲ ਮੈਂ ਅੰਗੂਠਾ ਚੂਸਣ ਲੱਗਦਾ ਹਾਂ। ਅੰਗੂਠਾ ਢਿੱਡ ਨਹੀਂ ਭਰਦਾ। ਮੈਂ ਆਪਣਾ ਅੰਗੂਠਾ ਵੱਢ ਖਾਂਦਾ ਹਾਂ। ਵੱਡਾ ਹੋਣ ਲੱਗਦਾ ਹਾਂ।



ਭੁੱਖ ਸਵਾਦ ਭਾਲਣ ਲੱਗਦੀ ਹੈ। ਮੇਰੇ ਸੁਪਨਿਆਂ ਵਿੱਚ ਉਹ ਭੋਜਨ ਥਾਲਾਂ ਵਿੱਚ ਪਰੋਸੇ ਦਿਖਣ ਲੱਗਦੇ ਹਨ, ਜੋ ਮੈਂ ਜਾਗਦੇ ਹੋਏ ਚੱਖ ਨਹੀਂ ਸਕਦਾ। ਫਿਰ ਉਹ ਸਾਰੇ ਭੋਜਨਾਂ ਦੇ ਭੰਡਾਰ ਜਮ੍ਹਾ ਕਰਨ ਲਈ ਦਿਨ ਰਾਤ ਜਾਗਣ ਲੱਗਦਾ ਹਾਂ।

ਭੁੱਖ ਨੇ ਮੇਰੇ ਸੁਪਨਿਆਂ ਨੂੰ ਖੰਭ ਲਾ ਦਿੱਤੇ ਹਨ। ਮੇਰੇ ਹੱਡਾਂ ਵਿੱਚ ਅੰਤਾਂ ਦਾ ਜ਼ੋਰ ਭਰ ਦਿੱਤਾ ਹੈ ਇਸ ਭੁੱਖ ਨੇ। ਦੁਨੀਆਂ ਦਾ ਹਰ ਐਸ਼ੋ-ਆਰਾਮ ਹਾਸਲ ਕਰ ਲੈਣਾ ਹੀ ਜੀਵਨ ਦੀ ਦੌੜ ਹੈ ਤੇ ਮੈਂ ਇਸ ਦੌੜ ਨੂੰ ਜਿੱਤਣ ਲਈ ਖੁੱਲ੍ਹੇ ਅਕਾਸ਼ਾਂ ਵਿੱਚ ਉੱਡਦਾ ਧਰਤੀਆਂ ਖੰਭਾਂ ਹੇਠ ਕਰਨ ਲੱਗਿਆ ਹਾਂ। ਰੇਗਮਾਰ ਬਣੇ ਬਾਪ ਦੇ ਹੱਥ ਮੇਰੇ ਹੱਥਾਂ 'ਚ ਕਚੀਚੀਆਂ ਲੈਂਦੇ ਘਸੁੰਨ ਬਣਨ ਲੱਗੇ। ਕਿਸੇ ਨੂੰ ਕਿਸੇ ਦੀ ਭੁੱਖ ਦੀ ਪਰਵਾਹ ਨਹੀਂ। ਸ਼ੋਹਰਤ ਦਾ ਭੁੱਖਾ ਕੈਮਰਾ ਅੱਤ ਦੀ ਭੁੱਖ ਨੂੰ ਆਪਣੀ ਅੱਖ 'ਚ ਉਤਾਰਦਾ ਹੈ ਤਦ ਹੀ ਉਹ ਸ਼ੋਹਰਤ ਦੀ ਭੁੱਖ ਨੂੰ ਪੱਠੇ ਪਾ ਸਕਦਾ ਹੈ। ਮੈਂ ਭੁੱਖ ਬਣ ਕੇ ਭੁੱਖ ਦੇ ਮਗਰ ਪੈ ਗਿਆ।

ਦੁਨੀਆਂ ਦਾ ਹਰ ਐਸ਼ੋ-ਆਰਾਮ ਹਾਸਲ ਕਰ ਲੈਣ ਦੀ ਭੁੱਖ ਮੇਰੇ ਸਿਰ 'ਤੇ ਸਵਾਰ ਹੋ ਗਈ ਹੈ। ਇੱਕ ਭੁੱਖ ਤੋਂ ਅਗਲੀ, ਅਗਲੀ ਤੋਂ ਅੱਗੇ ਹੀ ਅੱਗੇ ਵੱਧਦੀ ਭੁੱਖ ਨੂੰ ਸ਼ਾਂਤ ਕਰਨ ਲਈ ਮੇਰੀ ਭੁੱਖ ਦੀ ਅੱਗ ਹੋਰ ਤੇ ਹੋਰ ਭੜਕ ਪਈ ਹੈ। ਧੰਨ-ਦੌਲਤ ਦੀਆਂ ਪੰਡਾਂ ਬੰਨ੍ਹਦਿਆਂ ਮੈਂ ਖੁਦ ਨੂੰ ਕਿਸੇ ਥਾਂ ਰੱਖ ਭੁੱਲਣ ਲੱਗਿਆ ਹਾਂ। ਹੋਰ ਇਕੱਠੀਆਂ ਕਰਨ ਦੀ ਭੁੱਖ ਹੋਰ ਤਿੱਖੀ ਹੋ ਗਈ ਤੇ ਮੈਂ ਆਪੇ ਨੂੰ ਭੁੱਲ ਕੇ ਕੇਵਲ ਭੁੱਖ ਹੋ ਗਿਆ ਹਾਂ। ਮੈਂ ਕਿਸੇ ਨੂੰ ਸੁਣਨ, ਕਿਸੇ ਨੂੰ ਵੇਖਣ ਨੂੰ ਤਿਆਰ ਨਹੀਂ।

****

"ਸੁਣੋ...।" ਮੈਂ ਅਵੇਸਲਾ ਹੋ ਗਿਆ। ਆਵਾਜ਼ ਫਿਰ ਆਈ।

"ਦੇਖੋ ਤਾਂ...।" ਮੈਂ ਗਰਦਨ ਘੁਮਾਈ।

"ਮੈਨੂੰ ਨਹੀਂ ਖੁਦ ਨੂੰ।" ਬੋਲਦਾ ਉਹ ਮੇਰੇ ਸਿਰਹਾਣੇ ਆ ਖਲੋਤਾ।

ਮੈਂ ਖੁਦ ਵਾਲ ਝਾਤੀ ਮਾਰੀ, 'ਮੈਂ ਹਾਂ...ਪਰ ਮੈਂ, ਮੈਂ ਨਹੀਂ।'

ਅਲਾਣੀ ਮੰਜੀ ਵਿੱਚ ਗੁੱਛਾ ਬਣਿਆ। ਅੱਤ ਦਾ ਬੁੱਢਾ। ਚਿੱਟੇ ਵਾਲ। ਝੁਰੜੀਆਂ ਭਰਿਆ ਕਮਜ਼ੋਰ ਸਰੀਰ। ਅੱਖਾਂ ਦੀਆਂ ਪੁਤਲੀਆਂ ਖੋਲ੍ਹਣ ਲਈ ਵੀ ਜ਼ੋਰ ਇਕੱਠਾ ਕਰਨਾ ਪੈ ਰਿਹੈ।

ਤੇ ਇਹ ਬਾਲ...! ਕੌਣ ਹੈ ਇਹ ਅਜਨਬੀ ਬਾਲ? ਮੇਰੇ ਸਿਰਹਾਣੇ ਕਾਹਤੋਂ ਆਣ ਖਲੋਤੈ? ਮੈਂ ਨਹੀਂ ਜਾਣਦਾ ਇਹਨੂੰ। ਇਹ ਤਾਂ ਵੇਖਣ ਨੂੰ ਵੀ ਕਿਸੇ ਹੋਰ ਲੋਕ ਦਾ ਵਾਸੀ। ਗੋਰਾ ਨਿਛੋਹ। ਸੁਨਹਿਰੇ ਵਾਲ। ਹਰੀਆਂ ਅੱਖਾਂ। ਮੱਥੇ 'ਤੇ ਚਮਕੀਲੀ ਪੱਟੀ ਬੰਨ੍ਹੀ। ਕੱਪੜੇ ਪਛਾਣ ਤੋਂ ਪਰ੍ਹੇ। ਚਿਹਰੇ 'ਤੇ ਅਵੱਲੀ ਭਾਹ। ਮੰਦ-ਮੰਦ ਮੁਸਕਰਾਉਂਦਾ ਇੱਕ-ਟਕ ਮੇਰੇ ਵੱਲ ਵੇਖ ਰਿਹਾ। ਹੱਸਿਆ ਤੇ ਮੇਰੀ ਸਿਰਹਾਂਦੀ ਬੈਠ ਬੋਲਣ ਲੱਗਿਆ,

"ਜੋ ਦਿਖਦਾ ਹੈ, ਉਹ ਹੈ ਨਹੀਂ। ਜੋ ਹੈ, ਉਹ ਅਸੀਂ ਦੇਖਣਾ ਚਾਹੁੰਦੇ ਨਹੀਂ। ਜੋ ਤੂੰ ਦੇਖ ਰਿਹੈਂ ਉਹ ਕੁਝ ਵੀ ਨਹੀਂ। ਨਾ ਤੂੰ ਤੂੰ ਹੈਂ, ਨਾ ਮੈਂ ਜੋ ਦਿਖ ਰਿਹਾਂ ਮੈਂ ਹਾਂ। ਉਧਰ ਦੇਖੋ।"

ਉਸ ਦੇ ਹੱਥ ਦੀ ਸੇਧ 'ਚ ਵੇਖਣ ਲੱਗਿਆ ਹਾਂ। ਇੱਕ ਮਰੀਅਲ ਜਿਹਾ ਬੰਦਾ। ਹਵਾ 'ਚ ਬੈਠਾ ਹੱਥ 'ਚ ਰੋਗਨ ਦੀ ਕੂਚੀ ਫੜੀ ਕੰਧ ਪੇਂਟ ਕਰ ਰਿਹਾ ਹੈ। ਲਗਾਤਾਰ ਕੰਧ 'ਤੇ ਰੰਗਾਂ ਦੀ ਕੂਚੀ ਫਿਰ ਰਹੀ ਹੈ ਪਰ ਕੰਧ ਬੇਰੰਗ। ਮੈਨੂੰ ਹੈਰਾਨ ਵੇਖ ਉਹ ਬਾਲ ਫਿਰ ਹੱਸਿਆ।

"ਇਹ ਵੀ ਉਹ ਨਹੀਂ ਜੋ ਦਿਖ ਰਿਹੈ। ਸਾਲਾਂ ਤੋਂ ਇਹ ਰੰਗ ਕਰ ਰਿਹਾ ਹੈ, ਪਰ...।"

ਉਹ ਇੱਕਦਮ ਚੁੱਪ ਹੋ ਗਿਆ। ਮੈਨੂੰ ਉਸ ਰੰਗਰੇਜ਼ ਵਿੱਚ ਬਾਪ ਦੀ ਸੂਰਤ ਦਿਖਣ ਲੱਗੀ ਹੈ।

"ਪਰ...ਪਰ।" ਮੈਂ ਉਤਸੁਕਤਾ ਨਾਲ ਪੁੱਛਿਆ। ਉਹ ਚੁੱਪ ਮੇਰੇ ਚਿਹਰੇ ਵੱਲ ਤੱਕਣ ਲੱਗਿਆ।

"ਜਾਣਦਾ ਹੈਂ ਮੈਂ ਕੌਣ ਹਾਂ ?"

ਮੈਂ ਸਿਆਣਨ ਲਈ ਨਜ਼ਰਾਂ ਉਸ ਦੇ ਚਿਹਰੇ 'ਤੇ ਟਿਕਾ ਦਿੱਤੀਆਂ। ਉਹ ਹੱਸਿਆ ਤੇ ਆਪਣੀ ਪਛਾਣ ਕਰਵਾਉਣ ਲੱਗਿਆ।

"ਜਾਣਦਾ ਤਾਂ ਹੈਂ ਪਰ ਪਛਾਣਦਾ ਨਹੀਂ। ਪਛਾਣੇਂਗਾ ਵੀ ਕਿਵੇਂ ? ਜਦੋਂ ਤੂੰ ਮੈਨੂੰ ਮੇਰੇ ਇਸ ਰੂਪ ਵਿੱਚ ਦੇਖਿਆ ਹੀ ਨਹੀਂ। ਚਲ ਬੁਝਾਰਤਾਂ ਛੱਡ, ਮੈਂ ਤੈਨੂੰ ਫਰੇਮ ਦੇ ਅੰਦਰ ਦੀ ਤਸਵੀਰ ਦਾ ਸੱਚ ਦਿਖਾਉਂਦਾ ਹਾਂ। ਮੈਂ ਉਹੀ ਬੱਚਾ ਹਾਂ, ਜਿਸ ਦੀ ਹਾਲਤ ਭੁੱਖ ਨੇ ਪਿੰਜਰ ਕਰ ਦਿੱਤੀ ਸੀ।" ਮੈਂ ਗਹੁ ਨਾਲ ਉਸ ਵੱਲ ਵੇਖਿਆ। ਸੋਚ ਨੂੰ ਪੁੱਠਾ ਗੇੜ ਦਿੱਤਾ, ਭੁੱਖ ਨੇ ਆਂਦਰਾਂ ਨੂੰ ਰੁੱਗ ਭਰਿਆ। ਮੈਂ ਤ੍ਰਹਿ ਕੇ ਆਪਣੇ-ਆਪ ਨੂੰ ਟਟੋਲਣ ਲੱਗਿਆ।

ਉਹ ਹੱਸਿਆ ਤੇ ਬੋਲਣ ਲੱਗਿਆ, "ਇੱਕ ਭੁੱਖ ਦੇ ਡਰ ਨੇ ਤੈਨੂੰ ਅਜਿਹੀ ਦੌੜ ਦੌੜਾਇਆ ਕਿ ਤੂੰ ਆਪਣਾ-ਆਪਾ ਭੁੱਲ ਗਿਆ। ਬਸੰਤ-ਬਹਾਰਾਂ ਲੰਘ ਗਈਆਂ। ਪਤਝੜ ਨੇ ਘੇਰਾ ਪਾ ਲਿਆ। ਉਹ ਜੋ ਸਾਹਮਣੇ ਦੀਵਾਰ 'ਤੇ ਰੰਗ ਕਰਨ 'ਚ ਲੱਗਿਆ ਹੈ, ਉਹੀ ਫੋਟੋਗ੍ਰਾਫਰ ਹੈ ਜਿਸ ਦੇ ਕੈਮਰੇ ਦੀ ਭੁੱਖ ਨੇ ਮੌਤ ਦੀ ਤਸਵੀਰ ਨੂੰ ਆਪਣੀ ਖੁਰਾਕ ਬਣਾਇਆ। ਸ਼ੋਹਰਤ ਦੀ ਭੁੱਖ ਅੰਤ ਮੌਤ ਬਣ ਕੇ ਉਸ ਨੂੰ ਉਸ ਕੋਲੋਂ ਖੋਹ ਕੇ ਲੈ ਗਈ। ਉਸ ਦੀ ਤਸਵੀਰ ਦੀ ਪਿੱਠ-ਭੂਮੀ 'ਚ ਭੁੱਖ ਦਾ ਪ੍ਰਬੰਧ ਕੀਤੇ ਜਾਣ ਦੀ ਆਹ ਚੀਸ ਭਰ ਰਹੀ ਸੀ। ਉਹ ਕੋਸ਼ਿਸ਼ ਸੀ ਬੇਰੰਗ ਜ਼ਿੰਦਗੀ 'ਚ ਰੰਗ ਭਰਨ ਦੀ। ਇਹ ਮਰ ਚੁੱਕਿਆ ਹੈ ਪਰ ਬੇਰੰਗ ਜ਼ਿੰਦਗੀਆਂ 'ਚ ਰੰਗ ਭਰਨ ਦੀ ਕੋਸ਼ਿਸ਼ ਜਾਰੀ ਹੈ।"

"ਮੈਂ, ਕੌਣ ਹਾਂ... ?" ਮੈਂ ਪੁੱਛਿਆ ਹੈ।

"ਤੂੰ ਗਿਰਝ ਦੇ ਖੰਭਾਂ 'ਤੇ ਸਵਾਰ ਹੋਈ ਭੁੱਖ। ਜੋ ਭੁੱਖ ਦਾ ਪਿੱਛਾ ਕਰਦੀ ਇੰਨੀ ਭੁੱਖੀ ਹੋ ਗਈ ਕਿ ਜ਼ਿੰਦਗੀ ਦੀਆਂ ਬਸੰਤ-ਬਹਾਰਾਂ ਕਦੋਂ ਗੁਆ ਲਈਆਂ, ਖ਼ਬਰ ਤੱਕ ਨਾ ਰਹੀ।" ਆਖ ਕੇ ਉਹ ਹੱਸਿਆ। ਮੇਰੇ ਵੱਲ ਹੱਥ ਵਧਾਇਆ।

ਮੈਨੂੰ ਛਾਤੀ 'ਤੇ ਮਣਾਂ ਮੂੰਹੀ ਭਾਰ ਮਹਿਸੂਸ ਹੋਇਆ। ਉੱਠਣ ਦਾ ਯਤਨ ਕਰਦਾ, ਮੈਂ ਹੱਥ-ਪੈਰ ਮਾਰਦਾ ਛਟਪਟਾਉਣ ਲੱਗਿਆ। ਪੱਥਰ ਹੋਇਆ ਸਰੀਰ, ਹਿਲਾਉਣ ਦੀ ਹਰ ਕੋਸ਼ਿਸ਼ ਨਾਕਾਮ। ਜ਼ੋਰ ਲਾ ਕੇ ਹੰਭਲਾ ਮਾਰਿਆ। ਉੱਠਿਆ ਹੀ ਨਹੀਂ ਜਾ ਰਿਹਾ। ਸਿਲਵੱਟਾ ਹੋਇਆ ਸਰੀਰ ਬਿਸਤਰੇ ਨਾਲ ਜੁੜਿਆ ਪਿਐ। ਜੇ ਸਰੀਰ ਜੜ੍ਹ ਹੋ ਗਿਐ ਤਾਂ ਬਿਨਾਂ ਖੰਭੋਂ ਮੈਂ ਇਹ ਕਿਹੜੇ ਅਨਜਾਣ ਰਾਹ ਵੱਲ ਉੱਡਣ ਲੱਗਿਆ ਹਾਂ। ਮੈਨੂੰ ਆਲ-ਔਲਾਦ ਦਾ ਖ਼ਿਆਲ ਆਇਆ। ਸਾਰੇ ਕਿੱਥੇ ਨੇ ? ਮੇਰੇ ਨਾਲ ਤਾਂ ਕੋਈ ਵੀ ਨਹੀਂ। ਮੈਂ ਪਤਨੀ, ਧੀਆਂ-ਪੁੱਤਰਾਂ, ਪੋਤੇ-ਪੋਤੀਆਂ ਨੂੰ ਆਵਾਜ਼ਾਂ ਮਾਰਨ ਲੱਗਿਆ ਹਾਂ।

"ਫੜੋ ਮੈਨੂੰ।" ਮੈਂ ਚੀਕ-ਚੀਕ ਕੇ ਪੁੱਤਰ ਨੂੰ ਸੱਦਣ ਲੱਗਾ। ਹੱਦ ਹੋ ਗਈ... ! ਸਾਹਮਣੇ ਖੜ੍ਹਾ ਹਿੜ-ਹਿੜ ਕਰੀ ਜਾਂਦੈ। ਇਹ ਨਹੀਂ ਕਿ ਆਵਾਜ਼ ਦਾ ਹੁੰਗਾਰਾ ਹੀ ਭਰ ਦੇਵੇ। ਤੇ ਆਹ! ਮੇਰੀ ਜੀਵਨ ਸਾਥਣ, ਕਹਿਣ ਨੂੰ ਅਰਧਾਂਗਨੀ। ਮੈਂ ਹਫ਼ ਗਿਆਂ ਆਵਾਜ਼ਾਂ ਮਾਰ-ਮਾਰ ਕੇ। ਸੁਣਦੀ ਨਹੀਂ। ਕਿੰਨੀ ਖੁਸ਼ ਏ ਬਾਲੀਂ-ਬੱਚਿਆਂ 'ਚ। ਮੈਂ ਤਾਂ ਜਿਵੇਂ ਇਸ ਦੇ ਜੀਵਨ 'ਚ ਕਦੀ ਹੋਵਾਂ ਹੀ ਨਾ।

ਉਮਰ ਭਰ ਤਿਣਕਾ-ਤਿਣਕਾ ਜੋੜ ਕੇ ਬਣਾਇਆ ਘਰ-ਸੰਸਾਰ ਮੈਂ ਪਿੱਠ ਕਰਕੇ ਵੀ



ਕਦੀ ਇਸ ਵੱਲੋਂ ਓਹਲਾ ਨਹੀਂ ਕੀਤਾ, ਸਭ ਕੁਝ ਪਿੱਛੇ ਛੁੱਟਣ ਲੱਗਿਆ ਹੈ। ਇਹ ਕਿਹੜੇ ਰਾਹ 'ਤੇ ਉੱਡਦਾ ਜਾ ਰਿਹਾਂ ?

ਅਨਜਾਣ ਰਾਹ। ਸੁੰਨ-ਮਸਾਨ। ਨਾ ਸੰਗੀ, ਨਾ ਸਾਥੀ। ਇਹ ਕਿਹੜੇ ਵਾਹਨ 'ਤੇ ਸਵਾਰ ਹਾਂ। ਸਟੇਅਰਿੰਗ ਡੋਲਿਆ। ਸੰਭਾਲਣ ਲੱਗਿਆ। ਇਹ ਕੈਸਾ ਵਾਹਨ ਜਿਸ ਦਾ ਕੋਈ ਸਟੇਅਰਿੰਗ ਹੀ ਨਹੀਂ। ਮੈਂ ਗੱਡੀ ਦੇ ਨਾਲ ਵਾਲੀ ਸੀਟ, ਅੱਗੇ-ਪਿੱਛੇ ਵੇਖਿਆ। ਕੋਈ ਸੀਟ ਨਹੀਂ। ਨਾਲ ਵਾਲੀ ਸੀਟ... ! ਮਾਂ-ਬਾਪ, ਭੈਣ-ਭਾਈ, ਪਤਨੀ, ਧੀਆਂ-ਪੁੱਤਰ ਕੋਈ ਵੀ ਨਾਲ ਨਹੀਂ। ਮੈਂ ਉੱਚੀ-ਉੱਚੀ ਆਵਾਜ਼ਾਂ ਮਾਰਨ ਲੱਗਿਆ। ਪਤਾ ਨਹੀਂ ਆਵਾਜ਼ ਕਿੱਥੇ ਜਾ ਕੇ ਗੁੰਮ-ਗੁਆਚ ਜਾਂਦੀ। ਮੈਂ ਕਾਹਲੀ ਨਾਲ ਵਾਹਨ ਤੋਂ ਹੇਠਾਂ ਉਤਰਨ ਲਈ ਪੈਰ ਬਾਹਰ ਵਧਾਇਆ। ਹੈਂ... ! ? ਜ਼ਮੀਨ ਤਾਂ ਹੈ ਨਹੀਂ। ਸੰਘ ਸੁੱਕਣ ਲੱਗਿਆ। ਆਸੇ-ਪਾਸੇ ਵੇਖਿਆ ਪਾਣੀ ਦਾ ਨਾਮੋ-ਨਿਸ਼ਾਨ ਨਹੀਂ। ਢਿੱਡ 'ਚ ਖੋਹ ਪਈ। ਖਾਣ ਲਈ ਹੱਥ ਹਵਾ 'ਚ ਘੁਮਾਇਆ, ਬੰਦ ਮੁੱਠੀ ਮੂੰਹ ਵੱਲ ਖੁੱਲ੍ਹੀ, ਮੁੱਠੀ ਖਾਲੀ। ਕਮਾਲ ਹੈ ! ਮੈਂ ਸਫ਼ਰ 'ਤੇ ਨਿਕਲਾਂ ਤੇ ਖਾਣ-ਪੀਣ ਦਾ ਸਾਮਾਨ ਨਾਲ ਨਾ ਰੱਖਾਂ, ਇੰਜ ਤਾਂ ਕਦੀ ਹੋਇਆ ਹੀ ਨਹੀਂ। ਭਰ-ਭਰ ਰੱਖੀਆਂ ਗੰਢਾਂ ਸੰਭਾਲਣ ਲਈ ਹਵਾ 'ਚ ਹੱਥ ਮਾਰਿਆ। ਲੱਗਿਆ ਹੱਥੋਂ ਕੁਝ ਛੁੱਟ ਗਿਆ ਹੈ। ਹੇਠਾਂ ਨਿਗਾਹ ਮਾਰੀ, ਕਿੰਨੀਆਂ ਹੀ ਭਰ-ਭਰ ਰੱਖੀਆਂ ਬੋਰੀਆਂ ਦੇ ਮੂੰਹ ਖੁੱਲ੍ਹ ਗਏ ਹਨ। ਮੇਰਾ ਸਾਰਾ ਕੁਝ ਹਵਾ 'ਚ ਡੁੱਲ੍ਹਦਾ ਜਾ ਰਿਹਾ ਹੈ। ਮੈਂ ਜ਼ੋਰ-ਜ਼ੋਰ ਦੀ ਸਕੇ-ਸੰਬੰਧੀਆਂ ਨੂੰ ਆਵਾਜ਼ਾਂ ਮਾਰਨ ਲੱਗਿਆ। ਮੇਰਾ ਘਰ, ਮੇਰੇ ਬੱਚੇ। ਮੈਂ ਕੁਰਲਾਉਣ ਲੱਗਿਆ। ਪਿੱਛੇ ਮੁੜਨ ਲਈ ਰਾਹ ਪਛਾਣਨ ਦੀ ਕੋਸ਼ਿਸ਼ ਕਰਾਂ। ਨਵਾਂ ਤੇ ਨਵੇਕਲਾ। ਚਿੱਟੇ ਕਾਲੇ ਬੱਦਲਾਂ ਦੇ ਗੋਲੇ, ਧੁੰਦੂਕਾਰਾ। ਬੱਦਲਾਂ ਵਿੱਚੋਂ ਲੰਘਦੀ ਸੜਕ ਦਾ ਝਉਲਾ ਪਿਆ। ਅੱਗੇ ਰਾਹ ਬਣ ਰਿਹੈ ਪਰ ਪਿੱਛੇ...! ਨਾ ਪੈੜ, ਨਾ ਰਸਤਾ। ਕੁਝ ਵੀ ਨਹੀਂ! ਪਿਆਸ ਨਾਲ ਗਲਾ ਸੁੱਕਣ ਲੱਗਿਆ। ਅਚਾਨਕ ਇੱਕ ਹਨੇਰੀ ਜਿਹੀ ਥਾਂ ਵੱਲੋਂ ਬੜੀ ਹੀ ਖ਼ੂਬਸੂਰਤ ਨੌਜਵਾਨ ਸੁੰਦਰੀ ਮੇਰੇ ਵਾਹਨ ਵੱਲ ਵਧੀ। ਮੈਂ ਰੁਕ ਗਿਆ ਹਾਂ ਕਿ ਚੱਲੀ ਜਾ ਰਿਹਾਂ ? ਪਤਾ ਨਹੀਂ ਲੱਗ ਰਿਹਾ। ਮੈਂ ਸੁੰਦਰੀ ਵੱਲ ਅਹੁਲਣ ਲੱਗਿਆ। ਬੜੀ ਮਨਮੋਹਕ, ਚਿੱਤ-ਚੋਰ ਜਿਹੀ। ਗੁੱਝਾ ਹਾਸਾ ਹੱਸਦੀ। ਮੈਂ ਉਸ ਨੂੰ ਕਲਾਵੇ ਭਰਨ ਲਈ ਬਾਹਾਂ ਖੋਲ੍ਹੀਆਂ। ਉਮਰ ਭਰ ਦੀ ਅਤ੍ਰਿਪਤ ਦੌੜ ਤ੍ਰਿਪਤ ਹੋਣ ਲਈ ਉਤਾਵਲੀ। ਮੈਂ ਉਸ ਦੀ ਬਾਂਹ ਫੜੀ। ਹੱਥ ਚੁੰਮਿਆ। ਉਹ ਮੁਸਕੁਰਾਈ ਪਰ ਬੋਲੀ ਕੁਝ ਵੀ ਨਾ। ਉਹ ਅੱਗੇ ਲੱਗ ਤੁਰੀ। ਮੈਂ ਮੋਹਿਨੀ ਦਾ ਪਿੱਛਾ ਕਰਦਾ ਪਿਛਲਿਆਂ ਨੂੰ ਵਿਸਾਰ ਉਸ ਦਾ ਪਿੱਛਾ ਕਰਨ ਲੱਗਿਆ। ਪਤਾ ਹੀ ਨਾ ਲੱਗਾ ਉਹ ਕਦੋਂ ਤੇ ਕਿੱਧਰ ਛੂਪਣ-ਛੂ ਹੋ ਗਈ।

ਤੇ ਮੈਂ... !

ਇੱਕ ਵੱਡੇ ਦਵਾਰ ਅੱਗੇ ਜਾ ਪਹੁੰਚਿਆ। ਮਨਮੋਹਿਨੀ ਦਾ ਖ਼ਿਆਲ ਮੁੱਕ ਗਿਆ। ਮੈਂ ਦਰਵਾਜ਼ਾ ਲੰਘ ਗਿਆ। ਘੁਸਮੁਸਾ ਜਿਹਾ ਹਨੇਰਾ। ਅਣਦਿਸਦੇ ਪਰਛਾਵੇਂ ਨਾਲ ਤੁਰਨ ਲੱਗੇ। ਪਛਾਣਨ ਦੀ ਕੋਸ਼ਿਸ਼ ਕਰਾਂ। ਪਤਾ ਨਹੀਂ ਕੌਣ ਲੋਕ ਨੇ ? ਮੈਨੂੰ ਘੇਰ ਖਲੋਤੇ ਨੇ। ਉਨ੍ਹਾਂ ਵਿੱਚ ਘਿਰਿਆ ਮੈਂ ਅੱਗੇ ਵਧਣ ਲੱਗਿਆ।

"ਪਿਤਾ ਜੀ।" ਬਾਪ ਦਾ ਝਉਲਾ ਪਿਆ। ਮੈਂ ਆਵਾਜ਼ਾਂ ਮਾਰਨ ਲੱਗਾ। ਬੋਲਦੇ ਕਿਉਂ ਨਹੀਂ ? ਫਿਰ ਖ਼ਿਆਲ ਆਇਆ, ਪਿਤਾ ਜੀ ਨੂੰ ਪੂਰੇ ਹੋਇਆਂ ਤਾਂ ਕਈ ਸਾਲ ਹੋ ਗਏ। ਇਹ ਕਿੱਥੇ ਤੁਰੇ ਫਿਰਦੇ ਨੇ ?

ਮੈਂ ਅੱਗੇ ਵਧਦਾ ਜਾ ਰਿਹਾਂ। ਚਿੱਟੇ ਲਿਬਾਸ 'ਚ ਇਹ ਕੌਣ ਲੋਕ ਸਮਾਧੀ ਲਾਈ ਬੈਠੇ ਨੇ ? ਕਿਸੇ ਦਾ ਚਿਹਰਾ ਕਿਉਂ ਨਹੀਂ ਦਿਸਦਾ ? ਸਭ ਅਜੀਬ ਵਰਤਾਰਾ। ਭੌਂਅ ਕੇ ਵੇਖਿਆ, ਘੁੱਪ

ਹਨੇਰਾ। ਮੈਂ ਪਿੱਛੇ ਵੇਖਣ ਦੀ ਬਜਾਏ ਅੱਗੇ ਵਧਣ ਲੱਗਿਆ। ਚਾਨਣ ਅੱਖਾਂ ਚੁੰਧਿਆਵੇ।

"ਕਿਹੜੀ ਥਾਂ ਹੈ ?" ਮੈਂ ਆਵਾਜ਼ਾਂ ਮਾਰਾਂ, ਕੋਈ ਨਾ ਸੁਣੇ। ਸਭ ਆਪੋ-ਆਪਣੇ 'ਚ ਮਸਤ ਹੋਏ ਚੱਲੀ ਜਾ ਰਹੇ ਹਨ।

"ਬੀਜੀ... !" ਮਾਂ ਦਾ ਝਉਲਾ ਪਿਆ। ਆਵਾਜ਼ ਮਾਰੀ। ਮਾਂ ਵੀ ਨਹੀਂ ਸੁਣਦੀ। ਫਿਰ ਖ਼ਿਆਲ ਆਇਆ... ! ਮਾਂ, ਬਾਪ ਤੇ ਹੋਰ ਕਿੰਨੇ ਹੀ ਰਿਸ਼ਤੇਦਾਰ... । ਇਹ ਤਾਂ ਕਈ ਸਾਲ ਪਹਿਲਾਂ ਚੱਲ ਵਸੇ ਸਨ ! ਫਿਰ ਆ ਕਿਵੇਂ ਗਏ ? ਮੈਂ ਤਾਂ ਕਦੀ ਇਨ੍ਹਾਂ ਨੂੰ ਯਾਦ ਵੀ ਨਹੀਂ ਕੀਤਾ। ਮੇਰੇ ਮਗਰ ਕਿਵੇਂ ਪੈ ਗਏ ਨੇ ?

ਮੋਇਆਂ 'ਚੋਂ ਨਿੱਖੜ ਕੇ ਜੀਉਂਦਿਆਂ ਵੱਲ ਮੁੜਨ ਲਈ ਮੈਂ ਫਿਰ ਹੰਭਲਾ ਮਾਰਿਆ। ਪਰ ਇਹ ਕੀ ? ਜਿਨ੍ਹਾਂ ਬਗੈਰ ਮੈਨੂੰ ਸਾਹ ਲੈਣਾ ਔਖਾ ਜਾਪਦਾ ਸੀ ਉਹ ਮੇਰੀ ਆਵਾਜ਼ ਤੱਕ ਨਹੀਂ ਸੁਣ ਰਹੇ।

ਮੇਰੇ ਵੱਡ-ਵਡੇਰੇ ਮੇਰੇ ਵੱਲ ਵੇਖ ਕੇ ਹੱਸੀ ਜਾ ਰਹੇ ਹਨ। ਬਿਨਾਂ ਸੋਚੇ-ਵਿਚਾਰੇ, ਮੈਂ ਉਨ੍ਹਾਂ ਵੱਲ ਤੁਰ ਪਿਆ ਹਾਂ। ਇੱਕ ਵਾਰੀ ਝਉਲਾ ਪੈਂਦਾ। ਨਾਲ ਚੱਲ ਰਹੇ ਮਹਿਸੂਸ ਹੁੰਦੇ, ਪਰ ਕੋਈ ਹੂੰ ਨਾ ਹਾਂ। ਇੰਨੇ ਸਾਲ ਬਾਦ ਮਿਲੇ ਤੇ ਹਾਲ ਵੀ ਨਹੀਂ ਪੁੱਛਿਆ। ਮੋਇਆਂ ਨਾਲ ਕਿਹਾ ਸਾਕ ? ਮੈਂ ਕਿੱਧਰ ਇਨ੍ਹਾਂ ਵਿੱਚ ਤੁਰਿਆ ਫਿਰਦਾ ਹਾਂ ?

ਕਦੀ ਪਤਨੀ, ਕਦੀ ਪੁੱਤਰ ਤੇ ਕਦੀ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਨੂੰ ਚੀਕ-ਚੀਕ ਕੇ ਆਵਾਜ਼ਾਂ ਮਾਰਦਾ ਮੈਂ ਅੱਗੇ ਹੀ ਅੱਗੇ ਵਧਣ ਲੱਗਿਆ।

ਅਚਾਨਕ ਸ਼ੂਕਦਾ ਦਰਿਆ ਸਾਹਮਣੇ। ਪਿੱਛੇ ਮੁੜਨ ਲੱਗਿਆ। ਪਿੱਛੇ ਵੀ ਪਾਣੀ। ਜਿੱਧਰ ਮੁੜਾਂ, ਪਾਣੀ ਹੀ ਪਾਣੀ। ਕਿੱਥੇ ਤੇਹ ਨਾਲ ਗਲਾ ਸੁੱਕ ਰਿਹਾ ਸੀ ਤੇ ਹੁਣ ਪਾਣੀ ਸਾਹ ਸੁਕਾਉਣ ਲੱਗਿਐ। ਪਾਣੀ ਦੀਆਂ ਛੱਲਾਂ 'ਤੇ ਪੈਰ ਧਰਦਾ ਉੱਚੀ ਥਾਂ 'ਤੇ ਜਾ ਪਹੁੰਚਿਆ। ਬੇਸ਼ੁਮਾਰ ਲੋਕ ਅੱਗੇ-ਅੱਗੇ ਤੇ ਪਾਣੀ ਦੀਆਂ ਲਹਿਰਾਂ ਦਾ ਚੜ੍ਹਨਾ ਜਾਰੀ। ਬਚਾਅ ਲਈ ਉੱਚੇ ਥਾਂ ਪਹੁੰਚਣ ਲਈ ਹੋਰ ਉੱਚੀ ਥਾਂ ਵੱਲ ਵਧਣ ਲੱਗਿਆ। ਸੁੱਕੀ ਤੇ ਸੁਰੱਖਿਅਤ ਥਾਂ 'ਤੇ ਪੁੱਤਰ ਨੂੰ ਖੜ੍ਹਾ ਵੇਖ ਮੇਰੇ ਸਾਹ 'ਚ ਸਾਹ ਆਏ। ਮੈਂ ਉਸ ਵੱਲ ਬਾਂਹ ਵਧਾਈ। ਪਰ ਇਹ ਕੀ... ! ਉੱਚੇ ਪਹਾੜ ਤੋਂ ਖੜਬਾਜ਼ੀਆਂ ਮਾਰਦੇ ਨੇ ਪਾਣੀ 'ਚ ਛਾਲ ਮਾਰੀ ਤੇ ਫਿਰ ਦੂਰ ਜਾ ਕੇ ਛੜੱਪ-ਛੜੱਪ ਕਰਦਾ ਤੈਰਨ ਲੱਗਿਆ। ਲੰਬੀਆਂ ਬਾਹਾਂ ਹੇਠ ਪਾਣੀ ਦੀਆਂ ਛੱਲਾਂ ਦੱਬਦਾ ਉਹ ਸਮੁੰਦਰ ਕੰਢੇ ਜਾ ਲੱਗਿਆ। ਮੇਰੇ ਵੱਲ ਵੇਖਦਾ ਹੀ ਨਹੀਂ। ਮੇਰੇ ਮੁੜਨ ਲਈ ਕੋਈ ਰਾਹ ਨਹੀਂ। ਅਚਾਨਕ ਪਾਣੀ ਦੀ ਛੱਲ ਉੱਠੀ। ਉੱਚਾ ਉਠਦਾ ਪਾਣੀ ਦਾ ਗੁਬਾਰਾ ਮੈਨੂੰ ਤੇ ਹੋਰ ਪਤਾ ਨਹੀਂ ਕਿੰਨੇ ਹੀ ਲੋਕਾਂ ਨੂੰ ਡੁਬੋਣ ਲਈ ਤੇਜ਼ ਗਤੀ ਨਾਲ ਅੱਗੇ ਵਧਣ ਲੱਗਿਆ। ਮੈਂ ਸਾਰਾ ਜ਼ੋਰ ਲਾ ਕੇ ਵਾਹੋ-ਦਾਹ ਉੱਚੀ ਥਾਂ ਵੱਲ ਭੱਜ ਪਿਆ।

ਮੇਰਾ ਪੋਤਾ... ! ਕਿੰਨੀਆਂ ਮੰਨਤਾਂ ਮੰਨ ਕੇ ਲਿਆ। ਪਾਣੀ ਵੱਲ ਵੱਧਦਾ ਵੇਖ ਮੈਂ ਜਾਨ ਦੀ ਪਰਵਾਹ ਕੀਤੇ ਬਗੈਰ ਉਸ ਵੱਲ ਭੱਜਿਆ। ਲੱਕ ਤੋਂ ਫੜਿਆ ਤੇ ਮੋਢੇ ਚੁੱਕ ਕੇ ਸੁੱਕੀ ਥਾਂ ਵੱਲ ਵਧਣ ਲੱਗਿਆ। ਪੈਰਾਂ ਨੂੰ ਡੁਬੋਂਦਾ ਪਾਣੀ ਗੋਡਿਆਂ ਨੂੰ ਡੁਬੋਣ ਲੱਗਿਆ। ਉੱਚੀ ਥਾਂ 'ਤੇ ਬੈਠੇ ਅਨਜਾਣ ਰਾਹੀ ਨੂੰ ਮੈਂ ਤਰਲਾ ਲਿਆ। ਬਾਲ ਉਸ ਨੂੰ ਫੜਾ ਕੇ ਸੁੱਖ ਦਾ ਸਾਹ ਲਿਆ। ਆਪ ਹੰਭਲਾ ਮਾਰ ਕੇ ਕਿਸੇ ਜਾਂਦੇ ਰਾਹੀ ਦੀ ਬਾਂਹ ਫੜ ਉੱਚੀ ਥਾਂ 'ਤੇ ਜਾ ਖਲੋਤਾ। ਮੇਰਾ ਪੋਤਰਾ ਬੁੱਕਲ 'ਚ ਲਈ ਖੜ੍ਹਾ ਬੰਦਾ ਕੋਈ ਅਨਜਾਣ ਰਾਹੀ ਨਹੀਂ ਮੇਰਾ ਪੁੱਤਰ ਹੀ ਹੈ। ਮੈਂ ਹਉਕਾ ਲੈ ਉਨ੍ਹਾਂ ਵੱਲ ਵਧਿਆ ਪਰ ਆਪਣੇ ਵੱਲ ਪਾਣੀ ਆਉਂਦਾ ਵੇਖ ਮੈਂ ਇੱਕ ਸਿੱਧੇ ਪਹਾੜ 'ਤੇ ਕਾਹਲੇ ਪੈਰੀਂ ਚੜ੍ਹਨ ਲੱਗਿਆ।



ਪਾਣੀ ਦੇ ਗੋਲਿਆਂ ਤੋਂ ਤ੍ਰਹਿੰਦਾ ਮੈਂ ਬਿਨਾਂ ਭੌਂਅ ਕੇ ਵੇਖੇ ਲਗਾਤਾਰ ਉੱਪਰ ਹੋਰ ਉੱਪਰ ਚੜ੍ਹਦਾ ਜਾ ਰਿਹਾ ਹਾਂ। ਤੇ ਆਖਰ ਸਿਖਰ 'ਤੇ ਜਾ ਪਹੁੰਚਿਆ ਹਾਂ। ਪਾਣੀ ਦਾ ਦਰਿਆ ਹੇਠਾਂ ਰਹਿ ਗਿਆ ਹੈ। ਦੂਰ, ਬੜੀ ਦੂਰ। ਇੰਨੀ ਦੂਰ ਕਿ ਪਾਣੀ ਮੇਰੇ ਤੱਕ ਪਹੁੰਚ ਸਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਾਣੀ ਦੀਆਂ ਲਹਿਰਾਂ ਵਿੱਚ ਬੇਸ਼ੁਮਾਰ ਲੋਕ ਗੋਤੇ ਖਾਂਦੇ, ਤੈਰਦੇ, ਵਾਹੋ-ਦਾਹ ਭੱਜੇ ਜਾ ਰਹੇ ਹਨ। ਮੈਂ ਪੁੱਤਰ ਤੇ ਪੋਤੇ ਦੀ ਤਲਾਸ਼ ਕਰਨ ਲੱਗਿਆ ਹਾਂ।

ਮੈਨੂੰ ਭਾਲਦੇ ਪਤਾ ਨਹੀਂ ਕਿੱਥੇ-ਕਿੱਥੇ ਟੱਕਰਾਂ ਮਾਰਦੇ ਹੋਣਗੇ ? ਲੱਭ ਲੈਣ ਜੇ ਲੱਭ ਸਕਦੇ ਨੇ। ਮੈਂ ਕਿਵੇਂ ਦੱਸਾਂ ਮੈਂ ਕਿੱਥੇ ਹਾਂ ? ਮੈਂ ਤਾਂ ਗੁਆਚਿਆ ਹੋਇਆ ਹਾਂ ਤੇ ਇਹ ਮੇਰੀ ਆਵਾਜ਼ ਤੱਕ ਨਹੀਂ ਸੁਣਦੇ। ਕਿਸੇ ਤਰ੍ਹਾਂ ਮੈਨੂੰ ਵਾਪਸ ਲੈ ਜਾਣ, ਪਰ ਇਹ ਕੀ... ?

ਭੁੱਖਾ ਬੱਚਾ ਰੇਂਗ ਰਿਹਾ ਹੈ। ਗਿਰਝ ਉਸ ਦੇ ਮਗਰ ਘਾਤ ਲਾਈ ਬੈਠੀ ਹੈ। ਰੰਗਾਂ ਦਾ ਦਰਿਆ ਭਰ-ਭਰ ਵਹਿ ਰਿਹਾ ਹੈ। ਵੇਖਦੇ ਹੀ ਵੇਖਦੇ ਪੁੱਤਰ ਮੇਰਾ ਹੰਭਲਾ ਮਾਰ ਕੇ ਗਿਰਝ ਦੇ ਖੰਭਾਂ 'ਤੇ ਸਵਾਰ ਹੋ ਗਿਆ ਹੈ। ਹੱਥ 'ਚ ਬੁਰਸ਼ ਫੜੀ ਰੰਗਾਂ ਦੇ ਦਰਿਆ 'ਚੋਂ ਬੁਰਸ਼ ਡੋਬ-ਡੋਬ ਕੇ ਅਕਾਸ਼ 'ਚ ਰੰਗ ਭਰਨ ਲੱਗਿਆ ਹੈ। ਜਮ੍ਹਾ ਕੀਤੀਆਂ ਭਰੀਆਂ ਪੰਡਾਂ ਦੇ ਭੰਡਾਰ 'ਤੇ ਮੇਰਾ ਪੋਤਰਾ ਅਠਖੇਲੀਆਂ ਕਰਦਾ ਕੁੱਦੀ ਜਾਂਦੈ। ਮੈਂ ਉਨ੍ਹਾਂ ਦੇ ਚੇਤਿਆਂ 'ਚੋਂ ਝੜ ਗਿਆ ਹਾਂ। ਉਹ ਗਿਰਝ ਦੇ ਖੰਭਾਂ 'ਤੇ ਸਵਾਰ ਹੋਏ ਉੱਡ ਰਹੇ ਹਨ। ਉਹ ਕਿਸੇ ਹੋਰ ਜਹਾਨ ਤੇ ਮੈਂ ਵੱਖਰੇ ਜਹਾਨ ਦਾ ਪਾਂਧੀ ਹੋ ਇੰਨੀ ਦੂਰ ਜਾ ਪਹੁੰਚਿਆ ਹਾਂ, ਜਿੱਥੇ ਮੈਂ ਉਨ੍ਹਾਂ ਲਈ ਸੁਪਨਾ ਹੋ ਗਿਆ ਹਾਂ, ਜਾਂ ਉਹ ਮੇਰੇ ਲਈ ਸੁਪਨਾ। ਸਮਝਣ ਲਈ ਮੂੰਹ 'ਤੇ ਹੱਥ ਫੇਰਨ ਦੀ ਕੋਸ਼ਿਸ਼ ਕਰਨ ਲੱਗਿਆ।

ਮੇਰੇ ਹੱਥ... ! ਮੇਰਾ ਚਿਹਰਾ... ! ਮੇਰਾ ਸਰੀਰ... ! ਮੈਂ ਹਾਂ, ਪਰ ਮੈਂ ਨਹੀਂ ਹਾਂ। ਕੁਝ ਹੈ ਹੀ ਨਹੀਂ। ਨਾ ਸਰੀਰ, ਨਾ ਭੁੱਖ, ਨਾ ਦੌੜ।

"ਉੱਠ ਜਾਉ। ਜਲਦੀ ਤਿਆਰ ਹੋਵੋ, ਹਸਪਤਾਲ ਚੱਲਣੈ। ਕਾਕਾ ਹੋਇਐ।" ਲੱਗਿਆ ਕੋਈ ਮੋਢਾ ਫੜ ਜੋਰ-ਜੋਰ ਦੀ ਹਿਲਾ ਰਿਹੈ। ਡੌਰ-ਭੌਰਾ ਜਿਹਾ ਉੱਠਿਆ। ਪਤਨੀ ਦਾ ਧੁੰਧਲਾ ਜਿਹਾ ਚਿਹਰਾ।

"ਕਿੱਥੇ ਸੀ ਤੂੰ ? ਕਿੰਨੀਆਂ ਆਵਾਜ਼ਾਂ ਮਾਰੀਆਂ ਮੈਂ। ਜਵਾਬ ਕਿਉਂ ਨਾ ਦਿੱਤਾ ?" ਬੜਾ ਔਖਾ ਉੱਠਣ ਦਾ ਯਤਨ ਕਰਦਿਆਂ ਮੈਂ ਪੁੱਛਿਆ।

"ਤੁਸੀਂ ਆਵਾਜ਼ਾਂ ਮਾਰੀਆਂ ਕਿ ਮੈਂ ? ਕੁੰਭਕਰਨ ਦੀ ਨੀਂਦਰ ਸੁੱਤਿਆਂ ਨੂੰ ਉਠਾ-ਉਠਾ ਹੰਭ ਗਈ ਆਂ। ਉੱਠੋ ਹਸਪਤਾਲ ਚੱਲਣੈ ? ਛੇਤੀ ਕਰੋ।"

"ਕੀ ਹੋਇਐ ?" ਮੈਂ ਬੇਸੁਰਤੀ ਜਿਹੀ 'ਚ ਪੁੱਛਿਆ।

"ਆਏ ਹਾਏ। ਦੱਸੀ ਤਾਂ ਜਾਨੀ ਆਂ ਕਾਕਾ ਹੋਇਐ। ਪੋਤਾ ਆਪਣਾ। ਛੇਤੀ ਕਰੋ। ਸਾਮਾਨ ਲੈ ਕੇ ਹਸਪਤਾਲ ਪਹੁੰਚਣੈ।" ਮੈਂ ਅਜੇ ਵੀ ਆਪੇ ਵਿੱਚ ਨਹੀਂ ਹਾਂ। ਬਸ ਪਤਨੀ ਦੇ ਹੁਕਮ 'ਤੇ ਉਸ ਨਾਲ ਚੱਲ ਪਿਆ ਹਾਂ।

ਹਸਪਤਾਲ ਦੇ ਸਪੈਸ਼ਲ ਰੂਮ ਵਿੱਚ ਪਹੁੰਚਿਆ। ਪਤਨੀ ਨੇ ਨਵਜੰਮਿਆ ਪੋਤਰਾ ਲਾਡ ਨਾਲ ਬੁੱਕਲ 'ਚ ਲੈ ਸਿਰ ਵਾਰਨਾ ਕੀਤਾ ਤੇ ਬਾਲ ਮੇਰੀਆਂ ਬਾਹਾਂ 'ਚ ਧਰ ਦਿੱਤਾ। ਬਾਲ ਦੇ ਨਿੱਕੇ ਜਿਹੇ ਹੱਥ ਮੇਰੇ ਚਿਹਰੇ ਨੂੰ ਛੂਹ ਗਏ। ਲੱਗਿਆ ਜਿਉਂ ਮੇਰੇ ਰੋਮ-ਰੋਮ 'ਚ ਰੰਗਾਂ ਦੀ ਗਾਗਰ ਲਹਿ ਗਈ ਹੋਵੇ। ਰੰਗਾਂ ਵਿੱਚ ਤਾਰੀਆਂ ਲਾਉਂਦਿਆਂ ਮੈਂ ਬਾਲ ਨੂੰ ਸੀਨੇ ਨਾਲ ਘੁੱਟਿਆ ਤੇ ਹੋਣ ਲੱਗਿਆ ਹੌਲਾ ਫੁੱਲ, ਭਾਰ ਤੋਂ ਮੁਕਤ।

**ਮੋ -98146-70707**

## ਚੀਸ/ਅਨੇਮਨ ਸਿੰਘ

ਸਾਰਾ ਪਰਿਵਾਰ ਆਲੇ-ਦੁਆਲੇ ਦੇ ਏਰੀਏ ਨੂੰ ਘੁੰਮ-ਫਿਰ ਕੇ ਦੇਖਣ ਤੁਰ ਗਿਆ ਹੈ। ਮੈਂ ਨਹੀਂ ਗਈ ਉਨ੍ਹਾਂ ਨਾਲ। ਮੈਂ ਤਾਂ ਬਾਹਰ ਹੀ ਮੈਟ 'ਤੇ ਬੈਠ ਗਈ ਹਾਂ। ਉਨ੍ਹਾਂ ਨੂੰ ਤਾਂ ਇੰਝ ਹੋਣਾ ਕਿ ਮੈਨੂੰ ਤੁਰਨ 'ਚ ਦਿੱਕਤ ਆਉਂਦੀ ਹੋਣੀ ਹੈ। ਪਰ ਮੇਰੇ ਮਨ 'ਚ ਵੱਖਰੀ ਤਰ੍ਹਾਂ ਦਾ ਸਕੂਨ ਹੈ। ਮੇਰੀ ਪੋਤ ਨੂੰਹ ਨੇ ਤਾਂ ਕਿਹਾ ਵੀ ਸੀ, "ਬੇਬੇ ਜੀ, ਤੁਹਾਨੂੰ ਇਕੱਲਿਆਂ ਛੱਡ ਕੇ ਕਿਵੇਂ ਤੁਰ ਜਾਈਏ......ਸਾਨੂੰ ਚਿੰਤਾ ਰਹਿਣੀ ਏ ਤੁਹਾਡੀ।" ਮੈਂ ਕਹਿ ਦਿੱਤਾ ਸੀ ਕਿ ਧੀਏ ਇੱਥੇ ਆ ਕੇ ਤਾਂ ਮੇਰੇ ਸਾਹ ਵੀ ਮੁੱਕ ਜਾਣ ਤਾਂ ਕੋਈ ਸੰਸਾ ਨਹੀਂ। ਲੰਘੀ ਉਮਰ ਦੀ ਇਹੋ ਤਾਂ ਇੱਛਾ ਸੀ, ਮੇਰੇ ਮਨ 'ਚ।

ਜਦੋਂ ਦੀ ਦਰ ਖੁੱਲ੍ਹਣ ਦੀ ਖੁਸ਼ਖਬਰ ਸੁਣੀ ਸੀ, ਮੇਰੇ ਮਨ 'ਚ ਉਦੋਂ ਤੋਂ ਅੱਚਵੀਂ ਜਿਹੀ ਉੱਠਣ ਲੱਗੀ ਸੀ।.....ਮੈਂ ਮੇਰੇ ਪੋਤੇ ਜੀਤ ਨੂੰ ਆਖ ਦਿੱਤਾ ਸੀ ਕਿ ਸਾਰੇ ਟੱਬਰ ਨੂੰ ਨਾਲ ਲੈ ਜਾ ਕੇ ਨਨਕਾਣਾ ਸਾਹਿਬ ਮੱਥਾ ਟਿਕਾ ਕੇ ਲਿਆ। ਮੇਰਾ ਬੜਾ ਮਨ ਕਰਦਾ ਏ ਕਿ ਮਰਨ ਤੋਂ ਪਹਿਲਾਂ ਇਕ ਵਾਰ ਜ਼ਰੂਰ ਉੱਥੇ ਜਾ ਮੱਥਾ ਟੇਕ ਆਵਾਂ। ਚਿਰਾਂ ਤੋਂ ਰੀਝ ਸੀ.....ਬਾਬੇ ਦੇ ਦਰ 'ਤੇ ਜਾ ਕੇ ਸਿਜਦਾ ਕਰਨ ਦੀ। ਉਸ ਭਲੇ ਪੁਰਸ਼ ਦੀ ਰੂਹ ਨੂੰ ਵੀ ਸ਼ਾਂਤੀ ਮਿਲ ਜਾਣੀ ਸੀ, ਮੇਰੇ ਆਉਣ ਨਾਲ।

ਜੀਤ ਫੋਨ 'ਤੇ ਕਹਿੰਦਾ, "ਕੋਈ ਨਹੀਂ ਬੇਬੇ ਜੀ ਰਤਾ ਠਹਿਰ ਜਾਓ। ਥੋੜ੍ਹੀ ਭੀੜ ਘੱਟ ਜਾਣ ਦਿਓ, ਮਹੀਨੇ ਕੁ ਬਾਅਦ ਚਲੇ ਚਲਾਂਗੇ।"

ਜੀਤ ਦੇ ਉੱਤਰ ਨੇ ਮੈਨੂੰ ਸਕੂਨ ਦਿੱਤਾ ਸੀ। ਕਾਲਜੇ 'ਚ ਠੰਡ ਪਈ ਸੀ। ਮਹਿਸੂਸ ਹੋਇਆ ਸੀ ਕਿ ਮੇਰਾ ਵਰ੍ਹਿਆਂ ਤੋਂ ਕਦੇ-ਕਦੇ ਅਚਾਨਕ ਚੜ੍ਹ ਜਾਂਦਾ ਤਾਪ ਜਿਵੇਂ ਲੱਥਣ ਲੱਗ ਪਿਆ ਹੋਵੇ। ਇਹਦਾ ਅਸਰ ਮੈਨੂੰ ਅੱਜ ਬੁਢਾਪੇ ਵਿਚ ਵੀ ਮਹਿਸੂਸ ਹੋ ਰਿਹਾ ਏ। ਭਾਵੇਂ ਹੁਣ ਪੋਤੇ-ਪੜਪੋਤਿਆਂ ਵਾਲੀ ਹੋ ਗਈ ਆਂ। ਪਰ ਫਿਰ ਵੀ ਜਿਵੇਂ ਜ਼ਿੰਦਗੀ ਕਿਸੇ ਸਰਾਲ ਵਾਂਗ ਰੀਂਘਦੀ ਹੋਈ ਹੀ ਬੀਤੀ ਏ ਮੇਰੀ।

ਦੋਵੇਂ ਪੁੱਤਰਾਂ ਤੇ ਮੰਗਲ ਦੇ ਚਿਹਰੇ ਮੇਰੀਆਂ ਅੱਖਾਂ ਸਾਹਮਣੇ ਆ ਗਏ ਨੇ। ਕਿਵੇਂ ਚੰਦਰੇ ਇਕ-ਇਕ ਕਰ ਕੇ ਮੈਨੂੰ ਇਕੱਲਿਆਂ ਛੱਡ ਤੁਰ ਗਏ। ਜੇ ਜੀਤ ਤੇ ਕਿੰਦਰ ਨਾ ਹੁੰਦੇ ਤਾਂ ਮੈਂ ਵੀ ਤੁਰ ਜਾਣਾ ਸੀ, ਸ਼ਾਇਦ। ਪਹਿਲਾਂ ਦਲੀਪ ਦੀ ਘਰਵਾਲੀ ਬਾਰ੍ਹਾਂ ਵਰਿਆਂ ਦੇ ਜੀਤ ਨੂੰ ਛੱਡ ਕੇ ਤੁਰ ਗਈ। ਬੜੇ ਪਿਆਰ ਨਾਲ ਪਾਲਿਆ ਸੀ ਜੀਤ ਨੂੰ। ਪਰ ਕਿਸਮਤ ਨੂੰ ਅਜੇ ਹੋਰ ਕੁਝ ਮਨਜ਼ੂਰ ਸੀ। ਟਰਾਲਾ ਲੈ ਕੇ ਗਿਆ ਹੋਇਆ ਸੀ ਕਿ ਰਸਤੇ 'ਚ ਐਕਸੀਡੈਂਟ 'ਚ ਉਹਦੀ ਮੌਤ ਹੋ ਗਈ। ਜੀਤ ਉਦੋਂ ਉਡਾਰੂ ਹੋ ਚੁੱਕਾ ਸੀ। ਫੌਜ 'ਚ ਨੌਕਰੀ ਮਿਲ ਗਈ ਸੀ ਉਹਨੂੰ। ਛੋਟੇ ਪੁੱਤਰ ਸੋਹਣ ਤੇ ਨੂੰਹ ਦੀ ਵੀ ਐਕਸੀਡੈਂਟ 'ਚ ਮੌਤ ਹੋਈ ਸੀ। ਉਹ ਆਪਣੀ ਘਰਵਾਲੀ ਨੂੰ ਬਠਿੰਡੇ ਦਵਾਈ ਦਿਵਾਉਣ ਗਿਆ ਸੀ ਕਿ ਮੌੜ ਮੰਡੀ ਕੋਲ ਉਹਨਾਂ ਦੀ ਕਾਰ ਨੂੰ ਕੋਈ ਟਰੱਕ ਵਾਲਾ ਟੱਕਰ ਮਾਰ ਗਿਆ। ਦੋਵੇਂ ਥਾਂ 'ਤੇ ਹੀ ਮਰ ਗਏ ਸਨ।

ਪਹਿਲਾਂ ਪਤੀ, ਤੇ ਫਿਰ ਦੋਵੇਂ ਪੁੱਤਰਾਂ ਦੀ ਮੌਤ ਨਾਲ ਹਿੱਲ ਤਾਂ ਬੜੀ ਗਈ ਸਾਂ। ਪਰ ਫਿਰ ਵੀ ਜਿਊਣ ਦੀ ਕੋਸ਼ਿਸ਼ ਕਰਦੀ ਆ ਰਹੀ ਸਾਂ। ਆਪਣੇ ਪੋਤੇ ਜੀਤ ਤੇ ਉਹਦੀ ਘਰਵਾਲੀ ਨੂੰ ਦੇਖ ਜ਼ਿੰਦਗੀ ਜਿਊਂਦੀ ਆਈ। ਇਹ ਵੀ ਤਾਂ ਉਨ੍ਹਾਂ ਦੀ ਹੀ ਅੰਸ਼ ਸੀ। ਜਿਸਮ 'ਚ ਅਜਿਹੀ ਤਾਕਤ ਪੈਦਾ ਕਰ ਲਈ ਕਿ ਇੰਨੇ ਦੁੱਖ ਝੱਲ ਕੇ ਵੀ ਨਾ ਡੋਲੀ। ਕੋਈ ਗਿਲਾ ਨਹੀਂ ਰਿਹਾ ਰੱਬ ਨਾਲ। ਜਦੋਂ ਗਿਲਾ ਕਰਨਾ ਚਾਹੀਦਾ ਸੀ, ਉਦੋਂ ਨਾ ਕੀਤਾ। ਅੰਦਰੇ-ਅੰਦਰ ਪੀ ਗਈ ਸਾਂ ਸਾਰਾ ਜ਼ਹਿਰ।



ਬਾਲ ਉਮਰ ਤੋਂ ਹੀ ਜ਼ਹਿਰ ਪੀਂਦੀ ਆਈ ਸਾਂ ਮੈਂ। ਕਿੰਨੇ ਸਾਰੇ ਦੁੱਖ ਇਕੱਠੇ ਮੇਰੀ ਝੋਲੀ 'ਚ ਪੈ ਗਏ ਸਨ। ਫਿਰ ਤਾਂ ਦੁੱਖ ਹੀ ਦੁੱਖ ਮੇਰੇ ਸਾਹਮਣੇ ਆ ਟਕਰਾਉਂਦੇ ਰਹੇ.....ਤੇ ਜਿਵੇਂ ਮੈਂ ਇਨ੍ਹਾਂ ਦੁੱਖਾਂ ਦੀ ਆਦੀ ਹੀ ਹੋ ਗਈ ਹੋਵਾਂ। ਮੇਰਾ ਮਨ ਵੀ ਜਿਵੇਂ ਪੱਥਰ ਬਣਦਾ ਗਿਆ ਸੀ। ਪਰ ਰੱਬ ਨੇ ਜੀਤ ਤੇ ਉਹਦੀ ਘਰਵਾਲੀ ਦੇ ਰੂਪ 'ਚ ਮੈਨੂੰ ਢੇਰ ਸਾਰਾ ਪਿਆਰ ਪ੍ਰਸਾਦ ਰੂਪ 'ਚ ਬਖਸ਼ ਦਿੱਤਾ। ਇਹ ਅੰਮ੍ਰਿਤ ਵਰਗਾ ਪ੍ਰਸਾਦ ਹੀ ਤਾਂ ਹਨ ਮੇਰੇ ਲਈ। ਜੋ ਮੇਰਾ ਇੰਨਾ ਖਿਆਲ ਰੱਖ ਰਹੇ ਹਨ। ਮੈਨੂੰ ਇੱਥੇ ਲਿਆ ਕੇ ਇੰਨਾ ਮੇਰੀ ਬਾਕੀ ਬਚੀ ਇੱਛਾ ਵੀ ਪੂਰੀ ਕਰ ਦਿੱਤੀ। ਹੁਣ ਮੈਂ ਚੈਨ ਨਾਲ ਮਰ ਸਕਾਂਗੀ। ਲੱਗਦੈ ਜਿਵੇਂ ਉਹਦੀ ਰੂਹ ਨੂੰ ਮੇਰੇ ਆਉਣ ਨਾਲ ਸ਼ਾਂਤੀ ਮਿਲ ਗਈ ਹੋਵੇ। ਉਸ ਸ਼ਖ਼ਸ ਦਾ ਖ਼ੂਨ ਨਾਲ ਲੱਥਪਥ ਜਿਸਮ ਮੇਰੀਆਂ ਅੱਖਾਂ ਮੂਹਰੇ ਆ ਗਿਆ। ਨਾ ਚਾਹੁੰਦਿਆਂ ਵੀ ਅੱਖਾਂ ਦੇ ਕੋਇਆਂ 'ਚ ਅੱਥਰੂ ਟੱਪਕ ਕੇ ਬਾਹਰ ਵਹਿਣ ਲੱਗੇ ਹਨ।

"ਮਾਂ ਜੀ, ਲਓ ਪ੍ਰਸਾਦ.....।" ਕਿਸੇ ਦੇ ਬੋਲਾਂ ਨੇ ਮੇਰੀ ਸੁਰਤੀ ਤੋੜ ਦਿੱਤੀ ਹੈ। ਮੈਂ ਐਨਕ ਲਾਹ ਅੱਥਰੂ ਪੂੰਝ ਕੇ ਉਤਾਂਹ ਨਜ਼ਰਾਂ ਕਰ ਦੇਖਿਆ ਹੈ। ਇਕ ਸਰਦਾਰ ਮੇਰੇ ਵੱਲ ਪ੍ਰਸਾਦ ਵਾਲਾ ਹੱਥ ਵਧਾਈ ਖੜਾ ਸੀ। ਮੈਂ ਬਿਨਾਂ ਕੁਝ ਬੋਲੇ ਉਹਦੇ ਕੋਲੋਂ ਕੜਾਹ-ਪ੍ਰਸਾਦ ਲੈ ਲਿਆ ਹੈ। ਉਹ ਮੁਸਕਰਾ ਕੇ ਅੱਗੇ ਚਲਾ ਗਿਆ ਹੈ। ਉਸਦੀ ਨੀਲੀ ਪੋਚਵੀਂ ਪੱਗ ਬੰਨ੍ਹੀ ਦੇਖ ਕੇ ਮੇਰੀਆਂ ਅੱਖਾਂ ਮੂਹਰੇ ਦਾਰਜ਼ੀ ਦਾ ਚਿਹਰਾ ਆ ਮੰਡਰਾਉਣ ਲੱਗਾ

ਮੇਰੇ ਦਾਰਜੀ ਸ. ਸਵਰਨ ਸਿੰਘ ਵੀ ਜ਼ਿਆਦਾ ਨੀਲੀ ਪੱਗ ਹੀ ਬੰਨ੍ਹਦੇ ਸਨ। ਕੱਟੜ ਅਕਾਲੀ ਸਨ। ਗਰਮ ਦਲੀਏ। ਪਰ ਘਰ 'ਚ ਸੁਭਾਅ ਪੂਰਾ ਰੌਣਕੀ ਸੀ। ਸਾਰੇ ਟੱਬਰ ਨੂੰ ਹਮੇਸ਼ਾ ਖੁਸ਼ ਰੱਖਦੇ ਸਨ ਦਾਰਜ਼ੀ। ਮੈਨੂੰ ਅੱਜ ਵੀ ਯਾਦ ਹੈ ਕਿੰਨਾ ਹੱਸਣ-ਖੇਡਣ ਵਾਲਾ ਟੱਬਰ ਸੀ ਸਾਡਾ। ਗੁਆਂਢ ਵੀ ਵਧੀਆ। ਪਰਾਇਆ ਸ਼ਬਦ ਉਦੋਂ ਹੋਂਦ 'ਚ ਨਾ ਆਇਆ ਹੋਵੇ ਜਿਵੇਂ। ਸਭ ਕੋਈ ਆਪਣਾ-ਆਪਣਾ ਸੀ। ਮੇਰੀਆਂ ਭੈਣਾਂ ਰੱਜੋ, ਸੁੱਖੋ, ਬੱਬੋ, ਮੰਗੀ ਵੀਰ ਤੇ ਭੂਆ ਜੱਸੋ, ਜੀਤੋ, ਸਾਰੇ ਰਲ ਮਿਲ ਹਾਸੇ-ਠੱਠੇ ਕਰਦੇ ਸਾਂ। ਦੀਪਾਂ ਚਾਚੀ ਨਾਲ ਤ੍ਰਿੰਜਣ 'ਚ ਬੈਠ ਚਰਖਾ ਕੱਤਦੀਆਂ ਜਾਂ ਫਿਰ ਫੁੱਲ-ਬੂਟੀਆਂ ਚਾਦਰਾਂ ਤੇ ਕੱਢਣੀਆਂ। ਸਾਡੇ ਘਰ ਦਰੀਆਂ ਬੁਣਨ ਵੇਲੇ ਚਾਚੀ ਨਾਲ ਚੋਹਲ ਕਰਨੇ। ਅੱਜ ਵੀ ਸਾਰਾ ਕੁਝ ਚੇਤੇ 'ਚ ਵੱਸਿਆ ਹੈ।

ਫਿਰ ਅਜਿਹੀ ਤੱਤੀ ਵਾ ਚੱਲੀ ਕਿ ਸਾਰਾ ਕੁਝ ਪਲਾਂ 'ਚ ਓਪਰਾ ਜਾਪਣ ਲੱਗ ਪਿਆ ਸੀ। ਇਹ ਕੇਹੀ ਹਨੇਰੀ ਸੀ ? ਜਿਹਨੇ ਸਾਡੇ ਮਨਾਂ 'ਚ ਇੰਨੀ ਈਰਖਾ ਭਰ ਦਿੱਤੀ। ਕੌਣ ਆਪਣਾ ਏ ਤੇ ਕੌਣ ਪਰਾਇਆ ਏ ? ਸਮਝ ਆਉਣੋਂ ਹੱਟ ਗਿਆ। ਮੇਰੇ ਦਾਰਜੀ ਨੇ ਕਦੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ ਸੀ। ਫਿਰ ਇਹ ਵਾ ਇੱਕਦਮ ਜਿਵੇਂ ਸਾਰਾ ਪਿਆਰ ਆਪਣੇ ਨਾਲ ਵਹਾ ਕੇ ਲੈ ਗਈ। ਤੇ ਇਹਦੇ ਪਿੱਛੇ ਜੋ ਕੁਝ ਬਚਿਆ ਸੀ, ਉਹਨੂੰ ਯਾਦ ਕਰਨ ਨੂੰ ਵੀ ਚਿੱਤ ਨਹੀਂ ਕਰਦਾ। ਮਾੜੇ ਵੇਲਿਆਂ ਨੇ ਦਸਤਕ ਦਿੱਤੀ ਹੋਵੇ ਤਾਂ ਪਲਾਂ 'ਚ ਬਣਾਏ ਰਿਸ਼ਤੇ ਜਿਵੇਂ ਖਾਕ ਬਣ ਗਏ ਹੋਣ।

"ਹੇ ! ਬਾਬਾ ਨਾਨਕ ਮਿਹਰ ਕਰ। ਮੇਰੇ ਸੱਚੇ ਪਾਤਸ਼ਾਹ !....ਸਾਰਿਆਂ ਤੇ ਮੇਹਰ ਬਖਸ਼। ਜਿਵੇਂ ਇਹ ਰਾਹ ਖੁੱਲ੍ਹੇ ਨੇ। ਸਾਰਿਆਂ ਦਿਲਾਂ ਦੇ ਵੀ ਬੰਦ ਦਰ ਉਵੇਂ ਖੁੱਲ੍ਹ ਜਾਣ।" ਬੀਤਿਆ ਸਭ ਕੁਝ ਜਿਹਨ 'ਚ ਆਉਣ 'ਤੇ ਮੇਰੇ ਮੂੰਹੋਂ ਅਚਾਨਕ ਸ਼ਬਦ ਨਿਕਲ ਗਏ।

ਕਿੰਨਾ ਚਾਅ ਹੁੰਦਾ ਸੀ ਸਾਨੂੰ। ਆਏ ਦਸਵੀਂ, ਮੱਸਿਆ ਅਤੇ ਗੁਰਪੁਰਬ ਸਮੇਂ ਨਨਕਾਣੇ ਜਾਣ ਦਾ। ਦਾਰਜੀ ਬਲਦ ਜੋੜ ਗੱਡਾ ਤੋਰ ਲੈਂਦੇ। ਜੀਆਂ ਨਾਲ ਭਰੇ ਗੱਡੇ ਨੂੰ ਬਲਦ ਆਪੇ ਹੀ ਨਨਕਾਣੇ ਵੱਲ ਤੋਰ ਖਿੱਚਦੇ ਚਲੇ ਜਾਂਦੇ। ਜਾਨਵਰਾਂ ਨੂੰ ਵੀ ਜਿਵੇਂ ਸੋਝੀ ਹੁੰਦੀ ਏ। ਪਤਾ ਹੁੰਦਾ ਏ

ਕਿ ਹੁਣ ਸਾਡਾ ਮਾਲਕ ਕਿੱਧਰ ਲੈ ਕੇ ਜਾਣਾ ਚਾਹੁੰਦਾ ਏ। ਉੱਥੇ ਜਾ ਦਾਰਜੀ ਹੁਰੀਂ ਆਖੰਡ ਪਾਠ ਦੌਰਾਨ ਧੂਫ਼-ਬੱਤੀ ਕਰਦੇ। ਬੀਜੀ ਪੰਜ ਬਾਣੀਆਂ ਦਾ ਪਾਠ ਕਰਨ ਬਹਿ ਜਾਂਦੇ। ਦੀਪਾਂ ਚਾਚੀ...ਤੇ ਦੋਵੇਂ ਭੂਆ ਹੁਰੀਂ ਜੂਠੇ ਭਾਂਡੇ ਤੇ ਲੰਗਰ ਆਦਿ ਦੀ ਸੇਵਾ ਕਰਦੀਆਂ। ਅਸੀਂ ਤਾਂ ਨਿਆਣੀਆਂ ਸਾਂ। ਮੈਂ ਤਾਂ ਸੰਗਤ ਲਈ ਵਿਛੀਆਂ ਦਰੀਆਂ ਨੂੰ ਹੀ ਆਪਣੀ ਚੁੰਨੀ ਨਾਲ ਬੀਜੀ ਵਾਂਗ ਸਾਫ਼ ਕਰਦੀ ਰਹਿੰਦੀ ਸਾਂ। ਗੁਰਦੁਆਰੇ 'ਚ ਸੇਵਾ ਕਰਨ ਦਾ ਵੱਖਰਾ ਹੀ ਸਕੂਨ ਮਿਲਦਾ ਸੀ।

ਅਸੀਂ ਸਾਰਾ ਪਰਿਵਾਰ ਖੇਤ ਕਪਾਹ ਚੁਗਣ ਜਾਂਦੇ। ਚਾਚਾ ਰੂਪ ਜੋ ਸਾਡੇ ਖੇਤਾਂ ਦਾ ਸਾਰਾ ਕੰਮ-ਕਾਰ ਸੰਭਾਲਦਾ ਸੀ, ਉਹ ਤੇ ਉਹਦੀ ਘਰਵਾਲੀ ਦੀਪਾਂ ਚਾਚੀ ਸਾਡੀ ਹਵੇਲੀ ਦੇ ਕਮਰੇ 'ਚ ਹੀ ਰਹਿੰਦੇ ਸਨ। ਚਾਚੇ ਰੂਪ ਦੇ ਮਾਂ-ਪਿਓ ਮਰੇ ਹੋਏ ਸਨ। ਦਾਰਜੀ ਨੇ ਹੀ ਉਹਨੂੰ ਆਪਣੇ ਕੋਲ ਰੱਖਿਆ ਹੋਇਆ ਸੀ। ਅਸੀਂ ਦੁਪਹਿਰ ਦੀ ਰੋਟੀ ਤੇ ਚਾਹ ਇਕੱਠੇ ਪੀਂਦੇ-ਖਾਂਦੇ। ਦੀਪਾਂ ਚਾਚੀ ਸਰੋਂ ਦਾ ਸਾਗ ਬਣਾਉਂਦੀ ਤਾਂ ਸਾਰੇ ਘਿਓ ਪਾ-ਪਾ ਉਂਗਲਾਂ ਚੱਟ-ਚੱਟ ਮੁਕਾ ਦਿੰਦੇ। ਭੂਆ ਤੇ ਭਾਬੀ ਤਨੂਰ ਤੇ ਰੋਟੀਆਂ ਲਾਹੁੰਦੀਆਂ ਤਾਂ ਜਿਵੇਂ ਸਾਰੇ ਖਾਣ ਨੂੰ ਟੁੱਟ ਕੇ ਹੀ ਪੈ ਜਾਂਦੇ। ਪਰ ਇਸ ਤਰ੍ਹਾਂ ਤੇ ਸੋਚਿਆ ਵੀ ਨਹੀਂ ਸੀ ਕਿ ਇੰਝ ਖਿੰਡ-ਪੁੰਡ ਜਾਵੇਗਾ ਸਾਰਾ ਕੁਝ।.....ਉਹ ਹੱਸੂ-ਹੱਸੂ ਕਰਕੇ ਬੋਲਣ ਵਾਲੀ ਤੇ ਹਰ ਕੰਮ ਖਿੜੇ ਮੱਥੇ ਕਰਨ ਵਾਲੀ ਦੀਪਾਂ ਚਾਚੀ ਦੀ ਦੇਹ ਚੀਥੜੇ ਚੀਥੜੇ ਹੋਈ, ਮੇਰੇ ਕੋਲ ਦੇਖੀ ਨਹੀਂ ਸੀ ਗਈ ਉਦੋਂ। ਸਾਰੇ ਪਾਸੇ ਵੱਢ ਟੁੱਕ ਸੀ। ਭੱਜ-ਦੌੜ ਸੀ।

ਕਿੰਨਾ ਵਹਿਸ਼ਤੀ ਯੁੱਗ ਸੀ। ਜਿੱਥੇ ਨਾ ਕੋਈ ਆਪਣੇ ਦੀ ਸਮਝ ਆਉਂਦੀ ਸੀ ਤੇ ਨਾ ਹੀ ਬੇਗਾਨੇ ਦੀ। ਸਮੇਂ ਦੇ ਨਾਲ ਜਿਵੇਂ ਹਿਰਦਿਆਂ 'ਤੇ ਉਕਰੇ ਜ਼ਖ਼ਮ ਸੁੱਕਣੇ ਪੈ ਗਏ........ਉਵੇਂ ਕਈ ਗੱਲਾਂ ਕੱਜੀਆਂ ਵੀ ਚੰਗੀਆਂ ਲੱਗਦੀਆਂ ਨੇ। ਮੈਂ ਬੜਾ ਕੁਝ ਮਨ ਦੀ ਗੁੱਠੇ ਕੱਜ ਲਿਆ ਸੀ। ਭਾਵੇਂ ਕਈ ਰਾਤਾਂ ਜਾਗਦਿਆਂ ਔਸੀਆਂ ਪਾਉਂਦੀ ਰਹੀ। ਫਿਰ ਵੀ ਸਾਰੇ ਕਾਸੇ ਦੀ ਗੰਢ ਮਾਰ ਉਹਨੂੰ ਸੰਭਾਲਣ ਵੱਲ ਧਿਆਨ ਦਿੱਤਾ।

"ਬੇਬੇ....ਜੀ, ਥੋੜ੍ਹਾ ਅੱਗੇ ਹੋ ਕੇ ਬੈਠ ਜਾਓ।.....ਮੈਂ ਸਾਫ਼ ਕਰ ਦਿਆਂ ਮੈਟ।" ਇਕ ਦਸਾਂ-ਗਿਆਰ੍ਹਾਂ ਸਾਲਾਂ ਦੀ ਸੁਨੱਖੀ ਕੁੜੀ ਨੇ ਮੇਰੇ ਕੋਲ ਹੋ ਕੇ ਕਿਹਾ ਸੀ। ਮੈਂ ਤਾਂ ਹੋਰ ਹੀ ਖਿਆਲਾਂ 'ਚ ਉਲਝੀ ਹੋਈ ਸਾਂ। ਉਹਦੇ ਵੱਲ ਮੁਸਕਰਾ ਕੇ ਮੈਂ ਪਰ੍ਹਾਂ ਸਰਕ ਕੇ ਬੈਠ ਗਈ। ਉਹ ਆਪਣੀ ਚੁੰਨੀ ਨਾਲ ਮੈਟ ਸਾਫ਼ ਕਰਦੀ 'ਸਤਿਨਾਮ-ਵਾਹਿਗੁਰੂ....ਸਤਿਨਾਮ-ਵਾਹਿਗੁਰੂ' ਕਰਦੀ ਅੱਗੇ ਵੱਲ ਵੱਧ ਗਈ।

ਉਸ ਵੱਲ ਦੇਖਦਿਆਂ ਮੈਨੂੰ ਆਪਣਾ ਬਚਪਨ ਫਿਰ ਯਾਦ ਆ ਗਿਆ ਹੈ। ਮੈਂ ਵੀ ਦਾਰਜੀ-ਬੀਜੀ ਹੁਰਾਂ ਨਾਲ ਜਦੋਂ ਗੁਰਦੁਆਰੇ ਜਾਂਦੀ ਸਾਂ ਤਾਂ ਆਪਣੀਆਂ ਭੈਣਾਂ ਨਾਲ ਇਵੇਂ ਹੀ ਸੇਵਾ ਕਰਦੀ ਹੁੰਦੀ ਸਾਂ। ਉਦੋਂ ਵੀ ਮੈਂ ਇੰਨੀ ਕੁ ਉਮਰ ਦੀ ਸਾਂ ਜਦੋਂ ਇਸੇ ਸਥਾਨ ਤੋਂ ਜਵਾਲਾ ਸਿੰਘ ਮੇਰਾ ਤੇ ਮੇਹਰ ਦਾ ਹੱਥ ਫੜ੍ਹ ਸਾਨੂੰ ਆਪਣੇ ਨਾਲ ਅੰਮ੍ਰਿਤਸਰ ਸ਼ਰਨਾਰਥੀ ਕੈਂਪ 'ਚ ਲੈ ਆਇਆ ਸੀ। ਉਹ ਦਾਰਜੀ ਦਾ ਦੋਸਤ ਸੀ। ਉਨ੍ਹਾਂ ਨਾਲ ਹੀ ਗਰਮ ਦਲੀਆਂ 'ਚ ਸ਼ਾਮਲ ਸਨ। ਦਾਰਜੀ ਨਾਲ ਇਕੱਠਿਆਂ ਹੀ ਜ਼ੇਲ੍ਹ ਕੱਟੀ ਸੀ ਉਨ੍ਹਾਂ। ਅਸੀਂ ਕੁਝ ਦਿਨ ਅੰਮ੍ਰਿਤਸਰ ਕੈਂਪ 'ਚ ਰਹੇ। ਜਦੋਂ ਦੰਗੇ ਸ਼ਾਂਤ ਹੋਏ ਤਾਂ ਉਹਦੇ ਨਾਲ ਹੀ ਬੀਰੇਵਾਲੇ ਆ ਗਏ ਸਾਂ। ਫਿਰ ਉਹਨੇ ਮੈਨੂੰ ਦਸਾਂ-ਗਿਆਰ੍ਹਾਂ ਸਾਲ ਦੀ ਨੂੰ ਹੀ ਆਪਣੇ ਵੱਡੇ ਮੁੰਡੇ ਮੰਗਲ ਨਾਲ ਵਿਆਹ ਕੇ ਨੂੰਹ ਬਣਾ ਲਿਆ ਸੀ। ਤੇ ਮੇਹਰ ਨੂੰ ਉਹਨੇ ਖੇਤੀ ਕਰਨ ਲਾ ਲਿਆ ਸੀ।

ਦੋਹਾਂ-ਤਿੰਨਾਂ ਸਾਲਾਂ 'ਚ ਹੀ ਮੈਂ ਬਚਪਨੇ ਤੋਂ ਗੁਜ਼ਰ ਕੇ ਇਕਦੱਮ ਹੇਠ-ਉੱਤੇ ਦੋ



ਨਿਆਣਿਆਂ ਦੀ ਮਾਂ ਬਣ ਗਈ ਸਾਂ। ਤੇ ਅੰਦਰ ਪਏ ਜ਼ਖ਼ਮ ਜਿਵੇਂ ਸੁੱਕ ਕੇ ਕਿਤੇ ਦਫ਼ਨ ਹੋ ਗਏ। ਮੁੜ ਮੈਂ ਇਨ੍ਹਾਂ ਦੀ ਭਾਫ਼ ਨਹੀਂ ਕੱਢੀ। ਪਰ ਵੇਲੇ-ਕੁਵੇਲੇ ਜਦੋਂ ਵੀ ਕਦੇ ਇਕੱਲੀ ਹੁੰਦੀ ਸਾਂ ਤਾਂ ਮੇਰੀਆਂ ਨਜ਼ਰਾਂ ਅੱਗੇ ਸਾਰੇ ਦ੍ਰਿਸ਼ ਉਵੇਂ ਫਿਰ ਪਲਾਂ 'ਚ ਘੁੰਮਣ ਲੱਗ ਜਾਂਦੇ। ਕਦੇ ਚਾਚਾ ਹਜ਼ੂਰਾ, ਕਦੇ ਦੀਪਾਂ ਚਾਚੀ। ਤੇ ਜੋ ਸਭ ਤੋਂ ਜ਼ਿਆਦਾ ਚਿਹਰਾ ਅੱਖਾਂ ਮੂਹਰੇ ਆ ਦਿੱਸਦਾ ਉਹ ਉਸ ਭਲੇ ਸੱਜਣ ਦਾ ਹੀ ਸੀ।

ਆਪਣੇ ਦੋਵਾਂ ਪੁੱਤਰਾਂ ਦੀ ਸੰਭਾਲ, ਮੰਗਲ ਦੇ ਸਾਥ ਅਤੇ ਘਰ ਦੇ ਕੰਮਾਂ-ਕਾਰਾਂ ਦੇ ਰੁਝੇਵੇਂ 'ਚ ਵੀ ਕਈ ਵਾਰ ਇਕੱਲੇ ਹੁੰਦਿਆਂ ਇਹ ਰਿਸਦੇ ਫਟ ਮੇਰੇ ਸਾਹਮਣੇ ਆ ਕਮਜ਼ੋਰ ਕਰਦੇ ਰਹਿੰਦੇ ਸਨ। ਅੰਦਰੋਂ ਅੱਚਵੀਂ ਜਿਹੀ ਉੱਠਦੀ। ਉਸ ਭਲੇ ਪੁਰਸ਼ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਘੁੰਮਣ ਲੱਗਦਾ। ਕਦੇ ਮਨ ਕਰਦਾ ਕਿ ਕਿਸੇ ਕੋਲ ਸਾਰਾ ਕੁਝ ਬੀਤਿਆ ਦੱਸ ਹੌਲੇ ਕਰ ਲਵਾਂ ਕਾਲਜੇ ਨੂੰ। ਪਰ ਫਿਰ ਦੂਜੇ ਹੀ ਪਲ ਵੱਸੇ-ਵਸਾਏ ਘਰ-ਪਰਿਵਾਰ ਦੇ ਉੱਜੜਨ ਦੀ ਸੰਸਾ ਮਨ 'ਚ ਘਰ ਕਰ ਜਾਂਦੀ। ਮੇਰੇ ਸਹੁਰੇ ਜਵਾਲਾ ਸਿੰਘ ਨੂੰ, ਜਿਹਨੂੰ ਮੈਂ ਵਿਆਹ ਤੋਂ ਬਾਅਦ ਦਾਰਜੀ ਕਹਿਣ ਲੱਗ ਪਈ ਸਾਂ....ਵੱਲੋਂ ਮਿਲਿਆ ਪਿਆਰ ਪਲਾਂ 'ਚ ਹੀ ਛੂ-ਮੰਤਰ ਹੋਇਆ ਦਿੱਸਦਾ। ਲੱਗਦਾ ਸਾਰੇ ਜਣੇ ਮੇਰੇ ਨਾਲ ਨਫ਼ਰਤ ਕਰਨ ਲੱਗ ਪੈਣਗੇ। ਤੇ ਮੈਂ ਅਜਿਹਾ ਸੋਚ ਸਬਰ ਦਾ ਘੁੱਟ ਭਰ ਲੈਂਦੀ।

ਮੈਂ ਆਪਣੇ ਪੋਤੇ ਜੀਤ ਤੇ ਪੋਤੀ ਭੋਲੀ ਨਾਲ ਪਰਚੀ ਰਹਿੰਦੀ ਸਾਂ।.........ਉਹ ਮੈਨੂੰ ਰੌਲੇ ਦੀਆਂ ਬਾਤਾਂ ਸੁਣਾਉਣ ਲਈ ਕਹਿੰਦੇ ਰਹਿੰਦੇ। ਇਨ੍ਹਾਂ ਵਿਚਾਰਿਆਂ ਬਾਲਾਂ ਨੂੰ ਕੀ ਪਤਾ ਸੀ ਰੌਲੇ ਬਾਰੇ। ਪਰ ਜਦੋਂ ਦੀ ਇਹ ਖ਼ਬਰ ਸੁਣੀ ਟੀ ਵੀ 'ਤੇ ਤਾਂ ਮੇਰੇ ਅੰਦਰ ਦੱਬਿਆ ਪਿਛਲਾ ਕਿੰਨਾ ਕੁਝ ਫਿਰ ਉੱਛਲਣ ਲੱਗ ਪਿਆ। ਮੇਰਾ ਮਨ ਕਰਦਾ ਕਿ ਮੇਰੇ ਖੰਭ ਹੋਣ ਤੇ ਮੈਂ ਨਨਕਾਣੇ ਉੱਡ ਕੇ ਪਹੁੰਚ ਜਾਵਾਂ। ਤੇ ਉਨ੍ਹਾਂ ਥਾਵਾਂ ਨੂੰ ਜਾ ਦੇਖਾਂ ਜਿੱਥੇ ਸਾਡਾ ਸਾਰਾ ਪਰਿਵਾਰ ਅਕਸਰ ਇਕੱਠੇ ਆਇਆ ਕਰਦਾ ਸੀ। ਕਦੇ ਕੋਈ ਟੀ ਵੀ 'ਤੇ ਬੱਚੇ ਕੋਈ ਫਿਲਮ ਵਗੈਰਾ ਦੇਖ ਲੈਂਦੇ ਤਾਂ ਮੈਨੂੰ ਕਹਿਣ ਲੱਗਦੇ, "ਬੇਬੇ, ਸੱਚੀਂ ਇਨ੍ਹਾਂ ਦਰਦਮਈ ਵਾਪਰਿਆ ਸੀ।"

ਮੈਂ ਹਾਂ ਆਖ ਕੇ ਹੀ ਸਾਰ ਜਾਂਦੀ। ਮਨ 'ਚ ਕੁਝ ਉੱਬਲਦਾ, "ਨਹੀਂ ਪੁੱਤ....ਇਸ ਤੋਂ ਵੀ ਬੜਾ ਦੁੱਖਦਾਈ....ਮਾੜਾ ਵਾਪਰਿਆ......।"

ਨਿਆਣੇ ਤਾਂ ਆਪਣੀਆਂ ਖੇਡਾਂ 'ਚ ਮਸਤ ਹੋ ਜਾਂਦੇ....ਪਰ ਮੇਰੇ ਅੰਦਰ ਕਿੰਨਾ ਕੁਝ ਪ੍ਰਤੱਖ ਹੋ ਜਾਂਦਾ। ਬਾਲ ਵਰੇਸ ਦਾ ਉਹ ਭਿਆਨਕ ਸਮਾਂ। ਤੇ ਉੱਤੋਂ ਪਹਾੜਾਂ ਜਿੱਡੇ ਲੰਬੇ ਦਹਿਸ਼ਤੀ ਦਿਨ।.....ਤੇ ਕਾਲੀਆਂ ਰਾਤਾਂ....।"

ਮੈਨੂੰ ਅੱਜ ਵੀ ਯਾਦ ਹੈ ਦਾਰਜੀ ਉਸ ਦਿਨ ਸ਼ੇਖੂਪੁਰੇ ਗਏ ਹੋਏ ਸਨ। ਜੀਤੋ ਭੂਆ ਦੇ ਵਿਆਹ ਦੇ ਸਾਮਾਨ ਦੀ ਖਰੀਦਦਾਰੀ ਕਰਨ। ਜਦੋਂ ਬਾਅਦ 'ਚ ਅੱਗ ਭੜਕ ਗਈ। ਸ਼ਰਾਰਤੀਆਂ ਨੇ ਤਿੰਨਾਂ ਫਿਰਕਿਆਂ 'ਚ ਪਾੜ ਪਾ ਦਿੱਤਾ ਸੀ। ਮੁਸਲਮਾਨ ਤੇ ਹਿੰਦੂ-ਸਿੱਖ ਇਕ-ਦੂਜੇ ਦੇ ਦੁਸ਼ਮਣ ਬਣ ਗਏ। ਵੇਖਦਿਆਂ-ਵੇਖਦਿਆਂ ਹੀ ਇਹ ਅੱਗ ਸਾਡੇ ਪਿੰਡ ਕਰਮਪੁਰੇ 'ਚ ਵੀ ਤੇਜ਼ੀ ਨਾਲ ਬਲ ਤੁਰੀ ਸੀ। ਸਾਡੇ ਨਾਲ ਦੇ ਮੁਹੱਲੇ 'ਚ ਰਹਿੰਦੇ ਅਹਿਮਦ ਜਿਹਨੂੰ ਅਸੀਂ ਚਾਚਾ ਜਾਨ ਆਖਿਆ ਕਰਦੇ ਸਾਂ, ਨੇ ਆਪਣੇ ਨਾਲ ਹੋਰ ਮੁਸਲਿਮ ਬੰਦਿਆਂ ਨੂੰ ਰਲਾ ਲਿਆ। ਉਹ ਸਾਰੇ ਸਾਡੀ ਹਿਫ਼ਾਜਤ ਲਈ ਡੱਟ ਗਏ। ਬੀਜੀ ਨੂੰ ਕਹਿਣ ਲੱਗੇ, "ਭਰਜਾਈ ਡਰੋ ਨਾ ਤੁਸੀਂ......ਇੱਧਰ ਕਿਸੇ ਦੀ ਹਿੰਮਤ ਨਹੀਂ ਜੇ ਆਉਣ ਦੀ। ਤੁਸੀਂ ਚਿੰਤਾ ਨਾ ਕਰੋ।"

ਉਹ ਬੀਜੀ ਨੂੰ ਤਸੱਲੀਆਂ ਦੇ ਰਿਹਾ ਸੀ। ਪਰ ਨਹੀਂ ਹਿੰਸਕ ਤੂਫਾਨ ਨੇ ਉਹਦੀ ਇਕ

ਨਾ ਚੱਲਣ ਦਿੱਤੀ ਸੀ। ਤੇ ਪਤਾ ਲੱਗਾ ਸੀ ਕਿ ਧਾਰੀਵਾਲ ਪਿੰਡ ਦੀ ਹੱਦ 'ਤੇ ਉਹਨੇ ਸ਼ਰਾਰਤੀਆਂ ਨੂੰ ਆਉਂਦਿਆਂ ਰੋਕਣ ਲਈ ਜੋ ਜੱਥਾ ਬਣਾਇਆ ਸੀ, ਉਹ ਅਹਿਮਦ ਦਾ ਹੀ ਵੱਡਾ ਵੈਰੀ ਬਣ ਗਿਆ। ਅਖੇ-"ਤੂੰ ਸਿੱਖਾਂ ਨੂੰ ਆਪਣੇ ਘਰ ਸ਼ਰਣ ਦੇ ਕੇ ਆਪਣੇ ਫ਼ਿਰਕੇ ਨਾਲ ਹੀ ਗੱਦਾਰੀ ਕਰਦਾ ਏਂ।"

ਅਫ਼ਵਾਹਾਂ ਦਾ ਪੂਰਾ ਜ਼ੋਰ ਸੀ। ਕਿੱਧਰੇ ਕੋਈ ਆ ਕੇ ਦੱਸਦਾ ਕਿ ਕਾਮੋ ਕੀ ਮੰਡੀ 'ਚ ਕਈ ਸਿੱਖਾਂ ਤੇ ਹਿੰਦੂਆਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਹਰ ਮੁਹੱਲੇ ਤੇ ਪਿੰਡਾਂ 'ਚ ਅਫਵਾਹਾਂ ਫੈਲ ਰਹੀਆਂ ਸਨ। ਕੋਈ ਕਹਿੰਦਾ ਫਲਾਣੀ ਥਾਂ ਦਸ ਸਿੱਖਾਂ ਨੂੰ ਮਾਰ ਦਿੱਤਾ ਤੇ ਕੋਈ ਕਹਿੰਦਾ ਫਲਾਣੇ ਕੂਚੇ ਪੰਜ ਹਿੰਦੂਆਂ ਨੂੰ ਮਾਰ ਦਿੱਤਾ। ਤੇ ਕੋਈ ਕਹਿੰਦਾ ਸਿੱਖਾਂ ਨੇ ਮੁਹੱਲਾ ਗੋਬਿੰਦਪੁਰਾ 'ਚ ਸੱਤ ਮੁਸਲਮਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਏ। ਖ਼ੂਨ ਇਕ ਦੂਜੇ ਦੇ ਪਿਆਸੇ ਹੋ ਰਹੇ ਸਨ। ਲਹੂ ਜ਼ਿਆਦਾ ਗਰਮਾ ਗਿਆ ਲੱਗਦਾ ਸੀ। ਕਿਤੇ ਕੋਈ ਭਾਈਚਾਰਕ ਸਾਂਝ ਦਿੱਸਦੀ ਨਹੀਂ ਆ ਰਹੀ ਸੀ। ਪਰ ਅਜਿਹੇ ਮਾਹੌਲ 'ਚ ਅਹਿਮਦ ਚਾਚੇ ਦੀ ਵਹੁੱਟੀ ਹਮੀਰਾਂ ਦੇ ਬੋਲ ਰੂਹ ਨੂੰ ਸਕੂਨ ਦੇਣ ਵਾਲੇ ਨਿਕਲੇ ਸਨ, "ਭੈਣਾਂ ਤੂੰ ਕਿਉਂ ਘਬਰਾਉਂਦੀ ਏਂ। ਅਸੀਂ ਸਾਰੇ ਤੇਰੇ ਨਾਲ ਆਂ।"

ਸ਼ਾਮ ਬੀਤ ਗਈ। ਚਾਚਾ ਰੂਪ ਤੇ ਹਜ਼ੂਰਾ ਬਾਹਰ ਨਿਕਲ ਗਏ ਸਨ, ਦਾਰਜੀ ਦਾ ਪਤਾ ਲਾਉਣ ਲਈ। ਪਰ ਅਗਲੀ ਰਾਤ ਮੁੜਿਆ ਕੇਵਲ ਹਜ਼ੂਰਾ ਚਾਚਾ ਹੀ ਸੀ। ਉਹਦੇ ਲੀੜੇ ਰੱਤ ਨਾਲ ਭਿੱਜੇ ਹੋਏ ਸਨ। ਉਹ ਘਰ 'ਚ ਵੜਦੇ ਹੀ ਬੀਜ਼ੀ ਨੂੰ ਕਹਿਣ ਲੱਗਾ, "ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਆਇਆਂ ਭਰਜਾਈ। ਰੂਪ ਨੂੰ ਲਾਹੌਰ ਕੋਲ ਦੰਗਈਆਂ ਨੇ ਕਿਰਪਾਨਾਂ ਨਾਲ ਵੱਢ ਦਿੱਤਾ। ਮੇਰੇ ਪਿੱਛੇ ਵੀ ਪਏ ਸੀ। ਮੈਂ ਲੁਕ ਕੇ ਆਪਣੀ ਜਾਨ ਬਚਾਈ ਮਸਾਂ। ਤੂੰ ਦੀਪਾਂ ਭਾਬੀ ਨੂੰ ਅਜੇ ਕੁਝ ਨਾ ਦੱਸੀਂ, ।.....ਮੈਂ ਵਿਹਨਾ ਜਾ ਕੇ ਕੀ ਮਾਹੌਲ ਏ। "

ਅਗਲੀ ਸ਼ਾਮ ਕਿਸੇ ਨੇ ਆ ਕੇ ਦੱਸਿਆ ਕਿ ਪਿੰਡ ਖਿਲਚੀਆਂ ਵਿਖੇ ਹਿੰਦੂਆਂ ਸਿੱਖਾਂ ਨੇ ਕੱਠੇ ਹੋ ਕੇ ਕਾਫ਼ਿਲੇ 'ਚ ਅੰਮ੍ਰਿਤਸਰ ਵੱਲ ਜਾਣ ਦਾ ਫੈਸਲਾ ਕੀਤਾ ਏ। ਇੱਧਰ ਹਾਲਾਤ ਠੀਕ ਨਹੀਂ ਏ। ਤੁਸੀਂ ਵੀ ਆਪਣਾ ਜ਼ਰੂਰੀ ਸਾਮਾਨ ਬੰਨ੍ਹ ਲਓ।" ਮੈਂ ਆਉਣਾ ਹਨੇਰੇ ਪਏ।

ਸਰਦਾਰਾਂ ਦੇ ਮੁਹੱਲੇ 'ਚ ਕੁਝ ਘਰਾਂ ਦੇ ਹਿੰਦੂਆਂ-ਸਿੱਖਾਂ ਨੂੰ ਮੋਹਤਬਰਾਂ ਨਾਲ ਲੈ ਕੇ ਅੰਮ੍ਰਿਤਸਰ ਵੱਲ ਰਵਾਨਾ ਹੋਣਾ ਸੀ। ਦੀਪਾਂ ਚਾਚੀ ਦਾ ਦੁਪਹਿਰ ਤੋਂ ਪਤਾ ਨਹੀਂ ਸੀ ਚੱਲ ਰਿਹਾ। ਘਰ ਬਾਰ ਸਾਰੇ ਖਾਲੀ ਹੋ ਰਹੇ ਸਨ। ਅਸੀਂ ਵੀ ਚੱਲਣ ਦੀ ਤਿਆਰੀ ਕਰਨ ਲੱਗੇ। ਮੈਂ ਅੰਦਰਲੇ ਪਸਾਰ ਵਾਲੇ ਕਮਰੇ 'ਚ ਨਿੱਕੀ ਟਰੰਕੀ ਲੈਣ ਗਈ। ਤਾਂ ਉੱਥੇ ਦੀਪਾਂ ਚਾਚੀ ਤੜਫ ਰਹੀ ਸੀ। ਮੈਂ ਹੱਥ ਨਾਲ ਉਹਨੂੰ ਉਠਾਉਣ ਦੀ ਕੋਸ਼ਿਸ਼ ਕੀਤੀ। ਉਹਦੇ ਸਾਹ ਜਿਵੇਂ ਮੁੱਕ ਚੁੱਕੇ ਸਨ। ਇਸ ਤੋਂ ਪਹਿਲਾਂ ਕਿ ਮੇਰਾ ਬਾਲ ਮਨ ਜ਼ਿਆਦਾ ਸੋਚਦਾ, ਹਜ਼ੂਰਾ ਚਾਚਾ ਮੇਰੀ ਬਾਂਹ ਫੜ ਕੇ ਬਾਹਰ ਵੱਲ ਲੈ ਗਿਆ, "ਨ੍ਹੀਂ ਕੁੜੀਏ, ਤੂੰ ਕੀ ਇੱਥੇ ਕਰਨ ਡਹੀ ਏਂ?"

ਅੱਗ ਸਾਡੇ ਮੁਹੱਲੇ ਤੱਕ ਆ ਗਈ ਸੀ। ਦੰਗਈਆਂ ਦਾ ਕੋਈ ਪਤਾ ਨਹੀਂ ਸੀ ਚੱਲ ਰਿਹਾ ਕਿ ਕੌਣ ਮੁਸਲਮਾਨ ਏ? ਕਿਹੜਾ ਹਿੰਦੂ ਏ ਜਾਂ ਕਿਹੜਾ ਸਿੱਖ? ਬੱਸ ਸਾਰੇ ਪਾਸੇ ਖ਼ੂਨ ਤੇ ਅੱਗ ਦੇ ਭਾਂਬੜ ਹੀ ਬਲ ਰਹੇ ਸਨ। ਬੀਜੀ ਨੇ ਸਾਰਾ ਜ਼ਰੂਰੀ ਸਾਮਾਨ ਚੁੱਕ ਲਿਆ। ਸੋਨਾ ਜ਼ੇਵਰਾਤ ਵਗੈਰਾ ਆਪਣੇ ਨੇਫੇ 'ਚ ਗੁਥਲੀ ਬਣਾ ਤੁੰਨ ਲਏ। ਸਾਰੇ ਜਣੇ ਬਾਹਰ ਕਾਫ਼ਲੇ 'ਚ ਜਾਣ ਲੱਗੇ ਸਾਂ। ਬਾਹਰ ਵਿਹੜੇ 'ਚ ਲੋਕਾਂ ਦਾ ਹਜੂਮ ਖੜਾ ਸੀ। ਔਰਤਾਂ, ਬੱਚੇ, ਬੁੱਢੇ ਤੇ ਜਵਾਨ। ਕਿਸੇ ਦੇ ਹੱਥ 'ਚ ਸੋਟੀਆਂ ਸਨ, ਕਿਸੇ ਦੇ ਹੱਥ ਕਿਰਪਾਨਾਂ ਤੇ ਭਾਲੇ ਵਗੈਰਾ। ਉਥੋਂ ਦਲ ਰਵਾਨਾ ਹੋ ਗਿਆ। ਮੂਹਰੇ



ਜਵਾਨ ਬੰਦੇ ਸਨ। ਤੇ ਵਿਚਾਲੇ ਔਰਤਾਂ, ਕੁੜੀਆਂ ਤੇ ਬੱਚੇ। ਉਸ ਤੋਂ ਪਿੱਛੇ ਬਜ਼ੁਰਗ ਤੇ ਬਿਲਕੁਲ ਮਗਰੇ ਫਿਰ ਜਵਾਨ ਬੰਦੇ ਤੁਰਦੇ ਜਾ ਰਹੇ ਸਾਂ। ਜ਼ਰੂਰਤ ਦਾ ਮਾੜਾ-ਮੋਟਾ ਸਾਮਾਨ ਤਕਰੀਬਨ ਸਾਰਿਆਂ ਦੇ ਕੋਲ ਹੀ ਸੀ।

ਅਜੇ ਕੁਝ ਚਿਰ ਦਾ ਹੀ ਪੈਂਡਾ ਤੈਅ ਕੀਤਾ ਸੀ ਕਿ ਅਚਾਨਕ 'ਯਾ ਅੱਲ੍ਹਾ.....ਯਾ ਅੱਲ੍ਹਾ' ਦੀਆਂ ਆਵਾਜ਼ਾਂ ਨੇੜੇ ਆਉਣ ਲੱਗੀਆਂ। ਅੱਧੇ ਘੰਟੇ 'ਚ ਹੀ ਹਜੂਮ ਆਇਆ ਤੇ ਕਿੰਨੀਆਂ ਲਾਸ਼ਾਂ ਧਰਤੀ 'ਤੇ ਵਿਛਾ ਕੇ ਅੱਗੇ ਲੰਘ ਗਿਆ। ਜੋ ਬਚੇ, ਜਿੱਧਰ ਰਸਤਾ ਮਿਲਿਆ ਉੱਧਰ ਨੂੰ ਭੱਜ ਤੁਰੇ। ਸਾਨੂੰ ਬੀਜੀ ਤੇ ਭੂਆ ਹੁਰਾਂ ਫੜਿਆ ਹੋਇਆ ਸੀ। ਭੂਆ ਜੀਤੋ ਤੇ ਜੱਸੋ ਦੇ ਨਾਲ ਮੇਰੀ ਵੱਡੀ ਭੈਣ ਰੱਜੋ ਵੀ ਗਾਇਬ ਸੀ। ਕਿੰਨਾ ਚਿਰ ਲੱਭਿਆ। ਉਨ੍ਹਾਂ ਦੀ ਰਾਹ ਉਡੀਕਦੇ ਰਹੇ। ਰੋਂਦਾ-ਵਿਲਕਦਾ, ਪੰਦਰ੍ਹਾਂ ਕੁ ਜਣਿਆ ਦਾ ਸਾਡਾ ਜੱਥਾ 'ਸਤਿਨਾਮ ਵਾਹਿਗੁਰੂ....ਸਤਿਨਾਮ ਵਾਹਿਗੁਰੂ'...... ਦਾ ਜਾਪ ਕਰਦਾ ਅਗਲੇ ਪੰਧ ਲਈ ਰਵਾਨਾ ਹੋ ਗਿਆ।

"ਸਤਿਨਾਮ ਵਾਹਿਗੁਰੂ......ਸਤਿਨਾਮ ਵਾਹਿਗੁਰੂ.....।" ਦੀਆਂ ਆਵਾਜ਼ਾਂ ਨੇ ਮੈਨੂੰ ਸੋਚਾਂ 'ਚੋਂ ਬਾਹਰ ਕੱਢ ਦਿੱਤਾ ਹੈ। ਮੇਰੇ ਕੋਲ ਦੀ ਤਿੰਨ ਚਾਰ ਬੁੱਢੀਆਂ ਸਿਰਾਂ 'ਤੇ ਪੀਲੇ ਪਟਕੇ ਬੰਨ੍ਹੀ ਹੱਥ ਜੋੜਦੀਆਂ 'ਸਤਿਨਾਮ ਵਾਹਿਗੁਰੂ'....'ਸਤਿਨਾਮ ਵਾਹਿਗੁਰੂ'....ਕਰਦੀਆਂ ਲੰਘ ਗਈਆਂ ਹਨ। ਦੂਰ ਤੱਕ ਨਜ਼ਰ ਘੁਮਾਉਂਦੀ ਹਾਂ। ਜੀਤ ਹੁਰਾਂ 'ਚੋ ਕੋਈ ਦਿਖਾਈ ਨਹੀਂ ਦੇ ਰਿਹਾ। ਖ਼ਬਰੇ ਕਿੱਧਰ ਤੁਰ ਗਏ ਨੇ। ਗੁਰਦੁਆਰੇ ਦੇ ਸਪੀਕਰ 'ਚੋਂ ਕਿਸੇ ਭਾਈ ਦੀ ਆਵਾਜ਼ ਕੰਨਾਂ 'ਚ ਆਉਣ ਲੱਗੀ ਏ, "ਭਾਈ ਗੁਰੂ ਨਾਨਕ ਦੀ ਪਿਆਰੀ ਸੰਗਤ.....ਤੁਸੀਂ ਵਡਭਾਗੇ ਹੋਂ ਜੋ ਇਸ ਦਰ ਦੇ ਦਰਸ਼ਨ ਕਰਨ ਦਾ ਭਾਗ ਪ੍ਰਾਪਤ ਕਰ ਰਹੇ ਹੋਂ। ਇਸ ਸਥਾਨ ਦੇ ਵਿੱਛੜਨ ਸਮੇਂ ਤੋਂ ਲੈ ਕੇ ਅੱਜ ਤੱਕ ਕਰੋੜਾਂ ਅਰਦਾਸਾਂ ਹੋਈਆਂ.....ਜਿਨ੍ਹਾਂ ਦੇ ਸਦਕਾ ਅਸੀਂ ਇਸ ਵਿੱਛੜੇ ਗੁਰੂਧਾਮ ਦੇ ਦਰਸ਼ਨ ਕਰਨ 'ਚ ਸਫ਼ਲ ਹੋ ਰਹੇ ਹਾਂ। ਜਿਉਂਦੇ ਰਹਿਣ ਦੋਵਾਂ ਮੁਲਕਾਂ ਦੇ ਵਾਸੀ....ਤੇ ਸਰਕਾਰਾਂ......ਜਿਨ੍ਹਾਂ ਇਸ ਪਵਿੱਤਰ ਅਸਥਾਨ ਦੇ ਦਰ ਖੋਲ੍ਹਣ 'ਚ ਆਪਣੀ ਭੂਮਿਕਾ ਨਿਭਾਈ......।"

ਉਹ ਲਗਾਤਾਰ ਬੋਲੀ ਜਾ ਰਿਹਾ ਹੈ। ਪਰ ਮੈਂ ਫਿਰ ਆਪਣੇ ਬਚਪਨ 'ਚ ਪਰਤਦੀ ਜਾ ਰਹੀ ਸਾਂ। ਉਦੋਂ ਕਿਸੇ ਦੀ ਸਰਕਾਰ ਨਹੀਂ ਰਹੀ ਸੀ। ਅੰਗਰੇਜ਼ਾਂ ਨੇ ਆਪਣਾ ਪੱਤਾ ਖੇਡਿਆ ਸੀ, ਤੇ ਜਾਂ ਕੁਝ ਲੀਡਰਾਂ ਨੇ ਆਪਣੀ ਕੁਰਸੀ ਦੇ ਸੁਫਨੇ ਸਜਾਏ ਸਨ। ਪਰ ਇਸਦਾ ਹਰਜਾਨਾ ਲੱਖਾਂ ਮਾਸੂਮਾਂ ਨੂੰ ਆਪਣੀ ਬਲੀ ਦੇ ਕੇ ਤਾਰਨਾ ਪਿਆ ਸੀ। ਕਿੰਨੇ ਲੋਕ ਸਨ ਜੋ ਰਾਹਾਂ 'ਚ ਹੀ ਦਫ਼ਨ ਹੋ ਗਏ। ਉਸ ਦਿਨ ਵੀ ਮੈਂ ਤੇ ਮੇਹਰ, ਹਜ਼ੂਰੇ ਚਾਚੇ ਨਾਲ ਬੱਚਦੇ-ਬਚਾਉਂਦੇ ਨਨਕਾਣੇ ਵੱਲ ਨੂੰ ਤੁਰੇ ਆਏ ਸਾਂ। ਜਦੋਂ ਅਚਾਨਕ ਕਿਸੇ ਨੇ ਸਾਡੇ ਜੱਥੇ 'ਤੇ ਆ ਧਾਵਾ ਬੋਲਿਆ ਸੀ। ਤੇ ਉਹ ਕਿੰਨੇ ਲੋਕਾਂ ਦਾ ਸੱਥਰ ਵਿਛਾ ਕੇ ਅੱਗੇ ਲੰਘ ਗਿਆ ਸੀ। ਹਰ ਪਾਸੇ ਲਾਸ਼ਾਂ ਦੇ ਢੇਰ ਤੇ ਡੁੱਲ੍ਹੇ ਖ਼ੂਨ ਦੇ ਛੱਪੜ ਹੀ ਦਿਖਾਈ ਦੇ ਰਹੇ ਸਨ।

ਅੰਮ੍ਰਿਤਸਰ ਕੈਂਪ 'ਚ ਆਉਣ ਤੋਂ ਪਹਿਲੀਆਂ ਤਿੰਨ ਰਾਤਾਂ ਨੂੰ ਮੈਂ ਅੱਜ ਤੱਕ ਨਹੀਂ ਭੁੱਲ ਸਕੀ। ਪਹਿਲੀ ਰਾਤ 'ਚ ਦੰਗਈਆਂ ਵੱਲੋਂ ਕੀਤੇ ਹਮਲੇ 'ਚ ਸਾਡੇ ਕਈ ਜਣੇ ਵਿੱਛੜ ਗਏ....ਜਾਂ ਕਹਿ ਲਓ ਮਰ ਮੁੱਕ ਗਏ। ਦੂਜੇ ਦਿਨ ਮੈਂ ਮੇਹਰ ਤੇ ਚਾਚਾ ਹਜ਼ੂਰਾ ਹੀ ਬਾਕੇ ਬਚੇ ਸਾਂ। ਦੂਜੇ ਦਿਨ ਸੁਵੱਖਤੇ ਅਸੀਂ ਕਿਵੇਂ ਦੁਬਕੇ ਬੈਠੇ ਸਾਂ ਗੰਨੇ ਦੇ ਖੇਤ 'ਚ। ਕੋਈ ਮੁਸਲਮਾਨ ਪਰਿਵਾਰ ਕੱਸੀ ਕੋਲੋ ਦੀ ਵੱਟੋ-ਵੱਟ ਤੁਰਿਆ ਆ ਰਿਹਾ ਸੀ। ਚਾਚੇ ਹਜ਼ੂਰੇ ਤੇ ਇਕ ਹੋਰ ਜਣੇ ਨੇ ਮੁਸਲਮਾਨ ਦੀ ਕੰਡ ਪਿੱਛੋਂ ਸਿਰ 'ਤੇ ਡਾਂਗ ਦਾ ਵਾਰ ਕਰਕੇ ਡੇਗ ਦਿੱਤਾ। ਤੇ ਬਾਅਦ 'ਚ ਠੁੱਡੇ ਮਾਰ-ਮਾਰ ਮੁਕਾ ਦਿੱਤਾ।

ਉਹਦੀ ਘਰਵਾਲੀ ਕੋਲ ਖੜੀ ਕੁਰਲਾਉਂਦੀ ਰਹੀ। ਫਿਰ ਕਿੰਨਾ ਚਿਰ ਉਹਦੀ ਦੂਜੇ ਪਾਸੇ ਵਾਲੇ ਗੰਨੇ ਦੇ ਖੇਤ 'ਚੋਂ ਕੁਰਲਾਉਣ ਦੀ ਆਵਾਜ਼ ਆਉਂਦੀ ਰਹੀ। ਇਹ ਆਵਾਜ਼ ਉਦੋਂ ਸ਼ਾਂਤ ਹੋਈ ਜਦੋਂ ਚਾਚਾ ਹਜ਼ੂਰਾ ਆਪਣੀ ਧੋਤੀ ਦਾ ਲੜ ਬੰਨ੍ਹਦਾ ਖੇਤ 'ਚੋਂ ਬਾਹਰ ਨਿਕਲਿਆ ਸੀ।

ਇਸ ਤੋਂ ਬਾਅਦ ਤਾਂ ਮੈਨੂੰ ਤੇ ਮੇਹਰ ਨੂੰ ਚਾਚੇ ਤੋਂ ਡਰ ਜਿਹਾ ਲੱਗਣ ਲੱਗ ਪਿਆ। ਅਗਲੀਆਂ ਦੋ ਰਾਤਾਂ ਚਾਚਾ ਹਜ਼ੂਰਾ ਮੈਨੂੰ ਕਈ ਵਾਰ ਆਪਣੀ ਧੋਤੀ ਦੇ ਲੜ ਬੰਨ੍ਹਦਾ ਦਿੱਸਿਆ ਸੀ। ਨਨਕਾਣਾ ਸਾਹਿਬ ਤੋਂ ਅੱਧਾ ਕੁ ਮੀਲ ਪਿਛਾਂਹ ਛਿੱਪਦੇ ਵੱਲ ਦੇ ਖੇਤਾਂ 'ਚ ਕਾਫ਼ੀ ਲੋਕ ਇੱਧਰ-ਉੱਧਰ ਦੁਬਕੇ ਬੈਠੇ ਸਨ। ਥਕਾਵਟ ਕਾਰਨ ਮੈਂ ਗਹਿਰੀ ਨੀਂਦ 'ਚ ਸਾਂ, ਜਦੋਂ ਚਾਚੇ ਹਜ਼ੂਰੇ ਦਾ ਹੱਥ ਮੇਰੀ ਸਲਵਾਰ ਦੇ ਨਾਲੇ ਤੱਕ ਪਹੁੰਚ ਗਿਆ ਮੈਨੂੰ ਮਹਿਸੂਸ ਹੋਇਆ। ਅਚਾਨਕ ਤ੍ਰਭਕ ਕੇ ਉੱਠੀ ਸਾਂ। ਇਸ ਤੋਂ ਪਹਿਲਾਂ ਕਿ ਮੈਂ ਚੀਕਦੀ। ਉਹਨੇ ਮੇਰਾ ਮੂੰਹ ਆਪਣੇ ਭਾਰੀ ਹੱਥਾਂ ਨਾਲ ਘੁੱਟ ਲਿਆ- "ਜੇ ਬੋਲੀ ਨਾ ਤਾਂ ਤੈਨੂੰ ਵੀ ਤੇਰੀ ਦੀਪਾਂ ਚਾਚੀ ਤੇ ਰੂਪ ਵਾਂਗ ਮਾਰ ਮੁਕਾ ਦੇਣੈ ਇੱਥੇ ਹੀ, ਸਮਝੀ।"

ਉਹ ਹੈਵਾਨ ਹੋਇਆ ਮੇਰੇ ਨਾਲ ਹੈਵਾਨੀਅਤ ਦਾ ਖੇਡ ਖੇਡਦਾ ਰਿਹਾ। ਤੀਜੀ ਰਾਤ ਮੇਰੀਆਂ ਸਿਸਕੀਆਂ ਪਤਾ ਨਹੀਂ ਕਿਵੇਂ ਕੋਲੋਂ ਲੰਘਦੇ ਕਿਸੇ ਸੱਜਣ ਦੇ ਕੰਨੀਂ ਪੈ ਗਈਆਂ। ਜਦੋਂ ਉਹ ਖੇਤ 'ਚ ਵੜ੍ਹਿਆ ਤਾਂ ਚਾਚਾ ਟੁੱਟ ਕੇ ਪੈ ਗਿਆ ਉਸ 'ਤੇ। ਮੈਂ ਤਾਂ ਅਰਧ-ਬੇਹੋਸ਼ੀ 'ਚ ਹੀ ਸਾਂ। ਦੋਵੇਂ ਇੱਕ ਦੂਜੇ ਨਾਲ ਗੁੱਥਮ ਗੁੱਥਾ ਹੋ ਰਹੇ ਸਨ। ਫਿਰ ਕਿਰਪਾਨ ਦੇ ਇਕ ਵਾਰ ਨਾਲ ਚਾਚਾ ਹਜ਼ੂਰਾ ਧਰਤੀ 'ਤੇ ਡਿੱਗ ਪਿਆ। ਇਸ ਤੋਂ ਪਹਿਲਾਂ ਕਿ ਉਹ ਸੱਜਣ ਮੇਰਾ ਹੱਥ ਫੜਣ ਲੱਗਦਾ, ਮੈਨੂੰ ਬਾਹਰ ਲੈ ਜਾਣ ਲਈ। ਹਜ਼ੂਰੇ ਨੇ ਆਪਣੇ ਨੇਫੇ 'ਚੋਂ ਛੁਰਾ ਕੱਢ ਉਹਦੇ ਢਿੱਡ 'ਚ ਖੁਭੋ ਦਿੱਤਾ। ਉਹ ਵੀ ਹੇਠਾਂ ਡਿੱਗ ਪਿਆ। ਕੁਝ ਦੇਰ ਦੋਵੇਂ ਤੜਫਦੇ ਰਹੇ। ਹਜ਼ੂਰੇ ਦੀਆਂ ਅੱਖਾਂ ਖੁੱਲ੍ਹੀਆਂ ਸਨ। ਪਰ ਜਿਸਮ 'ਚ ਕੋਈ ਹਰਕਤ ਨਹੀਂ ਸੀ। ਮੈਂ ਖੁਦ ਨੂੰ ਸੰਭਾਲ ਉਸ ਮੁਸਲਿਮ ਕੋਲ ਹੋ ਕੇ ਦੇਖਿਆ ਉਹ ਤੜਫ ਰਿਹਾ ਸੀ। ਮੈਂ ਚੀਕ ਕੇ ਰੌਲਾ ਪਾਉਣ ਦੀ ਬੜੀ ਕੋਸ਼ਿਸ਼ ਕੀਤੀ ਸੀ। ਪਰ ਪਤਾ ਨਹੀਂ ਮੈਨੂੰ ਕੀ ਹੋ ਗਿਆ ਸੀ.....ਮੇਰੀ ਜ਼ੁਬਾਨ 'ਚੋਂ ਉਦੋਂ ਕੋਈ ਆਵਾਜ਼ ਹੀ ਨਾ ਨਿੱਕਲੀ ਸੀ। ਤੜਫਦਿਆਂ ਹੀ ਉਹਦਾ ਹੱਥ ਮੇਰੇ ਵੱਲ ਵਧਿਆ। ਮੈਂ ਕੋਲ ਹੋਈ ਤਾਂ ਉਹਨੇ ਆਪਣਾ ਹੱਥ ਮੇਰੇ ਸਿਰ 'ਤੇ ਰੱਖ ਦਿੱਤਾ। ਮੈਂ ਦੇਖਿਆ ਉਹ ਬਿਲਕੁਲ ਸ਼ਾਂਤ ਹੋ ਗਿਆ ਸੀ।

ਅਗਲੀ ਸਵੇਰ 'ਸਤਿਨਾਮ ਵਾਹਿਗੁਰੂ.....ਸਤਿਨਾਮ ਵਾਹਿਗੁਰੂ ਕਰਦਾ' ਇਕ ਟੋਲਾ ਕੋਲ ਦੀ ਲੰਘਣ ਲੱਗਾ ਤਾਂ ਮੈਨੂੰ ਲਹੂ ਨਾਲ ਲਿੱਬੜੇ ਦੇਖ ਮੇਰੇ ਕੋਲ ਰੁਕ ਗਿਆ। ਮੇਰੇ ਮੂੰਹੋਂ ਤਾਂ ਕੁਝ ਨਹੀਂ ਨਿਕਲ ਰਿਹਾ ਸੀ। ਉਹਨਾਂ ਦੋ ਲਾਸ਼ਾਂ ਪਈਆਂ ਦੇਖੀਆਂ। ਜੱਥੇ ਦਾ ਮੋਹਰੀ ਗੁਰਸਿੱਖ ਬੋਲਿਆ, "ਏਸ ਕੰਜ਼ਰ ਮੁਸਲੇ ਨੇ ਸਾਡੀ ਧੀ ਦੀ ਪੱਤ ਲੁੱਟੀ ਹੋਊ.....ਏਸ ਸਿੱਖ ਨੇ ਉਹਦਾ ਬਦਲਾ ਲਿਆ। ਤੇ ਮਰਦਾ-ਮਰਦਾ ਉਹ ਇਹਦੇ ਕਿਰਪਾਨ ਮਾਰ ਗਿਆ।"

ਮੈਂ ਬੋਲ ਕੇ ਦੱਸਣ ਦਾ ਬੜਾ ਯਤਨ ਕੀਤਾ। ਹੱਥਾਂ ਦੇ ਇਸ਼ਾਰਿਆਂ ਨਾਲ ਉਨ੍ਹਾਂ ਨੂੰ ਸਮਝਾਉਣਾ ਚਾਹਿਆ ਪਰ ਉਹ ਨਹੀਂ ਸਮਝ ਰਹੇ ਸਨ। ਉਨ੍ਹਾਂ ਭਾਣੇ ਤਾਂ ਮੈਂ ਸਦਮੇ ਕਾਰਨ ਇੰਝ ਕਰ ਰਹੀ ਹਾਂ।

"ਧੀਏ....ਜੋ ਹੋ ਗਿਆ ਭੁੱਲ ਜਾ.....ਬੱਸ ਇਸ ਗੱਲ ਨੂੰ ਇੱਥੇ ਹੀ ਛੱਡ ਜਾ.....।" ਆਖ ਇਕ ਅੰਮ੍ਰਿਤਧਾਰੀ ਤੀਵੀਂ ਨੇ 'ਸਤਿਨਾਮ ਵਾਹਿਗੁਰੂ....ਸਤਿਨਾਮ ਵਾਹਿਗੁਰੂ' ਆਖ ਮੇਰੀ ਉਂਗਲ ਫੜ ਆਪਣੇ ਨਾਲ ਤੋਰ ਲਿਆ। ਤੇ ਅਸੀਂ ਨਨਕਾਣੇ ਆ ਗਏ ਸਾਂ। ਇੱਥੋਂ ਹੀ ਦਾਰਜੀ ਦੇ



ਦੋਸਤ ਜੋ ਮੇਰੇ ਬਾਅਦ 'ਚ ਸਹੁਰੇ ਬਣ ਗਏ ਸਨ। ਮੈਨੂੰ ਤੇ ਮੇਰੇ ਵੀਰ ਮੇਹਰ ਨੂੰ ਆਪਣੇ ਨਾਲ ਲੈ ਆਏ ਸਨ।

'ਸਤਿਨਾਮ ਵਾਹਿਗੁਰ.....ਸਤਿਨਾਮ ਵਾਹਿਗੁਰੂ....'' ਦੇ ਜਾਪ ਦੀਆਂ ਆਵਾਜ਼ਾਂ ਸਪੀਕਰ 'ਚੋਂ ਆਉਣ ਲੱਗੀਆਂ ਹਨ। ਮੈਂ ਬੀਤੇ 'ਚੋਂ ਨਿਕਲ ਇੱਧਰ-ਉੱਧਰ ਦੇਖਿਆ ਹੈ। ਇੰਨੇ ਦਿਨਾਂ ਦੀ ਖੂਨੀ ਖੇਡ ਨੇ ਪਤਾ ਨਹੀਂ ਮੇਰੇ ਵਰਗੀਆਂ ਕਿੰਨੀਆਂ ਆਤਮਾਵਾਂ ਦੀ ਇੱਜ਼ਤ ਨੂੰ ਤਾਰ-ਤਾਰ ਕੀਤਾ ਸੀ। ਕਿੰਨੀਆਂ ਧੀਆਂ ਤੇ ਭੈਣਾਂ ਕੁਰਲਾਉਂਦੀਆਂ ਆਪਣੇ ਸਾਹ ਤਿਆਗ ਗਈਆਂ ਹੋਣਗੀਆਂ। ਕਿੰਨੀਆਂ ਨੇਕ ਰੂਹਾਂ ਵੀ ਅਜਿਹੀ ਹਨੇਰੀ 'ਚ ਰੁੜ ਗਈਆਂ।....ਤੇ ਕਿੰਨੀਆਂ ਜਾਨਾਂ ਇਸ ਸਾਰੇ ਮੰਜ਼ਰ ਨੂੰ ਕੌੜਾ-ਘੁੱਟ ਸਮਝ ਕੇ ਆਪਣੇ ਅੰਦਰ ਦਫ਼ਨ ਕਰਦੀਆਂ ਹੋਈਆਂ ਜ਼ਿੰਦਗੀ ਜਿਊਣ ਲਈ ਮਜਬੂਰ ਸਨ। ਮਨ 'ਚ ਉਸ ਭਲੇ ਪੁਰਸ਼ ਦਾ ਚਿਹਰਾ ਆਉਂਦੇ ਹੀ ਮੈਂ ਇਕ ਵਾਰ ਫਿਰ ਗੁਰੂ-ਘਰ ਦੀ ਚਿੱਟੀ ਸੰਗਮਰਮਰੀ ਇਮਾਰਤ ਵੱਲ ਦੇਖਿਆ ਹੈ। ਆਪ-ਮੁਹਾਰੇ ਮੇਰੇ ਮੂੰਹੋਂ ਨਿਕਲਿਆ, "ਹੇ ਬਾਬਾ, ਨਾਨਕ ਉਸ ਭਲੀ ਰੂਹ ਨੂੰ ਆਪਣੇ ਚਰਨਾਂ 'ਚ ਵਾਸ ਦੇਈਂ।" ਕਹਿੰਦੇ ਪੂਰੀ ਤਰ੍ਹਾਂ ਝੁਕ ਕੇ ਨਤਮਸਤਕ ਹੋ ਗਈ ਹਾਂ।

"ਚਲੋ, ਬੀਜੀ, ਲੰਗਰ ਛਕਣ ਚੱਲੀਏ।" ਕਿੰਦਰ ਨੇ ਮੇਰੇ ਵੱਲ ਆਪਣਾ ਹੱਥ ਵਧਾਉਂਦਿਆਂ ਕਿਹਾ ਹੈ। ਮੈਨੂੰ ਲੱਗਾ ਜਿਵੇਂ ਉਹ ਨੇਕ ਰੂਹ ਨੇ ਮੇਰੇ ਵੱਲ ਹੱਥ ਵਧਾਇਆ ਹੈ। ਖੁਦ ਨੂੰ ਹੌਲਾ ਮਹਿਸੂਸ ਕਰਦੇ ਮੈਂ ਆਪਣਾ ਹੱਥ ਕਿੰਦਰ ਵੱਲ ਵਧਾ, ਉੱਠ ਕੇ ਉਹਦੇ ਨਾਲ-ਨਾਲ ਤੁਰ ਪਈ ਹਾਂ।

**-98720-92101**

---

**ਪੰਨਾ ਨੰ. 111 ਦਾ ਬਾਕੀ**

ਮੇਰਾ ਸਬਰ ਜਵਾਬ ਦੇ ਗਿਆ ਸੀ, ਪਰ ਮੈਂ ਗ਼ੁੱਸਾ ਨਹੀਂ ਕੀਤਾ, ਠੰਢੇ ਸ਼ਾਂਤ ਬੋਲਾਂ ਵਿਚ ਆਖਿਆ, "ਮਿਹਰਬਾਨੀ ਸਾਈਂ ਜੀ, ਮੈਂ ਅਨਪੜ ਹਾਂ, ਇਹ ਕਿਤਾਬਾਂ ਕਿਸ ਕੰਮ ?"

ਉਹ ਹੱਕਾ ਬੱਕਾ ਚੁੱਪ ਵੱਟ ਗਿਆ।

ਮੈਨੂੰ ਅੰਦਰੋਂ ਕਓੜ ਪਰ ਉਸ ਵੱਲੋਂ ਧਿਆਨ ਹਟਾ ਕੇ ਫ਼ਿਰ ਪਰੂਟੋ ਲਾਕਾ ਦੇ ਫੁੱਲਾਂ ਵਿਚ ਰੁੱਝ ਗਿਆ। ਭਰ ਗਰਮੀਆਂ ਵਿਚ ਖਿੜਣ ਵਾਲੇ ਇਹ ਨਿੱਕੇ ਨਿੱਕੇ ਸੱਤ ਰੰਗੇ ਫੁੱਲ ਅੱਖਾਂ ਤੋਂ ਰੋਹ ਤਾਈਂ ਠੰਡ ਪਾ ਦਿੰਦੇ ਨੇਂ।

ਉਹ ਦਰਗਾਹ ਵੱਲ ਪਰਤਿਆ, ਦੋ ਕਰਮਾਂ ਟੁਰ ਕੇ ਸੜਕ ਅਤੇ ਲੰਮਾ ਪੈ ਗਿਆ ਤੇ ਲੋਟਣੀਆਂ ਲੈਂਦਾ ਦਰਗਾਹ ਤਾਈਂ ਗਿਆ। ਉਸਦਾ ਸਾਰਾ ਪਿੰਡਾ ਮਿੱਟੀਓ ਮਿੱਟੀ ਪਰ ਉਹ ਉਸੇ ਤਰਾਂ ਲੇਟਦਾ ਹੋਇਆ ਦਰਗਾਹ ਵਿਚ ਅਪੜਿਆ। ਕੁਝ ਦੇਰ ਰੁਕ ਕੇ ਫ਼ਿਰ ਲੋਟਣੀਆਂ ਲੈਂਦਾ, ਵਾਪਸ ਸੜਕ ਤੇ ਆ ਗਿਆ। ਇਸ ਕਰਤਬ ਨੂੰ ਵੇਖ ਬਾਗ਼ ਦੀ ਸੈਰ ਤੋਂ ਕੁਝ ਜੀ ਰੁਕ ਗਏ, ਪਰ ਮੈਂ ਡਿੱਠਾ ਅਣਡਿੱਠਾ ਕਰ ਧਿਆਨ ਫਲਾਂ ਵਿਚ ਈ ਰੱਖਿਆ। ਉਹ ਉਠਿਆ ਤੇ ਹੌਲੀ ਹੌਲੀ ਟੁਰਦਾ ਮੇਰੇ ਨੇੜੇ ਆਣ ਖਲੋਤਾ। ਹੁਣ ਉਸ ਦੀ ਅੱਖ ਵਿਚ ਬਘਿਆੜ ਵਾਲੀ ਲਿਸ਼ਕ ਨਹੀਂ, ਸਗੋਂ ਹਾਰੀ ਹੋਈ ਨਮੋਸ਼ੀ ਸੀ। ਜਾਂਦੇ ਜਾਂਦੇ ਆਖਣ ਲੱਗਾ, "ਬਾਬਾ ਜੀ, ਮੇਰੇ ਲਈ ਦੁਆ ਕਰਨਾ।"

# ਹਥੇਲੀ ਤੇ ਰੱਖਿਆ ਸੂਰਜ/ਆਗਾਜ਼ਬੀਰ

ਤੇਰਾ ਇੰਦੋਰੀ ਆਇਆ ਹੈ।

ਸੁਣਦਿਆਂ ਚਿਹਰੇ 'ਤੇ ਮੁਸਕਾਨ ਆ ਜਾਵੇਗੀ। ਲੱਗਦਾ ਸੀ, ਉਹ ਸਾਰੀ ਹਿੰਮਤ ਇੱਕਠੀ ਕਰ ਕੇ ਉੱਠੇਗੀ ਤੇ ਮਸਤ ਹਾਥੀ ਦੀ ਚਾਲ ਦੌੜ ਪਾਵੇਗੀ, ਮਿਲਣ ਲਈ।

ਆਖ਼ਿਰ ਮਨ ਦੀ ਭਟਕਣਾ ਖ਼ਤਮ ਹੋ ਗਈ ਹੈ। ਪਿਆਸੀ ਰੂਹ ਤ੍ਰਿਪਤ ਹੋਈ ।ਹੁਣ ਲੱਗਿਆ ਮਰਨਾ ਸੌਖਾ ਹੋ ਜਾਵੇ। ਨਹੀਂ ਤਾਂ ਉਸਦੀਆਂ ਰਾਹ ਉਡੀਕਦੀਆਂ ਅੱਖਾਂ ਨੇ ਬੰਦ ਵੀ ਨਹੀ ਹੋਣਾ ਸੀ।

ਬਾਲਕੌਨੀ 'ਚ ਬੈਠੀ ਚਾਹ ਪੀ ਰਹੀ ਸਾਂ ਮੈਂ। ਇੰਦੋਰੀ ਕਾਰ ਪਾਰਕਿੰਗ ਕੋਲ ਦਿੱਸ ਪਿਆ ਸੀ। ਮੈਂ ਚਾਹ ਦਾ ਕੱਪ ਵਿਚਕਾਰ ਛੱਡ ਕਮਰੇ ਵੱਲ ਦੌੜ ਪਈ ਸਾਂ। ਭੱਜਦੀ ਦਾ ਸਾਹ ਨਾਲ ਸਾਹ ਨਹੀਂ ਰਲ ਰਿਹਾ ਸੀ। ਮੈਂ ਫਿਰ ਵੀ ਦੌੜਦੀ ਗਈ । ਇਹ ਬੇਸ਼ਕੀਮਤੀ ਪਲ ਸਨ। ਸੁਖਨ ਘੜੀਆਂ ਨੇ ਦਰਵਾਜੇ ਤੇ ਦਸਤਕ ਦੇ ਦਿੱਤੀ ਸੀ। ਬੇ-ਆਸ ਆਸ ਵਿੱਚ ਬਦਲ ਗਈ ਸੀ। ਸੰਘਣੀ ਰਾਤ ਚਾਨਣੀ ਹੋ ਗਈ ਸੀ। ਕੰਨਾਂ ਨੂੰ ਖੁਸ਼ੀ ਦੇ ਟੱਲ ਖੜਕਦੇ ਸੁਣਾਈ ਦਿੱਤੇ। ਸਮੇਂ ਦੀਆਂ ਸੂਈਆਂ 'ਜੀ ਆਇਆ ਨੂੰ' ਕਹਿਣ ਲੱਗ ਪਈਆਂ ਸਨ।

ਦਰਵਾਜਾ ਮੈਂ ਖੋਲ੍ਹ ਦਿੱਤਾ। ਮੇਰੇ ਬੁੱਲਾਂ 'ਤੇ ਅਜਿਹੀ ਖੁਸ਼ੀ ਦੱਸ ਹੀ ਨਾ ਹੋਈ, "ਉੱਠੋ ਦੌੜੋ......ਛੇਤੀ ਕਰੋ....ਪਿਆਰ ਭੁਚਾਲ ਆ ਗਿਆ ਹੈ ?"

ਮੇਰੇ ਦਰਵਾਜਾ ਖੋਲ੍ਹਦਿਆਂ ਹੀ ਧੰਨਵਤਰੀ ਦੇ ਦਰਸ਼ਨ ਹੋਏ। ਰੱਬੀ ਰੂਹ ਤੇ ਫੁੱਲਾਂ ਵਰਗੇ ਕੋਮਲ ਹਿਰਦੇ ਵਾਲੀ ਨੇ ਬੁੱਲ੍ਹਾਂ 'ਤੇ ਮੁਸਕਾਨ ਲਿਆਂਦੀ। ਉਹ ਹੱਸਦੀ ਤਾਂ ਪੌਣ ਹੱਸਦੀ। ਤੁਰਦੀ ਤਾਂ ਸਾਰੀ ਕਾਇਨਾਤ ਨਾਲ- ਨਾਲ ਰੁਮਕਦੀ। ਕੁਦਰਤ ਅੰਗ-ਅੰਗ ਰਹਿਣਾ ਲੋਚਦੀ, ਸਿਪਾਹੀਆਂ ਵਾਂਗ ਰਾਖੀ ਕਰਦੀ। ਫਿਜ਼ਾ ਮਸਤ ਤੇ ਰੰਗੀਨ ਹੋ ਜਾਂਦੀ। ਉਸ ਦੇ ਸੰਗ ਰਹਿਣ ਲਈ ਹਰ ਕੋਈ ਲੋਚਦਾ ਸੀ। ਉਹ ਵਾਸਤਵ ਵਿੱਚ ਜ਼ਿੰਦਗੀ ਮਾਣਨ ਵਾਲੀ ਸੀ।

ਇਕ ਵਾਰ ਮਿਸਿਜ਼ ਬਰਾੜ ਬੋਲ ਬੈਠੇ, "ਕਾਸ਼! ਤੇਰੇ ਵਰਗਾ ਹੌਂਸਲਾ ਤੇ ਜ਼ਿੰਦਗੀ ਮਾਨਣ ਦਾ ਵਲ ਸਾਨੂੰ ਵੀ ਆ ਜਾਵੇ। ਅਸੀਂ ਵੀ ਜੀਅ ਕੇ ਵੇਖ ਲਈਏ.....ਫਿਰ ਭਾਵੇਂ ਕਦੋਂ ਵੀ ਰੱਬ ਘੰਟੀ ਮਾਰ ਕੇ ਨੰਬਰ ਲਾ ਦੇਵੇ। ਮਾਸਾ ਵੀ ਦੁੱਖ ਨਾ ਹੋਵੇ।" ਧੰਨਵਤਰੀ ਨੇ ਜ਼ਿੰਦਗੀ ਮਾਨਣ ਦਾ ਅਜਿਹਾ ਤਵੀਤ ਮਿਸਿਜ ਬਰਾੜ ਨੂੰ ਦਿੱਤਾ ਕਿ ਸਾਰਾ ਵਿਭਾਗ ਵੇਖ ਦੰਗ ਰਹਿ ਗਿਆ। ਮਿਸ਼ਿਜ ਬਰਾੜ ਨੇ ਧੰਨਵਤਰੀ ਤੋਂ ਅਨੇਕਾਂ ਜ਼ਿੰਦਗੀ ਤੌਰ ਤਰੀਕੇ ਸਿੱਖੇ।

ਬੇਫਿਕਰੀ, ਅਲਮਸਤ ਤੇ ਫਕੀਰਾਂ ਵਰਗੇ ਜੁੱਸੇ ਉੱਪਰ ਉਸਦੀ ਜੱਦੀ ਰਜਿਸਟਰੀ ਹੋਈ ਸੀ। ਉਸਦਾ ਵਿਭਾਗ ਉਸ ਤੇ ਮਾਣ ਤੇ ਨਾਜ ਮਹਿਸੂਸ ਕਰਦਾ ਸੀ। ਮਜਾਲ ਹੈ....ਉਸਦਾ ਕਿਹਾ.... ਅਣਸੁਣਿਆ ਹੋ ਜਾਵੇ ਜਾ ਗੌਰ ਨਾ ਹੋਵੇ। ਬੋਲਾਂ ਵਿੱਚ ਨਿੱਘ, ਅਪਣੱਤ ਤੇ ਮਿਠਾਸ ਕਰਕੇ ਉਸਦਾ ਸਭ ਥਾਂ ਸਿੱਕਾ ਚੱਲਦਾ ਸੀ। ਉਹ ਹਰ ਨਦੀ ਦਾ ਵਹਿਣ ਮੋੜਨ ਦੀ ਕਾਬਿਲੀਅਤ ਹੱਖਦੀ ਸੀ। ਉਸਨੇ ਸਭ ਨੂੰ ਮਜੀਠੇ ਰੰਗ ਵਿੱਚ ਰੰਗ ਦਿੱਤਾ ਸੀ।

ਅੱਜ ਫਿਰ ਰੰਗਾਂ ਨੇ ਛਹਿਬਰ ਲਾਉਣੀ ਸੀ। ਦਰਵਾਜ਼ਾ ਖੋਲ੍ਹ ਕੇ ਰੁਕ ਜਾਦੀ ਹਾਂ। ਮੈਨੂੰ ਡਰ ਵੀ ਲੱਗ ਰਿਹਾ ਸੀ ਕਿ ਪਤਾ ਨਹੀ ਬੱਦਲਾਂ ਦੀ ਗੜਗੜਾਹਟ ਨਾਲ ਮੀਂਹ ਨਾ ਪਵੇ ।

'ਕਿਵੇਂ ਦੱਸਾਂ.... ਇਸਨੂੰ' , ਦੁਬਿਧਾ ਵਿੱਚ ਖੜੀ ਸਾਂ, "ਤੇਰਾ ਇੰਦੋਰੀ ਤੈਨੂੰ ਮਿਲਣ ਆ ਗਿਆ ਹੈ।"



ਖ਼ਬਰ ਸੁਣਦਿਆਂ ਇਸ ਕਮਲੀ ਨੇ ਤਾਂ ਉਮੜ ਪੈਣਾ ਸੀ....ਇਹ ਤਾ ਅਜਿਹੇ ਪਲਾਂ ਨੂੰ ਉਡੀਕਦੀ ਪਈ ਸੀ। ਇੰਦੋਰੀ ਦਾ ਮਿਲ ਆਉਣਾ ਸੁਖਦ ਤੇ ਮਹਿਕਾਂ ਨਾਲ ਖੇਡਣ ਵਾਂਗ ਅਹਿਸਾਸ ਸੀ। ਦਰਸ਼ਨ ਦੀਦਾਰ ਰੱਜ ਕੇ ਹੋਣੇ ਸਨ। ਪਿਆਰ ਦੀਆ ਕਲੀਆਂ ਨੇ ਫਿਰ ਉਮੰਗ ਲੈ ਕੇ ਉੱਗ ਪੈਣਾ ਸੀ।

ਸਵੇਰ ਦੀ ਮੱਠੀ-ਮੱਠੀ ਧੁੱਪ ਦਰਵਾਜ਼ਾ ਖੁੱਲਦਿਆਂ, ਸਿੱਧਾ ਧੰਨਵਤਰੀ ਦੇ ਹਸਪਤਾਲ ਦੇ ਕਮਰਾ ਨੰਬਰ 11 ਦੇ ਪਲੰਘ 'ਤੇ ਪੈਣੀ ਸੀ। ਹਰ ਵਾਰੀ ਮੈਂ ਦਰਵਾਜ਼ਾ ਖੋਲ੍ਹਣ ਨਾਲ ਹੀ ਤੁਰੰਤ ਬੰਦ ਕਰਨ ਦੀ ਆਦਤ ਪਾਲ ਰੱਖੀ ਸੀ। ਪਰ ਹੁਣ ਮੈਂ ਦਰਵਾਜ਼ਾ ਢੋਇਆ ਨਹੀਂ। ਮੇਰੀ ਤਾਂ ਦਿਲੀ ਇੱਛਾ ਇਹ ਸੀ ਕਿ ਬਾਲਕੌਨੀ ਤੋਂ ਕਮਰਾ ਨੰਬਰ ਗਿਆਰਾਂ ਤੱਕ ਫੁੱਲਾਂ ਦੀ ਵਰਖਾ ਕਰਦੀ ਆਵਾਂ।

" ਦਰਵਾਜਾ ਬੰਦ ਕਰ ਦੇ ਕੁਸ਼ਮ", ਮੈਂ ਅਣਸੁਣਿਆ ਕਰ ਦਿੱਤਾ। ਇਲਾਹੀ ਰੌਸ਼ਨੀ ਕਮਰੇ ਵਿੱਚ ਪ੍ਰਵੇਸ਼ ਕਰਦੀ ਹੈ। ਸੁਗੰਧੀਆਂ ਨੇ ਮੰਤਰ -ਮੁਗਧ ਕਰ ਦਿੱਤਾ ਹੈ।

*** ***

ਇਹ ਸੁਗੰਧੀਆਂ ਦੀ ਮਾਲਕਣ ਧੰਨਵਤਰੀ ਸੀ। ਸਾਰਾ ਵਿਭਾਗ ਰੌਣਕਾਂ ਨਾਲ ਖੇਡਦਾ ਪਿਆ ਸੀ। ਧੰਨਵਤਰੀ ਕਈ ਸਾਲਾਂ ਤੋਂ ਵਿਭਾਗ ਨਾਲ ਜੁੜੀ ਸੀ।

ਇੰਦੋਰੀ ਇਸ ਵਿਭਾਗ ਦਾ ਹਿੱਸਾ ਬਣਦਾ ਹੈ। ਪ੍ਰਦੇਸੀ। ਪਰ ਲੱਠਾ ਬੰਦਾ। ਨਾ ਹੰਕਾਰ....ਨਾ ਗੁੱਸਾ। ਮਹੁੱਬਤੀ ਮੁੱਜਸਮਾ। ਜੌਹਰੀ। ਮੋਹ ਦੀਆਂ ਤੰਦਾਂ ਨੂੰ ਜੋੜ ਕੇ ਰੱਖਣ ਵਾਲਾ ਸਦਭਾਵਨਾ ਤੇ ਮਿੱਤਰਤਾ ਲਈ ਤਤਪਰ।

ਪਤਾ ਨਹੀਂ ਇਹ ਸੰਯੋਗ ਸੀ ਜਾਂ ਅਚਾਨਕ ਵਾਪਰਿਆ ਵਰਤਾਰਾ, ਵੇਖਦਿਆ-ਵੇਖਦਿਆਂ ਚੁੰਬਕ ਲੋਹੇ ਵਾਂਗ ਇਕ-ਦੂਸਰੇ ਵੱਲ ਖਿੱਚੇ ਗਏ ਉਹ ਦੋਵੇਂ। ਇਹ ਖਿੱਚ ਮਿਸਾਲ ਤੇ ਇਤਿਹਾਸਕ ਹੋ ਨਿਬੜੀ।

ਵਿਭਾਗ ਵਿੱਚ ਹੁਣ ਦੋ ਰੂਹਾਂ ਦਾ ਵਾਸਾ ਸੀ। ਉਹਨਾਂ ਦੀ ਪ੍ਰੀਤ ਰੱਬੀ ਸੀ। ਇਸ ਰੱਬੀ ਪ੍ਰੀਤ ਦੇ ਉਹ ਹੀਰ- ਰਾਂਝਾ ਸਨ। ਉਹਨਾਂ ਦੀ ਪ੍ਰੀਤ ਦਾ ਵਾਰਿਸ ਸ਼ਾਹ ਮੁਰੀਦ ਹੋਇਆ ਜੰਗਲਾਂ-ਬੇਲਿਆਂ 'ਚੋਂ ਨਿਕਲ ਵਿਭਾਗ ਦੀ ਕੁਰਸੀ 'ਤੇ ਬੈਠ ਨਵੇ ਪੱਤਰੇ ਤੇ ਕਲਮ ਚੁੱਕ ਅਜੋਕੀ ਹੀਰ ਲਿਖਣ ਬੈਠ ਗਿਆ। ਉਸਦੀ ਕਲਮ ਰੂਹਾਨੀ ਤੇ ਇਲਾਹੀ ਸ਼ਬਦ ਸਿਰਜਦੀ ਰਹੀ। ਦਿਨ-ਰਾਤ ਲਿਖਦਾ ਗਿਆ। ਹੀਰ-ਰਾਂਝੇ ਦੇ ਕਿੱਸੇ ਚਰਚੇ ਨੁੱਕਰ, ਮੋੜ ਤੇ ਚੁਰਾਹੇ ਹੋਣ ਲੱਗੇ। ਉਹ ਹਥੇਲੀ ਤੇ ਸੂਰਜ ਰੱਖਣ ਦੀ ਸਮਰੱਥਾ ਰੱਖਦੇ ਸਨ।

*** ***

ਸਮਾਂ ਨਿਰੰਤਰ ਇਕ ਸਮਾਨ ਨਹੀਂ ਚੱਲਦਾ। ਉਤਰਾਅ-ਚੜਾਅ ਤਾਂ ਇਸ ਦੀ ਫਿਤਰਤ ਹੈ। ਇਹ ਮੇਲ ਵੀ ਕਰਵਾਉਂਦਾ ਹੈ ਤੇ ਵਿਛੋੜਾ ਵੀ।

ਮੇਲੇ ਦਾ ਅੰਤ ਆਖਿਰ ਵਿਛੜਨ ਲਈ ਹੁੰਦਾ ਹੈ। ਇਹ ਤਾਂ ਤੁਹਾਡੇ ਲਈ ਬਹੁਤ ਕੁਝ ਅਣਵੇਖਿਆ ਤੇ ਅਣਛੂਹਿਆ ਛੱਡ ਜਾਂਦਾ ਹੈ।

ਇੰਦੋਰੀ ਤੇ ਧੰਨਵਤਰੀ ਦੇ ਮਿਲਣ ਨੇ ਵਿਭਾਗ ਨੂੰ ਬੁਲੰਦੀਆਂ ਬਖਸ਼ੀਆਂ। ਅਨੇਕਾਂ ਮੰਜਿਲਾਂ ਸਰ ਕੀਤੀਆਂ। ਇੱਜਤ ਤੇ ਮਾਣ ਬਰੂਹਾਂ 'ਤੇ ਆਇਆ । ਕਾਮਯਾਬੀਆਂ ਦੇ ਬੰਦ ਹੋਏ ਰਾਹ ਖੁੱਲ੍ਹੇ। ਹਰ ਸ਼ਖਸ਼ ਦਾ ਮਾਣ-ਸਨਮਾਨ ਹੋਇਆ। ਵਿਭਾਗ ਨੂੰ 'ਫਖਰ-ਏ-ਕੌਮ' ਦਾ ਐਵਾਰਡ ਮਿਲਿਆ।

ਵਿਭਾਗ ਵਿੱਚ ਸਮੇਂ ਨੇ ਇਕ ਚਿੱਠੀ ਘੱਲੀ। ਉਹ ਚਿੱਠੀ ਬੇਖਬਰ ਪੰਛੀਆਂ ਨੂੰ ਡੰਗ ਗਈ। ਦੋਵੇਂ ਪੰਛੀ ਗ਼ਮ ਨਾਲ ਅੰਦਰੋਂ-ਅੰਦਰੀਂ ਲਹੂ-ਲੁਹਾਨ ਹੋ ਗਏ।

ਇਹ ਚਿੱਠੀ ਇੰਦੋਰੀ ਦੀ ਵਿਭਾਗ ਬਦਲੀ ਦੀ ਸੀ। ਉਸ ਦੀ ਥਾਂ ਕੋਈ ਹੋਰ ਆ ਰਿਹਾ ਸੀ। ਇੰਦੋਰੀ ਨੂੰ ਰਿਜ਼ਕ ਲਈ ਜਾਣਾ ਪੈਣਾ ਸੀ। ਉਸ ਦੀ ਬਦਲੀ ਪਹਾੜ ਤੋਂ ਮੈਦਾਨੀ ਇਲਾਕੇ ਵਿੱਚ ਹੋ ਗਈ। ਧੰਨਵਤਰੀ ਦਾ ਬੁਰਾ ਹਾਲ ਸੀ। ਉਸ ਤੋਂ ਵਿਛੋੜਾ ਝੱਲ ਨਹੀਂ ਹੋ ਰਿਹਾ ਸੀ। ਕਸਮਾਂ, ਵਾਅਦੇ ਹੁੰਦੇ ਰਹੇ। ਜਲਦੀ ਦੁਬਾਰਾ ਮਿਲਣ ਦਾ ਵਾਅਦਾ ਕਰਦੇ ਰਹੇ।

*** ***

ਆਖਿਰ ਹੱਥਾਂ ਵਿੱਚ ਪਾਈਆਂ ਇੱਕ ਦੂਜੇ ਦੀਆਂ ਕਰਿੰਗੜੀਆਂ ਛੁੱਟ ਗਈਆਂ। ਇੰਦੋਰੀ ਬਗੈਰ ਵਿਦਾਇਗੀ ਪਾਰਟੀ ਲਏ ਰੋਂਦਾ ਹੋਇਆ ਵਿਦਾ ਹੋ ਗਿਆ। ਵਿਭਾਗ ਦਾ ਗੇਟ ਉਸ ਦਿਨ ਖੁੱਲ੍ਹਾ ਵੀ ਬੰਦ ਵਰਗਾ ਲੱਗਿਆ। ਧੰਨਵਤਰੀ ਸਿਲ-ਪੱਥਰ ਬਣ ਜਾਂਦੇ ਇੰਦੋਰੀ ਨੂੰ ਵੇਖਦੀ ਰਹੀ। ਬੇਵੱਸ, ਲਾਚਾਰ ਤੇ ਮਜਬੂਰ। ਉਸ ਸਮੇਂ ਦੀ ਜ਼ੇਲ੍ਹ ਵਿੱਚ ਕੈਦ ਹੋ ਗਈ।

ਤਿਤਲੀਆਂ ਵਾਂਗ ਫੁੱਲਾਂ ਦੇ ਉੱਡਣ ਵਾਲੀ ਧੰਨਵਤਰੀ ਉੱਡਣਾ ਭੁੱਲ ਗਈ। ਸਮੁੰਦਰ ਦੀਆਂ ਲਹਿਰਾਂ ਕਿਨਾਰਿਆਂ ਨਾਲ ਛੋਹਣ ਤੋਂ ਬਿਨਾਂ ਪਰਤਣ ਲੱਗੀਆਂ। ਜਰਖ਼ੇਜ ਭੂਮੀ ਬੰਜ਼ਰ ਹੋ ਗਈ। ਕੋਇਲ ਦੇ ਗੀਤ ਬੇਤਾਲ ਤੇ ਬੇਰਸ ਹੋ ਗਏ।

ਧੰਨਵਤਰੀ ਵਿਭਾਗ ਆਉਂਦੀ। ਉਸ ਦੇ ਚਿਹਰੇ 'ਤੇ ਪੱਸਰੀ ਡੂੰਘੀ ਚੁੱਪ ਸਭ ਨੂੰ ਅੱਖਰਦੀ। ਉਹ ਜਿਸ ਰਾਹ ਉਡੀਕਦੀ ਉਸ ਰਾਹ 'ਤੇ ਗਏ ਪ੍ਰਦੇਸੀ ਬੰਦੇ ਗਏ ਨਾ ਮੁੜੇ। ਹੋਈ ਨੇ ਅਣਹੋਣੀ ਕਰ ਦਿੱਤੀ।

ਪਿਆਰ ਦਾ ਕਿਲਾ ਢਹਿ-ਢੇਰੀ ਹੋ ਗਿਆ। ਸੂਰਜ ਨੂੰ ਕਾਲੀ ਰਾਤ ਨੇ ਢੱਕ ਲਿਆ।

*** ***

ਉਡੀਕ ਦੀ ਵੀ ਹੱਦ ਹੁੰਦੀ ਹੈ। ਇੰਦੋਰੀ ਜਦ ਤੱਕ ਮੁੜਦਾ ਤਦ ਤੱਕ ਬੜੀ ਦੇਰੀ ਹੋ ਗਈ ਸੀ। ਖੁਸ਼ਬੋਆਂ ਦੇ ਵਣਜਾਰੇ ਹੋਰ ਹੋ ਗਏ ਸਨ। ਇੰਦੋਰੀ ਨੇ ਵਿਭਾਗ ਦੇ ਗੇਟ ਤੋਂ ਹੀ ਇਹ ਖ਼ਬਰ ਸੁਣ ਵਾਪਸ ਮੁੜ ਗਿਆ, "ਧੰਨਵਤਰੀ ਗੁੱਡਮੈਨ ਨਾਲ ਵਿਆਹੀ ਗਈ।" ਇੰਦੋਰੀ ਦਾ ਦਿਲ ਟੁੱਟ ਗਿਆ। ਉਸਨੂੰ ਵਿਸ਼ਵਾਸ ਨਹੀ ਸੀ ਆ ਰਿਹਾ। ਕ੍ਰੋਧਿਤ ਹੋ ਉਹ ਆਪਣੀ ਕਿਸਮਤ ਕੋਸਦਾ। ਦੁਬਾਰਾ ਫੇਰ ਨਾ ਪਰਤਣ ਦੀ ਕਸਮ ਵਾਪਸ ਪਰਤ ਗਿਆ ।"

ਧੰਨਵਤਰੀ ਨੂੰ ਇਹ ਅਹਿਸਾਸ ਨਹੀਂ ਹੋਇਆ ਕਿ ਕਦ ਇੰਦੋਰੀ ਆਇਆ ਤੇ ਕਦ ਵਾਪਸ ਵੀ ਚਲਾ ਗਿਆ। ਉਸਦੇ ਖ਼ਾਬ ਮਿੱਟੀ ਵਿੱਚ ਮਿੱਲ ਗਏ।

ਉਸਦੀ ਤੜਫ ਸੀ, "ਕਮਲਿਆ.....ਰੂਹਾਂ ਤੇ ਕਬਜ਼ਾ ਤਾਂ ਤੇਰਾ ਸੀ।.....ਤੇ ਸਦਾ ਰਹਿਣਾ ਸੀ।"

ਇੰਦੋਰੀ ਦਾ ਵਿਭਾਗ ਦੇ ਗੇਟ ਤੋਂ ਮੁੜ ਜਾਣਾ ਇੱਕ ਸਦਮੇ ਤੋਂ ਘੱਟ ਨਹੀਂ ਸੀ। ਉਹ ਦੁਬਾਰਾ ਜੁੜਨਾ ਚਾਹੁੰਦੀ ਸੀ। ਫਿਲਹਾਲ ਸਾਰੇ ਰਾਹ ਬੰਦ ਦਿਖ ਰਹੇ ਸਨ।

*** ***

ਧੰਨਵਤਰੀ ਦਾ 'ਗੁੱਡ ਮੈਨ' ਸਰੀਰਕ ਭੋਗੀ ਸੀ। ਧੰਨਵਤਰੀ ਦੇ ਬੱਚੇ ਹੋਏ। ਪੜ੍ਹ-ਲਿਖ ਦੂਸਰੇ ਮੁਲਕਾਂ ਵਿੱਚ ਜਾ ਵਸੇ। ਵਿਭਾਗ, ਘਰ ਪਰਿਵਾਰ ਆਪਣੀ ਤੋਰ ਤੁਰਦਾ ਰਿਹਾ। ਉਸਦਾ ਜ਼ਿਕਰ ਹਰ ਥਾਂ ਹੁੰਦਾ ਰਹਿੰਦਾ। ਹਰ ਸ਼ਹਿਰ-ਬਾਜ਼ਾਰ ਹੋਇਆ। ਜਿਨ੍ਹਾਂ ਨੂੰ ਹੋਣਾ ਸੀ.... ਉਹਨਾਂ



ਤੀਕ ਨਾ ਹੋਈਆ। ਵਾਰਿਸ- ਸ਼ਾਹ ਅੱਧੀ-ਅਧੂਰੀ ਹੀਰ ਲਿਖ ਜੰਗਲ ਚਲਾ ਗਿਆ। ਉਹ ਕਲਮ ਤੇ ਸਿਆਹੀ ਖੁੱਲ੍ਹੀ ਹੀ ਛੱਡ ਗਿਆ। ਪੰਨੇ ਹਵਾ ਵਿੱਚ ਹਿਲਦੇ ਰਹੇ।

'ਗੁੱਡਮੈਨ' ਧਨਵੰਤਰੀ ਦੇ ਸਰੀਰ ਨਾਲ ਖੇਡਦਾ ਰਿਹਾ। ਸਮਾਂ ਪੈਣ ਤੇ ਤੋੜ ਤੁੜਾਈ ਕਰ ਗਿਆ। ਬੱਚਿਆਂ ਨੂੰ ਅਮਰੀਕਾ 'ਕਲਚਰ' ਖਾ ਗਿਆ। ਮਾਂ ਲਈ 'ਸਪੇਸ' ਉਹਨਾਂ ਵਿੱਚ ਨਹੀਂ ਸੀ। ਸੰਤਾਪ ਤੇ ਝੋਰਾ ਖਾ ਗਿਆ ਧੰਨਵਤਰੀ ਨੂੰ।

ਇਹ ਸੰਤਾਪ ਨੇ ਉਸਨੂੰ ਬਿਸਤਰ ਨਾਲ ਜੋੜ ਲਿਆ। ਆਜ਼ਾਦ ਰੂਹ ਕਮਰਾ ਨੰਬਰ ਗਿਆਰਾਂ ਵਿੱਚ ਕੈਦ ਹੋ ਗਈ । ਵਿਭਾਗ ਤੋਂ ਲੰਮੀ ਛੁੱਟੀ ਲਈ ਅਰਜ਼ੀ ਭੇਜ ਦਿੱਤੀ।

ਟੈਸਟ ਹੋਏ। ਰਿਪੋਰਟਾਂ ਆਈਆਂ। ਦੱਸਣ ਵਾਲੇ ਨੇ ਦੱਸ ਦਿੱਤਾ, "ਬਹੁਤਾ ਸਮਾਂ ਇਹ ਜੱਗ ਤੁਹਾਡੇ ਦੇਖਣ ਵਾਲਾ ਨਹੀਂ ਰਿਹਾ।"

*** ***

ਧੰਨਵਤਰੀ ਕੈਂਸਰ ਦੀ ਅਖਰੀਲੀ ਸਟੇਜ 'ਤੇ ਸੀ। ਉਮੀਦ ਸੀ ਕਿ ਉਸ ਕੋਲ ਗਿਣਤੀ ਦੇ ਦਿਨ ਬਾਕੀ ਰਹਿ ਗਏ ਸਨ।

ਉਸ ਦੇ ਦਿਲ ਦੀ ਹੂਕ ਤੇ ਹੁੰਗਾਰੇ ਭਰਨ ਵਾਲਾ ਕੋਈ ਨਹੀਂ ਸੀ। ਨੌਕਰਾਣੀ ਦੇ ਤੌਰ 'ਤੇ ਪੱਚੀ ਸਾਲਾਂ ਤੋਂ ਕੰਮ ਕਰਦੀ ਆ ਰਹੀ ਸਾਂ ਮੈਂ। ਘਰ ਦੇ ਸਾਰੇ ਕੰਮ ਦੁੱਖ-ਸੁੱਖ ਉਹ ਮੇਰੇ ਨਾਲ ਕਰ ਲੈਂਦੀ ਸੀ। ਮੈਨੂੰ ਧੰਨਵਤਰੀ ਨੌਕਰਾਣੀ ਨਹੀਂ ਸਮਝਦੀ ਸੀ। ਮੈਂ ਘਰ ਦੇ ਅਤੇ ਬਾਹਰਲੇ ਕੰਮ ਕਰਦੀ ਆ ਰਹੀ ਸਾਂ। ਪੜ੍ਹੀ-ਲਿਖੀ ਜੋ ਹੋਈ।

ਇਹ ਕੰਮ ਵੀ ਮੇਰੇ ਹਿੱਸੇ ਆਇਆ ਜਦ ਉਸਦੇ ਸੀਨੇ ਵਿੱਚ ਨਾਸੂਰ ਵਾਂਗ-ਬਣਿਆ ਦਰਦ ਰਿਸ ਪਿਆ। ਉਸ ਦੇ ਦਿਲ ਦੀ ਪਰਤ ਫਰੋਲੀ , "ਕੁਸ਼ਮ...ਸਿਰਫ ਇੱਕ ਵਾਰ....ਇੰਦੋਰੀ ਨੂੰ ਮਿਲਣਾ ਸੀ। ਮੇਰੀ ਤੜਫਦੀ ਰੂਹ ਨੂੰ ਚੈਨ ਆਵੇ।" ਧੀਆਂ, ਪੁੱਤਾਂ ਤੇ ਪਤੀ ਵਿੱਚੋਂ ਮਿਲਣ ਲਈ ਕਿਸੇ ਨੂੰ ਆਵਾਜ਼ ਮਾਰਨ ਲਈ ਵਰਜਦੀ ਰਹੀ ।

ਉਸ ਲਈ ਉਹ ਸਾਰੇ ਪਹਿਲਾਂ ਹੀ ਮਰ ਚੁੱਕੇ ਸਨ।

*** ***

ਇੰਦੋਰੀ ਦਾ ਪਤਾ ਮਿਲਿਆ। ਉਹ ਰਿਟਾਇਰਮੈਂਟ ਤੋਂ ਬਾਅਦ ਇਕਾਂਤ ਵਿੱਚ ਦਾਰਜ਼ੀਲਿੰਗ ਰਹਿੰਦਾ ਸੀ। ਮੈਂ ਮਿਲੀ। ਉਸਨੇ ਆਉਣ ਦੀ ਹਾਮੀ ਭਰ ਦਿੱਤੀ।

ਮੈਂ 'ਧੰਨਵਾਦ ਧੰਨਵਾਦ' ਕਹਿੰਦੀ ਵਾਪਸ ਹਸਪਤਾਲ ਕਮਰਾ ਨੰਬਰ ਗਿਆਰਾਂ ਵਿੱਚ ਆ ਗਈ ਸਾਂ। ਉਮੀਦ ਸੀ...ਜ਼ਰੂਰ ਆਵੇਗਾ। ਪਰ ਕਦੋਂ ਇਹ ਨਿਸ਼ਚਿਤ ਨਹੀਂ ਸੀ।

*** ***

ਅੱਜ ਦਰਵਾਜ਼ੇ ਤੇ ਇੰਦੋਰੀ ਪਹੁੰਚਿਆ। ਧੰਨਵਤਰੀ ਤੇ ਇੰਦੋਰੀ ਦੀਆਂ ਨਜ਼ਰਾਂ ਮਿਲੀਆਂ। ਰੱਬੀ ਰੂਹਾਂ ਦੁਬਾਰਾ ਮਿਲ ਗਈਆਂ। ਟੱਲ ਦੁਬਾਰਾ ਵੱਜਣ ਲੱਗੇ। ਬਸੰਤ ਰੁੱਤ ਮੁੜ ਆਈ। ਪੌਣਾਂ ਨੇ ਅਠਖੇਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਚਿੜੀਆਂ ਤੇ ਕੋਇਲਾਂ ਨੇ ਵਿਸਮਾਦੀ ਸੁਰ ਛੇੜ ਲਈ।

ਕੁਰਸੀ ਤੇ ਸਾਹਮਣੇ ਇੰਦੋਰੀ ਬੈਠ ਗਿਆ। ਦੋਵਾਂ ਨੇ ਰੱਜ ਕੇ ਵੇਖਿਆ ਇੱਕ ਦੂਜੇ ਨੂੰ। ਸਕਿੰਟਾਂ ਤੋਂ ਮਿੰਟ ਬਣਦੇ ਰਹੇ। ਉਹਨਾਂ ਵਿਚਕਾਰ ਚੁੱਪ ਤਣੀ ਹੋਈ ਸੀ। ਗੱਲਬਾਤ ਦੀ ਆਹਟ ਵੀ ਨਹੀਂ ਸੁਣੀ। ਕਿਸੇ ਨੇ ਦੂਸਰੇ ਦਾ ਹਾਲ-ਚਾਲ ਨਾ ਪੁੱਛਿਆ। ਪਲ ਭਰ ਲਈ ਬੁੱਲ੍ਹ ਵੀ ਨਾ ਹੱਲੇ।

ਮੈਂ ਆਪਣੇ-ਆਪ ਨੂੰ ਛੁਪਾਉਣਾ ਚਾਹੁੰਦੀ ਸਾਂ। ਚਾਹ ਲਿਆਉਣ ਲਈ ਕਹਿ ਕਮਰੇ 'ਚੋਂ ਨਿਕਲ ਗਈ ਸਾਂ। ਕਾਫੀ ਮਿੰਟਾਂ ਬਾਅਦ ਲਿਆ ਕੇ ਚਾਹ ਦਾ ਕੱਪ ਫੜ੍ਹਾ ਦਿੱਤਾ ਸੀ। ਪਰ ਉਹ ਮੂਰਤ ਬਣ ਬੈਠੇ ਸਨ।

ਚੁੱਪ ਨੂੰ ਮੈਂ ਤੋੜਨ ਵਿੱਚ ਅਸਫਲ ਰਹੀ। ਇੰਦੋਰੀ ਜਾਣ ਲਈ ਉੱਠ ਖਲੋਇਆ। ਇਕ ਵਾਰ ਫੇਰ ਵਿਦਾਇਗੀ ਹੋਈ। ਉਸ ਨੇ ਧੰਨਵਤਰੀ ਦਾ ਹੱਥ ਫੜਿਆ, ਘੁਟਿਆ ਤੇ ਹੌਲੀ-ਹੌਲੀ ਨਿੱਘ ਮਾਨਣ ਲੱਗਿਆ। ਉਂਗਲਾਂ ਨਾਲੋਂ ਉਂਗਲਾਂ ਛੁਡਾਉਣ ਲਈ ਜੱਦੋ-ਜਹਿਦ ਕਰ ਛੁਡਾਉਣ ਲੱਗਿਆ।

ਉਹਨਾਂ ਦੇ ਚਿਹਰੇ ਚਮਕਣ ਲੱਗੇ। ਵਾਰਿਸ ਸ਼ਾਹ ਇਸ 'ਮਿਲਣ ਘੜੀ' ਨੂੰ ਆਪਣੀਆਂ ਪੱਤਰੀਆਂ ਤੇ ਲਿਖਣ ਲਈ ਜੰਗਲਾਂ ਤੋਂ ਚੱਲ ਪਿਆ। ਉਸਨੇ ਕਲਮ ਦੁਬਾਰਾ ਚੁੱਕ ਲਈ। ਉਸਦੇ ਸ਼ਬਦਾਂ ਨੇ ਸ਼੍ਰਿਸਟੀ ਲਈ ਨਵਾਂ ਇਤਿਹਾਸ ਲਿਖਿਆ। ਇਹ ਕਿੱਸਾ ਰੂਪੀ ਇਤਿਹਾਸ ਲਿਖਦਾ ਗਿਆ।

ਬਗੈਰ ਕੁਝ ਬੋਲ ਸਾਂਝੇ ਕੀਤੇ ਇੰਦੋਰੀ ਪਰਤ ਗਿਆ।

*** ***

ਵਿਭਾਗ ਵਿੱਚ ਛੁੱਟੀ ਹੈ। ਧੰਨਵਤਰੀ ਦੀ ਰਾਤ ਬਿਮਾਰੀ ਕਾਰਨ ਮੌਤ ਹੋ ਗਈ। ਸਭਨਾਂ ਨੂੰ ਉਸ ਦੀ ਇਸ ਮੌਤ ਬਾਰੇ ਦੁੱਖ ਲੱਗਿਆ। ਸਭ ਮਿੱਤਰ, ਰਿਸਤੇਦਾਰ, ਧੀ-ਪੁੱਤ ਉਸਦੀ ਅਰਥੀ ਨਾਲ ਚੰਗੀਆਂ ਗੱਲਾਂ ਕਰਦੇ ਤੁਰਦੇ ਰਹੇ।

ਮੈਂ ਰੋ ਰਹੀ ਸਾਂ। ਆਪਣੀ ਮਾਲਕਣ ਖੋ ਲਈ ਸੀ ਮੈਂ। ਔਰਤਾਂ ਦੀ ਭੀੜ 'ਚ ਸਭ ਤੋਂ ਅੱਗੇ ਸੀ। ਜਾਣੇ-ਪਛਾਣੇ ਚਿਹਰਿਆਂ ਨਾਲ ਇਕ ਰੂਹ ਦਾ ਹਾਣੀ ਉਹਨਾਂ ਬੰਦਿਆਂ ਦੀ ਢਾਣੀ ਵਿੱਚ ਸ਼ਾਮਿਲ ਹੋਇਆ। ਉਸ ਨੇ ਸਭ ਨੂੰ ਪਛਾੜ ਕੇ ਅਰਥੀ ਨੂੰ ਮੋਢਾ ਦਿੱਤਾ।

ਮੈਂ ਬੋਲ ਨਾ ਸਕੀ, "ਦੇਖ ਧੰਨਵਤਰੀ ਉਹ ਇੰਦੋਰੀ ਫੇਰ ਆਇਆ ਹੈ।"

-81466-61278

---

**ਪੰਨਾ ਨੰ. 126 ਦਾ ਬਾਕੀ**

ਪਹਿਲੀਆਂ ਤਿੰਨ ਕੁ ਪੀੜ੍ਹੀਆਂ ਤੋਂ ਬਾਅਦ ਹੁਣ ਚੌਥੀ ਤੇ ਪੰਜਵੀਂ ਪੀੜ੍ਹੀ ਕੋਲ ਜਿਸ ਤਰ੍ਹਾਂ ਵਿਗਿਆਨਿਕ ਸਾਧਨਾਂ ਦੀ ਬਹੁਤਾਤ ਹੋਈ ਹੈ ਉਸ ਨਾਲ ਇਹ ਪੀੜ੍ਹੀ ਪਾੜਾ ਬਹੁਤ ਵੱਡਾ ਵਿਖਾਈ ਦਿੰਦਾ ਹੈ। ਕਿਸੇ ਸਮੇਂ ਮੈਗਜ਼ੀਨਾਂ ਦੀ ਅੱਡੀਆਂ ਚੁੱਕ ਕੇ ਉਡੀਕ ਕੀਤੀ ਜਾਂਦੀ ਸੀ। ਨਵੀ ਕਿਤਾਬ ਛਪਣ ਦੀਆਂ ਕਨਸੋਆਂ ਮਿਲਦੀਆਂ ਤਾਂ ਲੋਕ ਪੜ੍ਹਨ ਲਈ ਮਹੀਨਿਆਂ ਬੱਧੀ ਤਾਂਘਦੇ ਰਹਿੰਦੇ। ਲਾਇਬ੍ਰੇਰੀਆਂ 'ਚੋਂ ਕਢਵਾਉਂਦੇ। ਚੋਰੀ ਕਰਦੇ। ਚੋਰੀ ਪੜ੍ਹਦੇ ਤੇ ਰੱਜ ਕੇ ਮਾਣਦੇ। ਹੁਣ ਕਿਤਾਬ ਛੱਪਣ ਤੋਂ ਪਹਿਲਾਂ ਉਸਦੇ ਮਸੌਦੇ ਬਾਰੇ, ਫਿਰ ਟਾਇਟਲ ਬਾਰੇ ਤੇ ਫਿਰ ਖਰੀਦੋ-ਫਰੋਖ਼ਤ ਬਾਰੇ ਫੇਸਬੁੱਕ, ਵਰਡਜ਼ ਐਪ ਤੇ ਸੋਸ਼ਲ ਮੀਡੀਆਂ ਉੱਪਰ ਡੌਂਡੀ ਪਿੱਟੀ ਜਾਂਦੀ ਹੈ। ਪੜ੍ਹਣ ਸਮੱਗਰੀ ਦਾ ਕੋਈ ਘਾਟਾ ਨਹੀਂ। ਇਸ ਤਰ੍ਹਾਂ ਪੰਜਵੀਂ ਪੀੜ੍ਹੀ ਪਹਿਲੀਆਂ ਚਾਰ ਪੀੜ੍ਹੀਆਂ ਤੋਂ ਉਸੇ ਤਰ੍ਹਾਂ ਵੱਖਰੀ ਹੈ ਜਿਵੇਂ ਪਹਿਲਾਂ ਲੋਹੜੀ ਪਾਥੀਆਂ ਮੰਗ ਕੇ ਸ਼ਗਨਾਂ ਨਾਲ ਬਾਲੀ ਜਾਂਦੀ ਸੀ ਤੇ ਹੁਣ ਲੱਕੜਾਂ ਮੁੱਲ ਲੈ ਕੇ ਰਸਮੀ ਜਿਹੀ ਬਾਲੀ ਜਾਂਦੀ ਹੈ।



## ਲਹਿੰਦੇ ਪੰਜਾਬ ਦੀਆਂ ਕਹਾਣੀਆਂ/ਲਿੱਪੀ ਅੰਤਰ : ਡਾ. ਹਰਬੰਸ ਸਿੰਘ ਧੀਮਾਨ

## ਵਾਪਰ/ਮਕਸੂਦ ਸਾਕਿਬ

ਇਸ ਦਿਹਾੜੇ ਮੈਨੂੰ ਦਫ਼ਤਰ ਵਿਚ ਕੰਮ ਨਿਬੇੜਦਿਆਂ ਵਾਹਵਾ ਸੋਤਾ ਵੇਲ਼ਾ ਹੋ ਗਿਆ ਸੀ। ਸਾਰਾ ਅਮਲਾ ਫ਼ੈਲਾ ਛੁੱਟੀ ਕਰ ਗਿਆ ਸੀ। ਦਫ਼ਤਰ ਵਿਚ ਮੈਂ ਤੇ ਚੌਂਕੀਦਾਰ ਈ ਰਹਿ ਗਏ ਸਾਂ। ਉਹ ਸ਼ੋਹਦਾ ਸੌਂਦਾ ਈ ਦਫ਼ਤਰ ਵਿਚ ਸੀ ਨਾਲੇ ਰੋਟੀ ਟੁੱਕਰ ਵੀ ਅਪਣਾ ਓਥੇ ਈ ਕਰਦਾ ਸੀ।

ਮੇਰੇ ਅੱਜ ਦੇ ਰੁਝੇਵੇਂ ਉਹਦੀ ਰੈਸਟ ਵੀ ਲੰਮੀ ਕਰ ਛੱਡੀ ਸੀ ਉਹ ਬਾਹਰਲੇ ਬੂਹੇ ਦੇ ਨਾਲ਼ ਕਲਾਸ਼ਨੀਕੋਫ਼ ਫੜੀ ਵਰਦੀ ਵਿਚ ਕੱਸਿਆ ਤੁੱਸਿਆ ਖਲੋਤਾ ਸੀ। ਕੋਲ਼ ਉਹਦੇ ਇੱਕ ਉੱਚਾ ਸਾਰਾ ਸਟੂਲ ਵੀ ਪਿਆ ਸੀ ਪਰ ਉਹਦੇ ਉਤੇ ਬੈਠ ਨਹੀਂ ਸੀ ਸਕਦਾ। ਵੇਲ਼ਾ ਈ ਆਸੇ ਪਾਸੇ ਸੰਝ ਦਾ ਹੋ ਗਿਆ ਹੋਇਆ ਸੀ। ਉਹ ਮੈਨੂੰ ਵੀ ਆ ਕੇ ਇਹ ਨਹੀਂ ਸੀ ਪੁੱਛ ਸਕਦਾ ਜੋ ਸਾਹਿਬ, ਹੋਰ ਕਿੰਨਾ ਚਿਰ ਰਹਿ ਗਿਆ ਏ ਤੁਹਾਡੇ ਕੰਮ ਨਿਬੇੜਨ ਨੂੰ।

ਮੈਨੂੰ ਉਹਦਾ ਖ਼ਿਆਲ ਤੇ ਆਉਂਦਾ ਸੀ ਪਰ ਮੈਂ ਵੀ ਕੀ ਕਰਦਾ, ਕੋਈ ਦੋ ਚਾਰ ਫਿੱਗਰਾਂ ਅਜਿਹੀਆਂ ਫਸੀਆਂ ਸਨ ਜਿਹੜੀਆਂ ਰਲਣ ਦਾ ਨਾਂ ਈ ਨਹੀਂ ਸਨ ਲੈਂਦੀਆਂ ਕਿੰਨੇ ਈ ਘੰਟੇ ਹੋ ਗਏ ਸਨ ਖਪਦਿਆਂ। ਉਤੋਂ ਵੱਡੀ ਵੱਡੀ ਪਾਵਰ ਦੇ ਲਾਟੂ ਤੇ ਟਿਊਬਾਂ ਬਲਦੀਆਂ ਪਈਆਂ ਸਨ ਉਨ੍ਹਾਂ ਦੇ ਸਾੜਵੇਂ ਚਾਨਣ ਵਿਚ ਨਿੱਕੇ ਨਿੱਕੇ ਅੱਖਰ ਤੇ ਅੰਕੜੇ ਵੱਡੇ ਵੱਡੇ ਹੋ ਕੇ ਕੰਡਿਆਲੀ ਤਾਰ ਵਾਕਣ ਮੇਰੀ ਸੁਰਤ ਮੱਤ ਨੂੰ ਖੜ੍ਹੀ ਖਲੋਤੇ ਸਨ। ਮੁੜ ਮੁੜ ਕੇ ਗੁਣ ਛੂੰਹਦਾ ਸਾਰਾ ਕੁਝ ਠੁਕ ਸਿਰ ਬੁਝਦਾ ਟੁਰਿਆ ਆਉਂਦਾ ਬੱਸ ਜਦੋਂ ਉਸ ਪਰਤਦੇ ਅੱਧ ਵਿਚਕਾਰ ਅੱਪੜਦਾ ਤਾਂ ਖ਼ਬਰੇ ਕੀ ਹੋਣੀ ਵਰਤਦੀ। ਸਾਰਾ ਕੁਝ ਡਿੰਗ ਬੜਿੰਗਾ ਹੋ ਕੇ ਖਿੱਲਰ ਪੁੱਲਰ ਜਾਂਦਾ। ਹੋਸ਼ ਨੂੰ ਕੁਝ ਹੋ ਜਾਂਦਾ ਤੇ ਸੋਚ ਵਿਚ ਘੁੰਡੀਆਂ ਪੈ ਜਾਂਦੀਆਂ। ਥਕੇਵੇਂ ਨਾਲ਼ ਮੇਰੀ ਪਿਨਾਂਹ ਨਿਕਲੀ ਪਈ ਸੀ, ਇੰਜ ਇੰਜ ਇੰਜ ਸੀ ਜਿਵੇਂ ਵਜੂਦ ਨਾਲੋਂ ਵੱਖਰਾ ਹੋ ਕੇ ਆਪਣੀ ਆਪਣੀ ਥਾਵੇਂ ਜੋੜਿਆ ਗਿਆ ਸੀ। ਸਭ ਦੀ ਹਿਲ਼ ਅਜੋੜ ਹੋਈ ਪਈ ਸੀ। ਅੱਖਾਂ ਅੱਗੇ ਘੜੀ ਮੁੜੀ ਚਣਾਖ ਦੀਆਂ ਗੋਲ ਗੋਲ ਭੰਬੀਰੀਆਂ ਫਿਰਦੀਆਂ, ਕਦੀਂ ਇਧਰ ਕਦੀਂ ਉਧਰ ਉਡਦੀਆਂ ਵਿਖਾਲੀ ਦੇਣ। ਲੱਗੇ ਜਿਵੇਂ ਇਹ ਚਣਾਖ ਮੇਰੀਆਂ ਅੱਖਾਂ ਨੂੰ ਭੰਬੀਰੀਆਂ ਵਿਚੋਂ ਨਿਕਲ਼ ਕੇ ਉਨ ਦੇਣਾ ਏ।

ਕੰਮ ਨਬੇੜੇ ਬਿਨਾ ਮੈਂ ਓਥੋਂ ਨਿਕਲ਼ ਈ ਨਹੀਂ ਸਾਂ ਸਕਦਾ। ਭਾਵੇਂ ਦਿਨ ਈ ਕਿਉਂ ਨਾ ਚੜ੍ਹ ਜਾਵੇ। ਦਫ਼ਤਰ ਦੇ ਏਸ ਲੰਮੇ ਚੌੜੇ ਹਾਲ ਵਿਚ ਸੇਕਵੀਂ ਚਾਨਣ ਦਾ ਜਿਹੜਾ ਹੜ੍ਹ ਆਇਆ ਹੋਇਆ ਸੀ ਇਹਦੇ ਮਗਰ ਤਾਂ ਕੋਈ ਤਾੜ ਸੀ ਬਹੁੰ ਸਾਰੇ ਲੋਕਾਂ ਦੀ ਜਿਹਨਾਂ ਦਾ ਇਹ ਸਾਰਾ ਖਲਾਰ ਪਸਾਰ ਸੀ। ਮੁਲਕ ਦੇ ਵੱਡੇ ਵੱਡੇ ਸ਼ਹਿਰਾਂ ਤੋਂ ਲੈ ਕੇ ਦਸਾਵਰਾਂ ਤੀਕ ਅਪੜਿਆ ਹੋਇਆ। ਹੁਣ ਮੈਂ ਅੰਤ ਨੂੰ ਪੁੱਜਿਆ ਹੋਇਆ ਸਾਂ ਪਰ ਇਹਨੂੰ ਵਿਚੇ ਛੱਡ ਕੇ ਜਾਣਾ ਤਾਂ ਕਿਤੇ ਰਿਹਾ ਆਪਣੀ ਥਾਓਂ ਜ਼ਰੀ ਜਿਹਾ ਹਿਲ਼ ਵੀ ਨਹੀਂ ਸਾਂ ਸਕਦਾ। ਪਵੰਦ ਤੋਂ ਖ਼ਬਰੇ ਕਿਨਵੇਂ ਸੌ ਵਾਰੀ ਮੁੜ ਟੁਰਿਆ। ਅੱਖਰ ਤੇ ਅੰਕੜੇ ਤੋਲਦਾ ਪੜਚੋਲਦਾ ਅੱਖਾਂ ਵਗ ਵਗ ਜਾਵਣ ਡੱਬਾ ਮੁਕਾ ਦਿੱਤਾ ਸੀ ਮੈਂ ਟਿਸ਼ੂ ਪੇਪਰਾਂ ਦਾ, ਅੱਖਾਂ ਪੂੰਝ ਪੂੰਝ ਕੇ ਸਤਰਾਂ ਅਤੇ ਪਾਲਾਂ ਉੱਤੇ ਉਂਗਲਾਂ ਅੰਗੂਠੇ ਧਰਦਿਆਂ, ਕੱਚੀ ਪੈਨਸਲ ਨਾਲ਼ ਜਿੰਨਾ ਜੋੜਿਆ ਹੁੰਦਾ, ਕੰਢੇ ਲੀਕਦਾ। ਖ਼ਬਰੇ ਕਿਵੇਂ ਸਿੱਧੀ ਪਈ ਮੈਨੂੰ ਨਹੀਂ ਸੁਰਤ ਅਨਿੱਖੜ ਅਨਿੱਖੜ ਪੁਆੜਾ ਘੱਤਦੀਆਂ ਫਿੱਗਰਾਂ ਜੋੜ ਵਿਚ ਆ ਗਈਆਂ ਤੇ ਮੈਂ ਉਨ੍ਹਾਂ ਨੂੰ ਦੋ ਵਾਰੀ ਪੜਤਾਲਣ ਮਗਰੋਂ ਪੱਕਿਆਂ ਕਰ ਲਿਆ। ਇੰਜ ਲੱਗਾ ਜਿਵੇਂ ਹੁਣ ਮੈਂ ਕੁਝ ਬਚ ਗਿਆ ਸਾਂ। ਛੇਤੀ

ਨਾਲ਼ ਮੈਂ ਉਹ ਕਾਗ਼ਜ਼ ਕੰਪਿਊਟਰ 'ਚੋਂ ਪ੍ਰਿੰਟ ਲੈ ਕੇ ਕੱਢੇ, ਦਰਾਜ਼ ਵਿਚ ਰੱਖ ਕੇ ਜਿੰਦਰਾ ਮਾਰਿਆ ਤੇ ਅਪਣਾ ਬਟੂਆ ਤੇ ਘਰ ਬੂਹੇ ਤੇ ਅੰਦਰ ਦੀ ਅਲਮਾਰੀ ਦੀਆਂ ਕੁੰਜੀਆਂ ਸਾਂਭਦਾ ਕੁਹਾੜੇ ਦੇ ਵਾਤ ਆਈ ਆਪਣੀ ਸਾਰੇ ਦਿਨ ਦੀ ਕਾਠ ਨਾਲ਼ ਹਲਕਾਨ ਹੋਇਆ ਹੋਇਆ, ਰਹਿੰਦੀ ਹਰ ਸ਼ੈ ਓਥੇ ਦੀ ਓਥੇ ਛੱਡ ਕੇ ਬਾਹਰ ਦੇ ਬੂਹੇ ਵੱਲ ਟੁਰ ਪਿਆ। ਚੌਂਕੀਦਾਰ ਮੈਨੂੰ ਆਉਂਦੀਆਂ ਡਿੱਠਾ ਤੇ ਸਗਵੀਂ ਆਕਰੇ ਮੁਹਾਂਦਰੇ ਨਾਲ਼ ਅਪਣਾ ਆਪ ਸੂਤ ਲਿਓਸ। ਕੋਲ਼ ਅਪੜਨ ਤੇ ਉਹਨੇ ਮੈਨੂੰ ਸੈਲੂਟ ਮਾਰਿਆ ਤੇ ਅੱਗੇ ਵੱਧ ਕੇ ਬੂਹਾ ਖੋਲ੍ਹ ਦਿੱਤਾ।

ਹੁਣ ਮੈਂ ਬੂਹੇ ਅਗਲੇ ਵਿਹੜੇ ਵਿਚ ਖਲੋਤਾ ਸਾਂ ਅੰਦਰਲਾ ਅੱਗ ਲਾਂਦਾ ਚਾਨਣ ਇਥੇ ਵੀ ਸੀ ਤੇ ਉਹਦੀ ਮਾਰ ਥੱਲੇ ਲੱਥਦੀਆਂ ਪੌੜੀਆਂ ਦੇ ਅੱਧ ਤੀਕਰ ਤਾਂ ਸਗਵੀਂ ਸੀ ਅੱਗੇ ਕੁਝ ਮੱਠੀ ਹੁੰਦੀ ਜਾਪਦੀ ਯਾਂ ਖ਼ਬਰੇ ਮੇਰੀਆਂ ਅੱਖਾਂ ਵਿਚ ਜਾਲ਼ਾ ਆ ਗਿਆ ਸੀ ਕਿ ਉਹੋ ਚਣਾਖ ਵਿਚ ਫਿਰ ਗਈ ਸੀ।

ਪੌੜੀਆਂ ਲਹਿ ਕੇ ਮੈਂ ਹੇਠਾਂ ਗਲੀ ਵਿਚ ਆ ਗਿਆ। ਜਿਹਦੇ ਰਾਹੀਂ ਮੈਂ ਸੜਕ ਤੀਕ ਅਪੜਨਾ ਸੀ। ਮੈਨੂੰ ਕੁਝ ਦਿਸਦਾ ਈ ਨਹੀਂ ਸੀ ਪਿਆ। ਹਨੇਰ ਘੁੱਪ ਘੇਰ ਇੰਜ ਸੀ ਜਿਵੇਂ ਸਮੁੰਦਰ ਦਾ ਸਮੁੰਦਰ ਈ ਏਸ ਗਲੀ ਵਿਚ ਆਣ ਵੜਿਆ ਸੀ। ਹਨੇਰਾ ਮੇਰੀਆਂ ਸੜੀਆਂ ਪਈਆਂ ਨੂੰ ਵਤਰ ਪਿਆ ਲਾਂਦਾ ਸੀ। ਮੇਰੀਆਂ ਅੱਖਾਂ ਦੀ ਸੁੱਕ ਉਹਦੇ ਨਾਲ਼ ਪੀਚਦੀ ਹੋਈ ਜਾਪੇ। ਮੈਂ ਆਪਣੀ ਥਾਂ ਖਲੋਤੇ ਦਾ ਖਲੋਤਾ ਰਹਿ ਗਿਆ। ਨਿੱਕੇ ਹੁੰਦਿਆਂ ਦਾ ਉਹ ਵੇਲ਼ਾ ਚੇਤੇ ਆ ਗਿਆ ਜਦੋਂ ਇੱਕ ਵਾਰੀ ਅੱਖਾਂ ਆਈਆਂ ਤਾਂ ਵੱਲ ਹੋਵਣ ਦਾ ਨਾਂ ਈ ਨਾ ਲੈਣ। ਮਾੜੀ ਜਿਹੀ ਕੋਈ ਵਿਖਾਲੀ ਵੀ ਤ੍ਰਾਟਾਂ ਪਾਵਣ ਲੱਗ ਪੈਂਦੀ ਤੇ ਮੇਰੀ ਨਾਨੀ ਨੇ ਮੇਰੀ ਮਾਂ ਨੂੰ ਓਹੜ ਦੱਸਿਆ, ਖੋਤੀ ਦਾ ਦੁੱਧ ਲੈ ਕੇ ਠੰਢੀਆਂ ਕਰ ਕੇ ਰੂੰ ਦੇ ਗੈਬੀਆਂ ਨਾਲ਼ ਰਾਤ ਨੂੰ ਪੱਟੀਆਂ ਕਰਨ ਦਾ। ਇੰਜ ਈ ਹੋਇਆ। ਮੈਨੂੰ ਚੇਤੇ ਆ ਗਿਆ ਜਦੋਂ ਰੂੰ ਦੇ ਵੱਡੇ ਵੱਡੇ ਫੇਹੇ ਬਣਾ ਕੇ ਮਾਂ ਨੇ ਦੁੱਧ ਨਾਲ਼ ਭਿਓਂ ਕੇ ਅੱਖਾਂ ਉੱਤੇ ਧਰੇ ਉਤੋਂ ਕੋਈ ਚਾਰ ਵਲੇਵੇਂ ਪੱਟੀ ਦੇ, ਦੇ ਕੇ ਲੰਮਿਆਂ ਪਾਇਆ ਤਾਂ ਮੇਰੀਆਂ ਅੱਖਾਂ ਨੂੰ ਅਜਿਹਾ ਸੁਖ ਮਿਲਿਆ ਜੋ ਜ਼ਰੀ ਜਿੰਨਾ ਵੀ ਨਾ ਸੁਣਦਿਆਂ ਅੱਖਾਂ ਗੂੜ੍ਹੀ ਨੀਂਦਰ ਵਿਚ ਚਲੀਆਂ ਗਈਆਂ ਸਨ। ਏਸ ਵੇਲੇ ਸਗਵੀਂ ਕਾਰ ਈ ਇਹ ਗਲੀ ਦਾ ਹਨੇਰਾ ਪਿਆ ਕਰਦਾ ਸੀ। ਪੈਰ ਚਾਵਨ ਨੂੰ ਮੇਰਾ ਦਿਲ ਨਾ ਕਰੇ। ਹਨੇਰੇ ਬਾਝ ਕੋਈ ਹੋਰ ਸ਼ੈ ਵੇਖਣੀ ਲੱਗੇ ਇਹ ਮਿਲਦਾ ਹੋਇਆ ਸਾਰਾ ਸੁਖ ਉਡਾ ਦੇਸੀ ਤੇ ਮੈਂ ਫੇਰ ਉਸੇ ਤਸੀਹੇ ਵਿਚ ਜਾ ਅੱਪੜ ਸਾਂ ਜਿਥੋਂ ਦੰਦਾਂ ਦੀਆਂ ਖਾ ਕੇ ਮਸਾਂ ਈ ਨਿਕਲਿਆ ਸਾਂ। ਕੁਝ ਪਲਾਂ ਮਗਰੋਂ ਮੇਰੇ ਪੈਰ ਹਿੱਲੇ ਮਾੜਾ ਜਿਹਾ ਅਗਾਂਹ ਨੂੰ ਹੋਏ। ਥੰਮ ਥੰਮ ਕੇ ਟੁਰਨ ਦਾ ਜਤਨ ਕਰਦੇ। ਅਪਣਾ ਆਪ ਸਾਂਭਦੇ ਜਿਵੇਂ ਜਿਵੇਂ ਇਨ੍ਹਾਂ ਨੂੰ ਕੁਝ ਸਾਂਭ ਹੋਈ, ਮੇਰੇ ਵਜੂਦ ਦੇ ਹਰ ਅੰਗ ਨੂੰ ਸਾਂਭ ਹੁੰਦੀ ਗਈ। ਇਹ ਸੀ ਮੇਰਾ ਵਜੂਦ ਇੰਜੂ ਇੰਜ ਸੁਰਤ ਵਿਚ ਆਉਂਦਾ ਹੋਇਆ। ਸੁਰਤ ਮੱਤ ਵੀ ਜਿਵੇਂ ਨਵੇਂ ਸਿਰਿਓਂ ਪੁੰਗਰ ਪਈ ਸੀ। ਦਿਲ ਸੱਜਰੀ ਗਿਆ।
ਥੰਮ ਥੰਮ ਕੇ ਟੁਰੋ ਅੰਧੇਰਾ ਏ।

ਬੜਾ ਸਵਾਦੀ ਲੱਗਾ ਇਹ ਥੰਮ ਥੰਮ ਕੇ ਟੁਰਨਾ। ਸਾਰੀਆਂ ਸੋਝੀਆਂ ਜਿਵੇਂ ਇਕਤਾਰ ਪਈਆਂ ਹੁੰਦੀਆਂ ਸਨ। ਹਨੇਰੇ ਨਾਲ਼ ਮੇਰੀ ਹੋਂਦ ਆਪਣੇ ਥੁੜ ਤੀਕ ਪਹੁੰਚ ਗਈ ਸੀ।

ਇਹ ਤਿਲਕਣਬਾਜ਼ੀ ਵਿਹੜਾ ਏ।

ਇਥੇ ਤੇ ਤਿਲਕਣ ਖੇਡ ਏ ਵੜ ਅੰਦਰ ਵੇਖੋ ਕਿਹੜਾ ਏ। ਏਸ ਤਿਲਕਣ ਵਿਚ ਇੱਕ ਦੂਜੇ ਨਾਲ਼ ਚਿਕੜੋ ਚਿਕੜੀ ਹੋਇਆਂ ਈ ਇਸ 'ਕਿਹੜੇ' ਨੂੰ ਵੇਖਿਆ ਜਾ ਸਕਦਾ ਏ।



ਜਿਹੜਾ ਚੜ੍ਹੀ ਲੱਥੀ ਦੀ ਬਾਧੋਂ ਮੋਕਲੀਆਂ ਕਰ ਦਿੰਦਾ।

ਵੜ ਅੰਦਰ ਵੇਖੋ ਕਿਹੜਾ ਏ
ਇਹ ਤਿਲਕਣਬਾਜ਼ੀ ਵਿਹੜਾ ਏ
ਜਿਥੇ ਚੜ੍ਹਦੀ ਏ ਨਾ ਲਹਿੰਦੀ ਏ

ਖ਼ਬਰੇ ਇਹ ਕਿਸੇ ਸ਼ਰਾਬ ਦੀ ਗੱਲ ਏ ਜਿਹਦੇ ਵਿਚ ਚੜ੍ਹਨ ਤੇ ਲਹਿਣ ਦੇ ਵਾਧਵੀਂ ਅੰਤਾਂ ਤੋਂ ਮੁਕਤ ਹੋ ਜਾਂਦਾ ਏ। ਥੰਮ ਥੰਮ ਕੇ ਟੁਰੋ। ਆਪਣੇ ਆਪ ਨੂੰ ਯਾ ਹਰ ਕਿਸੇ ਨੂੰ ਥੰਮ ਥੰਮ ਕੇ ਸਹਾਰ ਸਹਾਰ ਕੇ।

ਮੈਂ ਗਲੀ ਵਿਚ ਓਥੇ ਅਪੜਿਆ ਪਿਆ ਸਾਂ ਜਿਥੇ ਸਵੇਰੇ ਆਉਂਦਿਆਂ ਮੈਂ ਮੋਟਰ ਸੈਕਲਾਂ ਦੀਆਂ ਪਾਲਾਂ ਵਿਚਲੇ ਖੱਪਿਆਂ ਵਿਚ ਮੰਗਤਿਆਂ ਦੇ ਝੁੰਡਾਂ ਦੇ ਝੁੰਡ ਬੈਠੇ ਵੇਖਦਾ ਸਾਂ। ਇਹ ਵਾਰੀਆਂ ਬੰਨ੍ਹ ਕੇ ਚੌਂਕ ਦੇ ਇਸ਼ਾਰੇ ਤੇ ਕਾਰਾਂ ਮੋਟਰਾਂ ਬਾਈਕਾਂ ਰਿਕਸ਼ੇ ਤੇ ਚਿੰਗਚੀਆਂ ਪੈਂਦੀਆਂ ਸਨ ਛੋਅਰਾਂ ਤੋਂ ਵਡੇਰਿਆਂ ਇੱਕ ਇੱਕ ਹੱਥ ਨਾਲ਼ ਬਾਲ ਸਾਂਭਿਆ ਹੁੰਦਾ ਤੇ ਇੱਕ ਹੱਥ ਸਵਾਲ ਬਣਾ ਕੇ ਹਰ ਕਿਸੇ ਅੱਗੇ ਡਾਹੁੰਦੀਆਂ ਟੁਰਦੀਆਂ ਰਹਿੰਦੀਆਂ।

ਮੇਰੇ ਅੰਦਰੋਂ ਸਹਿਜ ਸੁਭਾਈਂ ਬੋਲਣ ਹੋਇਆ, 'ਵੜ ਅੰਦਰ ਵੇਖੋ ਕਿਹੜਾ ਏ, ਇਹ ਤਿਲਕਣਬਾਜ਼ੀ ਵਿਹੜਾ ਜਿਥੇ ਚੜ੍ਹਦੀ ਏ ਨਾ ਲਹਿੰਦੀ ਏ।

ਗਲੀ ਦੇ ਮੂੰਹ ਉੱਤੇ ਅਪੜਿਆ ਪਿਆ ਸਾਂ ਹੁਣ ਮੈਂ। ਪਤਾ ਨਹੀਂ ਕਿਉਂ ਮੈਨੂੰ ਗਲੀ ਦਾ ਇਹ ਮੂੰਹ ਸੂਈ ਦਾ ਨੱਕਾ ਲੱਗਾ। ਇਹਦੋਂ ਅੱਗੇ ਸੜਕ ਸੀ। ਡਿੱਠਾ ਤਾਂ ਇੱਕ ਜਣੀ ਟੁਰੀ ਆਉਂਦੀ ਹੋਵੇ ਅੱਗੇ ਅੱਗੇ ਇੱਕ ਬਾਲ ਜਿਵੇਂ ਨਵਾਂ-ਨਵਾਂ ਟੁਰਨ ਜੋਗਾ ਹੋਇਆ ਹੋਵੇ। ਪੈਰਾਂ ਦਾ ਵਸਾਹ ਕਰਦਾ ਨਿੱਕੀਆਂ ਨਿੱਕੀਆਂ ਚੁੰਗੀਆਂ ਮਾਰਦਾ ਤੇ ਫੇਰ ਪਿੱਛੇ ਮੁੜ ਕੇ ਵੇਖਦਾ।
ਉਹ ਆਪਣੇ ਧਿਆਨ ਜਾਪਦੀ ਮੈਂ ਹਨੇਰੇ ਦੀ ਲੁੱਕ ਵਿਚੋਂ ਉਹਦਾ ਮੂੰਹ ਵਾਹਵਾ ਗੌਹ ਨਾਲ਼ ਡਿੱਠਾ। ਅਜਿਹੀ ਰਚ ਮੈਂ ਹਯਾਤੀ ਵਿਚ ਪਹਿਲਾਂ ਕਿਤੇ ਨਹੀਂ ਸੀ ਡਿੱਠੀ। ਮੇਰੇ ਪੈਰ ਖਲੋ ਗਏ ਇੱਕ ਵਾਰੀ:

ਥੰਮ ਥੰਮ ਕੇ ਟੁਰੋ ਹਨੇਰਾ ਏ
ਵੜ ਅੰਦਰ ਵੇਖੋ ਕਿਹੜਾ ਏ

ਜਦੋਂ ਮੈਂ ਪੈਰ ਗਲੀ ਦੇ ਮੂੰਹੇ ਦੀ ਬੰਨਿਓਂ ਸੜਕ ਉੱਤੇ ਲਾਹੇ ਸਨ, ਉਸ ਅੱਗੇ ਵਧਦਾ ਪੈਰ ਬੋਚ ਕੇ ਮੇਰੇ ਨਾਲ਼ ਸਾਵਾਂ ਕਰ ਲਿਆ। ਹੁਣ ਉਹ ਜਣੀ ਤੇ ਮੈਂ ਅਸਲੋਂ ਆਹਮਣੇ ਸਾਹਮਣੇ ਸਾਂ। ਉਹਦਾ ਮੂੰਹ ਮੇਰੇ ਮੂੰਹ ਵੱਲ ਸੀ ਪਰ ਅੱਖਾਂ ਗਲੀ ਦੇ ਹਨੇਰੇ ਵਿਚ ਪਈਆਂ ਝਾਕਦੀਆਂ ਸਨ। ਮੈਂ ਉਹਦਾ ਮੂੰਹ ਉਹਦੀ ਰਚ, ਉਹਨੂੰ ਜਾਣੂ ਕਰਾਂਦਿਆਂ ਵੇਖਣਾ ਚਾਹੁੰਦਾ ਸਾਂ ਪਰ ਮੈਥੋਂ ਵੀ ਨਜ਼ਰਾਂ ਲਾਹਮਾਂ ਨੂੰ ਨਿਕਲ਼ ਗਈਆਂ।

ਉਚਰਾਂ ਨੂੰ ਉਹਦੀ ਵਾਜ ਮੇਰੇ ਕੁਨੀਨ ਅਪੜੀ, ਇੱਕ ਸੌ ਰੁਪਈਆ ਚਾਹੀਦਾ ਏ। ਵੇਖ ਉਹ ਅਜੇ ਵੀ ਹਨੇਰੀ ਗਲੀ ਦੇ ਧੁਰ ਅੰਦਰ ਈ ਰਹੀ ਸੀ।

ਮੈਨੂੰ ਜਾਪਿਆ ਜਿਵੇਂ ਮੈਂ ਫੇਰ ਅੰਤਾਂ ਦੇ ਸਾੜਵੇਂ ਚਾਨਣ ਦੀ ਮਾਰ ਵਿਚ ਆ ਗਿਆ ਸਾਂ। ਹੁਣ ਨਿਰਾ ਮੇਰੀਆਂ ਅੱਖਾਂ ਈ ਨਹੀਂ ਸਗੋਂ ਪੂਰਾ ਰੂਹ ਲੂਸਣ ਲੱਗ ਪਿਆ ਸੀ।

-0-

# ਲੋਹ ਕਣ/ਮਕਸੂਦ ਸਾਕਿਬ

ਅੱਜ ਨੌਕਰੀ ਪੂਰੀ ਹੋਇਆਂ 20 ਵਰ੍ਹੇ ਹੋ ਗਏ ਨੇਂ ਸ਼ੇਖ਼ ਜੀ। ਚੇਤੇ ਕਰਨਾਂ ਕਈਂ ਵਰ੍ਹੇ ਬੈਠਿਆਂ ਟੁਰਦਿਆਂ ਲੰਮੇ ਪਿਆਂ। ਕਿਸੇ ਨਾਲ਼ ਕੋਈ ਵਾਧਾ ਘਾਟਾ ਕੀਤਾ ਹੋਵੇ, ਕਿਸੇ ਨਾਲ਼ ਕੋਈ ਮਾੜੀ ਚੰਗੀ ਕਰ ਗਿਆ ਹੋਵਾਂ। ਸਹੁੰ ਚਵਾ ਲਓ ਜੇ ਕੋਈ ਚੇਤੇ ਆਉਂਦੀ ਹੋਵੇ। ਚੇਤੇ ਨਾ ਆਉਣਾ ਕੋਈ ਆਪਣੇ ਘੁਸਾਨ ਦੀ ਗੱਲ ਨਹੀਂ ਜੇ ਮੇਰੀ। ਨਾ ਉੱਕਾ ਕੋਈ ਨਾ। ਅਫ਼ਸਰ ਸਾਂ। ਪੂਰੇ ਮਹਿਕਮੇ ਦਾ ਇੱਕ ਇੱਕ ਆਨਾ ਇੱਕ ਇੱਕ ਪਾਈ ਮੇਰੇ ਹੱਥੋਂ ਹੋ ਕੇ ਟੁਰਦਾ ਸੀ। ਜਿਹਦਾ ਬਣਿਆ ਏ ਮਹਿਕਮੇ ਦੇ ਮੱਥੇ ਤੋਰੇ ਸੇਤੀ ਉਹ ਉਹਨੂੰ ਦੁੱਧੀਂ ਪੁੱਤਰੀਂ ਦਿੱਤਾ ਏ ਸਗਵਾਂ, ਕੀ ਮਜਾਲ ਜੇ ਸਿਗਟ ਦੇ ਟੋਟੇ ਦਾ ਵੀ ਰਵਾਦਾਰ ਹੋਇਆ ਹੋਵਾਂ। ਕੂੜ ਨਹੀਂ ਚੱਲਣ ਦਿੱਤਾ ਕਸਮ ਜੇ। ਬੜੀਆਂ ਬੜੀਆਂ ਚਤੁਰਾਈਆਂ ਅਜ਼ਮਾਂਦੇ ਰਹੇ ਨੇਂ ਨਾਲ਼ ਬੜੇ ਬੜੇ ਵੱਲ ਫ਼ਰੇਬ ਵੀ ਕੀਤੇ ਅਗਲਿਆਂ ਬਈ ਸੁਰਤ ਘੁਸ ਜਾਏ। ਬੰਦਾ ਮੁੱਠਿਆ ਜਾਏ। ਕਿਹੜੀ ਕਿਸੇ ਨੂੰ ਸੁਝਨੀ ਐਂ, ਇਹੋ ਸੋਚਿਆ ਅਗਲੇ ਨੂੰ ਸੁੱਝੇ ਨਾ ਸੁੱਝੇ ਆਪ ਨੂੰ ਤੇ ਸ਼ੀਸ਼ਾ ਏ ਨਾ। ਸਵਾਲ ਤਾਂ ਹੈ ਏਸ ਸ਼ੀਸ਼ੇ ਦਾ। ਕਿਸੇ ਦੇ ਅੱਖੀਂ ਘੱਟੇ ਦਾ ਸਵਾਲ ਨਹੀਂ ਏਸ ਸ਼ੀਸ਼ੇ ਉੱਤੇ ਮਾੜਾ ਜਿਹਾ ਥੰਮ ਵੀ ਆ ਗਿਆ ਤਾਂ ਸਾਰੀ ਉਮਰ ਖ਼ਲਾਸੀ ਨਹੀਂ ਹੋਣੀ। ਅਗਲੇ ਨੂੰ ਕਿਸੇ ਉਹਲੇ ਭੁਲੇਖੇ ਵਿਚ ਨਹੀਂ ਰਹਿਣ ਦਿੱਤਾ। ਐਧਰੋਂ ਸਮਝ ਆਉਂਦਿਆਂ ਝੱਟ ਨਹੀਂ ਲੱਗਿਆ ਤਾਂ ਉਧਰੋਂ ਦਸ ਪਾਂਦਿਆਂ ਨਹੀਂ ਜ਼ਰੀ ਢਿੱਲ ਕੀਤੀ। ਖਰਿਆਂ ਆਖ ਦਿੱਤਾ ਏ, ਇਹ ਨਹੀਂ ਜੇ ਹੋਣਾ। ਸ਼ੇਖ਼ ਜੀ, ਇਹ ਸੱਚੀ ਗੱਲ ਜੇ, ਉਸੇ ਵੇਲੇ ਈ ਅੱਗੋਂ ਵਾਗਾਂ ਮੁੜ ਜਾਂਦੀਆਂ ਸਾ ਜੇ, ਭਾਵੇਂ ਕਟਕ ਈ ਕਿਉਂ ਨਾ ਚੜ੍ਹੇ ਹੁੰਦੇ। ਮੈਂ ਕਈਂ ਵਾਰ ਵਿਚਾਰਿਆ ਏ ਆਪਣੀ ਏਸ ਵਾਦੀ ਨੂੰ। ਪਿਓ ਦੀ ਝਲਕਾਰ ਪੈਂਦੀ ਏ ਫੇਰ ਉਹਦੇ ਨੈਣ ਨਕਸ਼ਾਂ ਵਿਚੋਂ ਦੀਨ ਗੂੜ੍ਹਾ ਹੋ ਕੇ ਸਾਹਮਣੇ ਆਣ ਖਲੋਂਦਾ ਏ। ਪੋਠੋਹਾਰ ਦੇ ਕਿਸੇ ਅਖ਼ੀਰ ਪਛੜੇ ਹੋਏ ਪਿੰਡ ਦਾ ਲੁਹਾਰ। ਦੁਕਾਨੋਂ ਉਠਿਆ ਤੇ ਮੁੰਡੇ ਪੜ੍ਹਾਉਣ ਕੀਤੇ ਢੱਕੀਆਂ ਨਿਵਾਣਾਂ ਲੰਘਦਾ, ਇਥੇ ਲਹੌਰ ਆਣ ਪੁੱਜਿਆ ਤੇ ਰੜੇ ਤੇ ਭੱਠੀ ਆਹਰਨ ਤੇ ਫੂਕਣੀ ਧਰ ਕੇ ਬੈਠਾ ਤੇ ਅਖ਼ੀਰ ਦੀਨ ਮੁਹੰਮਦ ਖਰਾਦੀਆ ਹੋ ਕੇ ਆਪਣੀਆਂ ਮਸ਼ੀਨਾਂ ਉੱਤੇ ਨਿੱਕੇ ਮੋਟੇ ਕਲਪੁਰਜ਼ੇ ਘੜਨ ਬਨਾਣ ਲੱਗ ਪਿਆ। ਤਿੰਨਾਂ ਪੁੱਤਰਾਂ ਵਿਚੋਂ ਵੱਡਾ ਪੜ੍ਹਾਈ ਲਿਖਾਈ 'ਚ ਨਿੱਤਰ ਪਿਆ, ਦੂਜੇ ਦੋ ਵੀ ਵਾਹਵਾ ਸਨ ਪਰ ਪਿਓ ਦੀ ਲਾਹਮੇ ਚੋਖੇ ਉਲੇਰ ਹੋ ਗਏ, ਇਹ ਵੱਡੇ ਦੀ ਕਰਨੀ ਸੀ ਜੋ ਉਹਨੇ ਦੋ ਦੁਕਾਨਾਂ ਜੇਡੀ ਲੰਮੀ ਚੌੜੀ ਦੁਕਾਨ ਦੇ ਮੱਥੇ ਉਤੇ ਡੀ ਐਮ ਐਂਡ ਸੰਨਜ਼ ਦਾ ਅੰਗਰੇਜ਼ੀ ਉਰਦੂ ਅੱਖਰਾਂ ਵਿਚ ਬਹੁਤ ਵੱਡਾ ਬੋਰਡ ਲਿਖਵਾ ਲਾਇਆ ਤੇ ਪੰਜਾਬ ਦੇ ਅੰਗਰੇਜ਼ੀ ਰਾਜ ਦੇ ਤਰੀਜੇ ਲੈਫ਼ਟੀਨੈਂਟ ਗਵਰਨਰ ਦੇ ਨਾਂ ਦੀ ਏਸ ਸੜਕ ਦੇ ਇਕੋ ਢੰਗੋਚ ਦਾ ਨਾਂ ਡੀ ਐਮ ਕਾਰਨਰ ਧੁੰਮ ਗਿਆ। ਸ਼ਹਿਰ ਦੀਆਂ ਵੱਡੀਆਂ ਵੱਡੀਆਂ ਵਰਕਸ਼ਾਪਾਂ ਤੋਂ ਵੀ ਜਿਹੜਾ ਪੁਰਜ਼ਾ ਨਾ ਬਣਨਾ ਉਹ ਇਥੇ ਬਣਨ ਆ ਜਾਣਾ। ਸਪੇਅਰ ਪਾਰਟਸ ਵਾਲਿਆਂ ਨੂੰ ਵੀ ਉਸੇ ਦੀ ਕਨੋਡ ਝੱਲਣੀ ਪੈਣੀ। ਉਨ੍ਹਾਂ ਦਿਨਾਂ ਵਿਚ ਇੰਜ ਸੁਖਾਲੇ ਵਾਧੂ ਪੁਰਜ਼ੇ ਤੇ ਮੁੱਲ ਨਹੀਂ ਸਨ ਜਾਣਦੇ, ਕੰਪਨੀਆਂ ਨੂੰ ਤਾਰਾਂ ਦੇਣੀਆਂ ਪੈਂਦੀਆਂ ਸਨ ਤੇ ਫੇਰ ਕਿਧਰੇ ਵੇਲ਼ਾ ਲਾ ਕੇ ਇਹ ਵਾਧੂ ਪੁਰਜ਼ੇ ਅਪੜਦੇ ਸਨ, ਤਾਂ ਕਿਤੇ ਇਹ ਵਿਗੋਚਾ ਮੁੱਕਦਾ ਸੀ। ਓਨਾ ਚਿਰ ਲੋਕ ਹੱਥਲ ਹੋਏ ਰਹਿੰਦੇ ਸਨ। ਮਿਸਤਰੀ ਡੀ ਐਮ ਦੀ ਉਜਾਗਰੀ ਲਾਹੌਰੋਂ ਬਾਹਰ ਤੀਕਰ ਸੀ।

ਸ਼ੇਖ਼ ਜੀ, ਮੈਂ ਵੇਖਿਆ ਹੋਇਆ ਜੇ ਮਿਸਤਰੀ ਡੀ ਐਮ ਐਂਡ ਸੰਨਜ਼ ਵਾਲਾ। ਛੋਟਾ ਜਿਹਾ ਸਾਂ ਮੈਂ ਉਦੋਂ। ਅੱਬਾ ਮੇਰਾ ਪੜ੍ਹ ਕੇ ਕਿਧਰੇ ਪੜ੍ਹਾਉਣ ਲੱਗ ਪਿਆ ਹੋਇਆ ਸੀ। ਤੇ ਅਸੀਂ



ਉਦੋਂ ਕਵਾਰਟਰ ਜਿਹਾ ਘਰ ਛੱਡ ਕੇ ਥੋੜੇ ਵੱਡੇ ਘਰ ਵਿਚ ਚਲੇ ਗਏ ਸਾਂ।

ਮੈਨੂੰ ਨਿੱਕੀ ਉਮਰ ਦਾ ਈ ਇਹ ਪੱਕਾ ਚੇਤਾ ਏ। ਡੀ ਐਮ ਲੁਕਦੀ ਸਲੂਕਾ ਯਾ ਸੁੱਥਣ ਕੁੜਤਾ ਨਹੀਂ ਸੀ ਪਾਂਦਾ ਹੁੰਦਾ। ਇੱਕ ਡਾਂਗਰੀ ਹੁੰਦੀ ਸੀ ਉਹਦੇ ਲੱਕ ਗਲ। ਪੈਰੀਂ ਮੋਟੇ ਸਿਵਲ ਵਾਲੇ ਬੂਟ। ਵਾਲ਼ ਨਿੱਕਾ ਨਿੱਕਾ ਬੋਦਾ ਤੇ ਦਾੜ੍ਹੀ ਮੁੱਛ ਉੱਕਾ ਘਰੜ ਕੇ ਮੁੰਨੀ ਹੋਈ। ਖੱਟੇ ਚਾਨਣਾਂ ਵਾਲੇ ਛੱਤਾਂ ਤੋਂ ਪਲਮੇ ਹੋਏ ਲਾਟੂਆਂ ਵਿਚ ਪੱਟੀਆਂ ਨਾਲ਼ ਗਿੜ ਦੀਆਂ ਕਈਂ ਨਿੱਕੀਆਂ ਵੱਡੀਆਂ ਭੌਣੀਆਂ ਉੱਤੇ ਕੰਮ ਵਿਚ ਰੁੱਝਿਆ ਰਹਿੰਦਾ ਸੀ। ਨਾ ਅੱਖਾਂ ਉੱਤੇ ਐਨਕ ਤੇ ਨਾ ਕੰਮ ਵਿਚ ਕੋਈ ਜਿੱਲ੍ਹ। ਧੁੰਮ ਸੀ ਇੱਕ ਉਹਦੀ ਹਰ ਪਾਸੇ। ਉਹ ਵੀ ਮੈਨੂੰ ਆਪਣੇ ਅੱਬੇ ਤੋਂ ਪਤਾ ਲਗਦਾ ਸੀ ਜਦੋਂ ਉਹ ਕਿਸੇ ਨਾ ਕਿਸੇ ਦੀ ਗੱਲ ਸੁਣਾਂਦਾ ਆਖਦਾ ਹੁੰਦਾ ਸੀ, ਬਈ ਜਦੋਂ ਮੈਂ ਆਖਿਆ ਮੈਂ ਡੀ ਐਮ ਦਾ ਪੁੱਤਰ ਆਂ ਤਾਂ ਵੱਡੇ ਤੋਂ ਵੱਡਾ ਪੀਰ ਉਸਤਾਦ ਕਾਰੀਗਰ ਇੱਕ ਪਾਸੇ ਚੰਗਾ ਭਲਾ ਅਫ਼ਸਰ ਵੀ ਮੇਰਾ ਆਦਰ ਕੀਤੇ ਬਿਨਾ ਨਾ ਰਹਿ ਸਕਦਾ। ਡੀ ਐਮ ਦਾ ਵਾਧਾ ਸੀ। ਲੈਂਦਾ ਆਪਣੀ ਮਿਹਨਤ ਈ ਸੀ ਕੰਮ ਭਾਵੇਂ ਜਿੱਡਾ ਵੀ ਵੱਡਾ ਤੇ ਲੋੜੀਂਦਾ ਹੁੰਦਾ ਸੀ, ਉਹਨੂੰ ਇੰਜ ਸੁਚਾਵਾਂ ਬਣਾਉਣਾ ਕਿ ਵਿਚੋਂ ਸੱਚ ਦੀ ਜ਼ਰੀ ਨਾ ਝਲਕੇ ਉਹ ਆਪਣੀ ਕਾਰਾਗਰੀ ਨੂੰ ਅਰਸ਼ੋਂ ਉੱਤਰੀ ਦੱਸ ਕੇ ਉਹਦੀ ਲੋਟੀ ਨਹੀਂ ਸੀ ਲੁੱਟਦਾ। ਉਹਨੂੰ ਕੋਈ ਲੋਕ ਗੁਣ ਜਾਣ ਕੇ ਉਹਦੇ ਬਣਦੇ ਸਰਦੇ ਪੈਸੇ ਈ ਲੈਂਦਾ ਸੀ।

ਸ਼ੇਖ਼ ਜੀ, ਇਹੋ ਈ ਕਾਰਨ ਏ ਪਾਣ ਨੂੰ, ਉਹ ਕਈਂ ਮਹਿਲ ਮਾੜੀਆਂ ਪਾ ਸਕਦਾ ਸੀ। ਖ਼ਬਰੇ ਕਿੰਨੀਆਂ ਦੁਕਾਨਾਂ ਹੱਟੀਆਂ ਚੁਬਾਰੇ ਖ਼ਰੀਦ ਸਕਦਾ ਸੀ, ਜਿਹਨਾਂ ਦੇ ਕਿਰਾਏ ਅੱਜ ਮੇਰੇ ਮੁੰਡੇ ਦੇ ਧੀਆਂ ਪੁੱਤਰ ਪਏ ਖਾਂਦੇ ਤੇ ਤਾਂ ਵੀ ਨਾ ਮੁੱਕਦੇ। ਮੇਰੇ ਅੱਬੇ ਤੇ ਚਾਚਿਆਂ ਦੇ ਆਪਸੀ ਵੰਡ ਵੰਡਾ ਮਗਰੋਂ ਵੀ।

ਇੱਕ ਲੋਹ ਕਣ ਜਿਹਾ ਸੀ। ਮੈਂ ਹੁਣ ਸੋਚਨਾਂ ਜਿਹੜਾ ਦੀਨ ਮੁਹੰਮਦ ਡੀ ਐਮ ਸਾਡਿਆਂ ਸਿਰਾਂ ਵਿਚ ਧੂੜ ਗਿਆ ਸੀ ਮਸਾਣਾਂ ਦੀ ਮਿੱਟੀ ਵਾਕਣ। ਮਸਾਣਾਂ ਦੀ ਮਿੱਟੀ ਤਾਂ ਕਹਿੰਦੇ ਸਨ, ਜਿਹਦੇ ਸਿਰ ਵਿਚ ਧੂੜ ਦਿੱਤੀ ਜਾਂਦੀ ਸੀ ਉਹ ਪਾਗਲ ਹੋ ਜਾਂਦਾ ਸੀ। ਘਰ ਬਾਰ, ਬਾਲੀ-ਬੱਚਾ, ਭੋਇੰ-ਭਾਂਡਾ ਸਭ ਤੋਂ ਵਿਹਲਾ ਹੋ ਜਾਂਦਾ ਸੀ ਤੇ ਲੋਕੀ ਉਹਦੇ ਤੋਂ ਡਰਦੇ ਸਨ। ਮਸਾਣਾਂ ਦੀ ਬੜੀ ਕਰੜੀ ਰਾਖੀ ਹੁੰਦੀ ਸੀ। ਕਿਉਂ ਜੋ ਏਸ ਮਿੱਟੀ ਨਾਲ਼ ਲੋਕੀਂ ਬੜੇ ਬੜੇ ਘਾਤ ਕਰ ਦਿੰਦੇ ਸਨ। ਮਿਲ ਮਿਲਾ ਕਰਨ ਵਾਸਤੇ ਤੇ ਇਹ ਦੀਨ ਮੁਹੰਮਦ ਦੀ ਮੇਰੇ ਪਿਓ ਚਾਚਿਆਂ ਤੋਂ ਤੇ ਮੇਰੇ ਸਿਰ ਵਿਚ ਧੂੜੀ ਲੋਹ ਕਣ ਮਸਾਣਾਂ ਦੀ ਮਿੱਟੀ ਦੀ ਪੁੱਠ ਸੀ, ਇਹ ਸਾਡੇ ਅੰਦਰੀਂ ਜੋੜ ਜਮ੍ਹਾਂ ਦੀਆਂ ਤ੍ਰੇੜਾਂ ਦਾ ਦਾਰੂ ਕਰਦੀ ਸੀ। ਜਿਹੜਾ ਕੋਈ ਅੰਦਰ ਵਿਰਵਾ ਜਾਗਣਾ ਯਾਂ ਕੋਈ ਵਿੱਥ ਵਿਰਲ ਆਖ ਲਓ ਯਾਂ ਅੰਦਰ ਦੀ ਚਿਣਾਈ ਚ ਕੋਈ ਕਸੰਡਾ ਪੈਣ ਲੱਗਣਾ, ਏਸ ਲੋਹ ਕਣ ਆਣ ਵਿਚ ਵੜਨਾ ਤੇ ਸਾਰਾ ਕੁਝ ਸਵਾਹਰਾ ਨਗਰ ਹੋ ਜਾਣਾ। ਲਓ ਸ਼ੇਖ਼ ਜੀ, ਇਹ ਨੌਕਰੀ ਆਪਣੇ ਵਾਲੀ ਸਾਰੀ ਜਿਹੜੀ ਕੀਤੀ ਏ, ਉਹਦਾ ਅਸਲਾ ਤੁਹਾਨੂੰ ਹੁਣ ਸਮਝ ਤਾਂ ਆ ਗਿਆ ਏ ਨਾ ? ਪਰ ਕਰਨੀ ਏ ਮੈਂ ਅਸਲ ਵਿਚ ਤੁਹਾਡੇ ਨਾਲ਼ ਹੋਰ ਗੱਲ।

ਵਹੁੱਟੀ ਮੇਰੀ ਨੂੰ ਤੁਸੀਂ ਜਾਣਦੇ ਈ ਓ। ਉਹ ਤਾਂ ਡੀ ਐਮ ਦਾ ਨਾਂ ਸੁਣ ਕੇ ਰਾਜ਼ੀ ਨਹੀਂ। ਅੰਮੀ ਅੱਬਾ ਜੀ ਦੇ ਵੇਲੇ ਸਾਡੇ ਵੱਡੇ ਕਮਰੇ ਦੇ ਕੰਸ ਤੇ ਫ਼ੋਟੋ ਹੁੰਦੀ ਸੀ ਉਨ੍ਹਾਂ ਦੀ ਬੜੀ ਵੱਡੀ। ਏਸ ਭਲੀ ਲੋਕ ਨੇ ਈ ਅੱਬਾ ਜੀ ਦੇ ਮਰਨ ਮਗਰੋਂ ਪਤਾ ਨਹੀਂ ਕਿੱਥੇ ਵਗਾ ਮਾਰੀ ਏ ਉਹ ਕੁਝ ਪਤਾ ਈ ਨਹੀਂ ਲੱਗਦਾ। ਪੁੱਛ ਪੁੱਛ ਬਹਿ ਗਿਆਂ, ਅੱਗੋਂ ਮੱਥੇ ਤੇ ਬੱਬਰ ਭੰਨ ਖਲੋਂਦੀ ਏ, ਬਹੁਤਾ ਜ਼ੋਰ ਦੇਵਾਂ

ਤੇ ਚਾਰੇ ਖੁਰ ਚੁੱਕ ਕੇ ਪੈ ਜਾਂਦੀ ਏ। ਤੁਹਾਨੂੰ ਖ਼ਬਰੇ ਪਤਾ ਨਹੀਂ ਤਨਖ਼ਾਹ ਦਾ ਚੈੱਕ ਮੇਰਾ ਦਫ਼ਤਰੋਂ ਆ ਕੇ ਉਹੋ ਵਸੂਲ ਕਰਦੀ ਸੀ। ਦਫ਼ਤਰ ਵਾਲਿਆਂ ਹੈਰਾਨ ਹੋਣਾਂ। ਹੁਣ ਪੈਨਸ਼ਨ ਵੀ ਮੇਰੀ ਸਾਰੀ ਉਹੋ ਸਾਂਭਦੀ ਏ। ਘਰ ਦੇ ਦੋ ਪੋਰਸ਼ਨ ਨੇਂ। ਉਤਲਾ ਮੇਰੀ ਭੈਣ ਦਾ ਸੀ, ਉਹ ਇਹਦੇ ਕਬਜ਼ੇ ਵਿਚ ਏ। ਕਿਰਾਏ ਤੇ ਚਾੜ੍ਹਿਆ ਹੋਇਆ ਸੂ। ਇਹੋ ਕਿਰਾਇਆ ਉਗਰਾਹੁੰਦੀ ਏ। ਮੇਰੀ ਰੋਟੀ ਪਕਾਣੀ ਵੀ ਛੱਡ ਦਿੱਤੀ ਹੋਈ ਸੂ। ਕੱਪੜਾ ਟਾਕੀ ਵੀ ਮੈਂ ਅਪਣਾ ਆਪ ਈ ਬਨਾਣਾ ਹੁੰਦਾ ਏ, ਉਹ ਵੀ ਰੋ ਧੋ ਕੇ ਮਿੰਨਤਾਂ ਤਰਲੇ ਕਰ ਕੇ। ਨੂੰਹ ਪੁੱਤਰ ਲਈ ਗੱਡੀ ਲਈ ਸੂ ਪਿਛਲੇ ਦਿਨੀਂ। ਮੈਂ ਸ਼ੇਖ਼ ਸਾਹਿਬ, ਤੁਹਾਡੇ ਸਾਹਮਣੇ ਆਂ ਵੇਖ ਲਓ ਮੈਨੂੰ ਜਿਵੇਂ ਮੁਰਦੇ ਨਹਾਉਨ ਵਾਲਾ ਨਹੀਂ ਹੁੰਦਾ?

ਪਰ ਡੀ ਐਮ ਵਾਲੀ ਲੋਹ ਕਣ ਕੰਮ ਨਹੀਂ ਜੇ ਛੱਡਦੀ ਅਪਣਾ। ਹੁਣ ਤੀਕਰ ਤਸੱਲੀ ਵਿਚ ਈ ਰਹਿਨਾਂ। ਇੱਕ ਪੁਆੜਾ ਜ਼ਰੂਰ ਪਿਆ ਏ। ਅੰਦਰ ਇੱਕ ਗੋਲਾ ਬਣ ਗਿਆ ਏ। ਹਰ ਵੇਲੇ ਫਿਰਦਾ ਰਹਿੰਦਾ ਏ ਜੀ ਦੀ ਉਖਤਗੀ ਬਣ ਗਿਆ ਏ ਉੱਚੜ-ਪੇੜੇ ਲਾਈ ਰੱਖਦਾ ਏ। ਦਫ਼ਤਰੀ ਰਾਜ ਸਮੇਂ ਮਾੜੀ ਜਿਹੀ ਭੌਣੀ ਭੌਂਦੀ ਸੀ ਅੰਦਰ ਕਿਤੇ ਪਰ ਭਾਰੂ ਨਹੀਂ ਸੀ ਹੁੰਦੀ। ਇਕਲਾਈ ਆਈ ਏ ਤਾਂ ਇਹ ਵੱਡਾ ਸਾਰ ਗੋਲਾ ਬਣ ਟੁਰੀ ਏ। ਹਾਂ, ਹਾ ਟਿਕਾਣੇ ਨਹੀਂ ਰਹਿਣ ਦਿੰਦਾ, ਇਹਦਾ ਹਰ ਵੇਲੇ ਦਾ ਟੁਰਨਾ। ਲੋਹ ਕਣ ਵੀ ਪਿੱਛੇ ਰਹਿੰਦੀ ਏ ਇਹਦੇ। ਪਰ ਨਹੀਂ ਡੱਕ ਕੇ ਇਹਨੂੰ ਪਿਆ ਨਹੀਂ ਦਿੰਦੀ। ਗੋਲਾ ਮੈਨੂੰ ਦੋ ਕਰ ਦਿੰਦਾ ਏ। ਬੜਾ ਵੱਡਾ ਪਾੜ ਪਾ ਦਿੰਦਾ ਏ ਮੇਰੇ ਅੰਦਰ। ਕੋਈ ਹੋਰ ਆ ਮੱਲਦਾ ਏ ਮੇਰੇ ਅੰਦਰ ਦਾ ਇੱਕ ਪਾਸਾ। ਮੈਂ ਦੱਸਣਾਂ ਤੁਹਾਨੂੰ। ਐਮ ਏ ਕਰ ਕੇ ਮੈਂ ਬੜਾ ਈ ਚਿਰ ਵਿਹਲਾ ਫਿਰਿਆ ਕੋਈ ਨੌਕਰੀ ਈ ਨਾ ਲੱਭੇ। ਅਖ਼ਬਾਰਾਂ ਪੜ੍ਹ ਪੜ੍ਹ ਹਾਰ ਹੋ ਗਿਆ। ਦੁੱਖੀ ਹੋ ਗਿਆ ਸਾਂ ਇੰਟਰਵਿਊ ਤੋਂ। ਅੱਬੇ ਦੀ ਸ਼ਾਗਿਰਦ ਦੁਨੀਆ ਵਿਚ, ਉਹੋ ਡੀ ਐਮ ਵਾਲੀ ਲੋਹ ਕਣ। ਖੱਜਲ ਹੋ ਗਿਆ। ਉਮਰ ਵੀ ਜਿਵੇਂ ਪਾਸਨੇ ਛੱਟੇ ਹੋਸੂ। ਬੇਲੀ ਹੁੰਦੇ ਸਨ ਦੋ ਭਰਾ ਮੇਰੇ। ਸਾਡੇ ਈ ਸ਼ਹਿਰ ਨਾਲ਼ ਲਗਦੇ ਇੱਕ ਛੋਟੇ ਸ਼ਹਿਰ ਦੇ। ਆਹ ਕੱਦ ਉਨ੍ਹਾਂ ਦੇ ਤੇ ਆਹ ਵਜੂਦ ਟੁਰਦੇ ਤਾਂ ਭੋਇੰ ਧਸਕਦੀ ਜਾਪਦੀ। ਜਿਧਰੋਂ ਲੰਘਦੇ ਦੁਨੀਆ ਵੇਹੰਦੀ ਰਹਿ ਜਾਂਦੀ। ਸਾਰਾ ਟੱਬਰ ਈ ਸਗਵਾਂ ਜਿਤਨੇ ਵੀ ਜਣੇ। ਪਿਓ ਚਾਚੇ ਤੇ ਭਰਾ। ਡਰ ਪਿਆ ਆਉਣਾ ਲੋਕਾਂ ਨੂੰ। ਭੋਇੰ ਭਾਂਡਾ ਵੀ ਰਜਵਾਂ ਸਾਂਭਿਆ ਹੋਣੈਂ! ਇਹ ਵੰਡ ਵੇਲੇ ਆਏ ਤਾਂ ਜੋ ਹਿੰਦੂ ਸਿੱਖ ਛੱਡ ਗਏ ਸਨ, ਸਾਰਾ ਇਨ੍ਹਾਂ ਈ ਸਾਂਭਿਆ। ਹਰ ਮਹਿਕਮਾ ਇਨ੍ਹਾਂ ਸਾਹਵੇਂ ਨਿਓਂ ਜਾਂਦਾ। ਟੁੱਕ ਬੁਗ਼ਦਾ ਮਹਿਕਮਾ ਇੰਜ ਈ ਸਾਰਾ ਇਹੋ। ਬੇਲੀ ਮੇਰੇ ਇਹ ਦੋਵੇਂ ਅਕਸਰ ਮਿਲਣ ਆਉਂਦੇ ਤੇ ਨਾਲ਼ ਵੀ ਲੈ ਜਾਂਦੇ। ਅੱਬੇ ਮੇਰੀ ਦੀ ਸ਼ਾਗਿਰਦੀ ਦਾ ਦੀਦ ਲਿਹਾਜ਼ ਵੀ ਹੱਦੋਂ ਬਾਹਲ਼ਾ ਹੋਣੈਂ। ਉਮਰ ਮੇਰੀ ਨੌਕਰੀ ਦੀ ਦਾਹੀ ਨੂੰ ਅੱਪੜੀ ਖਲ੍ਹੀ ਹੋਵੇ। ਹੁੱਸੜੇਵਾਂ ਮੇਰੀ ਸ਼ਕਲ ਬਣ ਗਿਆ। ਇਹ ਦੋਵੇਂ ਭਰਾ ਬੜਾ ਹਰਖਣ। ਜਦੋਂ ਮਿਲਣ ਮੇਰੀ ਬੇਵਿਸਾਇਆਂ ਵੰਡਾਣ। ਇੱਕ ਸ਼ਾਮ ਸੀ...ਮੈਨੂੰ ਚੇਤੇ ਆਉਂਦਾ ਏ, ਆਏ ਤਾਂ ਕਾਰ ਵਿਚ ਬਹਾ ਕੇ ਲੈ ਗਏ। ਕਿਸੇ ਤਗੜੇ ਤੇ ਕਰਾਂ ਪੈਰਾਂ ਵਾਲੇ ਬੰਦੇ ਨਾਲ਼ ਮਲਾਇਆ ਸਾ ਨੇ ਮੈਨੂੰ। ਗੱਲ ਕੀਤੀ ਹੋਈ ਸਾ ਨੇਂ। ਅਸੀਂ ਇਨ੍ਹਾਂ ਦੀ ਹਵੇਲੀ ਵਿਚ ਈ ਬੈਠੇ ਹੋਏ ਸਾਂ ਅਰ ਉਰਾਂਹ-ਪਰਾਂਹ ਦੀਆਂ ਗੱਲਾਂ ਦੇ ਵੇਲੇ ਵੱਢਦੇ। ਠਾਹ ਠਾਹ ਹੱਸਦੇ ਹੱਥਾਂ ਉਤੇ ਹੱਥ ਮਾਰਦੇ। ਕੰਮੀਕਾਰੇ ਮੇਲ ਦੀਆਂ ਜ਼ਨਾਨੀਆਂ ਤੇ ਛੋਅਰਾਂ ਦੀਆਂ ਬਾਤਾਂ ਈ ਬਹੁਤੀਆਂ ਸਨ, ਇਨ੍ਹਾਂ ਕੋਲ਼। ਮੈਂ ਵੀ ਜਿੰਨੇ ਕੁ ਦੰਦ ਕੱਢ ਸਕਦਾ ਸਾਂ ਸਾਥ ਦੇਣ ਲਈ ਕੱਢਦਾ, ਜਿੰਨੇ ਕੁ ਹੱਥਾਂ ਤੇ ਹੱਥ ਸੁੱਟ ਸਕਦਾ ਸਾਂ ਸੁੱਟਦਾ ਰਿਹਾ। ਉਹ ਘੜੀ ਵੇਖ ਕੇ ਨਿਰਾ ਏਨਾ ਈ ਆਖ ਛੱਡਣ ਪੀਰ ਹੋਰਾਂ ਚੋਖਾ ਈ ਚਿਰ ਨਹੀਂ ਲਾ ਦਿੱਤਾ। ਜ਼ਰੀ ਚੁੱਪ ਰਵੇ ਵੱਤ ਉਹੋ ਰੌਲ਼ਾ। ਖਾਣ ਪੀਣ ਦੀਆਂ ਸ਼ੈਵਾਂ ਨਾਲ਼ ਮੇਜ਼ਾਂ ਤੁੱਸੀਆਂ ਪਈਆਂ। ਸਿਗਟਾਂ



ਡੰਡੀਆਂ ਦੇ ਡੰਡੇ। ਅਪਣਾ ਤਾਂ ਸ਼ੇਖ਼ ਸਾਹਿਬ ਖਾਣਾ ਯਾ ਹੱਥ ਲਾਣਾ, ਕਿਤੇ ਰਿਹਾ ਵੇਖਣ ਨੂੰ ਵੀ ਰੂਹ ਨਾ ਕਰੇ। ਕਦੀ ਕਰਦਾ ਹੁੰਦਾ ਸੀ ਪਰ ਇਸ ਦਿਨ ਤੇ ਉੱਕਾ ਨਹੀਂ ਸੀ। ਅੱਧਿਓਂ ਰਾਤ ਟੱਪੀ ਤਾਂ ਬਾਹਰ ਕਿਸੇ ਗੱਡੀ ਦੀ ਘਰਕ ਅੰਦਰ ਕੁਨੀਨ ਪਈ। ਉਹ ਦੋਵੇਂ ਭਰਾ ਤੇ ਉਨ੍ਹਾਂ ਦੇ ਨਾਲਦੇ ਹੋਰ ਆਪਣੀਆਂ ਥਾਵਾਂ ਤੋਂ ਉਫਲ ਕੇ ਛੱਤ ਨਾਲ਼ ਜਾ ਲੱਗੇ। ਜੁੱਤੀਆਂ ਪੈਰੀਂ ਅੜਾਂਦੇ ਸਾਰੇ ਹਵੇਲੀ ਦੇ ਬੂਹੇ ਨੂੰ ਹੋ ਭੱਜੇ। ਗੱਡੀ ਅੰਦਰ ਈ ਲੰਘਾ ਲਈਵਨੀਂ ਜਹਾਜ ਜਿੱਡੇ ਵਿਹੜੇ ਵਿਚ।

ਪੀਰ ਸਾਹਿਬ ਇੱਕ ਲੰਮਾ ਉੱਚਾ ਬੰਦਾ ਸੀ। ਚਿੱਟੀਆਂ ਪੁੜਪੜੀਆਂ ਵਾਲਾ। ਬਾਕੀ ਵਾਲ਼ ਉਹਦੇ ਸਿਰ ਦੇ ਕਾਲੇ ਸ਼ਾਹ ਹੋਵਣ। ਐਨਕ ਲਾਈ ਹੋਵੇ ਸੋ। ਮੁੱਛਾਂ ਨਿੱਕੀਆਂ ਕਰੜ ਬਰੜ।

ਮੈਨੂੰ ਵੀ ਮਿਲਿਆ। ਦੋਵਾਂ ਭਰਾਵਾਂ ਵੱਲ ਵੇਖਦਾ ਹੋਇਆ। ਇਹ ਦੋਵੇਂ ਹੱਥ ਬੰਨ੍ਹੀ ਵਰਾਛਾਂ ਕੀ ਵਰ ਅੱਛੇ ਪਾੜੀ ਖਲੋਤੇ ਸਨ।

ਸ਼ੇਖ਼ ਜੀ, ਮੈਂ ਨਾ ਐਵੇਂ ਰਵਾਲ ਕੁ ਜਿੰਨਾ ਪੀਰ ਸਾਹਿਬ ਦੀਆਂ ਅੱਖਾਂ ਵਿਚ ਤੱਕਿਆ ਉਨ੍ਹਾਂ ਵਿਚ ਇੱਕ ਲਿਸ਼ਕ ਸੀ ਸਗਵੀਂ ਕਿਸੇ ਪਾਲਿਸ਼ ਕੀਤੇ ਹੋਏ ਪੱਥਰ ਵਾਲੀ। ਠਾਰਵੀਂ। ਉਧਰੋਂ ਧਿਆਨ ਹਟਾਂਦਿਆਂ ਈ ਮੈਨੂੰ ਉਨ੍ਹਾਂ ਦੇ ਕੰਨਾਂ ਤੋਂ ਢੇਰ ਉੱਤੇ ਤੀਕ ਹਜਾਮਤ ਵਿਖਾਲੀ ਦਿੱਤੀ। ਮੇਰਾ ਦਿਲ ਕੀਤਾ ਓਥੋਂ ਚਲਾ ਜਾਵਾਂ।

ਕੁਝ ਚਿਰ ਪਿੱਛੋਂ ਓਥੋਂ ਦੂਏ ਸਾਰੇ ਲੋਕ ਕਿਰ ਗਏ। ਬੱਸ ਅਸੀਂ ਚਾਰ ਜਣੇ ਈ ਬੱਚੇ। ਡਾਇਨੋਸਾਰ ਭਰਾ, ਪੀਰ ਸਾਹਿਬ ਤੇ ਮੈਂ।

"ਇਨ੍ਹਾਂ ਨੂੰ ਦੱਸਣਾ ਸੀ ਜੀ ਮੁਗ਼ਲ ਸਾਹਿਬ ਨੂੰ। ਥੋੜੀ ਔਖਿਆਈ ਹੋਸੀ ਪਰ ਤੱਤੀ ਹਵਾ ਨਾ ਲੱਗਣ ਦੇਸਾ ਈਂ। ਇਹ ਸਾਡਾ ਜ਼ਿੰਮਾ ਏ। ਪੁਲਿਸ ਹੋ ਅਲਾਟ ਤੇ ਜੇਲ੍ਹ ਕਚਹਿਰੀ। ਸਾਰੀ ਧੂੰ ਹੋ ਵੈਸੀ। ਇਹ ਆਪਣੇ ਘਰ ਖ਼ੈਰੀਂ ਸੁੱਖੀਂ। ਕਿਸੇ ਨੂੰ ਪਤਾ ਵੀ ਨਾ ਲਗਸੀ। ਇਹ ਕਿਧਰੇ ਅੱਗ ਲਾਣ ਦੇ ਇਕਬਾਲੀ ਰਹੇ ਨੇਂ।

ਮੈਂ ਜੀ ਸਾਰਾ ਵੇਲ਼ਾ ਚੁੱਪ ਕੀਤੀ ਰਿਹਾ ਨਾ ਹੂੰ ਨਾ ਧੂੰ। ਮੇਰੇ ਮੂੰਹੋਂ ਭੁੱਲ ਕੇ ਵੀ ਇੱਕ ਲਫ਼ਜ਼ ਨਾ ਨਿਕਲਿਆ। ਅਸਲੋਂ ਸਾਹ ਈ ਸੂਤੇ ਗਏ ਮੇਰੇ। ਉਹ ਪੀਰ ਸਾਹਿਬ ਉੱਠ ਖਲੋਤੇ ਤੇ ਡਾਇਨੋਸਾਰਾਂ ਦੇ ਉਹਲੇ ਮੈਨੂੰ ਤਗੜਾ ਰਹਿਣ ਦੀ ਸਲਾਹ ਦਿੰਦੇ ਟੁਰ ਗਏ।

ਮੈਂ ਸਰਘੀਓਂ ਪਿੱਛੇ ਘਰ ਆ ਕੇ ਈ ਲੰਮਾ ਪਿਆ। ਡਾਇਨੋਸਾਰ ਈ ਛੱਡ ਗਏ ਸਨ ਮੈਨੂੰ। ਰਾਹ ਵਿਚ ਉਹ ਬਰੀਫ਼ਕੇਸ ਦੀਆਂ ਕੋਈ ਗੱਲਾਂ ਕਰਦੇ ਆਏ ਮੇਰੇ ਨਾਲ਼। ਪੰਝਤਰ ਲੱਖ ਕੈਸ਼ ਅਖੇ ਥੋੜਾ ਨਹੀਂ ਹੁੰਦਾ।

ਮੈਂ ਸਵੇਰ ਹੋਣ ਤੀਕ ਦਾ ਵੇਲ਼ਾ ਲੋਹ ਕਣ ਦੀ ਰੜਕ ਨਾਲ਼ ਈ ਕੱਢਿਆ। ਉਦੋਂ ਅਗਲੀ ਰਾਤ ਮੈਂ ਘਰ ਬੈਠਾ ਈ ਸ਼ੇਖ਼ ਸਾਹਿਬ, ਦੋ ਕਣ ਹੋ ਗਿਆ। ਸਾਰੀ ਲੋਹ ਕਣ ਦਾ ਅਲੇਰਾ ਮੇਰੇ ਇੱਕ ਬੰਨੇ ਵੱਲ ਈ ਹੋ ਗਿਆ ਤੇ ਮੇਰਾ ਦੂਜਾ ਬੰਨੇ ਪੀਰ ਸਾਹਿਬ ਦੇ ਵੱਡ ਦਾ ਅੰਗ ਹੋ ਨਿਬੜਿਆ। ਮਹੀਨੇ ਦੋ ਮਹੀਨੇ ਮਗਰੋਂ ਇੱਕ ਡਾਇਨੋਸਾਰ ਮੈਨੂੰ ਲੈ ਕੇ ਮੇਰੇ ਦੂਜੇ ਹਿੱਸੇ ਵੱਲ ਗਿਆ। ਮੇਰੇ ਦੂਜੇ ਹਿੱਸੇ ਦੀ ਜ਼ਨਾਨੀ ਵੀ ਆ ਗਈ ਕੋਲ਼।

ਡਾਇਨੋਸਾਰ ਨੇ ਬੂਹੇ ਪੜਦੇ ਬੰਦ ਕਰਵਾ ਕੇ ਮੇਰੀ ਸ਼ਹਾਦਤ ਪਾਉਂਦਿਆਂ ਬਰੀਫ਼ਕੇਸ ਮੇਜ਼ ਉਤੇ ਧਰ ਕੇ ਖੋਲ੍ਹਿਆ। ਤਾਂ ਮੇਰੇ ਆਪਣੇ ਦੂਜੇ ਅੰਗ ਦੀ ਬੀਵੀ ਨੂੰ ਦੰਦਲ ਪੈ ਗਈ ਤੇ ਉਹ ਭੋਇੰ ਅਤੇ ਚੌਫਾਲ ਡਿੱਗ ਕੇ ਮੂੰਹੋਂ ਝੱਗ ਕੱਢਣ ਲੱਗ ਪਈ, ਮੇਰੇ ਦੂਜੇ ਹਿੱਸੇ ਨੇ ਕਿਚਨ ਵਿਚੋਂ ਝਬਦੇ ਚਮਚਾ ਲਿਆ ਕੇ ਉਹਦੇ ਦੰਦਾਂ ਚ ਫਸਾਇਆ ਕਿਧਰੇ ਜੀਭ ਨਾ ਸੂ ਟੱਕੀ ਜਾਵੇ। ਹੋਸ਼ ਵਿਚ

ਲਿਆਂਦਾ ਤੇ ਮੂੰਹ ਵਿਚ ਅਨਾਰਾਂ ਦਾ ਜੂਸ ਪਾਇਆ।

ਮੈਨੂੰ ਇੱਕ ਅਖ਼ੀਰੀ ਇੰਟਰਵਿਊ ਵਿਚ ਇਹ ਨੌਕਰੀ ਮਿਲੀ, ਜਿਹਦਾ ਮੇਰੀ ਐਮ ਏ ਨਾਲ਼ ਕੋਈ ਸਾਂਗਾ ਨਹੀਂ ਸੀ।

ਹਾਂ, ਮੇਰੀ ਆਪਣੀ ਈ ਹੋਂਦ ਦਾ ਅਣਹੋਂਦਵਾਂ ਹਿੱਸਾ ਵੀ ਮੈਨੂੰ ਲੱਭੇ ਮਹਿਕਮੇ ਵਿਚ, ਸੀਨੀਅਰ ਮੁਲਾਜ਼ਮ ਸੀ, ਇੱਕ ਹੋਰ ਖਾਤੇ ਵਿਚ। ਸ਼ੇਖ਼ ਸਾਹਿਬ ਗੋਲਾ ਟੁਰਦਾ ਜੇ ਪਿਆ, ਅਸਲੋਂ ਸੜਕਾਂ ਕੱਟਣ ਵਾਲਾ ਇੰਜਨ ਈ ਬਣ ਗਿਆ ਏ। ਮੈਂ ਵੀ ਕਹਿਨਾਂ ਹੁਣ ਮੇਰਾ ਅਸਲੋਂ ਚੂਰਾ ਈ ਕਰ ਛੱਡੇ ਤਾਂ ਚੰਗਾ ਏ। ਲੋਹ ਕਣ ਤਾਂ ਮੇਰੀ ਰਗ-ਰਗ ਵਿਚ ਸਮਾਈ ਈ ਰਹਿਸੀ, ਹਰ ਰਗੇ ਹਰ ਜਾਈ ਹੋ।

-0-

## ਸ਼ੇਖ਼ ਟਹਿਣੀ/ਅਜ਼ਰਾ ਵਕਾਰ

ਜ਼ੁਬੈਦਾ ਨੂੰ ਇੱਕ ਜੋੜਾ ਸਿਊਣ ਲਈ ਦਿੱਤਾ ਹੋਇਆ ਸੀ। ਸੋਚਿਆ ਰਾਹ ਵਿਚ ਲੈਂਦੀ ਜਾਵਾਂ। ਮੈਂ ਉਹਦਾ ਬੂਹਾ ਖੜਕਾਇਆ।

ਆ ਜਾਓ ਬਾਜੀ ਆ ਜਾਓ।

ਕੱਪੜੇ ਸੀਪ ਗਏ ਨੇਂ।

ਜੀ ਤਿਆਰ ਨੇਂ।

ਮੈਂ ਅੰਦਰ ਜਾ ਕੇ ਕੁਰਸੀ ਤੇ ਬਹਿ ਗਈ। ਉਹਨੇ ਕੱਪੜੇ ਪਲਾਸਟਿਕ ਦੇ ਥੈਲੇ ਵਿਚ ਪਾਏ ਤੇ ਮੇਰੇ ਵੱਲ ਵਧਾਏ।

ਕਿੰਨੇ ਪੈਸੇ ?

ਬਾਜੀ ਜੋ ਦਿਲ ਏ ਦੇ ਦਿਓ। ਲੋਕੀ ਬਜ਼ਾਰ ਬੈਠੇ ਦਰਜ਼ੀ ਨੂੰ ਤੇ ਜ਼ਨਾਨਾ ਸੂਟ ਦੇ ਹਜ਼ਾਰ ਪੰਦਰਾਂ ਸੌ ਵੀ ਦੇ ਦਿੰਦੇ ਨੇਂ। ਪਰ ਸਾਨੂੰ ਘਰ ਬੈਠਿਆਂ ਨੂੰ ਪੰਜ ਸੌ ਦਿੰਦਿਆਂ ਵੀ ਸੋਚਦੇ ਨੇਂ। ਮੇਰਾ ਕੰਮ ਵੇਖੋ ਕਿਸੇ ਦਰਜ਼ੀ ਦੇ ਸੀਤੇ ਕੋਲੋਂ ਇੱਕਸੂਤਰ ਫ਼ਰਕ ਨਹੀਂ ਏ।

ਆਹੋ। ਤੇਰਾ ਹੱਥ ਬੜਾ ਸਾਫ਼ ਏ।

ਮੈਂ ਥੈਲਾ ਫੜਿਆ ਤੇ ਪੰਜ ਸੌ ਦਾ ਨੋਟ ਉਹਦੇ ਵੱਲ ਵਧਾਇਆ ਤੇ ਬਾਹਰ ਨਿਕਲ਼ ਆਈ।

ਜਦ ਵਸੇਬਾ ਮਾੜਾ ਹੋ ਜਾਏ ਤੇ ਰਿਸ਼ਤਿਆਂ ਦੀ ਖਿੱਚ ਵੀ ਢਿੱਲੀ ਪੈ ਜਾਂਦੀ ਏ। ਧੀਆਂ, ਮਾਵਾਂ ਤੇ ਪਿਓ ਪੁੱਤਰਾਂ ਵਿਚ ਇਤਫ਼ਾਕ ਮੁੱਕ ਜਾਂਦਾ ਏ। ਮੈਂ ਮਨ ਵਿਚ ਬਾਬਾ ਬੁੱਲ੍ਹੇ ਸ਼ਾਹ ਦੀ ਕਾਫ਼ੀ ਦੁਹਰਾਂਦੀ ਟੁਰੀ ਜਾ ਰਹੀ ਸਾਂ। ਬੰਦੇ ਇਕੱਲੇ ਹੁੰਦੇ ਜਾ ਰਹੇ ਨੇਂ। ਟੱਬਰ ਮੁੱਕ ਰਹੇ ਨੇਂ। ਅੱਗੇ ਇੱਕਕਮਾਂਦਾ ਸੀ ਤੇ ਦੱਸ ਖਾਂਦੇ ਸਨ। ਹੁਣ ਬੰਦੇ ਇੱਕ ਦੂਜੇ ਨੂੰ ਖਾਣ ਨੂੰ ਪੈਂਦੇ ਨੇਂ। ਸਾਂਝੇ ਪਰਿਵਾਰ ਵਿਚ ਸਾਰਿਆਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਸਨ। ਇੱਕਘਰ ਸਾਗ ਪੱਕਦਾ ਸੀ ਤੇ ਕਈਂ ਘਰ ਖਾਂਦੇ ਸਨ। ਹੁਣ ਸਭਨਾਂ ਨੂੰ ਆਪੋ ਆਪਣੀ ਪਈ ਹੋਈ ਏ। ਲੋਕਾਂ ਦਾ ਇੱਕਦੂਜੇ ਤੋਂ ਇਤਬਾਰ ਉੱਠ ਗਿਆ ਏ। ਦਿਲਾਂ ਅੰਦਰ ਮੁਹੱਬਤ ਨਹੀਂ ਰਹੀ। ਪੈਸੇ ਦੀ ਮਹਾਨਤਾ ਵੱਧ ਗਈ ਏ। ਬੰਦਿਆਈ ਦਾ ਕੋਈ ਮੁੱਲ ਨਹੀਂ। ਲੋਕੀ ਵਸਤਾਂ ਨਾਲ਼ ਪਿਆਰ ਪਾ ਬੈਠੇ ਨੇਂ ਤੇ ਰਿਸ਼ਤਿਆਂ ਨੂੰ ਵਸਤਾਂ ਦੀ ਥਾਂ ਵਰਤਦੇ ਨੇਂ।



ਜ਼ੁਬੈਦਾ ਦੇ ਘਰ ਦਾ ਹਾਲ ਮੰਦਾ ਸੀ। ਕਿੰਨੀ ਗ਼ਰੀਬ ਸੀ ਉਹ। ਅੰਦਰ ਬਾਹਰ ਆਣ-ਜਾਣ ਲਈ ਤੇ ਮਹਿੰਗੇ ਕੱਪੜੇ ਮੈਂ ਦਰਜ਼ੀ ਕੋਲੋਂ ਈ ਸਵਾਨੀ ਆਂ, ਪਰ ਹੌਲੇ ਕੱਪੜੇ ਜ਼ੁਬੈਦਾ ਨੂੰ ਸੀਵਨ ਲਈ ਦੇ ਦੇਨੀ ਆਂ। ਘਰ ਬੈਠਿਆਂ ਚਾਰ ਪੈਸੇ ਬਣਾ ਲੈਂਦੀ ਏ। ਮੈਂ ਸੋਚਿਆ। ਰੱਬ ਸਭ ਤੋਂ ਵੱਡਾ ਮੁਨਸਿਫ਼ ਏ ਪਰ ਧਰਤੀ ਉੱਤੇ ਕੋਈ ਇਨਸਾਫ਼ ਨਹੀਂ। ਇਥੇ ਚੌਧਰ ਦਾ ਨਿਜ਼ਾਮ ਕਾਇਮ ਏ। ਵੱਡੀਆਂ ਤਾਕਤਾਂ ਨਿੱਕੀਆਂ ਤਾਕਤਾਂ ਅਤੇ ਤੇ ਸਰਦੇ ਪੁੱਜਦੇ ਤੇ ਪਹੁੰਚ ਵਾਲੇ ਲੋਕੀ ਆਮ ਲੋਕਾਈ ਅਤੇ ਇਹ ਨਜ਼ਰੀਆ ਲਾਗੂ ਕਰ ਦਿੰਦੇ ਨੇਂ ਪਈ ਵਸੇਬੇ ਦੀ ਹਰ ਸ਼ੈ ਉੱਤੇ ਉਨਾਂ ਦਾ ਹੱਕ ਏ। ਇੰਜ ਉਹ ਸਮਾਜੀ ਨਾਬਰਾਬਰੀ ਨੂੰ ਹੱਕ ਸੱਚ ਮੰਨ ਕੇ ਟੁਰਦੇ ਨੇਂ। ਉਹ ਸਮਝਦੇ ਨੇਂ ਵਸੇਬੇ ਤੋਂ ਲੱਭਣ ਵਾਲੇ ਲਾਭ ਉੱਤੇ ਬਹੁਤਾ ਉਨਾਂ ਦਾ ਹੱਕ ਏ। ਤੇ ਉਨਾਂ ਦਾ ਵਜੂਦ ਵਸੇਬੇ ਦੀ ਬੜੌਤਰੀ ਲਈ ਅਤਿ ਜ਼ਰੂਰੀ ਏ ਇਸ ਕਰਕੇ ਉਨਾਂ ਦੀ ਜਾਨ ਤੇ ਮਾਲ ਦੀ ਰਾਖੀ ਦੀ ਜ਼ਿੰਮੇਵਾਰੀ ਵੀ ਉਹਦੀ ਏ। ਇਹ ਸਰਪੰਚ ਆਪ ਥਾਂ ਮੱਲ ਕੇ ਬਹਿ ਜਾਂਦੇ ਨੇਂ ਤੇ ਦੂਜਿਆਂ ਨੂੰ ਉਨਾਂ ਦੇ ਹੱਕਾਂ ਤੋਂ ਵਾਂਝੇ ਕਰਦੇ ਰਹਿੰਦੇ ਨੇਂ। ਦੂਜੇ ਬੰਨੇ ਸੁੰਗੜ ਕੇ ਬੈਠੇ ਲੋਕੀ ਇਹ ਸੁਰਤ ਈ ਭੁਲਾ ਬਹਿੰਦੇ ਨੇਂ ਪਈ ਉਹ ਵੀ ਇਸ ਧਰਤੀ ਦੇ ਸਾਂਝੇ ਹੱਕਦਾਰ ਨੇਂ। ਉਨਾਂ ਦੀਆਂ ਮੁੱਢਲੀਆਂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ।

ਰਸਤੇ ਵਿਚ ਇੱਕ ਦੁਕਾਨ ਤੋਂ ਇੱਕ ਦਵਾ ਮੁੱਲ ਲਈ। ਅੱਜ ਤੋਂ ਕਈ ਵਰੇ ਪਹਿਲੋਂ ਇਹ ਹੋਮਿਓਪੈਥੀ ਦਵਾ ਤੀਹ ਰੁਪਏ ਦੀ ਲੱਭਦੀ ਸੀ। ਅੱਜ ਤਿੰਨ ਸੌ ਦੀ ਲੱਭੀ ਏ। ਰੁਪਏ ਦਾ ਕੋਈ ਮੁੱਲ ਨਹੀਂ ਰਹਿ ਗਿਆ। ਘਰ ਅੱਪੜੀ ਤੇ ਪਤਾ ਲੱਗਾ ਬੈਠਕ ਵਿਚ ਕੋਈ ਪ੍ਰਾਹੁਣਾ ਉਡੀਕਦਾ ਪਿਆ ਏ। "ਸਲਾਮ ਫੁੱਫੋ।"

"ਵਾਲਏਕਮ ਸਲਾਮ।"

ਮੈਂ ਗੋਗੇ ਦੇ ਸਿਰ ਤੇ ਹੱਥ ਫੇਰਿਆ।

"ਅੱਜ ਕਿਵੇਂ ਇਧਰ ?"

"ਫੁੱਫੋ, ਇੱਕ ਨਿੱਕਾ ਜਿਹਾ ਕਾਰੋਬਾਰ ਸ਼ੁਰੂ ਕੀਤਾ ਏ ਉਥੇ। ਮੈਂ ਸੋਚਿਆ ਤੁਹਾਡੀਆਂ ਦੁਆਵਾਂ ਲੈਂਦਾ ਜਾਵਾਂ।"

"ਚੰਗਾ।" ਮੈਂ ਕਿਹਾ।

ਗੋਗਾ ਦੂਰੋਂ ਮੇਰਾ ਭਤਰੀਆ ਲੱਗਦਾ ਸੀ।

ਕਰਾਚੀ ਵਿਚ ਵੀ ਕਾਰੋਬਾਰ ਤੇ ਉਥੇ ਵੀ।

"ਫੁੱਫੋ, ਦੁਨੀਆ ਸੁੰਗੜ ਗਈ ਏ। ਬੱਸ ਇੱਕ ਫ਼ਰੈਂਚਾਇਜ਼ ਸੀ ਪੰਜ ਕਰੋੜ ਦੀ। ਮੈਂ ਸੋਚਿਆ ਚੰਗਾ ਮੌਕਾ ਏ ਪੈਸਾ ਇਨਵੈਸਟ ਕਰਨ ਦਾ।"

ਮੈਂ ਪੰਜ ਕਰੋੜ ਦੇ ਅੰਕੜੇ ਨੂੰ ਦਿਲ ਵਿਚ ਦੁਹਰਾਇਆ ਤੇ ਉਹਦਾ ਸੁਆਦ ਮੇਰੀ ਜੀਭ ਤੇ ਉਭਰਿਆ। ਮੈਂ ਸੋਚਿਆ... 'ਲੋਕਾਂ ਕੋਲ਼ ਬੜਾ ਪੈਸਾ ਏ। ਮੈਂ ਵੀ ਅਪਣਾ ਘਰ ਬਨਾਣਾ ਚਾਹੁੰਦੀ ਸਾਂ। ਪਰ ਜਦ ਮਕਾਨ ਹਜ਼ਾਰਾਂ ਵਿਚ ਬਣਦਾ ਸੀ ਮੇਰੇ ਕੋਲ਼ ਸੈਂਕੜਿਆਂ ਵਿਚ ਪੈਸੇ ਹੁੰਦੇ ਸਨ। ਜਦ ਮੇਰੇ ਕੋਲ਼ ਹਜ਼ਾਰ ਆਏ ਤੇ ਮਕਾਨ ਲੱਖਾਂ ਤੇ ਪਹੁੰਚ ਗਏ। ਹੁਣ ਕਰੋੜਾਂ ਤੇ ਲਭਦੇ ਨੇਂ। ਮੈਨੂੰ ਮੁਲਕ-ਮੁਲਕ ਫਿਰਨ ਦਾ ਸ਼ੌਕ ਏ। ਪਰ ਹੁਣ ਬਾਹਰ ਜਾਣਾ ਵੀ ਔਖਾ ਏ। ਜਦ ਮੈਂ ਪਹਿਲੀਵਾਰ ਅਮਰੀਕਾ ਗਈ ਸਾਂ ਤੇ ਡਾਲਰ ਅਠਾਰਾਂ ਰੁਪਏ ਦਾ ਸੀ ਅੱਜ ਇੱਕ ਸੌ ਪੰਝੀ ਦਾ ਏ।'

ਮੈਂ ਚਾਹ ਦੀ ਪਿਆਲੀ ਗੋਗੇ ਵੱਲ ਵਧਾਈ।

"ਇਹ ਬਿਸਕੁਟ ਲੈ "

ਉਹ ਇਸ ਗੱਲ ਤੋਂ ਅਣਜਾਣ ਪਈ ਉਹਦੇ ਪੰਜ ਕਰੋੜ ਮੇਰੇ ਅੰਦਰ ਇੱਕ ਤਣਾ ਤਣੀ ਖਲੀ ਕਰ ਦਿੱਤੀ ਏ, ਚੁੱਪ ਚੁਪੀਤਾ ਚਾਹ ਪੀਂਦਾ ਰਿਹਾ। ਝੱਟ ਪਿੱਛੋਂ ਜਿਵੇਂ ਉਹਨੇ ਮੇਰੇ ਅੰਦਰ ਦੀ ਗੱਲ ਬੁੱਝ ਲਈ ਹੋਵੇ। ਬੋਲਿਆ:

"ਮੈਂ ਆਪਣੇ ਪੈਸੇ ਸਾਂਭ ਕੇ ਰੱਖਣਾਂ। ਪਰ ਮੈਂ ਕਦੇ ਕਿਸੇ ਦਾ ਹੱਕ ਨਹੀਂ ਮਾਰਿਆ।"

"ਹੂੰ!" ਮੈਂ ਬੋਲੀ।

"ਰੱਬ ਮੇਰੇ ਤੇ ਮਿਹਰਬਾਨ ਏ। ਜਿਸ ਕੰਮ ਵਿਚ ਹੱਥ ਪਾਵਾਂ ਉਹ ਸਫਲ ਹੋ ਜਾਂਦਾ ਏ।"

"ਚੰਗੀ ਗੱਲ ਏ।" ਮੈਂ ਮਾੜੀ ਜਿਹੀ ਆਵਾਜ਼ ਕੱਢੀ।

ਗੋਗਾ ਬੋਲਿਆ, "ਫੁੱਫੋ ਚੇਤਾ ਏ ਸਾਡੇ ਮੁਹੱਲੇ ਵਿਚ ਇੱਕ ਬੰਦਾ ਰਹਿੰਦਾ ਸੀ। ਸ਼ੇਖ਼ ਟਹਿਣੀ?"

ਮੈਂ ਜ਼ੋਰ ਦੀ ਹੱਸੀ, "ਆਹੋ ਚੇਤਾ ਏ। ਪਰ ਉਹਦਾ ਇਹ ਨਾਂ ਕਿਵੇਂ ਪੈ ਗਿਆ?"

"ਪਹਿਲੋਂ ਸ਼ੇਖ਼ ਟੈਣੀ ਪਿਆ, ਮੁੜ ਸ਼ੇਖ਼ ਟਹਿਣੀ ਹੋ ਗਿਆ।"

ਉਹਦਾ ਵਜੂਦ ਨਿੱਕਾ ਜਿਹਾ ਸੀ। ਪਤਲਾ ਤੇ ਨਿੱਕੇ ਕੱਦ ਦਾ। ਉਹ ਬਜ਼ਾਰ ਜਾਂਦਾ ਤੇ ਸਬਜ਼ੀ ਦੀ ਹਰ ਹੱਟੀ ਤੇ ਖਲੋ ਜਾਂਦਾ। ਕਿਸੇ ਤੋਂ ਇੱਕ ਕੱਦੂ ਚੁੱਕ ਕੇ ਥੈਲੇ ਵਿਚ ਪਾ ਲੈਂਦਾ। ਦੂਜੀ ਤੋਂ ਦੋ ਗੰਢੇ। ਅਗਲੀ ਤੋਂ ਚਾਰ ਆਲੂ। ਤੇ ਕਿਸੇ ਦੇ ਪੈਸੇ ਨਾ ਦਿੰਦਾ। ਹੱਟੀਆਂ ਵਾਲੇ ਵੀ ਉਹਨੂੰ ਕੁਝ ਨਹੀਂ ਆਂਹਦੇ।

ਗੋਗਾ ਖ਼ਬਰੇ ਕੀ ਗੱਲਾਂ ਸੁਣਾਂਦਾ ਰਿਹਾ। ਮੁੜ ਸਲਾਮ ਕਰ ਕੇ ਟੁਰ ਗਿਆ।

ਮੈਂ ਸੋਚੀਂ ਪਈ ਰਹੀ। ਅੱਜ ਵੀ ਸ਼ੇਖ਼ ਟਹਿਣੀ ਮੌਜੂਦ ਏ। ਪਰ ਦੂਜੀ ਸ਼ਕਲ ਵਿਚ। ਅੱਜਕੱਲ ਉਹ ਉੱਚੇ ਮਹਿਲਾਂ ਵਿਚ ਰਹਿੰਦਾ ਏ। ਉੱਚੇ ਕਿੱਦਾਂ ਤੇ ਮੋਟੇ ਢਿੱਡਾਂ ਵਾਲਿਆਂ ਦੇ ਰੂਪ ਵਿਚ। ਉਹ ਆਪਣੇ ਥੈਲੇ ਅੱਜ ਵੀ ਭਰਦੇ ਨੇਂ। ਨਿੱਕੀਆਂ ਨਿੱਕੀਆਂ ਟਹਿਣੀਆਂ ਸਨ, ਵੱਡੇ ਵੱਡੇ ਟਹਿਣ ਬਣ ਗਏ ਨੇਂ। ਅੱਜ ਬੰਦਿਆਈ ਦੇ ਮੀਚੇ ਬਦਲ ਗਏ ਨੇਂ। ਹੁਣ ਲੋਕਾਂ ਦਾ ਮਾਰਕੀਟ ਵਿਚ ਮਿਲ ਪੈਂਦਾ ਏ। ਕੋਈ ਤੀਹ ਅਰਬ ਦਾ ਏ ਕੋਈ ਵੀਹ ਅਰਬ ਦਾ। ਇਹ ਅੱਗੋਂ ਆਮ ਲੋਕਾਂ ਨੂੰ ਖੁੱਲੀ ਨਿਲਾਮੀ ਵਿਚ ਮੁੱਲ ਲੈ ਲੈਂਦੇ ਨੇਂ। ਤੇ ਉਨਾਂ ਕੋਲੋਂ ਮਨ ਚਾਹੇ ਕੰਮ ਕਰਾਂਦੇ ਨੇਂ। ਉਨਾਂ ਦੀ ਆਪਣੀ ਮਰਜ਼ੀ ਵੀ ਨਾਲ਼ ਈ ਵਿਕ ਜਾਂਦੀ ਏ। ਕੋਈ ਦੋ ਕਰੋੜ ਵਿਚ ਕੋਈ ਤਿੰਨ ਕਰੋੜ ਵਿਚ। ਮੁੜ ਉਨਾਂ ਦਾ ਪ੍ਰਛਾਂਵਾਂ ਈ ਉਨਾਂ ਦੀ ਅਸਲ ਨੂੰ ਖਾ ਜਾਂਦਾ ਏ।

## ਜੁੱਤੀ ਛਪਾਈ /ਆਸਿਫ਼ ਮਹਿਮੂਦ

ਸਾਡੇ ਸਾਰਿਆਂ ਨਾਲੋਂ ਢੇਰ ਵੱਧ ਕੇ ਚੈਂਚਲ, ਅਣਝੱਕ ਤੇ ਮੂੰਹ ਫੱਟ ਸੀ ਮਰੀਓ ਚਾਚੇ ਹੈਦਰ ਦੀ। ਕਰਦੀਆਂ ਤੇ ਭਾਵੇਂ ਅਸੀਂ ਰਲ਼ਕੇ ਈ ਸਾਂ ਸ਼ਰਾਰਤਾਂ ਸਾਰੀਆਂ, ਪਰ ਅੱਗੇ ਪਹਿਲੋਂ ਉਹ ਈ ਲੱਗਦੀ ਹੁੰਦੀ ਸੀ। ਨਿਚੱਲੀ ਤਾਂ ਉਹ ਬਹਿ ਈ ਨਹੀਂ ਸੀ ਨਾ ਸਕਦੀ। ਉਹਨੂੰ ਖ਼ਬਰੇ ਜਲੂਣ ਹੋਵਣ ਲੱਗ ਪੈਂਦੀ ਸੀ ਕਿਤੇ ਡਮਾਕ ਵਿਚ, ਜਦੋਂ ਸ਼ਰਾਰਤ ਦਾ ਵੱਸ ਨਹੀਂ ਸੀ ਉਹਦਾ ਚਲਦਾ। ਕਮਲ ਜੇਹਾ ਈ ਪੈ ਜਾਂਦਾ ਸੀ ਉਹਨੂੰ ਝੱਟ ਦੇ ਝੱਟ ਲਈ, ਤੇ ਜੋ ਉਹਦੇ ਗਵੇੜ ਵਿਚ ਆ ਜਾਣਾ ਅਜਿਹੇ ਵੇਲੇ ਇਸ ਕਰਕੇ ਈ ਸਾਹ ਲੈਣਾ। ਸਗੋਂ ਸਾਡੀ ਵੀ ਕੰਬਖ਼ਤੀ ਆ ਜਾਣੀ, ਜਦੋਂ ਕਾਬੂ



ਅਸਾਂ ਚੜ ਜਾਣਾ ਕਿਸੇ ਥਾਵੇਂ, ਪਰ ਮਗਰੋਂ ਸਾਹਵੇਂ ਹੋ ਕੇ ਵੀ ਇਸੇ ਈ ਖਲੋ ਵਹਿੰਦੇ ਅਜਿਹੇ ਵੇਲੇ। ਇਕੱਲੀ ਧੀ ਸੀ ਮਾਪਿਆਂ ਦੀ ਤੇ ਲਾਡਲੀ ਸੀ ਪੁੱਜ ਕੇ। ਮੂੰਹ ਮਿੱਥੇ ਵੱਲੋਂ ਐਡੀ ਭਾਵੇਂ ਕੋਈ ਅਪਰੰਪਾਰ ਨਹੀਂ ਸੀ ਹੁੰਦੀ, ਪਰ ਉਹਦੇ ਅੱਲੜ ਪੁਣੇ ਤੇ ਹਰ ਵੇਲੇ ਦੇ ਖਿੜੇ ਹੋਏ ਮੱਥੇ ਸਦਕਾ ਅੱਧੇ ਮੁੰਡੇ ਸਾਡੇ ਪਿੰਡ ਦੇ ਉਹਨੂੰ ਤਾਂਘਦੇ ਸਨ, ਤੇ ਕੁਸਕਣ ਦੀ ਜਾਹ ਨਹੀਂ ਸੀ ਕਿਸੇ ਦੀ ਅੱਗੇ ਉਸਦੇ। ਪਰ ਇਹ ਗੱਲਾਂ ਤੇ ਹਨ ਜਿਵੇਂ ਜੁਗਾਂ ਪੁਰਾਣੀਆਂ ਨੇਂ, ਵੀਹ ਵਰੇ ਪਹਿਲੋਂ ਦੀਆਂ, ਜਦੋਂ ਬੰਦਾ ਨੀਂ ਸੀ ਮੋਇਆ ਹਾਲੇ, ਜੀਨਾਂ ਦਾ ਮੁਕਲਾਵਾ ਲੈਣ ਲਈ ਆਇਆ ਹੋਇਆ ਸੀ।

ਇੰਜ ਤਾਂ ਪਿੰਡ ਈ ਸਾਰਾ ਤਰਾਸ ਤਰਾਸ ਪਿਆ ਕਰਦਾ ਸੀ, ਏਡੀ ਕਹਿਰ ਦੀ ਮੌਤ ਉੱਤੇ ਉਹਦੀ। ਦਸਵਾਂ ਦਿਹਾੜਾ ਸੀ ਅਜੇ ਵਿਆਹ ਦਾ, ਮੁਕਲਾਵਾ ਲੈਣ ਲਈ ਆਇਆ ਸੀ ਜੀਨਾਂ ਦਾ, ਤੇ ਰਾਤੀਂ ਕੋਠੇ ਉੱਤੋਂ ਡਿੱਗ ਕੇ ਥਾਂ ਉੱਤੇ ਈ ਪੂਰਾ ਵੀ ਹੋ ਗਿਆ ਸੀ। ਕੈਡੇ ਪਵਾੜਿਆਂ ਨਾਲ਼ ਮਨਾਇਆ ਸੀ ਜੀਨਾਂ ਆਪਣੇ ਘਰ ਵਾਲਿਆਂ ਨੂੰ, ਤੇ ਰੰਡੀ ਵੀ ਹੋ ਗਈ ਸੀ ਉਹ ਬੂਹੇ ਤੇ ਬੈਠੀ ਆਪਣੇ ਪੇਕਿਆਂ ਦੇ। ਜੀਨਾਂ ਦੇ ਕੁਰਲਾਟ ਜਿਵੇਂ ਅਰਸ਼ਾਂ ਦੇ ਤਖ਼ਤ ਪਏ ਹਿਲਾਉਂਦੇ ਸਨ। ਸੱਤ ਬਿਗਾਨਿਆਂ ਦੇ ਵੀ ਹਾਅ ਹਾ ਪਏ ਡੁੱਬ ਡੁੱਬ ਜਾਂਦੇ ਸਨ ਉਹਨੂੰ ਵੇਖ ਕੇ। ਪਰ ਮਰੀਓ ਦਾ ਹਾਲ ਵੀ ਘੱਟ ਨਹੀਂ ਸੀ ਪਿਆ ਜੀਨਾਂ ਤੋਂ ਦਿੱਸਦਾ। ਚੀਕ ਚਿਹਾੜਾ ਤਾਂ ਉਹਨੇ ਬੱਸ ਉਦੋਂ ਈ ਪਾਇਆ ਏ ਜਦੋਂ ਡਿੱਗਣ ਦਾ ਵਾਜ ਅਫ਼ਜ਼ਲ ਦਾ ਸੁਣ ਕੇ ਜਾਗ ਉਹਦੀ ਖੁੱਲੀ ਏ। ਫੇਰ ਘਰ ਵਾਲਿਆਂ ਜਦੋਂ ਮੋਇਆ ਪਿਆ ਉਹਨੂੰ ਸਾਂਭਿਆ ਏ ਥੱਲਿਓਂ ਜਾ ਕੇ, ਤਾਂ ਮਰੀਓ ਗੁੰਮ ਦੀ ਗੁੰਮ ਈ ਜਿਵੇਂ ਹੋ ਗਈ ਸੀ। ਅਫ਼ਜ਼ਲ ਦੀ ਮੰਜੀ ਚਾਵਨ ਪਿੱਛੋਂ ਜੀਨਾਂ ਜਦੋਂ ਹੁੰਬਲੀ ਮਾਰ ਕੇ ਜੱਫਾ ਉਹਨੂੰ ਮਾਰਿਆ ਵੈਣ ਕਰਦੀ ਨੇਂ, ਤਾਂ ਮਰਿਓਂ ਜਿਵੇਂ ਅਸਲੋਂ ਉਹਨੂੰ ਸੀਹਾਤਾ ਈ ਕੋਈ ਨਹੀਂ ਸੀ।

ਜੀਨਾਂ ਤਾਂ ਖ਼ਬਰੇ ਹਫ਼ ਗਈ ਸੀ ਰੋਂਦੀ-ਰੋਂਦੀ, ਜਾਂ ਇੰਜ ਈ ਸਬਰ ਉਹਨੂੰ ਆਉਣ ਲੱਗ ਪਿਆ ਸੀ, ਪਰ ਮਰੀਓ ਦਾ ਹਾਲ ਤਾਂ ਰੋਜ਼ ਪਹਿਲੇ ਨਾਲੋਂ ਮੰਦਾ ਪਿਆ ਜਾਪਣਾ। ਨਾ ਖਾਵਣ ਦੀ ਹੋਸ਼ ਨਾ ਪਾਵਣ ਦੀ। ਦਸਵਾਂ ਨਹੀਂ ਸੀ ਅਫ਼ਜ਼ਲ ਦਾ ਹਾਲੇ ਹੋਇਆ ਤੇ ਖੁਸਰ ਮੁਸਰ ਲੋਕੀ ਕਰਨ ਵੀ ਲੱਗ ਪਏ ਸਨ। ਠੀਕ ਏ ਪਈ ਨਿਕੜੇ ਲਾ ਦਾ ਸਾਥ ਸੀ ਜੀਨਾਂ ਮਰੀਓ ਦਾ, ਹੈ ਸਨ ਵੀ ਚਾਚੇ ਬਾਬੇ ਦੀਆਂ, ਤੇ ਕੰਧ ਵੀ ਵਿਚਲੀ ਸਾਂਝੀ ਸੀ, ਪਰ ਇੰਜ ਤੇ ਨਹੀਂ ਨਾ ਜੋ ਆਪ ਮਰੀਓ ਤੋਂ ਵੀ ਚੋਖਾ ਦੁੱਖ ਉਹਨੂੰ ਲੱਗ ਗਿਆ ਸੀ। ਬਾਅਜ਼ੇ ਤਾਂ ਖੁੱਲ ਕੇ ਵੀ ਆਖਣ ਲੱਗ ਪਏ ਸਨ ਜੋ ਏਡਾ ਈ ਦਿਲ ਵਿਚ ਉਹਦੇ ਜੇ ਵਸਦਾ ਸੀ ਨਡਾ, ਤਾਂ ਪਹਿਲੋਂ ਈ ਏਡੇ ਚਾਅ ਨਾ ਕਰਦੀ ਵਿਆਹ ਇਸ ਦੇ। ਇੰਜ ਦੀਆਂ ਚੋਭਾਂ ਜਦੋਂ ਸੁਣੀਆਂ, ਤੇ ਬੜਾ ਉਹਨੂੰ ਖੋਤਰਨ ਦਾ ਵੱਸ ਉਹਦੀ ਮਾਂ ਨੇ ਲਾਇਆ, ਸਾਡੇ ਸਹੇਲੀਆਂ ਰਾਹੀਂ ਵੀ ਬਥੇਰੇ ਜਤਨ ਕੀਤੇ, ਤੇ ਖ਼ਬਰੇ ਧੌਲ ਧੱਫਾ ਵੀ ਅੰਦਰਖ਼ਾਨੇ ਕੋਈ ਕੀਤਾ ਈ ਹੋਣਾ ਏ, ਪਰ ਇਕ ਅੱਖਰ ਨਹੀਂ ਮੂੰਹੋਂ ਅਸੀਂ ਵੀ ਕੇਰਿਆ। ਅਖ਼ੀਰ ਸਾਰੇ ਪਿੰਡ ਵਿਚ ਇਹੀ ਗੱਲ ਧੁੰਮ ਗਈ ਜੋ ਮਰੀਓ ਆਪ ਈ ਅੱਕੀ ਹੋਈ ਸੀ ਅਫ਼ਜ਼ਲ ਉੱਤੇ। ਉਹ ਤੇ ਸਗੋਂ ਜੀਨਾਂ ਦੇ ਵੀ ਮੱਥੇ ਲੱਗਣ ਤੋਂ ਵਲਾਵਨ ਲੱਗ ਪਈ ਸੀ ਹੌਲੀ ਹੌਲੀ, ਇਸ ਕਰਕੇ ਉਸ ਵੀ ਉਹੀ ਸਮਝਿਆ ਜੋ ਲੋਕ ਸਾਰਿਆਂ ਦਾ ਖ਼ਿਆਲ ਸੀ। ਪਰ ਮਰੀਓ ਨੂੰ ਤਾਂ ਇਸ ਗੱਲ ਦੀ ਵੀ ਭਿਣਕ ਨਹੀਂ ਸੀ ਕੋਈ ਜਾਪਦੀ। ਨਾ ਕਦੀ ਨਹੀਂ ਉਸ ਆਖੀ ਤੇ ਨਾ ਈ ਕਦੇ ਖੁੱਲ ਕੇ ਕਬੂਲਿਆ ਉਹਨੇ ਇਸ਼ਕ ਆਪਣਾ।

ਹੌਲੀ ਹੌਲੀ ਆਪਣੇ ਆਪ ਵਿਚ ਤਾਂ ਤੰਗ ਆ ਗਈ ਸੀ ਮਰੀਓ, ਪਰ ਮਾੜਾ ਜਿਹਾ ਹੌਸਲਾ ਈ ਜਿਵੇਂ ਉਸ ਕੀਤਾ ਸੀ। ਬੱਸ ਨਿੱਕਾ ਮੋਟਾ ਹੱਥ ਮਾਂ ਨੂੰ ਪਵਾ ਦੇਂਦੀ ਸੀ ਘਰ ਦੇ ਕੰਮ

ਵਿਚ। ਲੀੜੇ ਲੱਤੇ, ਮਿੱਸੀ ਦਾਤਣ ਵਾਲੇ ਚਾਵਾਂ ਦਾ ਤਾਂ ਸਵਾਲ ਈ ਨਹੀਂ ਸੀ ਕੋਈ, ਸਗੋਂ ਗੱਲ ਵੀ ਘੱਟ ਈ ਕਿਸੇ ਨਾਲ਼ ਹੁਣ ਉਹ ਕਰਦੀ ਸੀ। ਜਾਪਦਾ ਤਾਂ ਝੱਲ ਈ ਸੀ ਜਿਹੜਾ ਹੋ ਗਿਆ ਸੀ ਉਹਨੂੰ, ਪਰ ਉਂਜ ਉਹਦੀ ਕੋਈ ਵੀ ਗੱਲ ਝੱਲੀਆਂ ਤੇ ਸ਼ੁਦਾਈਆਂ ਵਾਲੀ ਨਹੀਂ ਸੀ ਦਿੱਸਦੀ। ਉਹ ਤਾਂ ਸਗੋਂ ਸਿਆਣੀ ਜਿਵੇਂ ਹੋ ਗਈ ਸੀ ਆਪਣੇ ਇਸ ਕਮਲ ਵਿਚ। ਬੱਸ ਖੁੰਦਕੀ ਜਿਹੀ ਹੋ ਗਈ ਸੀ। ਹਰ ਗੱਲ ਦਾ ਈ ਪੁੱਠਾ ਜਿਹਾ ਕੋਈ ਮਤਲਬ ਉਹਨੇ ਕੱਢ ਲੈਣਾ। ਜਦੋਂ ਬੋਲਣਾ ਕਦੀ, ਤਾਂ ਇੰਝ ਦੀ ਤਿੱਖੀ, ਕੋਈ ਸਿਵਲ ਵਰਗੀ ਗੱਲ ਚਾ ਕਰਨੀ, ਜਿਹੜੀ ਵਿੰਨ ਕੇ ਅਗਲੇ ਨੂੰ ਪਾਰ ਹੋਵੇ।

ਜਦੋਂ ਸ਼ੱਕ ਦਾ ਲੋਕਾਂ ਨੂੰ ਪੱਕ ਹੋ ਜਾਏ, ਸਜ਼ਾ ਇਸ ਜੁਰਮ ਦੀ ਹੋ ਨਾ ਸਕੇ ਤੇ ਸਫ਼ਾਈ ਵੀ ਅਗਲਾ ਆਪਣੀ ਦੇਵੇ ਈ ਕੋਈ ਨਾ, ਤਾਂ ਗੱਲ ਤਾਂ ਆਈ ਗਈ ਹੋ ਈ ਜਾਂਦੀ ਏ ਵੇਲੇ ਨਾਲ਼, ਪਰ ਜਿਹੜੇ ਕੋਈ ਨੇੜੇ ਦੇ ਜੀ ਸਨ ਮਰੀਓ ਦੇ, ਉਨਾਂ ਲਈ ਨਿੱਤ ਨਵੇਂ ਪਈ ਹੋਣੀ, ਜਦੋਂ ਸਾਕ ਕੋਈ ਉਹਦਾ ਆਉਣਾ, ਤੇ ਉਸ ਵਿਹਰ ਕੇ ਅੱਗੋਂ ਬੋਲ ਦੇਣੀ। ਉਹ ਤਾਂ ਸਗੋਂ ਹੋਰ ਵੀ ਕਿਸੇ ਦੇ ਵਿਆਹ ਦਾ ਜਦੋਂ ਸੁਣਦੀ ਸੀ, ਤਾਂ ਮਾਂ ਉਹਦੀ ਜਿਵੇਂ ਮਰ ਜਾਂਦੀ ਸੀ ਖਲ਼ੀ ਖਲੋਤੀ ਦੀ। ਮੂੰਹ ਮੱਥਾ ਤੇ ਅੱਗੇ ਈ ਏਡਾ ਕੋਈ ਖ਼ਾਸ ਨੀਂ ਸੀ ਉਹਦਾ, ਇਕ ਰੌਣਕ ਹੈ ਸੀ ਉਹਦੇ ਖਿੜੇ ਹੋਏ ਮੱਥੇ ਦੀ, ਜਿਹੜੀ ਮੁੜ ਕੇ ਕਿਸੇ ਨੇ ਵੇਖੀ ਨਹੀਂ, ਤੇ ਜਿਹੜਾ ਕੋਈ ਰੂਪ ਸੀ ਉਹਦਾ ਜਵਾਨੀ ਦਾ, ਉਹ ਵੀ ਜਿਵੇਂ ਵਰੇ ਖੰਡ ਵਿਚ ਈ ਮਵਾਤਾ ਹੋ ਗਿਆ ਸੀ। ਹੁਣ ਤੇ ਵਿਰਲਾ-ਵਿਰਲਾ ਈ ਕੋਈ ਸਾਕ ਉਹਦਾ ਆਉਂਦਾ ਸੀ ਤੇ ਉਹ ਵੀ ਦੁਹਾਜੂਆਂ ਦਾ। ਉਹ ਵੀ ਖ਼ਬਰੇ ਯਾਰਾਂ ਕਲੀਆਂ ਨੂੰ ਪਿਆ ਆਉਂਦਾ ਸੀ, ਜਿਹੜੇ ਸਨ ਉਹਨੂੰ ਬਾਬੇ ਹੈਦਰ ਦੇ।

ਹੌਲੀ ਹੌਲੀ ਸਾਥਣਾਂ ਅਸੀਂ ਸਾਰੀਆਂ ਵਿਆਹੀਆਂ ਗਈਆਂ। ਕੋਈ ਕਿੱਤੇ ਤੇ ਕੋਈ ਕਿਤੇ। ਜੀਨਾਂ ਵੀ ਮੁੜ ਕੇ ਪਰਨੀ ਗਈ ਮਾਮੇ ਆਪਣੇ ਦੇ ਪੁੱਤਰ ਨਾਲ਼, ਪਰ ਮਰੀਓ ਦੇ ਹਾਲ ਵਿਚ ਮਾਸਾ ਫ਼ਰਕ ਨਹੀਂ ਆਇਆ। ਜਦੋਂ ਕਦੀ ਪੇਕੇ ਅਸੀਂ ਜਾਂਦੀਆਂ ਸਾਂ ਤੇ ਸਬੱਬ ਨਾਲ਼ ਹੋਰ ਵੀ ਕੋਈ ਆਈ ਹੁੰਦੀ ਸੀ ਸਾਡੇ ਵਿਚੋਂ, ਤਾਂ ਗੱਲ ਹਰ ਫਿਰ ਕੇ ਮਰੀਓ ਅਤੇ ਈ ਆ ਜਾਣੀ। ਅਸੀਂ ਸੋਚਣਾ ਪਈ ਜੀਨਾਂ ਵੀ ਤਾਂ ਹੈ ਸੇਹ ਖੁਰ, ਜੀਹਦਾ ਘਰ ਉੱਜੜਿਆ ਸੀ, ਉਹਨੂੰ ਤਾਂ ਹੋਰ ਵੀ ਸਗੋਂ ਪੁਆੜੇ ਸਨ, ਦਾਗ਼ ਉਹਨੂੰ ਲੱਗ ਗਿਆ ਸੀ ਰੰਡੇਪੇ ਦਾ, ਨਹਿਸ਼ ਹੋਵਣ ਦਾ ਮੇਹਣਾ ਜੁੜ ਗਿਆ ਸੀ ਮੱਥੇ ਉਹਦੇ ਤੇ, ਘਰ ਵਿਚ ਭਰਜਾਈਆਂ ਦੇ ਤਸੀਹੇ ਵੱਖਰੇ ਸਨ, ਤੇ ਇਸ ਵੀ ਤਾਂ ਸਬਰ ਆਖ਼ਿਰ ਕਰ ਈ ਲਿਆ ਸੀ, ਪਰ ਇਹਨੂੰ ਕਿਹੜੀ ਮਾਰ ਐਡੀ ਵਗ ਗਈ ਸੀ ਰੱਬ ਦੀ, ਜੀਹਦਾ ਝੱਲ ਈ ਨਹੀਂ ਸੀ ਮੁੱਕਣ ਤੇ ਪਿਆ ਆਉਂਦਾ। ਇਕ ਵਾਰ ਜੀਨਾਂ ਨਾਲ਼ ਵੀ ਗੱਲ ਹੋਈ ਸੀ ਮੇਰੀ, ਤੇ ਆਖਣ ਲੱਗੀ, "ਪਹਿਲੋਂ ਕਹਿਰ ਬਥੇਰਾ ਮੈਨੂੰ ਮਰੀਓ ਉੱਤੇ ਚੜ੍ਹਦਾ ਸੀ, ਪਰ ਹੁਣ ਤਾਂ ਤਰਸ ਈ ਉਹਦੇ ਤੇ ਆਉਂਦਾ ਏ। ਮੈਂ ਸੋਚਦੀ ਆਂ ਮਰਨ ਵਾਲਾ ਤਾਂ ਖ਼ਬਰੇ ਲਿਖਾ ਕੇ ਈ ਏਨੀ ਆਇਆ ਸੀ, ਪਰ ਏਡੀ ਜੇ ਰੀਝ ਸੀ ਉਹਨੂੰ ਅਫ਼ਜ਼ਲ ਦੀ, ਤੇ ਫੇਰ ਤਾਂ ਸਗੋਂ ਕੁਰਬਾਨੀ ਇਸ ਦਿੱਤੀ ਨਾ ਮੇਰੇ ਸਦਕਾ। ਜਿਵੇਂ ਭਾਰ ਉਹਨੇ ਤਾਏ ਹੋਰਾਂ ਤੋਂ ਪਵਾਇਆ ਸੀ ਮੇਰੇ ਵਾਸਤੇ, ਉਹ ਆਪਣੇ ਲਈ ਆਖਦੀ ਤਾਂ ਕਿਸ ਉਹਨੂੰ ਮੋੜਨਾ ਸੀ।"

ਫੇਰ ਉਹਨੇ ਦੱਸਿਆ ਜੋ ਇਕ ਦੋ ਵਾਰਾਂ ਉਹਨੇ ਆਪ ਵੀ ਹੀਲਾ ਕੀਤਾ ਸੀ ਮੁੜ ਕੇ ਨੇੜੇ ਉਹਦੇ ਹੋਵਣ ਦਾ, ਪਰ ਭੂੰਡਾਂ ਦੇ ਖੱਖਰ ਵਾਂਗ ਅੱਗੋਂ ਪੈ ਗਈ ਸੀ ਮਰੀਓ ਉਹਨੂੰ।

ਇੰਜ ਈ ਕਰਦਿਆਂ ਕਰਦਿਆਂ, ਮਾਂ-ਪਿਓ ਵੀ ਹੌਲੀ ਹੌਲੀ ਉਹਦੇ ਪੁੱਗ ਗਏ, ਤੇ ਉੱਕਾ ਈ ਹਾਲ ਕੋਈ ਨਾ ਉਹਦਾ ਪੁੱਛਣ ਗਿੱਛਣ ਵਾਲਾ ਰਹਿ ਗਿਆ। ਭਇੰ ਉਹਦੀ ਪਤਰੀਏ ਪਏ ਵਾਹੁੰਦੇ ਸਨ,



ਭਰਾ ਜੀਨਾਂ ਦੇ, ਤੇ ਰੋਟੀ ਟੁੱਕਰ ਉਹਨੂੰ ਦੇ ਛੱਡ ਦੇ ਸਨ। ਬਾਕੀ ਕਿਸੇ ਗੱਲ ਦੀ ਪ੍ਰਵਾਹ ਵੀ ਕੋਈ ਨਹੀਂ ਸੀ ਉਹਨੂੰ ਜਾਪਦੀ।

ਉਨਾਂ ਦਿਨਾਂ ਵਿਚ ਈ ਬੰਦੇ ਮੇਰੇ ਦਾ ਵੀਜ਼ਾ ਲੱਗ ਗਿਆ ਦੁਬਈ ਦਾ, ਤੇ ਮੈਂ ਪਿੰਡ ਪਰਤ ਕੇ ਆ ਗਈ ਪੇਕਿਆਂ ਦੇ ਕੋਲ਼। ਮੈਂ ਨੇੜੇ ਰਹਿ ਕੇ ਚਿਰ ਪਿੱਛੋਂ ਵੇਖਿਆ ਸੀ ਹਾਲ ਉਹਦਾ, ਇਸ ਕਰਕੇ ਧਿਆਨ ਵੀ ਚੋਖਾ ਈ ਮੈਨੂੰ ਰਹਿਣ ਲੱਗ ਪਿਆ ਸੀ ਉਹਦਾ। ਇੰਜ ਵੀ ਪਿੰਡ ਵਿਚ ਮੇਰੀਆਂ ਸਾਥਣਾਂ ਵਿਚੋਂ ਕੋਈ ਵੀ ਨਹੀਂ ਸੀ ਉਦੋਂ ਰਹਿ ਗਈ ਹੋਈ। ਇਸ ਕਰਕੇ ਵੇਲੇ-ਕੁਵੇਲੇ ਮੈਂ ਲਗਿਆਂ ਜਾਣਾ ਉਹਦੇ ਕੋਲ਼। ਕਦੀ ਸ਼ੈ ਕੋਈ ਬਿਨਾ ਖੜਣੀ ਉਹਦੇ ਲਈ, ਕਦੀ ਕੰਘੀ ਸ਼ੰਘੀ ਉਹਦੀ ਕਰ ਦੇਣੀ, ਤੇ ਏਧਰ ਉਧਰ ਦੀਆਂ ਗੱਲਾਂ ਦੇ ਨਾਲ਼ ਦਿਲ ਉਹਦਾ ਪ੍ਰਚਾਵਣ ਦਾ ਚਾਰਾ ਪਿਆ ਕਰਦਿਆਂ ਰਹਿਣਾ। ਪਹਿਲੇ ਪਹਿਲ ਤਾਂ ਉੱਕਾ ਉਹ ਪ੍ਰਵਾਹ ਨਹੀਂ ਸੀ ਮੇਰੀ ਕਰਦੀ, ਪਰ ਨਿੱਕੇ ਮੇਰੇ ਛੋਹਰ ਨਾਲ਼ ਵਾਹਵਾ ਰੂਹ ਉਹਦਾ ਲੱਗ ਗਿਆ ਸੀ ਤੇ ਮੇਰੀ ਵੀ ਜਿਵੇਂ ਉਡੀਕ ਉਹਨੂੰ ਰਹਿਣ ਲੱਗ ਪਈ ਸੀ ਹੌਲੀ-ਹੌਲੀ।

ਫੇਰ ਇੱਕ ਦਿਨ ਜੀਨਾਂ ਵੀ ਆਈ ਹੋਈ ਸੀ ਪੇਕੇ, ਤੇ ਉਹਨੂੰ ਮਿਲਣ ਮਗਰੋਂ ਜਦੋਂ ਮਰੀਓ ਵੱਲ ਅਸੀਂ ਗਏ ਆਂ, ਮੈਂ ਤੇ ਨਿੱਕਾ ਮੇਰਾ, ਤਾਂ ਨਿੱਕੇ ਈ ਮੇਰੇ ਗੱਲਾਂ ਜਿਹਨਾਂ ਦੀਆਂ ਛੂਹ ਦਿੱਤੀਆਂ ਮਰੀਓ ਨਾਲ਼। ਪਹਿਲੋਂ ਤੇ ਇਕ ਅਕੜੇਵਾਂ ਜਿਹਾ ਆਇਆ ਉਹਦੇ ਪੂਰੇ ਵਜੂਦ ਵਿਚ ਤੇ ਉਦਾਸ ਜਿਹੀ ਹੋਈ ਨੇ ਮੂੰਹ ਹੇਠਾਂ ਲਮਕਾ ਲਿਆ। ਮੈਂ ਝੱਟ-ਪਟ ਮੁੰਡੇ ਆਪਣੇ ਦਾ ਧਿਆਨ ਦੂਜੇ ਪਾਸੇ ਲਾਉਣ ਦੇ ਜਤਨ ਕਰਨ ਲੱਗ ਪਈ। ਪਰ ਮਰੀਓ ਕੰਬਣੀ ਜਿਹੀ ਇਕ ਲੈ ਕੇ ਹੱਥ ਦੇ ਇਸ਼ਾਰੇ ਨਾਲ਼ ਮੈਨੂੰ ਠਾਕ ਦਿੱਤਾ, ਤੇ ਆਪ ਈ ਖੋਤਰ ਖੋਤਰ ਕੇ ਹੋਰ ਉਹਨੂੰ ਪੁੱਛਣ ਲੱਗ ਪਈ ਜੀਨਾਂ ਬਾਰੇ। ਪਹਿਲੋਂ ਤੇ ਮੈਨੂੰ ਬੜਾ ਅਚੰਭਾ ਹੋਇਆ, ਪਰ ਫੇਰ ਮੇਰੇ ਅੰਦਰ ਇਕ ਪਲ ਵਿਚ ਈ ਵਰਿਆਂ ਤੋਂ ਲਗੀ ਆ ਰਹੀ ਦੁਬਿਧਾ ਅਸਲ ਵੱਟ ਲੈਣ ਲੱਗ ਪਈ ,ਤੇ ਮੈਂ ਚਿੰਤਾ ਲੱਗੀ ਵੇਖ ਕੇ ਗੱਲ ਹੌਲੀ ਹੌਲੀ ਇਸੇ ਈ ਪਾਸੇ ਤੋਰ ਲਈ। ਇਸ ਵੀ ਓਦਣ ਜ਼ਰਾ ਨਹੀਂ ਇਸ ਗੱਲ ਤੋਂ ਵਲਾਇਆ। ਤੁਰਦੀ ਤੁਰਦੀ ਗੱਲ ਜੀਨਾਂ ਤੂੰ ਉਹਦੇ ਨਿਆਣਿਆਂ ਉੱਤੇ ਆ ਗਈ, ਜਿਹਨਾਂ ਵਿਚੋਂ ਇਕ ਤਾਂ ਹਾਣ ਈ ਸੀ ਮੇਰੇ ਮੁੰਡੇ ਦਾ, ਫੇਰ ਨਿਆਣਿਆਂ ਤੋਂ ਉਹਦੇ ਬੰਦੇ ਤੇ ਵਿਆਹ ਦੀ ਤੁਰ ਪਈ ਤੇ ਅਖ਼ੀਰ ਉਹਦੇ ਪਹਿਲੇ ਵਿਆਹ ਤੇ ਅਫ਼ਜ਼ਲ ਦੀ, ਤੇ ਉਹ ਆਪ ਈ ਮੈਨੂੰ ਜੀਨਾਂ ਦੀਆਂ ਵਿਆਹ ਤੋਂ ਪਹਿਲੋਂ ਦੀਆਂ ਅਫ਼ਜ਼ਲ ਨਾਲ਼ ਮੁਲਾਕਾਤਾਂ ਦੇ ਕਿੱਸੇ ਸੁਣਾਉਣ ਲੱਗ ਪਈ । ਫੇਰ ਆਖਣ ਲੱਗੀ ਬੜਾ ਚੰਗਾ ਕੀਤਾ ਏ ਉਹਨੇ ਮੁੜ ਪਰਨੀ ਕੇ, ਕੀਹ ਖੱਟ ਲੈਣਾ ਸਾਸੂ ਅੰਬਰਾਂ ਸਾਰੀ ਉਸ ਨਕੜਮੇ ਦੇ ਇਸ਼ਕ ਸੋਗ ਵਿਚ ਆਪਣਾ ਆਪ ਵੰਜਾ ਕੇ। ਹੁਣ ਜੇ ਦੁੱਖ ਉਹਦਾ ਘਟਿਆ ਨਹੀਂ ਹੋਣਾ ਤਾਂ ਚਲੋ ਧਿਆਨ ਤੇ ਕੁਝ ਉਹਦਾ ਵੰਡਿਆਇਆ ਈ ਗਿਆ ਏ। ਏਥੇ ਜਦੋਂ ਅੱਪੜੀ ਤਾਂ ਮੈਂ ਵੀ ਸਿੱਧਾ ਈ ਉਸ ਤੋਂ ਪੁੱਛ ਲਿਆ ਪਈ ਇਹੋ ਗੱਲ ਉਹਨੇ ਆਪਣੇ ਬਾਰੇ ਕਿਓਂ ਨਹੀਂ ਸੂਚੀ, ਤੇ ਆਖਣ ਲੱਗੀ, "ਤੈਨੂੰ ਪਤਾ ਨਹੀਂ ਨਾ ਅਸਲ ਗੱਲ ਦਾ ਵਿਚੋਂ, ਸੱਚੀ ਐਂ ਤੂੰ ਵੀ ਆਪਣੀ ਥਾਵੇਂ, ਪਰ ਕਦੀ ਸੋਚਿਆ ਏ ਤੂੰ ਪਈ ਹੋਇਆ ਕੀਹ ਸੀ ਅਫ਼ਜ਼ਲ ਨੂੰ ? ਇਹ ਗੱਲ ਕੋਈ ਨਹੀਂ ਜਾਣਦਾ ਮੇਰੇ ਤੋਂ ਬਿਨਾਂ।"

"ਤੂੰ ਵੀ ਤੇ ਨਹੀਂ ਨਾ ਕਿਸੇ ਨੂੰ ਦੱਸਿਆ...ਪਰ ਏਡੀ ਕਿਹੜੀ ਗੱਲ ਸੀ ਜਿਸ ਪੱਲੇ ਈ ਨਹੀਓਂ ਆਪਣੇ ਕੁਝ ਰਹਿਣ ਦਿੱਤਾ ?" ਮੈਂ ਝੱਟ ਮਤਲਬ ਦੀ ਗੱਲ ਕੀਤੀ।

"ਦੱਸਣ ਈ ਤੇ ਨਹੀਂ ਸੀ ਵਾਲੀ, ਨਹੀਂ ਤੇ ਕਦੋਂ ਮੈਨੂੰ ਪਚਦੀ ਹੁੰਦੀ ਸੀ ਨਿੱਕੀ ਜਿਹੀ ਵੀ ਗੱਲ

ਕੋਈ। ਮੇਰੇ ਤਾਂ ਢਿੱਡ ਉੱਚ ਪੀੜ ਲੱਗ ਪੈਂਦੀ ਸੀ ਹੋਣ ਕੋਈ ਗੱਲ ਜਦੋਂ ਪਤਾ ਮੈਨੂੰ ਲੱਗ ਜਾਂਦੀ ਸੀ।"

"ਪਰ ਫੇਰ ਵੀ ਦੱਸੀਂ ਕੁਝ ਤੇ ਲੱਗੇ ਨਾ ਪਤਾ ਕਿਹੜਾ ਰਾਜ਼ ਤੂੰ ਪਾਲਿਆ ਹੋਇਆ ਏ ਏਨੇ ਵਰਿਆਂ ਦਾ, ਮੈਂ ਮੁੜ ਉਹਨੂੰ ਲੀਹ ਤੇ ਲਿਆਉਣ ਦਾ ਚਾਰਾ ਕੀਤਾ।

"ਉਹੀ ਤੇ ਪਈ ਸੋਚਣੀ ਆਂ ਕਿੰਨੇ ਦਿਨਾਂ ਦੀ ਜੋ ਚਲੋ ਤੈਨੂੰ ਈ ਦੱਸ ਦਿਆਂ, ਪਰ ਤੇਰੇ ਮੂੰਹੋਂ ਜੇ ਨਿਕਲ ਗਈ ਤੇ ਮੇਰੀ ਤਾਂ ਏਨੇ ਵਰਿਆਂ ਦੀ ਕੀਤੀ ਕੱਤਰੀ ਖੂਹ ਵਿਚ ਸਾਰੀ ਪੈ ਜਾਣੀ ਏ।

ਮੈਂ ਬਥੇਰੇ ਉਹਨੂੰ ਕੌਲ ਦਿੱਤੇ ਰਾਜ਼ ਨੂੰ ਰਾਜ਼ ਰੱਖਣ ਦੇ, ਪਰ ਉਹਨੇ ਵੀ ਨਿੱਕੇ ਮੇਰੇ ਦੀ ਸਹੁੰ ਮੈਥੋਂ ਲਈ ਮੂੰਹੋਂ ਕੁਝ ਕਿਰਣ ਤੋਂ ਪਹਿਲੋਂ। ਆਖਣ ਲੱਗੀ, "ਜੇ ਮੇਰੀ ਜਿਊ ਦੀ ਜਾਣੇ ਤੂੰ ਇਹ ਰਾਜ਼ ਕਿਸੇ ਅੱਗੇ ਖੋਲਿਆ, ਤੇ ਮੋਇਆ ਮੂੰਹ ਆਪਣੇ ਪੁੱਤਰ ਦਾ ਵੇਖੀਂ!"
ਫੇਰ ਜਦੋਂ ਸੁਣਾਈ ਏ ਗੱਲ ਉਸ ਆਪਣੀ ਤੇ ਮੈਂ ਆਖਾਂ, ਨਾ ਈ ਮੈਂ ਪੁੱਛਦੀ ਤੇ ਚੰਗਾ ਸੀ। ਸਾਰੀ ਉਮਰ ਮੈਂ ਭੋਗੀ ਏ, ਉਸ ਵੇਲੇ ਦੀ ਖ਼ਤਾ ਉਹ ਆਪਣੀ, ਜਿਵੇਂ ਮਰੀਓ ਪਈ ਭੋਗਦੀ ਸੀ ਮੇਰੇ ਤੋਂ ਪਹਿਲੋਂ। ਅੱਜ ਮੋਈ ਏ ਉਹ ਤੇ ਕੱਟੀ ਗਈ ਏ, ਮੇਰੀ ਵੀ ਤੇ ਖ਼ਬਰੇ ਉਹਦੀ ਵੀ।

"ਪਤਾ ਨਹੀਂ ਚੇਤਾ ਤੈਨੂੰ ਹੈ ਜਾਂ ਕੋਈ ਨਹੀਂ ਹੈ ਅਫ਼ਜ਼ਲ ਦਾ, ਕੇਡਾ ਉਹ ਤਿੱਖਾ ਸੀ। ਫੜਾਈ ਨਹੀਂ ਸੀ ਕਿਸੇ ਵੀ ਪਾਸਿਓਂ ਉਹ ਦੇਂਦਾ। ਜਦੋਂ ਜੰਞ ਉਹਦੀ ਅੱਗੇ ਦੁਪੱਟਾ ਅਸਾਂ ਤਾਣਿਆ ਏ...ਤੇ ਤੂੰ ਵੀ ਤਾਂ ਸਗੋਂ ਓਥੇ ਈ ਸੈਂ ਕਿ ਨਾਲ਼ ਸਾਡੇ, ਤੇ ਪਤਾ ਈ ਕਿਵੇਂ ਪਰਾਂ ਤੇ ਪਾਣੀ ਨਹੀਂ ਸੀ ਉਹ ਪੀਣ ਦੇਂਦਾ। ਅਖ਼ੀਰ ਹੱਥੀਂ ਪੈ ਕੇ ਅਸਾਂ ਲਾਗ ਲਿਆ ਸੀ ਉਹਦੇ ਕੋਲੋਂ। ਤੇ ਇਸ ਵਿਚ ਵੀ ਅੱਧਿਆਂ ਨੂੰ ਸਾਡੇ ਵਿਚੋਂ ਚੂੰਢੀਆਂ ਉਹਨੇ ਵੱਢ ਦਿੱਤੀਆਂ ਸਨ ਭੈੜੀਆਂ-ਭੈੜੀਆਂ ਥਾਵਾਂ ਤੇ..."

ਇਹ ਗੱਲ ਤਾਂ ਮੈਨੂੰ ਵੀ ਯਾਦ ਸੀ। ਮੈਨੂੰ ਤਾਂ ਸਗੋਂ ਦੋ ਨੀਲ ਪੈ ਗਏ ਸਨ ਜਿਹੜੇ ਵਿਖਾ ਵੀ ਮੈਂ ਕਿਸੇ ਨੂੰ ਨਹੀਂ ਸਾਂ ਦੱਸ ਸਕਦੀ।

"...ਫੇਰ ਜਦੋਂ ਅੰਦਰ ਉਹਨੂੰ ਲਿਆ ਕੇ ਬਹਾਇਆ ਨੀਂ ਜੀਨਾਂ ਕੋਲ਼, ਅਸਾਂ ਉਹਨੂੰ ਭਲਾ ਕੀਹ ਆਖਣਾ ਸੀ, ਅੱਧੀਆਂ ਤੇ ਉਹਨੇ ਨਸਾ ਈ ਦਿੱਤੀਆਂ ਸਨ, ਜੁਗਤਾਂ ਤੇ ਬਲਿੰਗੀਆਂ ਆਪਣੀਆਂ ਸੈਨਤਾਂ ਨਾਲ਼। ਅਸਾਂ ਤੇ ਗੁੱਡਾ ਵੀ ਨਹੀਂ ਸੀ ਸਗੋਂ ਉਹਦਾ ਬੰਨਿਆ, ਪਰ ਅੰਦਰੋਂ ਵੱਟ ਮੈਨੂੰ ਬੜਾ ਸੀ ਉਹਦੇ ਉੱਤੇ। ਜੀਨਾਂ ਤੇ ਵੱਖ ਮੈਨੂੰ ਕੌੜ ਪਈ ਇੰਜ ਦੇ ਉੱਤਰ ਜਾਣੇ ਪਿੱਛੇ ਝੱਲੀ ਹੋਈ ਫਿਰਦੀ ਸੀ ਤਰੀਹਾਂ ਵਰਿਆਂ ਦੀ। ਮੇਰੇ ਅੱਗੇ ਤੇ ਕੁਸਕਿਆ ਨਹੀਂ ਸੀ ਕਦੀ ਕੋਈ ਤੈਨੂੰ ਪਤਾ ਏ। ਉਦੋਂ ਪਿੱਛੇ ਤਾਂ ਮੈਂ ਹੋ ਗਈ ਸਾਂ ਪਰ ਦਿਲ ਮੇਰਾ ਕਰਦਾ ਸੀ, ਮੈਂ ਕੱਚੇ ਨੂੰ ਖਾ ਜਾਂ ਲੂਣ ਲਾ ਕੇ। ਓਦਣ ਰਾਤ ਨੂੰ ਸਹੁੰ ਖਾਧੀ ਸੀ ਮੈਂ ਵੀ, ਪਈ ਮੁਕਲਾਵੇ ਤੇ ਉਹ ਇਹਦੇ ਨਾਲ਼ ਕਰਨੀ ਏ ਜਿਹੜੀ ਸਾਰੀ ਅੰਬਰਾਂ ਮਗਰੋਂ ਯਾਦ ਪਿਆ ਕਰੇ। ਜੀਨਾਂ ਨੂੰ ਵੀ ਬੜੀਆਂ ਮੈਂ ਸੁਣਾਈਆਂ ਸਨ, ਜਦੋਂ ਪਰਤ ਕੇ ਮੁਕਲਾਵੇ ਵਾਲੇ ਦਿਨ ਉਹ ਆਈ, ਤੇ ਮਸਾਂ ਉਹਨੇ ਮਨਾਇਆ ਸੀ ਮੈਨੂੰ ਵਾਸਤੇ ਦੇ ਦੇ ਕੇ।"

ਫੇਰ ਜਦੋਂ ਆਇਆ ਉਹ ਮੁਕਲਾਵਾ ਲੈਣ ਲਈ ਓਦਣ ਰਾਤੀਂ, ਤਾਂ ਪਹਿਲੋਂ ਨਾਲੋਂ ਵੀ ਚੋਖਾ ਉਹ ਸ਼ੇਰ ਹੋ ਗਿਆ ਹੋਇਆ ਸੀ। ਕਿਸੇ ਪਾਸਿਓਂ ਦੰਦ ਥੱਲੇ ਈ ਨਹੀਂ ਸੀ ਉਹ ਆਉਂਦਾ, ਜਿਵੇਂ ਚੰਡਿਆ ਹੋਇਆ ਸੀ ਜਹਾਂ ਸਾਰੇ ਦਾ। ਜਿਹੜੀ ਕੋਈ ਸ਼ਰਾਰਤ ਅਸੀਂ ਕਰਦੀਆਂ ਸਾਂ, ਉਹ ਸਾਡੇ ਉੱਤੇ ਈ ਪਰਤਾ ਦੇਂਦਾ ਸੀ, ਜਾਂ ਫੇਰ ਜੀਨਾਂ ਨੂੰ ਕਰ ਦੇਂਦਾ ਸੀ ਅੱਗੇ। ਰੋਵਣ ਹਾਕੀਆਂ ਹੋ



ਗਈਆਂ ਸਨ ਕੁੜੀਆਂ ਸਾਰੀਆਂ ਤੇ ਕੌੜ ਮੇਰੀ ਵਧਦੀ ਜਾਂਦੀ ਸੀ। ਰਾਤੀਂ ਸੌਣ ਦਾ ਵੇਲ਼ਾ ਜਦੋਂ ਆਇਆ ਤਾਂ ਅਸਾਂ ਸੋਚਿਆ ਪਈ ਚਲੋ ਸੁੱਤੇ ਪਏ ਨੂੰ ਕਾਬੂ ਕਰਾਂਗੀਆਂ ਤੇ ਜੁੱਤੀ ਤਾਂ ਅਸਾਂ ਸੋਚਿਆ ਸੀ ਦੇਣੀ ਈ ਨਹੀਂ ਉਹਨੂੰ ਜਿੰਨਾ ਚਿਰ ਨੱਕ ਨਾਲ਼ ਲਕੀਰਾਂ ਨਾ ਉਹਦੀਆਂ ਕਢਾ ਲਈਆਂ, ਨੀਂ ਤੇ ਨੰਗੇ ਪੈਰ ਈ ਗੇੜਾ ਉਹਨੂੰ ਲਵਾਵੰਨਾ ਏ ਪਿੰਡ ਸਾਰੇ ਦਾ। ਪਰ ਕੋਠੇ ਅਤੇ ਸੌਣ ਜਦੋਂ ਲੱਗੇ ਨੇਂ ਸਾਰੇ ਤਾਂ ਮੰਜੀ ਉਹਨੇ ਧਰੀਕ ਕੇ ਲਹਿੰਦੇ ਵਾਲੀ ਗਿੱਠ ਵਿਚ ਕਰ ਲਈ। ਹੁਣ ਇਕ ਪਾਸੇ ਬਨੇਰਾ ਸੀ ਉਹਦੇ ਤੇ ਦੂਜੀ ਲਾਹਮੇ ਵਿਹੜਾ ਜਿਹਦਾ ਬਨੇਰਾ ਡਿੱਗਾ ਹੋਇਆ ਸੀ ਅੰਦਰ ਵਿਹੜੇ ਵਾਲੇ ਪਾਸੇ। ਮਨਾ ਉਹਨੇ ਅੰਦਰ ਵਾਰ ਨੂੰ ਕਰ ਲਿਆ ਜਿੱਧਰ ਮੰਜੀਆਂ ਸਨ ਬਾਕੀ ਸਾਰੀਆਂ ਦੀਆਂ, ਪਈ ਜਿਹੜਾ ਹੋਵੇ ਉਹਦੇ ਵੱਲ ਨੂੰ, ਉਹਨੂੰ ਦੂਰੋਂ ਈ ਦਿੱਸ ਪਏ ਆਪਣੇ ਵੱਲ ਨੂੰ ਆਉਂਦਾ। ਜੁੱਤੀ ਉਹਨੇ ਵਿਹੜੇ ਵਾਲੇ ਪਾਸੇ ਨੂੰ ਰੱਖ ਲਈ ਹੋਈ ਸੀ ਜਿੱਧਰ ਰਾਹ ਕੋਈ ਨਹੀਂ ਸੀ ਜਾਣ ਦਾ। ਜਦੋਂ ਵੀ ਹੋਈਏ ਅਸੀਂ ਉਹਦੀ ਮੰਜੀ ਵੱਲ ਤੇ ਡੇਲੇ ਕੱਢ ਕੇ ਉਹ ਵੇਹੰਦਾ ਪਿਆ ਅੱਗੋਂ ਹੋਵੇ ਤੇ ਕੌੜ ਸੀ ਸਾਰਿਆਂ ਨੂੰ ਈ ਹੋਰ ਪਈ ਚੜ੍ਹਦੀ ਜਾਵੇ। ਅੱਧੀ ਰਾਤ ਸਾਨੂੰ ਲੰਘ ਗਈ ਐਵੇਂ ਈ, ਵੱਡੇ ਸਾਰੇ ਸੌਂ ਗਏ ਸਾਨੂੰ ਝਿੜਕਾਂ ਪਾ ਪਾ ਕੇ, ਪਰ ਚਿਰ ਬਲਦੀ ਚਿਰ ਬਲ ਓਵੇਂ ਈ ਜਾਗਦੀ। ਫੇਰ ਨਾਲਦਿਆਂ ਵੀ ਮੇਰੀਆਂ ਲੱਗ ਪਈਆਂ ਸੌਣ ਸਾਰੀਆਂ, ਤੇ ਉਨਾਂ ਤੇ ਗ਼ੁੱਸਾ ਮੈਨੂੰ ਵੱਖਰਾ। ਮੈਂ ਇੰਜ ਈ ਕਚੀਚੀਆਂ ਵੱਟਦੀ ਅਖ਼ੀਰ ਜਦੋਂ ਉੱਠੀ ਆਂ ਵਾਹਵਾ ਚਿਰਕੀ ਤਾਂ ਉਹਦੀ ਵੀ ਅੱਖ ਲੱਗ ਗਈ ਹੋਈ ਸੀ। ਮੈਂ ਸੁਖ ਦਾ ਸਾਹ ਲਿਆ ਏ ਤੇ ਹੌਲੀ ਹੌਲੀ ਲੰਮੀ ਪੈ ਕੇ ਰਿੜ੍ਹਦੀ ਹੋਈ ਉਹਦੀ ਮੰਜੀ ਦੇ ਥੱਲਿਓਂ ਗਈ ਆਂ ਜੁੱਤੀ ਵਾਲੇ ਪਾਸੇ ਨੂੰ, ਪਰ ਵੇਖਾਂ ਤੇ ਜੁੱਤੀ ਓਥੇ ਹੋਵੇ ਈ ਕੋਈ ਨਾ। ਇਕ ਵਾਰਾਂ ਤੇ ਗ਼ੁੱਸੇ ਨਾਲ਼ ਜਿਵੇਂ ਮੱਤ ਈ ਮਾਰੀ ਗਈ ਏ ਨਾ ਮੇਰੀ, ਪਰ ਫੇਰ ਵੀ ਮੈਂ ਇਕ ਵਾਰਾਂ ਇੰਜ ਈ ਗੋਡਿਆਂ ਭਰਨੇ ਰਿੜ੍ਹਦੀ ਮੁੜ ਨਕਲੀ ਆਂ ਥੱਲਿਓਂ, ਹਰ ਪਾਸੇ ਇਕ ਵਾਰੀ ਨਿਗਾਹ ਮਾਰੀ ਏ ਜੋ ਲੱਭ ਜਾਵੇ ਜੁੱਤੀ ਮੈਨੂੰ, ਪ੍ਵਾਹ ਵੀ ਖ਼ਬਰੇ ਕਿੱਥੇ ਲੁਕਾ ਕੇ ਸੱਤਾ ਸੀ, ਸਾਡੇ ਸਾਰਿਆਂ ਦੀਆਂ ਨਜ਼ਰਾਂ ਬਚਾ ਕੇ। ਫੇਰ ਨਹੀਂ ਪਤਾ ਮੈਨੂੰ ਲੱਗਾ ਜੋ ਕੀ ਹੋਇਆ ਏ। ਖ਼ਬਰੇ ਕਿਵੇਂ ਕੋਈ ਜੋਸ਼ ਮੇਰੇ ਅੰਦਰੋਂ ਉੱਠਿਆ ਏ ਤੇ ਮੰਜੀ ਮੈਂ ਉਹਦੀ ਬਾਹਿਓਂ ਫੜ ਕੇ ਉਲਟਾ ਦਿੱਤੀ ਏ। ਮੈਨੂੰ ਤਾਂ ਚੇਤਾ ਵੀ ਨਹੀਂ ਸੀ ਰਿਹਾ ਹੋਇਆ। ਇਸ ਵੇਲੇ ਜੋ ਬਨੇਰਾ ਕੋਈ ਨਹੀਂ ਸੀ ਪਰਲੇ ਪਾਸੇ। ਹੋਸ਼ ਉਦੋਂ ਈ ਮੈਨੂੰ ਆਇਆ ਜਦੋਂ ਥੱਲੇ ਉੱਡ ਗੱਦੇ ਦੀ ਚੈੱਕ ਮੈਨੂੰ ਸੁਣੀ ਏ ਅਖ਼ੀਰਲੀ, ਤੇ ਨਾਲ਼ ਈ ਮੇਰੀ ਵੀ ਚੀਕ ਨਿਕਲ ਗਈ ਏ। ਅੱਠ ਕੇ ਇਹੀ ਸਮਝਿਆ ਸੀ ਸਾਰਿਆਂ ਜੋ ਮੇਰੀ ਅੱਖ ਖ਼ਬਰੇ ਚੈੱਕ ਨਾਲ਼ ਈ ਉਹਦੀ ਖੁੱਲੀ ਸੀ, ਇਸ ਲਈ ਮੈਥੋਂ ਪੁੱਛਿਆ ਈ ਨਹੀਂ ਕਿਸੇ ਕੁਝ ਵੀ। ਉਦੋਂ ਪੁੱਛ ਬਹਿੰਦਾ ਕੋਈ ਮੇਰੇ ਕੋਲੋਂ, ਤਾਂ ਖ਼ਬਰੇ ਨਿਕਲ ਈ ਜਾਂਦਾ ਕੁਝ ਮੇਰੇ ਵੀ ਮੂੰਹੋਂ।

ਏਨਾ ਦੱਸ ਕੇ ਮਰੀਓ ਵੀ ਇਕ ਵਾਰਾਂ ਚੁੱਪ ਜਿਹੀ ਕਰ ਕੇ ਠੰਢੀ ਹੋ ਕੇ ਲੱਗ ਪਈ ਭੁਰਨ, ਤੇ ਮੈਨੂੰ ਵੀ ਸੱਪ ਜਿਵੇਂ ਸੁੰਘ ਗਿਆ ਸੀ ਕੋਈ। ਸਾਰੇ ਨਕਸ਼ੇ ਜੀਨਾਂ ਦੇ ਵਿਆਹ ਵਾਲੇ ਅੱਖੀਂ ਅੱਗੇ ਫਿਰਨ ਲੱਗ ਪਏ ਮੇਰੇ। ਮੁਕਲਾਵੇ ਦੀ ਰਾਤ ਤਾਂ ਘਰ ਦੀਆਂ ਈ ਕੁੜੀਆਂ ਸਨ ਓਥੇ, ਪਰ ਬਾਕੀ ਜੰਞ ਵਾਲੇ ਦਿਨ ਦਾ ਚਿੱਤਰ ਪੰਨਾ ਤਾਂ ਮੈਂ ਵੀ ਡਿੱਠਾ ਹੋਈਆ ਸੀ ਅਫ਼ਜ਼ਲ ਦਾ। ਇੱਕ ਇੱਕ ਗੱਲ ਮੈਨੂੰ ਚੇਤੇ ਆਉਣ ਲੱਗ ਪਈ ਹੌਲੀ ਹੌਲੀ। ਫੇਰ ਜੀਨਾਂ ਦੇ ਵੈਣ ਜਦੋਂ ਅੱਖਾਂ ਅੱਗਿਓਂ ਫਿਰੇ ਤਾਂ ਮੇਰੇ 'ਚੋਂ ਇਕ ਝਰਨਾਟ ਜਿਹੀ ਅੰਦਰੋਂ ਮੇਰਿਓਂ ਲੰਘ ਗਈ। ਮੈਂ ਕੰਮਨੀ ਜਿਹੀ ਲੈ ਕੇ ਇੱਕਲੀਓ ਨੇ ਮਰੀਓ ਵੱਲ ਵੇਖਿਆ ਪਰ ਉਹ ਸਿਰ ਥੱਲੇ ਨੂੰ ਕਰ ਕੇ ਨਹੂੰਆਂ ਨਾਲ਼ ਭੁੰਜੇ ਫਿਰੇ ਪੋਚੇ ਵਿਚੋਂ ਤੂੜੀ ਦੇ ਤੀਲੇ ਪਈ ਉਖੇੜ ਦੀ ਸੀ।

ਵਾਹਵਾ ਝੱਟ ਪਿੱਛੋਂ ਸਿਰ ਉਹਨੇ ਚਾਇਆ, ਪਰ ਹੁਣ ਉਹ ਮੇਰੀਆਂ ਅੱਖਾਂ ਵਿਚ ਸਿੱਧਾ ਨਹੀਂ ਸੀ ਪਈ ਵੇਖਦੀ। ਆਖਣ ਲੱਗੀ, "ਹੁਣ ਤੂੰ ਈ ਚਾ ਦੱਸ, ਮੈਂ ਕਰਦੀ ਤੇ ਕੀ ਕਰਦੀ? ਕਿਸੇ ਗੱਲ ਦੀ ਵੀ ਸਮਝ ਨਹੀਂ ਸੀ ਮੈਨੂੰ ਪਈ ਆਉਂਦੀ। ਬੱਸ ਇਕੋ ਗੱਲ ਦਾ ਮੈਨੂੰ ਚੇਤਾ ਸੀ ਪਈ ਮੂੰਹੋਂ ਨਹੀਂ ਕੁਝ ਫੁੱਟਣਾ, ਦੁਨੀਆ ਏਧਰ ਦੀ ਉਧਰ ਭਾਵੇਂ ਹੋ ਜਾਏ। ਫੇਰ ਜਦੋਂ ਵੈਣ ਮੈਂ ਸੁਣੇ ਨੇਂ ਜੀਨਾਂ ਦੇ, ਤੇ ਇਕ ਇਕ ਚੀਕ ਨਾਲ਼ ਉਹਦੀ, ਜਿਵੇਂ ਵਾਵਰੋਲ਼ਾ ਜਿਹਾ ਇਕ ਉੱਠਦਾ ਸੀ ਹਾਅ ਹਾ ਮੇਰੇ ਵਿਚੋਂ, ਤੇ ਸਿੰਗ ਵਿਚ ਆ ਕੇ ਫਸ ਜਾਂਦਾ ਸੀ। ਦਿਲ ਮੇਰਾ ਕਰੇ ਮੈਂ ਫਾਹਾਂ ਅੰਦਰ ਵੜ ਕੇ ਲੈ ਲਵਾਂ। ਇੰਜ ਈ ਖ਼ਬਰੇ ਮੈਂ ਕਰਦੀ, ਪਰ ਮੇਰੇ ਅੰਦਰ ਤਾਂ ਕੁਝ ਵੀ ਕਰਨ ਦਾ ਹੌਸਲਾ ਈ ਨਹੀਂ ਸੀ ਜਿਵੇਂ ਰਹਿ ਗਿਆ। ਅਹਿਸਾਸ ਤਾਂ ਪਹਿਲੋਂ ਵੀ ਮੈਨੂੰ ਹੋ ਈ ਗਿਆ ਸੀ ਜੋ ਕੀਹ ਮੈਂ ਕਰ ਬੈਠੀ ਹੋਈ ਸਾਂ, ਪਰ ਜਿਉਂ-ਜਿਉਂ ਦਿਨ ਲੰਘਦੇ ਜਾਂਦੇ ਸਨ, ਅੰਦਰੋਂ ਹਾਲ ਮੇਰਾ ਹੋਰ ਮੰਦਾ ਹੁੰਦਾ ਜਾਂਦਾ ਸੀ। ਮੈਂ ਬੜਾ ਸਮਝਾਂਦੀ ਸਾਂ ਦਿਲ ਆਪਣੇ ਨੂੰ, ਪਈ ਮੈਂ ਕੋਈ ਮਾਰਨ ਦੀ ਨਿਯਤ ਨਾਲ਼ ਤਾਂ ਨਹੀਂ ਸੀ ਮੰਜੀ ਉਹਦੀ ਉਲਟਾਈ, ਨਾਲੇ ਮੈਨੂੰ ਤਾਂ ਉਦੋਂ ਕੌੜ ਵਿਚ ਪਤਾ ਵੀ ਨਹੀਂ ਸੀ ਲੱਗਾ ਜੋ ਕੀ ਪਈ ਮੈਂ ਕਰਦੀ ਆਂ, ਪਰ ਕੋਈ ਵੱਸ ਨਹੀਂ ਸੀ ਦਿਲ ਅਤੇ ਮੇਰਾ ਚਲਦਾ। ਜਦੋਂ ਮੇਰਾ ਧਿਆਨ ਕਦੀ ਘੜੀ ਪਲ ਲਈ, ਇਸ ਪਾਸਿਓਂ ਖੁੰਜ ਵੀ ਜਾਂਦਾ ਸੀ ਤੇ ਪਤਾ ਨਹੀਂ, ਕਿਵੇਂ ਉਹ ਸਾਰਾ ਨਕਸ਼ਾ ਓਦਣ ਦਾ ਮੇਰੀਆਂ ਅੱਖੀਂ ਅੱਗੇ ਆ ਜਾਂਦਾ ਸੀ, ਤੇ ਫੇਰ ਚੀਕਾਂ ਮੇਰੇ ਕੰਨਾਂ ਦੇ ਪੜਦੇ ਪਾੜਣ ਲੱਗ ਪੈਂਦੀਆਂ ਸਨ, ਪਹਿਲੋਂ ਲੰਮੀ ਚੀਕ ਅਫ਼ਜ਼ਲ ਦੀ ਤੇ ਮਗਰੋਂ ਜੀਨਾਂ ਦੀਆਂ ਤੇ ਸਾਰੇ ਵੈਣ ਬਾਕੀ ਦੂਜਿਆਂ ਦੇ। ਦਿਲ ਮੇਰਾ ਆਹੰਦਾ ਸੀ ਫਾਂਸੀ ਮੈਨੂੰ ਹੋ ਜਾਣੀ ਚਾਹੀਦੀ ਏ...ਸਜ਼ਾ ਤੋਂ ਤਾਂ ਮੈਂ ਡਰਦੀ ਵੀ ਨਹੀਂ ਸਾਂ। ਮੈਂ ਤਾਂ ਡਰਦੀ ਸਾਂ, ਉਸ ਵੇਲੇ ਤੋਂ ਜਦੋਂ ਪਤਾ ਸਾਰਿਆਂ ਨੂੰ ਲੱਗੇਗਾ ਇਸ ਗੱਲ ਦਾ। ਕੀ ਹਾਲ ਹੋਵੇਗਾ ਜੀਨਾਂ ਦਾ, ਤੇ ਕਿਸ-ਕਿਸ ਨਜ਼ਰ ਨਾਲ਼ ਲੋਕੀ ਮੈਨੂੰ ਵੇਖਣਗੇ, ਤੇ ਕੀਹ ਕੁਝ ਆਖਣਗੇ ਬਾਬੇ ਮੇਰੇ ਤੇ ਅੰਮਾਂ ਨੂੰ। ਫੇਰ ਜਦੋਂ ਸ਼ੱਕ ਲੋਕਾਂ ਕੀਤਾ ਅਫ਼ਜ਼ਲ ਨਾਲ਼ ਮੇਰੇ ਆਪਣੇ ਨਿਉਂ ਦਾ, ਤਾਂ ਮੈਂ ਆਖਿਆ ਚਲੋ ਕਿਸੇ ਬਹਾਨੇ ਇਹ ਵੀ ਮੇਰੀ ਕਰਨੀ ਦੀ ਭਰਨੀ ਹੋ ਗਈ। ਨਾਲੇ ਉਂਜ ਮੈਨੂੰ ਪੁੱਛਣੋਂ ਵੀ ਸਾਰੇ ਹੌਲੀ-ਹੌਲੀ ਹਟ ਗਏ ਸਨ। ਨਹੀਂ ਤੇ ਪਹਿਲੋਂ ਜਦੋਂ ਚੋਖਾ ਮੈਨੂੰ ਕੋਈ ਪੁੱਛਦਾ ਸੀ ਤੇ ਕਿਸੇ ਕਿਸੇ ਵੇਲੇ ਤਾਂ ਖਿਝ ਕੇ ਮੇਰੇ ਮੂੰਹੋਂ ਨਿਕਲਦਾ-ਨਿਕਲਦਾ ਈ ਬੱਸ ਰਹਿ ਜਾਂਦਾ ਸੀ। ਫੇਰ ਰੱਬ ਦਾ ਆਸਰਾ ਮੈਂ ਭਾਲਿਆ, ਬੜੀ ਤੌਬਾ ਕੀਤੀ ਏ, ਖ਼ਬਰੇ ਕਿੰਨੇ ਕੁਰਆਨ ਪੜ ਕੇ ਬਖ਼ਸ਼ੇ ਨੇਂ ਅਫ਼ਜ਼ਲ ਨੂੰ, ਤੇ ਕਿੰਨੀਆਂ ਦੁਆਵਾਂ ਕੀਤੀਆਂ ਨੇਂ ਜੀਨਾਂ ਦੇ ਭਲੇ ਵਾਸਤੇ। ਖ਼ਬਰੇ ਮੇਰੀ ਈ ਕੋਈ ਸੁਣ ਲਈ ਏ ਰੱਬ ਨੇ ਤੇ ਹੁਣ ਘਰ ਆਪਣੇ ਪਈ ਵਸਦੀ ਏ ਸੁਖ ਨਾਲ਼। ਫੇਰ ਵੀ ਸੁਖ ਨੀਂ ਮੇਰੇ ਦਿਲ ਨੂੰ ਹਾਲੇ ਵੀ ਆਇਆ। ਜਿੰਨਾ ਚਿਰ ਮਾਪੇ ਜਿਉਂਦੇ ਸਨ ਮੇਰੇ, ਕੁੱਝ ਦਿਲ ਮੇਰਾ ਚਲੋ ਕੰਮਾਂਕਾਰਾਂ ਵਿਚ ਈ ਲੱਗਾ ਰਹਿੰਦਾ ਸੀ, ਪਰ ਹੁਣ ਤਾਂ ਹਰ ਵੇਲੇ ਬੱਸ ਇਕੋ ਈ ਗੱਲ ਮੇਰੇ ਧਿਆਨ ਵਿਚ ਰਹਿੰਦੀ ਏ। ਕਦੀ ਕਦੀ ਦਿਲ ਕਰਦਾ ਏ ਮੇਰਾ ਚੀਕ ਚੀਕ ਕੇ ਪਿੰਡ ਸਾਰੇ ਨੂੰ ਦੱਸ ਦਿਆਂ, ਪਰ ਅਕਲ ਨਹੀਂ ਮੇਰਾ ਇਸ ਗੱਲ ਨੂੰ ਮੰਨਦਾ। ਅੱਜ ਤੇਰੇ ਨਾਲ਼ ਪਈ ਕਰਨੀ ਆਂ ਪਹਿਲੀ ਵਾਰੀ, ਜੇ ਖ਼ਬਰੇ ਦਿਲ ਕੁੱਝ ਹੌਲਾ ਮੇਰਾ ਹੋ ਈ ਜਾਵੇ, ਪਰ ਵਾਸਤਾ ਈ ਤੈਨੂੰ ਇਸ ਨੀਲੀ ਛਤਰੀ ਆਲੇ ਦਾ, ਕਿਤੇ ਅੰਬਰਾਂ ਦੀ ਕੀਤੀ ਕੱਤਰੀ ਮੇਰੀ ਖੂਹ ਵਿਚ ਨਾ ਪਾ ਘੱਤੀਂ।"

ਪੂਰੇ ਦਾ ਪੂਰਾ ਵਜੂਦ ਮੇਰਾ ਜਿਵੇਂ ਸੁੰਨ ਈ ਹੋ ਗਿਆ ਹੋਇਆ ਸੀ, ਤੇ ਕੰਨਾਂ ਵਿਚ ਸ਼ਾਂ-ਸ਼ਾਂ ਪਈ ਹੁੰਦੀ ਸੀ। ਮੈਨੂੰ ਤਾਂ ਹੁਣ ਚੇਤੇ ਵੀ ਨਹੀਂ ਰਿਹਾ ਜੋ ਕੀ ਮੈਂ ਮਰੀਓ ਨੂੰ ਉਸ ਵੇਲੇ ਆਖਿਆ, ਪਰ ਪੂਰੀ ਦਿਹਾੜੀ ਉਹ ਸਾਰੇ ਨਕਸ਼ੇ ਅਫ਼ਜ਼ਲ ਦੀ ਫੁਹੜੀ ਦੇ, ਤੇ ਜੀਨਾਂ ਦੇ ਵੈਣਾਂ ਦੇ ਮੇਰੀਆਂ ਅੱਖੀਂ ਸਾਹਵੇਂ



ਫਿਰਦੇ ਰਹੇ। ਮੈਨੂੰ ਸਮਝ ਈ ਨਾ ਪਈ ਕਿਸੇ ਗੱਲ ਦੀ ਲੱਗੇ। ਰਾਤੀਂ ਸੌਣ ਲੱਗਿਆਂ ਵੀ ਜਦੋਂ ਮੇਰੀ ਅੱਖ ਕਿਤੇ ਲੱਗਣ ਦੇ ਨੇੜੇ ਆਵੇ ਤਾਂ ਜਾਪੇ ਜਿਵੇਂ ਮੰਜੀ ਪਿਆ ਮੇਰੀ ਕੋਈ ਉਲਟਾਵੰਦਾ ਏ। ਜਾਗੋ-ਮੀਟੀ ਵਿਚ ਈ ਲੰਘੀ ਮੇਰੀ ਉਹ ਰਾਤ ਵੀ। ਅਗਲੇ ਦਿਹਾੜ ਮੈਂ ਉੱਠੀ ਆਂ ਤਾਂ ਫੇਰ ਉਹੀ ਹਾਲ ਮੇਰਾ। ਜਿੰਨਾ ਮੈਂ ਵਲ਼ਾਵਾਂ ਇਸ ਖ਼ਿਆਲ ਤੋਂ, ਤੇ ਦਿਲ ਅਪਣਾ ਕੰਮਾਂ ਕਾਰਾਂ ਚਲਾਉਣ ਦਾ ਚਾਰਾ ਕਰਾਂ, ਓਨਾ ਈ ਭਓਂ-ਚਓਂ ਕੇ ਫੇਰ ਉਹੀ ਨਕਸ਼ੇ ਮੇਰੀਆਂ ਅੱਖੀਂ ਸਾਹਵੇਂ ਫਿਰਨ ਲੱਗਣ, ਤੇ ਬੱਸ ਜਿਵੇਂ ਪੂਰਾ ਦਿਨ ਮੇਰਾ ਬੌਂਦਲਿਆਂ ਹੋਇਆਂ ਲੰਘ ਗਿਆ। ਉਹ ਤਾਂ ਅੰਮਾਂ ਮੇਰੀ ਵਾਂਢੇ ਗਈ ਹੋਈ ਸੀ। ਨਹੀਂ ਤਾਂ ਉਹਨੇ ਤਾੜ ਜਾਣਾ ਸੀ, ਤੇ ਪੁੱਛ-ਪੁੱਛ ਕੇ ਮੱਤ ਮੇਰੀ ਮਾਰ ਦੇਣੀ ਸੀ। ਕੁਝ ਜਗਰਾਤਾ ਪਿਛਲੀ ਰਾਤ ਦਾ, ਤੇ ਕੁਝ ਥਕੇਵਾਂ ਦਿਹਾੜੀ ਸਾਰੀ ਦਾ, ਰਾਤੀਂ ਕਿਹੜੇ ਵੇਲੇ ਅੱਖ ਮੇਰੀ ਲੱਗੀ, ਮੈਨੂੰ ਪਤਾ ਨਹੀਂ ਲੱਗਾ।

ਧੰਮੀ ਸਾਂਝਰੇ ਜਦ ਮੈਂ ਉੱਠੀ ਹਾਂ, ਤਾਂ ਦਿਲ ਮੇਰਾ ਕੁਝ ਟਿਕਣ ਵਾਲੇ ਪਾਸੇ ਆਉਂਦਾ ਪਿਆ ਸੀ। ਇਕੋ ਵਾਰ ਜਿਹੜਾ ਝਟਕਾ ਲੱਗਾ ਸੀ ਮੇਰੇ ਦਿਲ ਨੂੰ, ਉਹਦਾ ਅਸਰ ਕੁੱਝ ਮੱਠਾ ਪੈ ਕੇ, ਮੈਂ ਸੋਚਣ ਲੱਗ ਪਈ ਸਾਂ, ਜੋ ਦੋਸ਼ ਕੀਹਦਾ ਸੀ ਇਸ ਸਾਰੇ ਮਾਮਲੇ ਵਿਚ। ਅਫ਼ਜ਼ਲ ਦੇ ਚਿੱਤਰਪੁਣੇ ਦਾ, ਜਾਂ ਮਰੀਓ ਦੇ ਅੱਲੜ ਤੇ ਚੈਂਚਲ ਕੋਮਲ ਦਾ। ਕੀ ਭਲਾ ਮਰੀਓ ਨੂੰ ਬੋਲ ਪੈਣਾ ਚਾਹੀਦਾ ਸੀ, ਉਸ ਵੇਲੇ ਜਾਂ ਠੀਕ ਕੀਤਾ ਚੁੱਪ ਰਹਿ ਕੇ! ਮੇਰੀਆਂ ਸੋਚਾਂ ਨੇ ਮਾੜੀ ਜਿਹੀ ਪਟੜੀ ਬਦਲਣ ਦਾ ਚਾਰਾ ਈ ਅਜੇ ਕੀਤਾ ਸੀ ਤੇ ਮਰੀਓ ਮੈਨੂੰ ਬੁਲਾ ਘੱਲਿਆ।

ਮੈਨੂੰ ਦੱਸਣ ਲੱਗੀ ਜੋ ਅੱਧਾ ਭਾਰ ਉਹਦੇ ਦਿਲ ਦਾ ਲੂਹ ਗਿਆ ਸੀ ਮੇਰੇ ਨਾਲ਼ ਗੱਲ ਕਰਕੇ, ਤੇ ਅਗਲੇ ਦਿਹਾੜ ਉਹ ਉਡੀਕਦੀ ਵੀ ਰਹੀ ਸੀ ਮੈਨੂੰ। ਉਹਨੂੰ ਲੱਗਣ ਲੱਗ ਪਿਆ ਸੀ, ਜੋ ਪਹਿਲੋਂ ਈ ਉਹਨੂੰ ਕਿਸੇ ਸਾਥੀ ਅੱਗੇ ਨਹੀਂ ਤੇ ਮਾਂ ਆਪਣੀ ਅੱਗੇ ਈ, ਦਿਲ ਅਪਣਾ ਫੋਲ ਧਰਨਾ ਚਾਹੀਦਾ ਸੀ। ਜੋ ਹੋ ਗਿਆ ਸੀ, ਉਹਨੂੰ ਤਾਂ ਕੋਈ ਬਦਲ ਨਹੀਂ ਸੀ ਸਕਦਾ ਹੁਣ, ਸਜ਼ਾ ਵੀ ਜੇਲ ਵਿਚ ਨਾ ਸਹੀ, ਪਰ ਥੋੜੀ ਨਹੀਂ ਸੀ ਉਹਨੇ ਭੋਗੀ, ਆਖਣ ਲੱਗੀ, "ਤੂੰ ਸੋਚ ਨਹੀਂ ਸਕਦੀ ਸਹਿਮ ਆਪਣੇ ਅੰਦਰੋ ਅੰਦਰ ਕਾੜਨੀ ਦੇ ਦੁੱਧ ਵਾਂਗੂੰ ਵਰਿਆਂ ਬੱਧੀਂ ਰਿੱਜਦਿਆਂ ਰਹਿਣ ਦਾ। ਅਖੇ ਕਈ ਸਵਾਲ ਉਹਦੇ ਦਿਲ ਵਿਚ ਰੋਜ਼ ਉੱਠਦੇ ਸਨ ਪਈ ਕਿੰਨਾ ਕੁ ਜੁਰਮ ਸੀ ਉਹਦਾ, ਤੇ ਕਿੰਨੀ-ਕੁ ਸਜ਼ਾ ਇਹਦੀ ਹੋਣੀ ਚਾਹੀਦੀ ਸੀ। ਪਰ ਜਵਾਬ ਇਹਦਾ ਕੌਣ ਦੇਵੇ, ਗੱਲ ਕਰਦੀ ਕਿਸੇ ਨਾਲ਼ ਤਾਂ ਜਵਾਬ ਵੀ ਕੋਈ ਦਿੰਦਾ। ਕਹਿੰਦੀ ਅਖੇ ਆਪ ਈ ਜਦੋਂ ਜਵਾਬ ਦਿੰਦੀ ਸੀ, ਤਾਂ ਸਭ ਤੋਂ ਕਰੜਾ ਜਵਾਬ ਈ ਉਹਨੂੰ ਢੁਕਵਾਂ ਜਾਪਦਾ ਸੀ। ਇਸ ਕਰਕੇ ਆਪਣੇ ਆਪ ਨੂੰ ਸਜ਼ਾ ਦੇਣ ਵਿਚ ਢਿੱਲ ਨਹੀਂ ਕੋਈ ਦਿੱਤੀ। ਅਖੇ ਮੇਰੇ ਨਾਲ਼ ਗੱਲ ਕਰ ਕੇ, ਕੁੱਝ ਸਾਹ ਉਹਨੂੰ ਪੈਣ ਲੱਗ ਪਿਆ ਸੀ। ਆਖਣ ਲੱਗੀ ਜੋ ਮੇਰੇ ਹੁੰਗਾਰੇ ਨਾਲ਼ ਉਹਨੂੰ ਵੀ ਲੱਗਣ ਲੱਗ ਪਿਆ ਸੀ ਜੋ ਜੁਰਮ ਤਾਂ ਉਹਦਾ ਹੈ ਸੀ, ਪਰ ਏਡਾ ਨਹੀਂ ਸੀ ਜੇਡੀ ਲੰਮੀ ਸਜ਼ਾ ਇਸ ਭੋਗੀ ਸੀ। ਮੈਂ ਦਿਲ ਵਿਚ ਸੋਚਿਆ ਜੋ ਮੈਂ ਇਹੋ ਜਿਹਾ ਹੁੰਗਾਰਾ ਕਦੋਂ ਕੋਈ ਉਹਨੂੰ ਦਿੱਤਾ ਸੀ? ਮੈਨੂੰ ਤਾਂ ਆਪ ਸਮਝ ਨਹੀਂ ਲੱਗੀ ਜੋ ਉਹਦਾ ਜੁਰਮ ਕਿੰਨਾ ਸੀ ਤੇ ਸਜ਼ਾ ਉਹਦੀ ਕਿੰਨੀ ਹੋਣੀ ਚਾਹੀਦੀ ਸੀ, ਪਰ ਖ਼ਬਰੇ ਬੇਧਿਆਨੀ ਵਿਚ ਕੋਈ ਹੁੰਗਾਰਾ ਇਹੋ ਜਿਹਾ ਮੈਂ ਦੇ ਈ ਦਿੱਤਾ ਹੋਵੇ। ਚਲੋ! ਮੈਂ ਸੋਚਿਆ ਜੋ ਮੇਰੇ ਬੇਧਿਆਨੇ ਹੁੰਗਾਰੇ ਨਾਲ਼ ਵੀ ਉਹਦੀ ਪੀੜ ਜੇ ਘਟਦੀ ਏ ਤਾਂ ਕੋਈ ਗੱਲ ਨਹੀਂ। ਉਹ ਭੰਵਾ ਫਿਰਾ ਕੇ ਉਹੋ ਗੱਲਾਂ ਮੁੜ-ਮੁੜ ਮੇਰੇ ਨਾਲ਼ ਕਰਦੀ ਰਹੀ, ਤੇ ਮੈਂ ਉਹਦੀ ਹਾਂ ਵਿਚ ਹਾਂ ਰਲ਼ਾਉਂਦੀ, ਚੰਗਾ ਝੱਟ ਉਹਦੇ ਕੋਲ਼ ਬਹਿ ਕੇ ਘਰ ਨੂੰ ਪਰਤ ਆਈ।

ਫੇਰ ਇਹ ਰੋਜ਼ ਦਿਹਾੜੀ ਦਾ ਟੀਚਾ ਬਣ ਗਿਆ। ਇਸ ਬੁਲ਼ਾ ਘੱਲਣਾ ਮੈਨੂੰ, ਜਾਂ ਆਪ

ਵੀ ਆ ਜਾਣਾ, ਜਦੋਂ ਸੁਰ ਹੋਣੀ ਉਹਨੂੰ ਘਰ ਮੇਰੇ ਇਕੱਲਿਆਂ ਹੋਵਣ ਦੀ, ਤੇ ਉਹੀ ਗੱਲਾਂ ਮੁੜ ਮੁੜ ਦੁਹਰਾਈ ਜਾਵਣੀਆਂ। ਕੁੱਝ ਦਿਨਾਂ ਪਿੱਛੋਂ ਤਾਂ ਉਹ ਮੇਰਾ ਝੂਠਾ ਸੱਚਾ ਹੁੰਗਾਰਾ ਵੀ ਨਹੀਂ ਸੀ ਉਡੀਕਦੀ। ਉਹਨੇ ਦਿਲੋਂ ਈ ਮਿੱਥ ਲਿਆ ਹੋਇਆ ਸੀ ਜੋ ਉਹਦੀ ਹਰ ਗੱਲ ਤੇ ਮੈਂ ਦਿਲੋਂ ਉਹਦੇ ਨਾਲ਼ ਈ ਸਾਂ। ਇੰਜ ਹੌਲੀ-ਹੌਲੀ ਉਹਦੇ ਦਿਲ ਦਾ ਭਾਰ ਹੌਲਾ ਹੁੰਦਾ ਜਾ ਰਿਹਾ ਸੀ ਤੇ ਉਹਦੀ ਰੂਹ ਵੀ ਜਿਵੇਂ ਪਰਤਣ ਲੱਗ ਪਈ ਸੀ। ਪੀਲੀ ਜ਼ਰਦ ਸੂਰਤ ਵਿਚ ਰੂਹ ਪਰਤਦੀ ਜਾਪ ਰਹੀ ਸੀ। ਮੈਨੂੰ ਤਾਂ ਸਗੋਂ ਲਗਦਾ ਸੀ ਜਿਵੇਂ ਲਕੀਰਾਂ ਵੀ ਉਹਦੇ ਮੱਥੇ ਤੇ ਗੱਲਾਂ ਉਤੋਂ ਕੁਝ ਘੱਟ ਗਈਆਂ ਸਨ। ਇਕ ਅੱਧੀ ਵਾਰ ਸ਼ਰਾਰਤੀ ਟਿਚਕਰ ਵੀ ਇੰਜ ਦੀ ਮੈਨੂੰ ਇਸ ਕੀਤੀ ਜੋ ਮੈਨੂੰ ਲੱਗਾ ਉਹਦੀ ਖੁੰਝੀ ਹੋਈ ਜਵਾਨੀ ਜਿਵੇਂ ਪਰਤਣ ਲੱਗ ਪਈ ਸੀ। ਪਰ ਮੇਰਾ ਹਾਲ ਅਸਲੋਂ ਇਹਦੇ ਉਲਟ ਸੀ।

ਪਹਿਲੀਵਾਰ ਦੇ ਧੱਕੇ ਪਿੱਛੋਂ ਜਿਹੜੀ ਦਿਲ ਵਿਚ ਦੁਬਿਧਾ ਕੋਈ ਇਸ ਗੱਲ ਦੀ ਹੈ ਸੀ ਵੀ ਪਈ ਉਹਦਾ ਦੋਸ਼ ਕਿੰਨਾ ਸੀ, ਤੇ ਸਜ਼ਾ ਇਹਦੀ ਕਿੰਨੀ ਤੇ ਕਿਵੇਂ ਦੀ ਹੋਣੀ ਚਾਹੀਦੀ ਸੀ, ਇਹ ਵੀ ਦਿਲ ਵਿਚੋਂ ਹੁਣ ਮੁੱਕ ਗਈ ਸੀ। ਹੁਣ ਜਦੋਂ ਅਫ਼ਜ਼ਲ ਦੀਆਂ ਹੱਡੀਆਂ ਵੀ ਮਿੱਟੀ ਨਾਲ਼ ਮਿੱਟੀ ਹੋ ਗਈਆਂ, ਜੀਨਾਂ ਵੀ ਮੁੜ ਪਰਨੀ ਕੇ ਬਾਲ ਬੱਚੇ ਆਪਣੇ ਨਾਲ਼ ਰਾਜ਼ੀ-ਬਾਜ਼ੀ, ਪਿਛਲੇ ਦੁੱਖਾਂ ਨੂੰ ਭੁੱਲ ਚੁੱਕੀ ਸੀ। ਤੇ ਮਰੀਓ ਵੀ ਅੱਧੀ ਹਯਾਤੀ ਦੇ ਮਾਰੂ ਤਸੀਹੇ ਭੋਗ ਕੇ ਇੱਕ ਵਾਰ ਫੇਰ ਆਪਣੇ ਜੀਵਨ ਨੂੰ ਕਿਸੇ ਲੀਹ ਤੇ ਲਿਆਉਣ ਦਾ ਚਾਰਾ ਮਾਰ ਰਹੀ ਸੀ, ਤਾਂ ਇਨਾਂ ਗੱਲਾਂ ਨਾਲ਼ ਫ਼ਰਕ ਵੀ ਕੀ ਕਿਸੇ ਨੂੰ ਪੈਣਾ ਸੀ। ਅਸਲ ਗੱਲ ਇਹ ਸੀ ਜੋ ਮਰੀਓ ਆਪਣੀ ਬਲ਼ਾ ਲਾਹ ਕੇ ਆਪਣੇ ਗੱਲੋਂ, ਤੇ ਮੈਨੂੰ ਚੰਬੋੜ ਦਿੱਤੀ ਸੀ। ਜਿਹੜੇ ਰਾਜ਼ ਦੀ ਧੂਣੀ ਉਸ ਵੀਹ ਵਰੇ ਆਪਣੇ ਦਿਲ ਵਿਚ ਧੁਖਾਈ ਰੱਖੀ ਸੀ, ਉਹਦੀ ਚੁਆਤੀ ਉਸ ਮੈਨੂੰ ਲਾ ਦਿੱਤੀ ਸੀ।

ਹੁਣ ਇਹ ਰਾਜ਼ ਮੈਂ ਇਕੱਲੀ ਜਾਂਦੀ ਸਾਂ, ਪੂਰੇ ਪਿੰਡ ਵਿਚ ਮਰੀਓ ਤੋਂ ਮਗਰੋਂ, ਤੇ ਇਸ ਗੱਲ ਨੂੰ ਪਚਾ ਕੇ ਰੱਖਣਾ ਕੋਈ ਸੌਖਾ ਕੰਮ ਨਹੀਂ ਸੀ। ਮਰੀਓ ਵੀਹ ਸਾਲ ਸਾਂਭੀ ਰੱਖਿਆ ਇਸ ਰਾਜ਼ ਨੂੰ, ਪਰ ਉਸ ਵੀ ਤਾਂ ਅਖ਼ੀਰ ਖੋਲ ਈ ਦਿੱਤਾ ਨਾ ਮੇਰੇ ਸਾਹਮਣੇ! ਨਾਲੇ ਮਰੀਓ ਦਾ ਤੇ ਮੇਰਾ ਭਲਾ ਕੀ ਮੁਕਾਬਲਾ! ਜੋ ਕੀਤਾ ਸੀ ਉਸ ਆਪ ਕੀਤਾ ਸੀ, ਆਪਣੇ ਦਿਲ ਦੇ ਉਲੇਲ ਨਾਲ਼। ਦੋਸ਼ ਹੈ ਸੀ ਉਹਦਾ ਜਾਂ ਨਹੀਂ ਸੀ, ਪਰ ਕਰਨੀ ਤਾਂ ਉਸ ਆਪਣੀ ਈ ਭੋਗੀ ਸੀ ਨਾ! ਨਾਲੇ ਉਹਨੂੰ ਕਿਹੜਾ ਠਾਕਿਆ ਹੋਇਆ ਸੀ ਕਿਸੇ ਇਸ ਰਾਜ਼ ਨੂੰ ਕਿਸੇ ਅੱਗੇ ਫੋਲਣ ਤੋਂ। ਜਿੰਨਾ ਚਿਰ ਦਿਲ ਕੀਤਾ ਉਸ ਲੁਕਾਇਆ, ਤੇ ਜਦੋਂ ਦਿਲ ਕੀਤਾ, ਮੇਰੇ ਅੱਗੇ ਖੋਲ ਦਿੱਤਾ, ਪਰ ਸਹੁੰ ਪਾ ਦਿੱਤੀ ਨਾਲ਼ ਮੈਨੂੰ ਸਭ ਤੋਂ ਲਾਡਲੇ ਮੇਰੇ ਨਿਕੜੇ ਦੀ। ਆਪ ਮੁਕਤ ਹੋ ਗਈ ਤੇ ਫਾਹੇ ਮੈਨੂੰ ਲਾ ਦਿੱਤਾ।

ਇਕ ਤਾਂ ਉਂਜ ਈ ਏਡਾ ਵੱਡਾ ਰਾਜ਼ ਦਿਲ ਵਿਚ ਲੁਕੋ ਕੇ ਰੱਖਣਾ ਔਖੀ ਗੱਲ ਸੀ, ਉਹ ਵੀ ਇਕ ਤੀਮੀ ਲਈ, ਤੇ ਉੱਤੋਂ ਇਸ ਸਾਰੀ ਵਾਪਰੀ ਨਾਲ਼ ਮੇਰਾ ਲਾਗਾ ਦੇਗਾ ਵੀ ਕੋਈ ਨਹੀਂ ਸੀ। ਮੇਰਾ ਜੀ ਚਾਹੁੰਦਾ ਸੀ ਦੂਜਿਆਂ ਤੋਂ ਪੁੱਛ ਕੇ ਮੈਂ ਵੇਖਾਂ, ਉਨਾਂ ਦਾ ਭਲਾ ਕੀ ਖ਼ਿਆਲ ਏ ਇਸ ਬਾਰੇ। ਪਰ ਇਹ ਗੱਲ ਤਾਂ ਚਲੋ ਮੈਂ ਘੱਟ ਲਈ ਆਪਣੇ ਅੰਦਰ। ਚੋਖੀ ਖਿਝ ਤਾਂ ਇਸ ਗੱਲ ਦੀ ਸੀ ਮੈਨੂੰ, ਜੋ ਮਰੀਓ ਦਾ ਅਪਣਾ ਦਿਲ ਤਾਂ ਜਦੋਂ ਕਰਦਾ, ਉਹ ਮੇਰੇ ਨਾਲ਼ ਇਹ ਮਾਮਲਾ ਖੋਲ ਕੇ ਬਹਿ ਜਾਂਦੀ। ਉਹਨੂੰ ਕੋਈ ਗੱਲ ਚੇਤੇ ਆ ਜਾਂਦੀ, ਜਾਂ ਨਵੇਂ ਰਮਜ਼ ਇਸ ਬਾਰੇ ਸੁੱਝਦੀ, ਤਾਂ ਝੱਟ ਮੇਰੇ ਨਾਲ਼ ਸਾਂਝੀ ਕਰਨ ਨੂੰ ਉਤਾਵਲੀ ਹੋ ਜਾਂਦੀ, ਪਰ ਮੇਰੇ ਅੱਗੇ ਨਿੱਕੇ ਦੀ ਸਹੁੰ! ਅੱਤੋਂ ਜਿਸ ਵੀ ਕਿਸੇ ਨਿੱਕੇ ਹੁੰਦਿਆਂ ਦੀ ਸਾਥਣ ਪੇਕੇ ਆਉਣਾ, ਇਸ ਮਰੀਓ ਦੀ ਪਰੁੱਤੀ ਹੋਈ ਰੂਹ, ਤੇ ਬਦਲੇ ਹੋਏ ਸਭਾ ਨੂੰ ਵੇਖਣਾ, ਤੇ ਨਾਲੇ ਮੇਰੇ ਨਾਲ਼ ਉਹਦੇ ਵਧਦੇ ਹੋਏ ਗੂੜ ਦਾ ਸੁਣਨਾ, ਤਾਂ ਉਸ ਵੀ ਮੇਰੇ



ਦੁਆਲੇ ਹੋ ਜਾਣਾ ਜੋ ਮੈਂ ਉਨਾਂ ਨੂੰ ਵਿਚਲੀ ਕੋਈ ਗੱਲ ਦੱਸਾਂ। ਏਡਾ ਜ਼ਿੱਚ ਉਹ ਮੈਨੂੰ ਕਰਦੀਆਂ ਸਨ ਜੋ ਬਾਅਜ਼ ਵੇਲੇ ਦਿਲ ਮੇਰਾ ਕਰਦਾ ਸੀ ਜੋ ਇਕ ਵਾਰੀ ਤਾਂ ਮੈਂ ਬਕ ਈ ਪਵਾਂ, ਪਰ ਨਿਕੜੇ ਦੀ ਸ਼ਕਲ ਮੇਰੀਆਂ ਅੱਖੀਂ ਸਾਹਵੇਂ ਫਿਰ ਜਾਂਦੀ ਸੀ ਤੇ ਮੈਂ ਚੁੱਪ ਦੀ ਚੁੱਪ ਓਥੇ ਈ ਕਰ ਜਾਂਦੀ ਸਾਂ। ਮੈਨੂੰ ਤਾਂ ਸਗੋਂ ਲਗਦਾ ਸੀ ਜਿਵੇਂ ਆਪਣੀਆਂ ਸਖੀਆਂ ਨਾਲ਼ ਮੇਰੇ ਸੁਭਾਅ ਵਿਚ ਜਿਵੇਂ ਮਰੀਓ ਹਾਰ ਈ ਕੁੜੱਤਣ ਜਿਹੀ ਆਉਣ ਲੱਗ ਪਈ ਸੀ। ਇਸ ਤੋਂ ਹੋਰ ਸ਼ੱਕ ਉਨਾਂ ਦਾ ਪਕੇਰਾ ਹੁੰਦਾ ਜਾਂਦਾ ਸੀ ਜੋ ਮੈਨੂੰ ਬਾਹਲ਼ਾ ਨਹੀਂ ਤੇ ਥੋੜੇ ਦੀ ਸੁਰ ਤਾਂ ਪੱਕ ਨਾਲ਼ ਹੈ ਵੇ। ਇਸ ਕਰਕੇ ਹੋਰ ਮੈਨੂੰ ਉਹ ਖੋਤਰਦੀਆਂ ਸਨ, ਤੇ ਹੋਰ ਕੌੜ ਅੱਗੋਂ ਮੈਨੂੰ ਚੜਦੀ, ਤੇ ਹੋਰ ਦਿਲ ਮੇਰਾ ਇਸ ਰਾਜ਼ ਨੂੰ ਖੋਲਣ ਤੇ ਕਰਦਾ। ਇੰਜ ਦੀਆਂ ਗੱਲਾਂ ਉਹ ਆਪਣੇ ਘਰਾਂ ਵਿਚ ਵੀ ਕਰਦੀਆਂ ਈ ਹੋਣੀਆਂ ਨੇਂ, ਤੇ ਮੈਨੂੰ ਲਗਦਾ ਸੀ ਜਿਵੇਂ ਪੂਰੇ ਪਿੰਡ ਨੂੰ ਹੁਣ ਮੇਰੇ ਅਤੇ ਸ਼ੱਕ ਸੀ ਜੋ ਕੁਝ ਨਾ ਕੁਝ ਤਾਂ ਸੁਰ ਮੈਨੂੰ ਪੱਕ ਨਾਲ਼ ਹੈ ਵੇ। ਹਰ ਬੰਦੇ ਦੀ ਗੱਲ ਵਿਚ ਮੈਨੂੰ ਕੋਈ ਸ਼ੱਕ, ਕੋਈ ਚੁਭਵੀਂ ਟੋਕ ਜਿਵੇਂ ਜਾਪਦੀ ਸੀ, ਤੇ ਦਿਲ ਕਰਦਾ ਸੀ ਪੂਰੇ ਪਿੰਡ ਨੂੰ ਇਕੱਠਿਆਂ ਕਰਕੇ, ਤੇ ਧੁਰੋਂ ਮਨਾ ਅੱਗੇ ਲਾ ਕੇ ਮੈਂ ਮੁਨਾਦੀ ਕਰਾਂ ਇਸ ਰਾਜ਼ ਦੀ, ਪਰ ਜ਼ਾਹਰਾ ਗੱਲ ਏ ਜੋ ਇੰਜ ਨਹੀਂ ਸੀ ਹੋ ਸਕਦਾ।

ਅਖ਼ੀਰ ਤਿੰਨ ਵਰਿਆਂ ਪਿੱਛੋਂ ਰੱਬ ਸੋਹਣੇ ਨੇ ਕਰਮ ਕੀਤਾ ਮੇਰੇ ਅਤੇ, ਘਰ ਵਾਲਾ ਮੇਰਾ ਪਰਤ ਆਇਆ ਦੁਬਈ ਤੋਂ। ਏਨਾ ਇਸ ਜੋੜ ਲਿਆਂਦਾ ਸੀ ਜੋ ਨਿੱਕੀ ਜਿਹੀ ਕੁੱਲੀ ਸਾਡੀ ਆਪਣੀ ਬਣ ਗਈ, ਤੇ ਦਾਲ਼ ਰੋਟੀ ਟੁਰਨ ਦੇ ਆਸਰੇ ਨੂੰ ਇਕ ਨਿੱਕੀ ਜਿਹੀ ਹੱਟੀ ਵੀ, ਇਸ ਪਿੰਡ ਆਪਣੇ ਈ ਪਾ ਲਈ, ਤੇ ਮੈਂ ਪੇਕਾ ਛੱਡ ਕੇ ਘਰ ਆਪਣੇ ਨੂੰ ਪਰਤ ਆਈ। ਮਰੀਓ ਤੇ ਇਸ ਪਿੰਡ ਤੋਂ ਮੋਕਲੀ ਹੋਈ ਤੇ ਕੁਝ ਸਾਹ ਮੈਨੂੰ ਪਿਆ। ਕੁਝ ਆਪਣੇ ਘਰ ਦੇ ਰੁਝੇਵੇਂ, ਘਰ ਵਾਲੇ ਦੇ ਨਵੇਂ ਕਾਰੋਬਾਰ ਦੀਆਂ ਔਕੜਾਂ ਤੇ ਮਾਮਲੇ, ਤੇ ਕੁਝ ਤੁਰੇ ਵਰਿਆਂ ਦੇ ਉਦਰੇਵੇਂ ਪਿੱਛੋਂ ਸਾਥੀ ਦੀ ਨੇੜਤਾ ਦਾ ਨਿੱਘ, ਇਨਾਂ ਸਾਰੀਆਂ ਗੱਲਾਂ ਨੇ ਰਲ਼ ਕੇ ਕੁਝ ਧਿਆਨ ਮੇਰਾ ਮਰੀਓ ਵੱਲੋਂ ਵਲ਼ਾ ਲਿਆ, ਪਰ ਜਦੋਂ ਵੀ ਪੇਕੇ ਮੈਂ ਜਾਂਦੀ ਸਾਂ, ਗੱਲ ਮੁੜ ਕੇ ਨਵੀਂ ਹੋ ਜਾਂਦੀ ਸੀ। ਹਰ ਵੇਲੇ ਨਾ ਸਹੀ, ਪਰ ਕੋਈ ਦਿਹਾੜਾ ਅਜਿਹਾ ਨਹੀਂ ਸੀ ਹੁੰਦਾ ਜਿਸ ਦਿਨ ਇਕ ਜਾਂ ਚੋਖੀ ਵਾਰ ਇਸ ਗੱਲ ਦਾ ਮੈਨੂੰ ਖ਼ਿਆਲ ਨਾ ਆਵੇ। ਤੇ ਖ਼ਿਆਲ ਆਉਣ ਦਾ ਮਤਲਬ ਸੀ ਪੇੜ! ਇੱਡੇ ਵੱਡੇ ਰਾਜ਼ ਨੂੰ ਸਾਂਭਣ ਦਾ ਭਾਰ ਵੱਖਰਾ, ਤੇ ਮਰੀਓ ਅਤੇ ਕੌੜ ਉਸ ਤੋਂ ਵਧੇਰੀ, ਜਿਸ ਇਹ ਮੁਸੀਬਤ ਗੱਲ ਮੇਰੇ ਪਾਈ ਸੀ।

ਕੋਈ ਤੇਰਾਂ ਵਰੇ ਇਸ ਮੁਸੀਬਤ ਨੂੰ ਇੰਜ ਈ ਮੈਂ ਭੋਗਿਆ ਹੈ। ਬਾਰੀਂ ਵਰੀਂ ਤਾਂ ਅਰੂੜੀ ਦੀ ਵੀ ਸੁਣੀ ਜਾਵੰਦੀ ਏ, ਪਰ ਮੈਨੂੰ ਤੇਰਾਂ ਲੱਗ ਗਏ। ਅੱਜ ਪਿੰਡੋਂ ਭਤਰੀਆ ਮੇਰਾ ਆਇਆ ਏ ਆਪਣੇ ਵਿਆਹ ਦਾ ਸੱਦਾ ਲੈ ਕੇ, ਤੇ ਉਸ ਤੋਂ ਗੱਲਾਂ ਗੱਲਾਂ ਵਿਚ ਪਤਾ ਲੱਗਾ ਮਰੀਓ ਦੇ ਪੂਰੀ ਹੋਵਣ ਦਾ। ਹੈ ਸੀ ਤਾਂ ਚੰਗੀ ਭਲੀ, ਰਾਜ਼ ਆਪਣੇ ਦਾ ਭਾਰ ਮੇਰੇ ਸਿਰ ਮੜ ਕੇ ਤਾਂ ਸਗੋਂ ਨੌਂ-ਬਰ-ਨੌਂ ਵੀ ਹੋ ਗਈ ਸੀ, ਪਰ ਮਾੜਾ ਜਿਹਾ ਤਾਪ ਈ ਉਹਨੂੰ ਚੜਿਆ, ਪੁੱਛਣ ਗਿੱਛਣ ਤੇ ਦਵਾ ਦਾਰੂ ਦੀ ਫ਼ਿਕਰ ਕਰਨ ਵਾਲਾ ਤਾਂ ਹੈ ਸੀ ਕੋਈ ਨਾ। ਇਸ ਲਈ ਕੰਮ ਵਿਗੜਦਾ ਗਿਆ ਤੇ ਅਖ਼ੀਰ ਜਦੋਂ ਗਏ ਈ ਹਸਪਤਾਲ ਤਾਂ ਉਨਾਂ ਦੱਸਿਆ ਜੋ ਡਬਲ ਨਮੂਨੀਆ ਹੋਇਆ ਸੀ, ਤੇ ਇਸੇ ਈ ਉਹਦੀ ਜਾਨ ਲੈ ਲਈ।

ਆਖਣਾ ਤਾਂ ਨਹੀਂ ਚਾਹੀਦਾ, ਪਰ ਉਹ ਖ਼ਬਰੇ ਪਹਿਲਾ ਜੀ ਸੀ ਜਿਹਦੇ ਮਰਨ ਤੇ ਦਿਲੋਂ ਮੈਂ ਸ਼ੁਕਰ ਅਲਹ-ਮਦੁ-ਲਿੱਲਾਹ ਆਖਿਆ, ਪਈ ਨਿੱਕਾ ਮੇਰਾ, ਉਹਦੀ ਸਹੁੰ ਵਿਚ ਕੀਲਿਆ ਹੋਇਆ ਅਜ਼ਾਦ ਹੋਇਆ ਤੇ ਮੇਰੀ ਚੁੰਡ ਅਜ਼ਾਬੋਂ ਛੁੱਟੀ। ਹੁਣ ਮੈਂ ਉਹਦਾ ਰਾਜ਼ ਜਦੋਂ ਚਾਹਵਾਂ, ਤੇ

ਜਿਹਨੂੰ ਚਾਹਵਾਂ ਦੱਸ ਸਕਦੀ ਸਾਂ। ਮੈਨੂੰ ਕੋਈ ਰੋਕਣ ਵਾਲਾ ਨਹੀਂ, ਕੋਈ ਟੋਕ ਨਹੀਂ ਸਕਦਾ। ਪਰ ਉਥੇ ਕੌਣ ਸੀ ਜਿਹਨੂੰ ਮੈਂ ਕੁਝ ਦੱਸਾਂ। ਪਿੰਡ ਜਾਵਾਂਗੀ ਵੀਰਾਂ ਨੂੰ ਮਿਲਣ ਤੇ ਫੇਰ ਖੋਲਾਂਗੀ ਇਸ ਰਾਜ਼ ਨੂੰ! ਮੇਰੇ ਤਾਂ ਸਗੋਂ ਦਿਲ ਵਿਚ ਆਉਂਦਾ ਸੀ ਜੋ ਸਿੱਧਾ ਜੀਨਾਂ ਨੂੰ ਈ ਕਿਉਂ ਨਾ ਭੁਲਾ ਜਾ ਮੈਂ ਦੱਸਾਂ! ਇਸ ਦਿਨ ਸੌਣ ਤੀਕਣ ਮੈਂ ਉਸੇ ਈ ਗੱਲ ਦਾ ਸੁਆਦ ਲੈਂਦੀ ਰਹੀ ਜੋ ਹੁਣ ਮੈਂ ਆਜ਼ਾਦ ਸਾਂ, ਤੇ ਜਿਹਨੂੰ ਚਾਹਵਾਂ ਮਰੀਓ ਦੇ ਰਾਜ਼ ਦਾ ਸੀਰੀ ਬਣਾ ਸਕਦੀ ਸਾਂ।

ਰਾਤੀਂ ਜਦੋਂ ਮੈਂ ਲੰਮੀ ਪਈ ਆਂ ਸੌਣ ਲਈ, ਇਸੇ ਈ ਗੱਲ ਬਾਰੇ ਸੋਚਦੀ ਹੋਈ, ਇਕ ਨਵੇਂ ਖ਼ਿਆਲ ਨੇ ਗਿੱਚੀ ਮੇਰੀ ਨੂੰ ਆ ਕੇ ਨੱਪ ਦਿੱਤਾ ਏ। ਮੈਂ ਸੋਚ ਰਹੀ ਆਂ ਪਈ ਹੁਣ ਜਦੋਂ ਮੈਂ ਕਿਸੇ ਨੂੰ ਦੱਸਾਂਗੀ ਜੋ ਮੈਨੂੰ ਤੇਰਾਂ ਵਰਿਆਂ ਤੋਂ ਪਤਾ ਸੀ ਅਫ਼ਜ਼ਲ ਦੇ ਕਾਤਲ ਦਾ, ਕਿਸ ਜੀਨਾਂ ਨੂੰ ਰੰਡੀ ਕੀਤਾ ਸੀ, ਤੇ ਉਹ ਭਲਾ ਮੈਨੂੰ ਇਸ ਜੁਰਮ ਵਿਚ ਮਰੀਓ ਦਾ ਸੀਰੀ ਨਹੀਂ ਸਮਝੇਗਾ? ਜੁਰਮ ਨੂੰ ਲੁਕਾਉਣਾਂ ਵੀ ਤਾਂ ਜੁਰਮ ਹੁੰਦਾ ਏ, ਓਥੇ ਕਿਸੇ ਸਹੁੰ ਦਾ ਕੋਈ ਮੁੱਲ ਨਹੀਂ। ਉਨਾਂ ਜੇ ਫੜ ਕੇ ਮੈਨੂੰ ਪੁਲਿਸ ਨੂੰ ਦੇ ਦਿੱਤਾ ਤੇ ਫੇਰ? ਹੁਣ ਭਲਾ ਕੀ ਮੈਂ ਕਰਾਂ। ਹੁਣ ਹੋਰ ਤਾਂ ਇਸ ਰਾਜ਼ ਨੂੰ ਮੈਂ ਪਚਾ ਵੀ ਨਹੀਂ ਸਕਦੀ ਉੱਕਾ.... ਕੋਈ ਉਪਾਅ ਤਾਂ ਇਹਦਾ ਕਢਣਾ ਈ ਪਵਸੀ.... ਕਿਉਂ ਨਾ ਮੈਂ ਵੀ ਮਰੀਓ ਵਾਂਗ ਈ ਆਪਣੇ ਜਿਹੀ ਕੋਈ ਠਾਹਰ ਭਾਲਾਂ, ਤੇ ਇੰਜ ਈ ਕੋਈ ਸਹੁੰ ਪਾਵਾਂ, ਜਿਵੇਂ ਮਰਿਓਂ ਮੈਨੂੰ ਨਿੱਕੇ ਦੀ ਪਾਈ ਸੀ, ਤੇ ਫਾਹ ਪਾਦਿਆਂ ਉਹਦੇ ਗਲ਼ ਵਿਚ ਆਪਣੇ ਗੱਲੋਂ ਲਾਹ ਕੇ ...ਇਹੀ ਠੀਕ ਮੈਨੂੰ ਜਾਪਦਾ ਏ।

## ਇੱਕ ਦਿਨ ਤੈਨੂੰ ਸੁਫ਼ਨਾ ਥੀਸਨ ਗਲੀਆਂ ਬਾਬਲ ਵਾਲੀਆਂ/ਨਿਸਾਰ ਖ਼ਾਨ

ਡੱਬੀ ਬਜ਼ਾਰੋਂ ਬਜ਼ਾਜ਼ ਹੱਟੀਓਂ ਲੰਘਦਿਆਂ ਜਦ ਸੁਰਜਣ ਸਿੰਘ ਦੇ ਚੌਂਕ ਅਪੜਈਏ ਤਾਂ ਸੱਜੇ ਪਾਸੇ ਨੁੱਕਰ ਵਾਲਾ ਤਿੰਨ ਮੰਜ਼ਿਲਾ ਮਕਾਨ ਹੈ, ਜੋ ਬਾਬੇ ਐਸੇ ਦੇ ਟੱਬਰ ਨੇ ਅੰਬਰਸਰੋਂ ਆਣ ਮੱਲਿਆ। ਵੰਡ ਤੋਂ ਪਹਿਲਾਂ ਇਹ ਮਕਾਨ ਗੌਤਮ ਨਾਓਂ ਦੇ ਇੱਕ ਹਿੰਦੂ ਕੋਲ਼ ਸੀ ਜੋ ਮਠਿਆਈ ਦਾ ਕੰਮ ਕਰਦਾ ਸੀ ਤੇ ਉਸ ਦੀ ਹੱਟੀ ਉਸੇ ਮਕਾਨ ਦੇ ਥੱਲੇ ਸੀ। ਗੌਤਮ ਤੇ ਉਹਦਾ ਵੱਡਾ ਪੁੱਤਰ ਮੋਹਨ ਦਾਸ ਇਹ ਹੱਟੀ ਚਲਾਉਂਦੇ ਸਨ। ਦਿਨ ਵੇਲੇ ਦੁੱਧ ਦਹੀਂ ਤੇ ਲੱਸੀ। ਲੌਢੇ ਵੇਲੇ ਖ਼ੀਰ, ਬਰਫ਼ੀ, ਕਲਾਕੰਦ, ਜਲੇਬੀਆਂ, ਮੋਂਗਰਾ ਤੇ ਬਦਾਨਾ। ਵੱਡੇ ਦੱਸਦੇ ਨੇਂ ਈਹਾ ਜਿਹੀ ਸਵਾਦਲੀ ਮਠਿਆਈ ਉਨਾਂ ਘੱਟ ਹੀ ਖਾਧੀ ਹੋਸੀ। ਮਕਾਨ ਕੀ ਸੀ, ਇੱਕ ਹਵੇਲੀ ਸੀ। ਬਾਬਾ ਐਸੇ ਦੇ ਨਾਲ ਦਾ ਮਕਾਨ, ਜੋ ਕਦਾਈਂ ਉਸੇ ਮਕਾਨ ਦਾ ਹਿੱਸਾ ਸੀ, ਐਸੇ ਦੇ ਛੋਟੇ ਭਰਾ ਜੀਜੇ ਕੋਲ਼ ਸੀ ਜੋ ਵੰਡ ਤੋਂ ਬਹੁੰ ਪਹਿਲਾਂ 1905 ਤੂੰ ਇਸ ਮਕਾਨ ਵਿਚ ਰਹਿੰਦਾ ਸੀ। ਦੋਹਾਂ ਮਕਾਨਾਂ ਦਾ ਪਿਛਲਾ ਪਾਸਾ ਇੱਕ ਵੱਡਾ ਤਬੇਲਾ ਸੀ, ਜਿਸਦੀ ਇੱਕ ਨੁੱਕਰ ਚ ਛੋਟੀ ਜਿਹੀ ਥਾਂ, ਰਮਜੀ ਤੇ ਮਾਸੀ ਹੁਸੀਨਾ ਦੇ ਟੱਬਰ ਕੋਲ਼ ਸੀ। ਤਬੇਲਾ, ਜੀਜੇ ਤੇ ਐਸੇ ਦੇ ਮਕਾਨ ਆਪਸੀ ਜੁੜੇ ਹੋਏ ਸਨ ਤੇ ਵਸਨੀਕਾਂ ਦਾ ਅੰਦਰੋਂ-ਅੰਦਰ ਇੱਕ ਦੂਜੇ ਵੱਲ ਖੁੱਲ ਆਉਣਾ ਜਾਣਾ ਸੀ। ਹੋਮਿਓ ਡਾਕਟਰ ਮੁਫ਼ਤੀ ਦੀ ਗਲੀ ਦੇ ਪਾਸਿਓਂ ਤਬੇਲੇ ਤੇ ਦੋਹਾਂ ਘਰਾਂ ਦਾ ਲਾਂਘਾ ਸੀ। ਬਜ਼ਾਰ ਦੇ ਪਾਸਿਓਂ ਸਿਰਫ਼ ਐਸੇ ਦੇ ਘਰ ਦਾ ਰਾਹ ਸੀ। ਜੀਜਾ ਬੇਔਲਾਦ ਸੀ ਤੇ ਆਪਣੀ ਜ਼ਨਾਨੀ ਦੌਲਤੇ ਦੇ ਪਹਿਲੇ ਖਸਮ ਦੇ ਪੁੱਤਰ ਕਮਰ ਨਾਲ਼ ਰਹਿੰਦਾ ਸੀ। ਕਮਰ ਮਸ਼ੀਨੀ ਕਢਾਈ ਦਾ ਬੜਾ ਕਾਰੀਗਰ ਸੀ। ਰਮਜੀ



ਮਾਸ਼ਕੀ ਸੀ ਤੇ ਉਹ ਆਪਣੀ ਜ਼ਨਾਨੀ ਮਾਸੀ ਹੁਸੀਨਾ, ਪੁੱਤਰ ਮਿਹਣੀ ਤੇ ਧੀ ਮੀਰਾਂ ਨਾਲ਼ ਤਬੇਲੇ ਰਹਿੰਦੇ ਸਨ। ਰਮਜੀ ਮਾਸ਼ਕੀ ਪਾਣੀ ਭਰਦਾ ਲੋਕਾਂ ਦੇ ਘਰਾਂ ਚ ਤੇ ਹੁਸੀਨਾ ਭਾਂਡੇ ਮਾਂਝਦੀ ਸੀ ਆਪਣੀ ਧੀ ਮੀਰਾਂ ਨੂੰ ਨਾਲ਼ ਰਲ਼ਾ ਕੇ। ਇੰਜ ਮਿਹਨਤ ਮਜ਼ਦੂਰੀ ਕਰ ਕੇ ਉਹ ਗੁਜ਼ਾਰਾ ਕਰਦੇ ਸਨ। ਐਸੇ ਦਾ ਵੱਡਾ ਟੱਬਰ ਸੀ। ਪੰਜ ਪੁੱਤਰ ਤੇ ਤਿੰਨ ਧੀਆਂ। ਵੱਡਾ ਪੁੱਤਰ ਬਸ਼ੀਰ ਆਪਣੇ ਚਾਚੇ ਜੀਜੇ ਨਾਲ਼ ਸੁਨਿਆਰੇ ਦੀ ਹੱਟੀ ਕਰਦਾ ਸੀ। ਦੋ ਪੁੱਤਰ ਮੈਦਾ ਤੇ ਸਈਦ ਆਪਣੇ ਘਰ ਦੀ ਇੱਕ ਬੈਠਕ 'ਚ ਸੋਨੇ ਦੀ ਪਾਲਿਸ਼ ਦਾ ਕੰਮ ਕਰਦੇ ਸਨ। ਸਈਦ ਕੁਠਾਲੀ ਚ ਸੁਣਾ ਧੋਵਣ ਤੇ ਮੈਦਾ ਉਸੇ ਗਹਿਣੇ ਨੂੰ ਬਿਜਲੀ ਨਾਲ਼ ਚੱਲਣ ਵਾਲੀ ਮੋਟਰ ਤੇ ਚਮਕਾਉਂਦਾ। ਸਈਦ ਦਾ ਅੱਡਾ ਬੈਠਕ ਦੇ ਬਾਹਰਲੇ ਪਾਸੇ ਜੋ ਬਜ਼ਾਰ ਨੂੰ ਲਗਦਾ ਸੀ। ਹੱਥ ਨਾਲ਼ ਹਵਾ ਦੇਣ ਵਾਲੀ ਫੂਕਨੀ ਨਾਲ਼ ਅੱਗ ਬਾਲਣੀ ਤੇ ਕੁਠਾਲੀ ਵਿਚ ਵੰਨੋ-ਵੰਨੀ ਧਾਤਾਂ ਨਾਲ਼ ਗਹਿਣਿਆਂ ਨੂੰ ਧੋਣਾ, ਕੁਠਾਲਿਓਂ ਕੱਢ ਕੇ ਉਨਾਂ ਨੂੰ ਬੁਰਸ਼ਾਂ ਨਾਲ਼ ਸਾਫ਼ ਕਰਨਾ ਤੇ ਸੁਕਾਉਣ ਲਈ ਲੱਕੜ ਦੇ ਬੂਰੇ 'ਚ ਰੱਖ ਦੇਣਾ। ਅੱਗੋਂ ਮੈਦੇ ਦਾ ਕੰਮ ਸੀ। ਬੂਰਿਓਂ ਕੱਢੇ ਗਹਿਣਿਆਂ ਨੂੰ ਮੋਟਰ ਤੇ ਬੁਫ਼ ਨਾਲ਼ ਚਮਕਾਣਾ। ਸੂਹੇ ਬਜ਼ਾਰ ਦੇ ਕਈ ਕਾਰੀਗਰ ਤੇ ਦੁਕਾਨਦਾਰ ਉਨਾਂ ਦੇ ਗਾਹਕ ਸਨ ਤੇ ਚੋਖਾ ਕੰਮ ਸੀ ਉਨਾਂ ਭਰਾਵਾਂ ਦਾ। ਘੱਟ ਹੀ ਵਿਹਲ ਹੁੰਦੀ ਸੀ। ਮੈਦਾ ਕਈ ਹੋਰ ਕੰਮ ਵੀ ਜਾਂਦਾ ਸੀ। ਇਸ ਨੇ ਨਲਕੇ ਠੀਕ ਕਰ ਲੈਣੇ, ਘਰ ਦੀ ਕੋਈ ਮੋਟਰ ਖ਼ਰਾਬ ਹੋਣੀ ਤਾਂ ਉਸੇ ਠੀਕ ਕਰਨੀ। ਰੇਡੀਓ ਤੇ ਬਿਜਲੀ ਦੇ ਕੰਮ ਦਾ ਵੀ ਬੜਾ ਜਾਣੂ ਸੀ। ਮੈਦੇ ਦੀ ਬੈਠਕ ਦੇ ਪਾਸਿਓਂ ਇੱਕ ਬਾਰੀ ਤਬੇਲੇ ਵੱਲ ਖੁੱਲਦੀ ਸੀ। ਜਿਹਦੇ 'ਚ ਲੋਹੇ ਦੀਆਂ ਸੀਖ਼ਾਂ ਲੱਗੀਆਂ ਹੋਈਆਂ ਸਨ। ਦੋਵੇਂ ਭਰਾ ਆਪਣੀ ਫੁੱਫੀ ਦੇ ਘਰ ਵਿਆਹੇ ਹੋਏ ਸਨ। ਮੈਦੇ ਦੀ ਘਰ ਵਾਲੀ ਆਬਾਂ ਤੇ ਸਈਦ ਦੀ ਮਾਛ। ਮੈਦੇ ਦੀ ਇੱਕ ਧੀ ਤੇ ਉਸ ਤੋਂ ਛੋਟਾ ਪੁੱਤਰ। ਸਈਦ ਦੀ ਹਾਲੇ ਕੋਈ ਔਲਾਦ ਨਹੀਂ ਸੀ।

ਮਾਸੀ ਹੁਸੀਨਾ ਦੀ ਭਾਂਡਿਆਂ ਵਾਲੀ ਕਠੋਲੀ ਦਾ ਬੂਹਾ ਟੁੱਟ ਗਿਆ ਸੀ ਤੇ ਇਸ ਜੋੜਨ ਕਾਰਨ ਉਹ ਆਪੇ ਘੁਲ਼ ਰਹੀ ਸੀ। "ਬੇਬੇ ਐਡੀ ਪੁਰਾਣੀ ਕਠੋਲੀ ਏ ਹੁਣ ਕਿਵੇਂ ਜੁੜੇਗੀ ਅਖ਼ੀਰ ਇਸ ਟੁੱਟ ਜਾਵਣਾ ਸੀ।" ਉਹਦੀ ਧੀ ਮੀਰਾਂ ਬੋਲੀ। "ਨਾ ਨੀ ਇਹ ਤਾਂ ਮੇਰੇ ਦਾਜ ਦੀ ਨਿਸ਼ਾਨੀ ਏ, ਮੇਰੇ ਨਾਲ਼ ਹੀ ਮੁੱਕੇਗੀ। ਜਾ ਖਾਂ ਭਲਾ ਮੈਦੇ ਨੂੰ ਵਾਜ ਦੇ ਵਿਹਲਾ ਹੋ ਕੇ ਕਠੋਲੀ ਨੂੰ ਵੇਖ ਜਾਵੇ।" ਮੀਰਾਂ ਮੁੜ ਕੇ ਸੀਖ਼ਾਂ ਵਾਲੀ ਬਾਰੀ ਤੋਂ ਤੱਕ ਕੇ ਮੈਦੇ ਨੂੰ ਆਖਣ ਲੱਗੀ, "ਬੇਬੇ ਕਹਿੰਦੀ ਏ ਵਿਹਲਾ ਹੋ ਕੇ ਸਾਡੀ ਕਠੋਲੀ ਦਾ ਟੁੱਟਾ ਬੂਹਾ ਜੋੜ ਦੇਈਂ। ਆਵੇਂਗਾ ਨਾ?" ਮੀਰਾਂ ਦੀ ਵਾਜ ਕੰਨੀਂ ਪਈ ਤਾਂ ਮੈਦੇ ਸਿਰ ਚੁੱਕ ਕੇ ਬਾਰੀ ਵੱਲ ਤੱਕਿਆ। ਮੀਰਾਂ ਦੀਆਂ ਵੱਡੀਆਂ ਵੱਡੀਆਂ ਅੱਖੀਆਂ ਉਹਦੇ ਨਾਲ਼ ਗਡਮਡ ਹੋਈਆਂ। ਓਥੇ ਰਹਿੰਦੀਆਂ ਕਈ ਵਰੇ ਹੋ ਗਏ ਸਨ ਤੇ ਅੱਜ ਪਹਿਲੀ ਵਾਰੀ ਉਹਦੀ ਮੀਰਾਂ ਨਾਲ਼ ਗੱਲ ਹੋ ਰਹੀ ਸੀ। ਮਾਮਲਾ ਤਾਂ ਮੈਦੇ ਨੇ ਜਾਣ ਲਿਆ ਸੀ ਪਰ ਉਹਦਾ ਮੀਰਾਂ ਨਾਲ਼ ਗੱਲ ਕਰਨ ਨੂੰ ਜੀ ਕਰ ਰਿਹਾ ਸੀ।

"ਕੁਝ ਦੱਸੇਂਗੀ ਤੇ ਮੈਨੂੰ ਸਮਝ ਆਵੇਗੀ ਨਾ।"

"ਬੇਬੇ ਦੀ ਦਾਜ ਵਾਲੀ ਕਠੋਲੀ ਦਾ ਬੂਹਾ ਟੁੱਟ ਗਿਆ ਏ ਤੇ ਉਹ ਖੱਪ ਗਈ ਏ। ਇਕੋ ਕਠੋਲੀ ਏ ਸਾਡੇ ਕੋਲ਼ ਭਾਂਡੇ ਰੱਖਣ ਲਈ।" ਮੀਰਾਂ ਸੀਖ਼ਾਂ ਫੜ ਕੇ ਖਲੋਤੀ ਮੈਦੇ ਨਾਲ਼ ਗੱਲ ਕਰ ਰਹੀ ਸੀ ਤੇ ਅੱਖਾਂ ਉਹਦੇ ਤੇ ਟਿਕੀਆਂ ਹੋਈਆਂ ਸਨ। "ਬਾਰੀ ਦੇ ਸਾਹਮਣੇ ਲਿਆ ਨਾ ਕਠੋਲੀ ਨੂੰ, ਮੈਂ ਵੇਖਾਂ ਤਾਂ ਸਹੀ ਕੀ ਨੁਕਸ ਏ।" ਮੈਦੇ ਉਤਾਂਹ ਹੋ ਕੇ ਇੱਕ ਸੀਖ਼ ਨੂੰ ਹੱਥ ਪਾਇਆ ਤਾਂ ਉਹਨੇ ਅਪਣਾ ਹੱਥ ਮੀਰਾਂ ਦੇ ਹੱਥ ਤੇ ਧਰ ਦਿੱਤਾ। ਦੋਵੇਂ ਚੁੱਪ, ਮੀਰਾਂ ਵੀ ਹੱਥ ਨਾ ਛੁਡਾਇਆ। ਮੀਰਾਂ ਦਾ

ਚਿਹਰਾ ਭੁੱਖ ਗਿਆ। ਉਹਦਾ ਪਿੰਡਾ ਢਿੱਲਾ ਪੈ ਗਿਆ।

"ਕਿੱਥੇ ਰਹਿ ਗਈ ਐਂ ਕੁੜੀਏ?"

"ਆਪੇ ਈ ਘੱਲਿਆ ਸੀ ਭਾਇਮੀ ਦੇ ਕੋਲ਼, ਆਉਂਦੀ ਆਂ ਪਈ।"

"ਆਵੇਂਗਾ ਨਾ ਸਾਡੇ ਵੱਲ?"

"ਤੂੰ ਕਹਿਣੀ ਐਂ ਤਾਂ ਹੁਣੇ ਆ ਜਾਨਾਂ।"

"ਆ ਜਾ ਨਾ, ਬੇਬੇ ਵਾਜਾਂ ਦਿੰਦੀ ਪਈ ਏ।"

ਮੈਦੇ ਛਾਲ ਮਾਰ ਅਪਣਾ ਔਜ਼ਾਰਾਂ ਵਾਲਾ ਬਕਸਾ ਚੁੱਕਿਆ ਤਾਂ ਛਾਲਾਂ ਮਾਰਦਾ ਪਿਛਲੇ ਪਾਸਿਓਂ ਮਾਸੀ ਹਸੀਨਾ ਦੇ ਘਰ ਦੇ ਵੜੇ।

"ਆ ਪੁੱਤਰ ਮੀਦਿਆ, ਵੇਖ ਇਹ ਕਠੋਲੀ ਨੂੰ ਕੀ ਮੌਤ ਪਈ ਓ? ਇਹਦੇ ਬੂਹਿਆਂ ਦੇ ਕਬਜ਼ਿਆਂ ਦੇ ਕਿੱਲ ਨਿਕਲ਼ ਗਏ ਨੇਂ।"

"ਵੇਖਣਾਂ, ਜਾਪਦਾ ਏ ਅੱਧੀ ਇੰਚ ਦੇ ਕਿੱਲ ਹੋਵਣਗੇ ਮੇਰੇ ਕੋਲ਼।" ਮੈਦੇ ਜਮੂਰ ਨਾਲ਼ ਪੁਰਾਣੇ ਕਿੱਲ ਕੱਢੇ ਤੇ ਮੀਰਾਂ ਨੂੰ ਆਖਿਆ, "ਬੂਹੇ ਦੀ ਤਾਕੀ ਚੁੱਕ ਕੇ ਰੱਖ।" ਮੈਦਾ ਕਬਜ਼ੇ 'ਚ ਕਿੱਲ ਠੋਕਣ ਲੱਗਾ। ਉਹਦੇ ਹੱਥ ਤਾਂ ਹਥੌੜੀ ਚਲਾ ਰਹੇ ਸਨ ਪਰ ਅੱਖਾਂ ਉਹਦੀਆਂ ਮੀਰਾਂ ਦੇ ਚਿਹਰੇ ਤੇ ਟਿਕੀਆਂ ਹੋਈਆਂ ਸਨ। "ਹਾਏ ਮੈਂ ਮਰ ਗਈ।" ਮੀਰਾਂ ਇੱਕ ਦਮ ਬੋਲੀ। ਮੈਦੇ ਦੀ ਹਥੌੜੀ ਕਿੱਲ ਦੀ ਥਾਂ ਉਹਦੇ ਅੰਗੂਠੇ ਤੇ ਵੱਜ ਗਈ। ਲਹੂ ਤਾਂ ਨਹੀਂ ਨਿਕਲਿਆ ਪਰ ਅੰਗੂਠਾ ਨੀਲੋ-ਨੀਲ ਹੋ ਗਿਆ। ਮੀਰਾਂ ਹਥੌੜੀ ਖੋਹ ਪਰਾਂਹ ਸੁੱਟੀ ਤੇ ਮੈਦੇ ਦਾ ਅੰਗੂਠਾ ਆਪਣੇ ਮੂੰਹ 'ਚ ਲੈ ਚੂਸਣ ਲੱਗ ਪਈ। ਮੈਦੇ ਦੀ ਦਰਦ ਘੱਟ ਹੋਈ। ਰੌਲ਼ਾ ਸੁਣ ਮਾਸੀ ਹਸੀਨਾ ਓਥੇ ਆਈ। "ਨੀ ਬੱਟ ਬੱਟ ਕੀ ਵੇਖਣੀ ਐਂ, ਦੌੜ ਕੇ ਸੁਹੰਦੇ ਕੋਲ਼ੋਂ ਥੋੜੀ ਬਰਫ਼ ਫੜ ਲਿਆ।" ਮੀਰਾਂ ਪੌੜੀਆਂ ਉੱਤਰ ਬਜ਼ਾਰੀਂ ਮੁੜੀ। ਮੈਦੇ ਅਖ਼ੀਰਲਾ ਕਿੱਲ ਠੋਕਿਆ, ਕਠੋਲੀ ਨੂੰ ਹਿਲਾ ਜਿਲਾ ਕੇ ਵੇਖਿਆ। ਮਾਸੀ ਨਵੇਂ ਕਿੱਲ ਲਾ ਦਿੱਤੇ ਨੇਂ, ਹੁਣ ਨਹੀਂ ਤੰਗ ਕਰਦੀ। "ਠਹਿਰ ਜਾ ਪੁੱਤਰ ਮੀਰਾਂ ਬਰਫ਼ ਲਿਓਣ ਗਈ ਹੈ, ਆਉਂਦੀ ਹੋਣੀ ਏ। ਬਰਫ਼ ਦਾ ਟਕੋਰ ਤੇ ਕਰਵਾ ਲੈ।" "ਮਾਸੀ ਐਡੀ ਸੱਟ ਨਹੀਂ ਲੱਗੀ।" ਦੁਕਾਨ ਵਾਪਸ ਜਾਵੰਦਿਆਂ ਜਦ ਮੈਦਾ ਚਾਚੇ ਜੀਜੇ ਦੇ ਘਰ ਦੇ ਲਾਂਘੇ ਅਪੜਿਆ ਤਾਂ ਉਹਨੂੰ ਮੀਰਾਂ ਆਉਂਦੀ ਨਜ਼ਰੇ ਪਈ।

"ਮੈਂ ਤਾਂ ਤੇਰੇ ਲਈ ਬਰਫ਼ ਲਿਆਵੰਦੀ ਹੈ।" "ਨਹੀਂ, ਮੈਨੂੰ ਤਾਂ ਤੇਰੇ ਚੂਸਣ ਨਾਲ਼ ਹੀ ਅਰਾਮ ਆ ਗਿਆ ਸੀ।"

"ਐਵੇਂ ਯਭਲੀਆਂ ਨਾ ਮਾਰ, ਵੇਖ ਹਾਲ਼ੀ ਵੀ ਨੀਲਾ ਹੋਇਆ ਪਿਆ ਏ।" ਮੀਰਾਂ ਮੈਦੇ ਦਾ ਹੱਥ ਫੜ ਅੰਗੂਠਾ ਆਪਣੇ ਮੂੰਹ 'ਚ ਪਾ ਲਿਆ। ਉਹਨੂੰ ਸਕੂਨ ਮਹਿਸੂਸ ਹੋ ਰਿਹਾ ਸੀ। ਉਹਨੇ ਮੀਰਾਂ ਦੀ ਬਾਂਹ ਫੜ ਲਈ ਤੇ ਖਿੱਚ ਕੇ ਮੀਰਾਂ ਨੂੰ ਆਪਣੇ ਨਾਲ਼ ਚੰਬੇੜ ਲਿਆ। ਦੋਹਾਂ ਦੇ ਜਿਸਮ ਕੰਬ ਰਹੇ ਸਨ।

"ਕਿੱਥੇ ਮਰ ਗਈ ਐਂ ਮੀਰਾਂ?" ਉਸ ਦੀ ਮਾਂ ਦੀ 'ਵਾਜ ਜਦ ਕੰਨੀਂ ਪਈ ਤਾਂ ਮੀਰਾਂ ਝੱਟ ਛੁਡਾਇਆ ਆਪਣੇ ਆਪ ਨੂੰ, ਮੈਦੇ ਕੋਲੋਂ ਤੇ ਨੱਸਦੀ ਪੌੜੀਆਂ ਚੜ ਗਈ। ਉਹਦੇ ਹੱਥ ਫੜੀ ਬਰਫ਼ ਖੁਰ ਗਈ ਸੀ। "ਐਡੀ ਦੇਰ ਲਾ ਦਿੱਤੀ ਉ? ਮੈਦਾ ਤਾਂ ਚਿਰੋਕਣਾ ਟੁਰ ਗਿਆ ਏ।"

"ਨੱਸਦੀ ਤਾਂ ਆਈ ਆਂ ਬੇਬੇ।" "ਕਈਂ ਵਾਰੀ ਆਖਿਆ ਏ ਕੁੜੀਆਂ ਦੌੜਦੀਆਂ ਨਹੀਂ ਜਚਦੀਆਂ ਬਜ਼ਾਰਾਂ 'ਚ। ਵੇਖ ਨਾ ਵਾਲ਼ ਖਿਲਰੇ ਹੋਏ, ਦੁਪੱਟੇ ਦਾ ਵੀ ਧਿਆਨ ਕਾਈ ਨਾ।"



ਮਾਸੀ ਗੱਲਾਂ ਕਰ ਰਹੀ ਹੈ ਤੇ ਮੀਰਾਂ ਬਹੁਕਰ ਫੜ ਵਿਹੜਾ ਹੂੰਝਣ ਲੱਗ ਪਈ।

ਇੰਜ ਤੇ ਮੈਦਾ ਯਾਰਾਂ ਵਜੇ ਦੁਕਾਨ ਜਾਵੰਦਾ ਸੀ ਪਰ ਅੱਜ ਉਸ ਅੱਠ ਵਜੇ ਈ ਦੁਕਾਨ ਖੋਲ ਲਈ। ਛਾਲਾਂ ਮਾਰਦਾ ਪੌੜੀਆਂ ਚੜਿਆ ਤਾਂ ਬੈਠਕ ਦਾ ਜਿੰਦਰਾ ਖੋਲਿਆ। ਸਾਹਮਣੇ ਸੀਖ਼ਾਂ ਵਾਲੀ ਬਾਰੀ ਖੁੱਲੀ ਤੇ ਬਾਹਰ ਤਬੇਲੇ ਵਿਚ ਇਧਰ-ਉਧਰ ਝਾਤੀ ਮਾਰੀ। ਕੋਈ ਨਜ਼ਰ ਨਾ ਆਇਆ। ਉਹ ਬੇਚੈਨ ਹੋ ਰਿਹਾ ਸੀ। ਕਦਾਈਂ ਅੱਡੇ ਤੇ ਬੈਠ ਜਾਏ ਤੇ ਕਦਾਈਂ ਉੱਠ ਕੇ ਬਾਰਿਓਂ ਬਾਹਰ ਝਾਤੀ ਪਾਵੇ।

"ਅੱਜ ਸਵੇਰੇ ਹੀ ਦੁਕਾਨ ਤੇ ਆ ਗਿਆ ਹੈਂ?" ਮੀਰਾਂ ਬਾਰੀ ਦੀਆਂ ਸੀਖ਼ਾਂ ਫੜੀ ਗੱਲ ਕੀਤੀ।

"ਰਾਤੀਂ ਨੀਂਦਰ ਈ ਨਹੀਂ ਪਈ ਤੜਕੇ ਉੱਠ ਗਿਆ ਸਾਂ, ਸੋਚਿਆ ਘਰ ਰਹਿ ਕੇ ਕੀ ਕਰਾਂਗਾ, ਦੁਕਾਨੇ ਆ ਗਿਆ।" ਮੀਰਾਂ ਦੀਆਂ ਸੁੱਜੀਆਂ ਅੱਖਾਂ ਦਸ ਰਹੀਆਂ ਸਨ ਕਿ ਨੀਂਦਰ ਉਹਨੂੰ ਵੀ ਨਹੀਂ ਪਈ। "ਨਾਸ਼ਤਾ ਕੀਤਾ ਈ?" "ਤੇ ਤੂੰ?" ਮੀਰਾਂ ਨੇ ਨਾਂਹ 'ਚ ਸਿਰ ਹਿਲਾਇਆ ਤਾਂ ਮੈਦਾ ਪੌੜੀਆਂ ਉੱਤਰ। ਸੈਲੇ ਪਹਿਲਵਾਨ ਕੋਲੋਂ ਲੱਸੀ ਦਾ ਡੋਂਗਾ ਤੇ ਦੋ ਕੁਲਚੇ ਫੜ ਲਿਆਇਆ। ਮੀਰਾਂ ਓਥੇ ਈ ਬਾਰੀ ਦੇ ਬਾਹਰਲੇ ਪਾਸੇ ਤਬੇਲੇ ਦੇ ਫ਼ਰਸ਼ ਤੇ ਬੈਠੀ ਸੀ। ਮੈਦੇ ਕੁਲਚੇ ਨਾਲੋਂ ਬੁਰਕੀ ਤੋੜੀ, ਉਹਨੂੰ ਲੱਸੀ 'ਚ ਡੁਬੋਇਆ ਤੇ ਆਪਣੇ ਹੱਥੀਂ ਸੀਖ਼ਾਂ ਰਾਹੀਂ ਮੀਰਾਂ ਦੇ ਮੂੰਹ ਤੀਕਰ ਲੈ ਗਿਆ। ਮੀਰਾਂ ਉਹਦਾ ਹੱਥ ਫੜਿਆ ਤੇ ਬੁਰਕੀ ਮੂੰਹ 'ਚ। ਇਸੇ ਤਰਾਂ ਮੀਰਾਂ ਬੁਰਕੀ ਤੋੜੀ ਤੇ ਮੈਦੇ ਦੇ ਮੂੰਹ 'ਚ। ਦੋਹਾਂ ਰਲ਼ ਮਿਲ ਨਾਸ਼ਤਾ ਕੀਤਾ।

## ਨੰਗਾ ਸਾਈਂ/ਨਈਮ ਸਾਧੂ

ਕੰਪਨੀ ਬਾਗ਼ ਹਮੇਸ਼ਾ ਨਿੱਕਾ ਜਿਹਾ ਸਵਿਟਜ਼ਰਲੈਂਡ ਲਗਦਾ ਏ ਮੈਨੂੰ, ਸਾਡਾ ਗਰੀਬਾਂ ਦਾ ਸਵਿਟਜ਼ਰਲੈਂਡ ਜਿੱਥੇ ਢੇਰ ਹਰਿਆਲੀ, ਵੰਨ-ਸਵੰਨੇ ਫੁੱਲ ਸੰਘਣੇ ਰੁੱਖ ਆਬਸ਼ਾਰਾਂ ਤੇ ਪਹਾੜੀਆਂ ਵੀ ਨੇਂ। ਨਵੇਂ ਵਿਆਹੇ ਜੋੜੇ, ਅੰਦਰੂਣ ਸ਼ਹਿਰ ਤੇ ਬਾਹਰਲੇ ਪਿੰਡਾਂ ਤੋਂ ਆਏ ਸੈਲਫ਼ੀਆਂ ਬਣਾਉਂਦੇ ਟੂਰਿਸਟ, ਕੱਚੀਆਂ ਉਮਰਾਂ ਦੇ ਪਿਆਰੇ-ਪੰਛੀ, ਸਾਂਝੇ ਘਰਾਂ ਦੇ ਸ਼ਰੀਕੇ ਅਤੇ ਬਾਲਾਂ ਦੀ ਖੱਪ ਤੋਂ ਤੰਗ ਆਏ ਦੁੱਖ ਸੁਖ ਕਰਦੇ ਅਧਖੜ ਜੋੜੇ, ਲਾਵਣ ਦੇ ਪਤੀਲੇ ਅਤੇ ਰੋਟੀਆਂ ਦੇ ਛਾਬੇ ਲੈ ਕੇ ਰੁੱਖਾਂ ਥੱਲੇ ਬੈਠੇ ਅਤੇ ਆਪਣੀ ਲਹਿਰ ਵਿਚ ਫਿਰਦੇ ਜ਼ਨਾਨੇ ਟੱਬਰ ਇਸ ਬਾਗ਼ ਦੇ ਵੱਖੋ-ਵੱਖਰੇ ਪਾਤਰ ਨੇਂ।

ਲਗਦਾ ਏ ਪੂਰਾ ਜਹਾਨਾਬਾਦ ਏ ਇਸ ਬਾਗ਼ ਅੰਦਰ। ਇੱਕ ਪਾਸੇ ਗੋਰਾ ਰਾਜ ਵਿਚ ਉਸਾਰਿਆ ਨਾਚ ਘਰ, ਜਿਸ ਨੂੰ ਬਟਵਾਰੇ ਬਾਅਦ ਮੁਸਲਮਾਨ ਕਰਕੇ ਲਾਇਬਰੇਰੀ ਬਣਾਇਆ। ਦੂਜੇ ਪਾਸੇ ਇੱਕ ਨਿੱਕਾ ਜਿਹਾ ਕਲੱਬ ਜਿੱਥੇ ਗੋਰਾ ਰਾਜ ਤੋਂ ਬਾਅਦ ਆਏ, ਸ਼ੋਰਾ ਰਾਜ ਦੀਆਂ ਬਰਕਤਾਂ ਨਾਲ਼ ਬਣੇ ਨਵੇਂ ਨਵੇਂ ਅਮੀਰ, ਰਿਟਾਇਰ ਅਫ਼ਸਰ ਤੇ ਸ਼ਹਿਰ ਫ਼ਤਿਹ ਕਰਨ ਆਏ ਪੇਂਡੂ, ਫਿਰ ਤਬਾਜ਼ਾਦੀਆਂ ਮੰਡਲੀਆਂ ਬੈਠਦੀਆਂ ਨੇਂ। ਗੋਰੇ ਦੀ ਸਿਖਲਾਈ ਅਤੇ ਸ਼ੋਰੇ ਦੀ ਤਾਬੇਦਾਰੀ ਦਾ ਕੋਈ ਜੋੜ ਨਹੀਂ, ਰਿਟਾਇਰ ਹੋਵਣ ਤੋਂ ਬਾਅਦ ਵੀ। ਅਫ਼ਸਰ ਅਫ਼ਸਰ ਈ ਰਹਿੰਦਾ ਏ ਤੇ ਕਲਰਕ ਕਲਰਕ ਬਣ ਕੇ ਜਿਊਂਦਾ ਏ ਆਖ਼ਰੀ ਸਾਹ ਤਾਈਂ। ਇਥੇ ਕਲਰਕ ਪੇਸ਼ਾ ਰਿਟਾਇਰ ਪਿਆਦੇ ਸਾਰਾ ਦਿਨ ਸ਼ਹਿਰ ਸਿੰਘ ਕੇ ਸ਼ਾਮੀਂ ਮੁਫ਼ਤ ਦੀ ਚਾਹ ਪੇਸਟਰੀ ਅਤੇ ਇੱਕ ਦੋ ਪੈੱਗ ਸ਼ਰਾਬ ਦੇ ਲਾਲਚ ਵਿਚ

ਰਿਟਾਇਰ ਅਫ਼ਸਰਾਂ ਨੂੰ ਲੋਕਾਂ ਦੇ ਕਿੱਸੇ ਸੁਨਾਉਣ ਢੁੱਕਦੇ ਨੇਂ। ਬੜੇ ਰੰਗ ਨੇਂ ਇਸ ਬਾਗ਼ ਦੇ। ਮੌਲਵੀ ਫ਼ਨਕਾਰ ਦੀ ਮਸੀਤ ਦੀ ਕੱਛ ਵਿਚ ਵਗਦਾ ਗੰਦਾ ਨਾਲਾ ਅਤੇ ਮਦਰਸਿਆਂ ਦੇ ਮੁੱਛ ਮੁੰਨੇ ਦਾੜ੍ਹੀ ਟੋਪੀ ਵਾਲੇ ਮੁੰਡੇ ਵਿਖਾਈ ਨਾ ਦੇਵਨ ਤਾਂ ਨਿੱਕਾ ਜਿਹਾ ਸਵਿਟਜ਼ਰਲੈਂਡ ਈ ਲਗਦਾ ਏ ਬਾਗ਼।

ਇਸ ਬਾਗ਼ ਦੇ ਬੇਸ਼ੁਮਾਰ ਰੰਗਾਂ ਵਿਚ ਸਭ ਤੋਂ ਸੋਹਣਾ ਰੰਗ ਇੱਕ ਚੁੱਪ ਚਾਣ ਦਰਗਾਹ ਦਾ ਰੰਗ ਏ। ਸਖ਼ੀ ਤੁਰਤ ਮੁਰਾਦ ਦੇ ਲਕਬ ਤੋਂ ਮਸ਼ਹੂਰ ਇਸ ਦਰਗਾਹ ਬਾਰੇ ਆਮ ਏ ਕਿ ਇਥੇ ਆਉਣ ਵਾਲਿਆਂ ਨੂੰ ਛੇਤੀ ਖ਼ੈਰ ਪੈਂਦੀ ਏ। ਦਰਗਾਹ ਦੇ ਬਾਹਰ ਲੱਗੇ ਲੱਕੜ ਦੇ ਬੰਚ ਤੇ ਬੈਠਾ, ਆਪਨੀ ਸਹੇਲੀ ਨੂੰ ਉਡੀਕ ਰਿਹਾ ਸੀ। ਧਿਆਨ ਮੇਰਾ ਸਾਹਮਣੇ ਕਿਆਰੀ ਵਿਚ ਖੜੇ ਪਰੂਟੋ ਲਾਕਾ ਦੇ ਫੁੱਲਾਂ ਵਿਚ ਜਿਹਨਾਂ ਨੂੰ ਵਡੇਰੇ ਮਾਲੀ ਫੋਟੋ ਲਾਕਾ ਆਖਦੇ ਨੇਂ। ਇਨਾਂ ਫੁੱਲਾਂ ਦੇ ਰੰਗ ਮੈਨੂੰ ਹਮੇਸ਼ ਵਾਟਰ ਕਲਰ ਟਿਊਬ ’ਚੋਂ ਨਿਕਲੇ ਤਾਜ਼ੇ ਰੰਗਾਂ ਵਾਂਗ ਲਗਦੇ ਨੇਂ। ਮੈਂ ਰੰਗਾਂ ਵਿਚ ਰੰਗਿਆ ਮਸਤ ਬੈਠਾ ਸੀ। ਇੱਕ ਪਾਸਿਓਂ ਕਾਫ਼ੀ ਤਗੜੇ ਸਲਾਮ ਦੀ ‘ਵਾਜ ਆਈ। ਸਿਰ ਚੁੱਕਿਆ ਤੇ ਇੱਕ ਜਿਣਾ ਮੇਰੇ ਸਿਰਹਾਣੇ ਖੜਾ ਮਧਰੇ ਕੱਦ ਦਾ ਪਹਿਲਵਾਨਾਂ ਵਰਗਾ ਜੁੱਸਾ, ਲੱਕਦੀ ਬੱਧੀ ਹੋਈ ਸੀ। ਕੁਰਤੇ ਦੀ ਥਾਂ ਮਲਮਲ ਦੀ ਬਰੀਕ ਚੁੰਨੀ, ਸਿਰੋਂ ਪੈਰੋਂ ਨੰਗਾ ਅਤੇ ਅੱਖ ਵਿਚ ਬਘਿਆੜਾਂ ਵਰਗੀ ਲਿਸ਼ਕ।

“ਕੀ ਹਾਲ ਏ ਬਾਊ ਤੇਰਾ ?”

“ਮੈਂ ਠੀਕ ਆਂ।”

“ਮੈਨੂੰ ਨੰਗਾ ਸਾਈਂ ਆਖਦੇ ਨੇਂ।”

“ਤੇ ਮੈਂ ਕੀ ਕਰਾਂ ?” ਮੈਂ ਕਹਿੰਦਾ ਕਹਿੰਦਾ ਰੁਕ ਗਿਆ। ਕਿਉਂ ਜੇ ਮੇਰੀ ਸਹੇਲੀ ਕਿਸੇ ਵੇਲੇ ਵੀ ਆਉਣ ਵਾਲੀ ਸੀ। ਇਥੇ ਛਿੰਝ ਪਾ ਕੇ ਇਸ ਕੋਲੋਂ ਬਸਤੀ ਕਰਾਉਣ ਦਾ ਡਰ ਸੀ। ਉਹ ਮੇਰੇ ਰਾਹ ਜਾਂਦੇ ਪੰਗਿਆਂ ਤੋਂ ਢੇਰ ਤੰਗ ਤੇ ਬਸਤੀ ਵੀ ਦੁਰਲਤ ਲੈ ਵਿਚ ਕਰਦੀ ਸੀ। ਮੈਂ ਇਹ ਸੋਚ ਕੇ ਦੜ ਵੱਟ ਗਿਆ।

“ਮੈਨੂੰ ਨੰਗਾ ਸਾਈਂ ਆਖਦੇ ਨੇਂ।”

ਉਹ ਮੁੜ ਬੋਲਿਆ, “ਚਾਹ ਪਿਛਵਾੜੇ ਝੁਰਮਟ ਸਾਈਂ ਦੀ ਦਰਗਾਹ ਤੋਂ ਫ਼ੈਜ਼ ਏ ਸਾਨੂੰ, ਬੜਾ ਕਰਮ ਏ ਮਾਲਿਕ ਦਾ। ਲੋਕੀ ਦੂਰੋਂ ਦੂਰੋਂ ਆਉਂਦੇ ਨੇਂ ਬਾਮੁਰਾਦ ਜਾਂਦੇ ਨੇਂ। ਫ਼ਕੀਰ ਜੋ ਮੂੰਹੋਂ ਕੱਢ ਦੇਵੇ ਪੂਰਾ ਕਰਦਾ ਏ ਰੱਬ ਸਾਈਂ।” “ਅੰਦਰੂਨ ਮਜ਼ਨਗ ਈ ਡੇਰਾ ਏ ਸਾਡਾ ਤੁਸਾਂ ਮੇਨ ਬਜ਼ਾਰ ਆ ਕੇ ਕਿਸੇ ਵੀ ਬਾਲ ਨੂੰ ਪੁਛ ਲੈਣਾ, ਨੰਗਾ ਸਾਈਂ, ਸਭੋ ਜਾਣਦੇ ਨੇਂ, ਲੈ ਆਉਣਗੇ ਤੁਹਾਨੂੰ, ਰੱਬ ਬੜੀ ਮਿਹਰ ਕਰੇਗਾ ਜ਼ਰੂਰ ਆਇਆ ਜੇ।”

ਮੈਂ ਚੁੱਪ ਚਾਪ ਸੁਣਦਾ ਰਿਹਾ ਉਹ ਮੁੜ ਸ਼ੁਰੂ ਹੋ ਗਿਆ।

“ਬਾਊ, ਜੇ ਤੂੰ ਇਸ ਪਦ ਘਟਣੀ ਦੀ ਥਾਵੇਂ ਸਲਵਾਰ ਕਮੀਜ਼ ਪਾ ਕੇ ਆ ਜਾਂਦੋਂ ਤੇ ਗੱਲ ਬਣ ਜਾਣੀ ਸੀ ਤੇਰੀ। ਇਹ ਸਖ਼ੀ ਦਾ ਦਰਬਾਰ ਏ ਸਾਦਗੀ ਵਿਚ ਆਇਆ ਕਰ। ਅਦਬ ਸਿੱਖ ਅਦਬ, ਤਮੀਜ਼ ਸਿੱਖ, ਬਾਅਦਬ ਬਾਮੁਰਾਦ ਬੇ ਅਦਬ ਬੇ ਮੁਰਾਦ।

ਆਪਣੇ ਥੈਲੇ ਵਿਚੋਂ ਦੋ ਕਿਤਾਬਾਂ ਕੱਢ ਮੈਨੂੰ ਦੇਣ ਲੱਗਾ, “ਲੈ ਫੜ ਫ਼ਕਰ ਦਾ ਖ਼ਜ਼ਾਨਾ ਬਖ਼ਸ਼ਿਆ ਤੈਨੂੰ ਪੜ ਲੈ ਸੱਤੇ ਖ਼ੈਰਾਂ ਹੋਸਨ।”

**ਬਾਕੀ ਪੰਨਾ ਨੰ. 82 ’ਤੇ**



## ਕਹਾਣੀ ਦੇ ਅੰਗ-ਸੰਗ: ਸਿਮਰਨ ਧਾਲੀਵਾਲ

### ਮੇਰੇ ਕੋਲ ਜ਼ਿੰਦਗੀ ’ਚ ਜੇ ਕੋਈ ਪ੍ਰਾਪਤੀ ਹੈ ਤਾਂ ਉਹ ਮੇਰੀ ਕਲਮ ਹੀ ਹੈ

**-ਅਨੇਮਨ ਸਿੰਘ**

? ਕਹਾਣੀ ਸਿਰਜਣਾ ਦੇ ਆਪਣੇ ਢੰਗ ਬਾਰੇ ਦੱਸੋ।

-ਕਹਾਣੀ ਦੀ ਸਿਰਜਣਾ ਮੇਰੇ ਲਈ ਇਕ ਰਹੱਸ ਹੀ ਹੈ। ਕਦੇ ਕਹਾਣੀ ਕਿੰਨਾ-ਕਿੰਨਾ ਚਿਰ ਦਿਮਾਗ਼ ’ਚ ਘੁੰਮਦੀ ਰਹਿੰਦੀ ਹੈ। ਪਾਤਰ ਮਨ ਨੂੰ ਟਕੋਰਾਂ ਲਾਉਂਦੇ ਰਹਿੰਦੇ ਹਨ। ਘਟਨਾਵਾਂ ਊਬੜ-ਖਾਬੜ ਲਹਿਰਾਂ ਵਾਂਗ ਮਨ ਮਸਤਕ ’ਚ ਟਕਰਾਉਂਦੀਆਂ ਹਨ ਤੇ ਫਿਰ ਵਾਪਸ ਚੱਲੀਆਂ ਜਾਂਦੀਆਂ ਹਨ। ਕਿਸੇ ਅਦਿੱਸ ਸੰਸਾਰ ’ਚ। ਮੈਂ ਵਿਉਂਤਾਂ ਲਾਉਂਦਾ ਰਹਿੰਦਾ ਹਾਂ ਕਿ ਕਹਾਣੀ ਕਦੋਂ ਤੇ ਕਿਵੇਂ ਆ ਸਾਕਾਰ ਹੋ ਜਾਵੇ। ਪਰ ਵਿਉਂਤਾ ਉਵੇਂ ਬਰਕਰਾਰ ਰਹਿੰਦੀਆਂ ਹਨ। ਕਿੰਨੀਆਂ ਘਟਨਾਵਾਂ ਮੇਰੇ ਜਿਹਨ ’ਚ ਹਨ, ਜਿਨ੍ਹਾਂ ਨੂੰ ਵੀਹ ਸਾਲਾਂ ਤੋਂ ਉੱਤੇ ਦਾ ਸਮਾਂ ਹੋ ਗਿਆ। ਪਰ ਕਹਾਣੀ ਦੇ ਰੂਪ ’ਚ ਅਜੇ ਇਹ ਆ ਪ੍ਰਤੱਖ ਕਲਮ ਤੇ ਸਾਕਾਰ ਨਹੀਂ ਹੋਈਆਂ। ਪਿਛਲੇ ਸਾਲ ਮੈਂ ਇਕੱਠੀਆਂ ਚਾਰ ਕਹਾਣੀਆਂ ਕਰੀਬ ਪੰਦਰ੍ਹਾਂ ਕੁ ਦਿਨਾਂ ’ਚ ਹੀ ਲਿਖੀਆਂ ‘ਜਾਨਵਰ’, ‘ਵੇਲ੍ਹ’, ‘ਬੁਝਾਰਤ’ ਤੇ ‘ਵਿਗੋਰਾ-50’। ਜਿਨ੍ਹਾਂ ਨੂੰ ਪੜ੍ਹ ਕੇ ਮੈਂ ਖ਼ੁਦ ਵੀ ਹੈਰਾਨ ਹੋਇਆ। ਪਰ ਇਹ ਚਾਣਚੱਕ ਲਿਖੀਆਂ ਹੀ ਗਈਆਂ ਸਨ, ਇਨ੍ਹਾਂ ’ਚੋਂ ‘ਬੁਝਾਰਤ’ ਕਹਾਣੀ ਨੂੰ ਛੱਡ ਕੇ ਬਾਕੀ ਤਿੰਨੇ ਕਹਾਣੀਆਂ ਕਾਫ਼ੀ ਅਰਸੇ ਤੋਂ ਮੇਰੇ ਮਨ ’ਚ ਕੁੱਦ ਰਹੀਆਂ ਸਨ, ਜੋ ਇੰਨੀ ਦੇਰ ਬਾਅਦ ਆਪਣੇ ਅਸਲ ਰੂਪ ’ਚ ਆ ਪ੍ਰਗਟ ਹੋਈਆਂ। ਕਹਾਣੀ ‘ਬੁਝਾਰਤ’ ਬਾਰੇ ਮੈਂ ਵੀ ਹੈਰਾਨ ਹਾਂ ਕਿ ਇਹ ਮਹਿਜ ਪੰਦਰਾਂ ਦਿਨ ਪਹਿਲਾਂ ਅਖ਼ਬਾਰ ’ਚ ਛਪੀ ਇਕ ਖ਼ਬਰ ਨੂੰ ਪੜ੍ਹ ਕੇ ਇੰਨੀ ਛੇਤੀ ਕਿਵੇਂ ਲਿਖੀ ਗਈ। ਹੋ ਸਕਦਾ ਹੈ ਇਸ ਤਰ੍ਹਾਂ ਦੀ ਕਹਾਣੀ ਜਾਂ ਇਸਦਾ ਪਲਾਟ ਪਹਿਲਾਂ ਦਾ ਹੀ ਮੇਰੇ ਜਿਹਨ ਦੇ ਕਿਸੇ ਖੂੰਝੇ ਪਿਆ ਆਪਣੇ ਕਹਾਣੀ ਰੂਪ ’ਚ ਆਉਣ ਦੀ ਉਡੀਕ ਕਰ ਰਿਹਾ ਹੋਵੇ। ਕੁਝ ਵੀ ਹੈ ਕਹਾਣੀ ਲਿਖਣਾ ਮੇਰੇ ਲਈ ਰਹੱਸ ਹੀ ਹੈ। ਜੇ ਮੈਂ ਲੇਖਕ ਨਾ ਹੁੰਦਾ ਤਾਂ ਸ਼ਾਇਦ ਹੁਣ ਨੂੰ ਖ਼ੁਦਕੁਸ਼ੀ ਕਰ ਚੁੱਕਾ ਹੁੰਦਾ। ਮੈਨੂੰ ਮੇਰੀ ਕਲਮ ਬਚਾ ਕੇ ਰੱਖਦੀ ਹੈ। ਕਲਮ ਨੇ ਮੈਨੂੰ ਬਹੁਤ ਕੁਝ ਦਿੱਤਾ ਹੈ। ਹਰ ਰਿਸ਼ਤਾ। ਮੈਂ ਇਸ ’ਤੇ ਬਹੁਤ ਫਖ਼ਰ ਕਰਦਾ ਹਾਂ। ਮੇਰੇ ਕੋਲ ਜ਼ਿੰਦਗੀ ’ਚ ਜੇ ਕੋਈ ਪ੍ਰਾਪਤੀ ਹੈ ਤਾਂ ਉਹ ਮੇਰੀ ਕਲਮ ਹੀ ਹੈ।

? ‘ਗਲੀ ਨੰਬਰ ਕੋਈ ਨਹੀਂ’ ਤੁਹਾਡੀ ਚਰਚਿਤ ਕਹਾਣੀ ਹੈ। ਇੰਨੀ ਬਰੀਕੀ ਨਾਲ ਲੋਧੀ ਪਾਤਰ ਦੀ ਮਾਨਸਿਕਤਾ ਕਿਵੇਂ ਫੜ੍ਹ ਪਾਏ ਤੁਸੀਂ।

-ਇਹ ਤੇਰੀ ਗੱਲ ਸਿਮਰਨ ਮੈਨੂੰ ਵੀ ਜੱਚਦੀ ਹੈ। ‘ਗਲੀ ਨੰਬਰ ਕੋਈ ਨਹੀਂ’ ਕਹਾਣੀ ਲਿਖਣ ਵੇਲੇ ਵੀ ਮੈਨੂੰ ਚਾਰ-ਪੰਜ ਸਾਲ ਲੱਗੇ। ਇਸ ਦਾ ਕਾਰਨ ਇਹ ਸੀ ਕਿ ਕਹਾਣੀ ਦਾ ਮੁੱਖ ਪਾਤਰ ਲੋਧੀ ਮੇਰੇ ਨਾਲ ਹੀ ਕੰਮ ਕਰ ਰਿਹਾ ਸੀ। ਉਸਨੂੰ ਮੈਂ ਆਪਣੇ ਕੰਮ ’ਚ ਹੈਲਪਰ ਵਜੋਂ ਰੱਖਿਆ ਹੋਇਆ ਸੀ। ਉਸ ਦੀ ਲਾਈਫ਼ ਬਾਰੇ ਮੈਂ ਕਾਫ਼ੀ ਨੇੜੇ ਤੋਂ ਤੱਕਦਾ ਤੇ ਸੁਣਦਾ ਆ ਰਿਹਾ ਸਾਂ। ਉਸ ਦੇ ਪਰਿਵਾਰ, ਉਸ ਦੇ ਦੋਸਤ, ਉਸਦਾ ਆਲਾ-ਦੁਆਲਾ। ਉਸ ਦਾ ਵਿਚਰਨਾ। ਉਹ ਸਾਡੇ ਕੋਲ ਆ ਕੇ ਪੜ੍ਹਿਆਂ-ਲਿਖਿਆਂ ਵਾਂਗ ਵਿਚਰਦਾ ਸੀ ਤੇ ਆਪਣੇ ਘੇਰੇ ਦੇ ਦੋਸਤਾਂ, ਪਰਿਵਾਰਕ ਮੈਂਬਰਾਂ ਨਾਲ ਹੋਰ ਤਰ੍ਹਾਂ ਪੇਸ਼ ਆਉਂਦਾ ਸੀ। ਉਸ ਅੰਦਰ ਦਬੰਗੀ ਬਹੁਤ ਸੀ, ਉਹ ਮੇਰੇ ਨਾਲ ਬਹੁਤ ਖੁੱਲ੍ਹ ਕੇ ਆਪਣੇ ਪਰਿਵਾਰ, ਦੋਸਤਾਂ, ਇਰਦ-ਗਿਰਦ ਦੀਆਂ ਗੱਲਾਂ-ਘਟਨਾਵਾਂ ਨੂੰ ਸਾਂਝੀਆਂ ਕਰਦਾ

ਰਹਿੰਦਾ। ਜਿਨ੍ਹਾਂ ਬਾਰੇ ਸੁਣ ਕੇ ਮੈਨੂੰ ਹੈਰਾਨੀ ਵੀ ਹੁੰਦੀ ਤੇ ਮੇਰੇ ਅੰਦਰ ਉਤਸੁਕਤਾ ਵੀ ਜਾਗਦੀ। ਕਈ ਵਾਰ ਰਾਤ ਨੂੰ ਨੀਂਦ ਨਾ ਆਉਂਦੀ। ਮੇਰਾ ਮਨ ਕਰਨ ਲੱਗਾ ਕਿ ਮੈਂ ਉਸ 'ਤੇ ਕਹਾਣੀ ਲਿਖਾਂ। ਪਰ ਕਹਾਣੀ ਆਪਣਾ ਸਿਰਾ ਹੱਥ ਨਹੀਂ ਫੜਾ ਰਹੀ ਸੀ। ਤੇ ਇੱਕ ਦਿਨ ਉਹ ਜਦੋਂ ਦਫ਼ਤਰ ਆਇਆ ਤਾਂ ਉਸ ਕੋਲ ਵੱਡਾ ਸਾਰਾ ਚਾਕੂ ਸੀ। ਮੈਂ ਦੇਖਿਆ ਤਾਂ ਉਹ ਉਸ ਨੂੰ ਲੁਕਾਉਣ ਲੱਗਾ, 'ਮੈਂ ਕਿਹਾ ਕਿ ਇਹ ਕਾਹਦੇ ਲਈ ਚੁੱਕੀ ਫਿਰਦਾਂ?' ਉਹ ਸਹਿਜ ਹੀ ਬੋਲਿਆ, 'ਕਾਣੇ ਨੂੰ ਮਾਰੂੰਗਾ ਇਹਦੇ ਨਾਲ।' ਮੈਂ ਠਠੰਬਰ ਗਿਆ। ਜਦੋਂ ਮੈਂ ਉਸ ਨੂੰ ਸਮਝਾਉਣ ਲੱਗਾ ਤਾਂ ਉਹ ਇਕਦਮ ਟੋਨ ਬਦਲ ਗਿਆ, 'ਮੈਂ ਤਾਂ ਜੀ ਮਜਾਕ ਕਰਦਾ ਸੀ।' ਮੈਨੂੰ ਪੜ੍ਹਦਿਆਂ ਦੇਖ ਉਹ ਅਕਸਰ ਕਹਿੰਦਾ ਰਹਿੰਦਾ ਕਿ ਮੈਂ ਉਸ ਤੇ ਕਹਾਣੀ ਲਿਖਾਂ। ਤੇ ਫਿਰ ਇਕ ਦਿਨ ਇਹ ਕਹਾਣੀ ਪੂਰੀ ਹੋ ਗਈ। ਇਸ ਵਿਚ ਕੁਝ ਘਟਨਾਵਾਂ ਮੇਰੇ ਬਚਪਨ ਦੀਆਂ ਵੇਖੀਆਂ ਨੂੰ ਵੀ ਮੈਂ ਸ਼ਾਮਲ ਕਰ ਲਿਆ। ਕਹਾਣੀ 'ਚ ਕਾਣਾ, ਲੋਧੀ, ਤੇ ਹੋਰ ਬੱਚਿਆਂ ਦੇ ਸਾਰੇ ਪਾਤਰਾਂ ਦੇ ਨਾਮ ਅਸਲ 'ਚ ਵੀ ਇਹੋ ਸਨ। ਕਹਾਣੀ ਮੈਂ ਸਭ ਤੋਂ ਪਹਿਲਾਂ ਲੋਧੀ ਨੂੰ ਪੜ੍ਹ ਕੇ ਸੁਣਾਈ ਸੀ, ਉਸਨੂੰ ਵੀ ਚੰਗੀ ਲੱਗੀ। ਕਹਾਣੀ ਜਦੋਂ ਛਪੀ ਤਾਂ ਮੈਂ ਇਕ ਵਾਰ ਇਨ੍ਹਾਂ ਨਾਵਾਂ ਕਾਰਨ ਡਰ ਗਿਆ ਸਾਂ। ਪਰ ਫਿਰ ਸਮੇਂ ਦੇ ਨਾਲ ਮੇਰਾ ਇਹ ਡਰ ਵੀ ਕਪੂਰ ਬਣ ਉੱਡ-ਪੁੱਡ ਗਿਆ ਸੀ। ਲੋਧੀ ਨੂੰ ਮੈਂ ਤੇ ਮਾਨਸਾ ਦੇ ਲੇਖਕ ਮਿੱਤਰ 'ਗੋਰਕੀ' ਕਹਿੰਦੇ ਹੁੰਦੇ ਸਾਂ। ਇਹ ਨਾਮ ਉਸ ਦਾ ਦੇਵਨੀਤ ਨੇ ਰੱਖਿਆ ਸੀ। ਗੋਰਕੀ ਨੇ ਮੈਨੂੰ ਇਕ ਚੰਗੀ ਕਹਾਣੀ ਦਿੱਤੀ ਸੀ। ਹੁਣ ਵੀ ਮੇਰੇ ਲੇਖਕ ਦੋਸਤ ਕਹਿੰਦੇ ਰਹਿੰਦੇ ਹਨ ਕਿ ਮੈਂ 'ਗਲੀ ਨੰਬਰ ਕੋਈ ਨਹੀਂ-2' ਕਹਾਣੀ ਲਿਖਾਂ ਕਿਉਂਕਿ ਲੋਧੀ ਦੇ ਇਸ ਤੋਂ ਅਗਲੇ ਅੱਲ੍ਹੜ ਜੀਵਨ ਦਾ ਪੜਾਅ ਹੋਰ ਵੀ ਰਹੱਸਾਂ ਨਾਲ ਭਰਪੂਰ ਰਿਹਾ। ਅਫਸੋਸ ਉਸਦੀ 17 ਵਰ੍ਹਿਆਂ ਦੀ ਉਮਰ 'ਚ ਹੀ ਐਕਸੀਡੈਂਟ ਨਾਲ ਮੌਤ ਹੋ ਗਈ। ਉਸ ਦੇ ਜਾਣ ਦਾ ਮੈਨੂੰ ਬਹੁਤ ਦੁੱਖ ਹੈ। ਮੈਂ ਕਈ ਵਾਰ ਇਕੱਲਾ ਉਸ ਬਾਰੇ ਸੋਚ ਰੋਣ ਲੱਗ ਪੈਂਦਾ ਹਾਂ। ਉਸਦੀ ਮਾਂ, ਭਰਾ ਤੇ ਹੋਰ ਦੋਸਤ ਮੈਨੂੰ ਅੱਜ ਵੀ ਮਿਲਦੇ-ਗਿਲਦੇ ਰਹਿੰਦੇ ਹਨ। ਲੋਧੀ ਬਾਰੇ 'ਲਕੀਰ' 'ਚ ਇਕ ਰਾਜਵਿੰਦਰ ਮੀਰ ਨੇ ਵੀ ਆਰਟੀਕਲ ਲਿਖਿਆ ਸੀ, ਮੇਰੀ ਕਹਾਣੀ ਨੂੰ ਆਧਾਰ ਬਣਾ ਕੇ। ਉਸ ਦੀ ਵੀ ਕਾਫ਼ੀ ਚਰਚਾ ਹੋਈ ਸੀ। ਲੋਧੀ ਦੇ ਤੁਰ ਜਾਣ ਤੋਂ ਬਾਅਦ ਮੈਂ 'ਕਹਾਣੀ ਪੰਜਾਬ' 'ਚ ਇਕ ਯਾਦ ਦੇ ਤੌਰ 'ਤੇ 'ਸਾਡਾ ਆਪਣਾ ਬਣਾਇਆ ਗੋਰਕੀ' ਲੇਖ ਵੀ ਲਿਖ ਚੁੱਕਾ ਹਾਂ ਜੋ ਕਾਫ਼ੀ ਪਾਠਕਾਂ ਵੱਲੋਂ ਸਰਾਹਿਆ ਗਿਆ। ਸਵ. ਰਾਮ ਸਰੂਪ ਅਣਖੀ ਜੀ ਮੇਰੇ ਦਫ਼ਤਰ ਬੈਠੇ ਕਿੰਨਾ ਚਿਰ ਲੋਧੀ ਨਾਲ ਗੱਲਾਂ ਕਰਦੇ ਰਹਿੰਦੇ ਸਨ। ਉਹਨਾਂ ਦੇ ਬੇਟੇ ਡਾ. ਕ੍ਰਾਂਤੀਪਾਲ ਹੁਰਾਂ ਨੇ 'ਕਹਾਣੀ ਪੰਜਾਬ' ਦੇ ਸੌਂਵੇਂ ਵਿਸ਼ੇਸ਼ ਅੰਕ 'ਚ ਇਸ ਆਰਟੀਕਲ ਨੂੰ ਵਿਸ਼ੇਸ਼ ਤੌਰ 'ਤੇ ਪ੍ਰਕਾਸ਼ਿਤ ਕੀਤਾ ਤਾਂ ਇਸ ਨੂੰ ਹੋਰ ਵੀ ਬਹੁਤ ਸਾਰੇ ਨਵੇਂ ਪਾਠਕ ਨਸੀਬ ਹੋਏ। 'ਗਲੀ ਨੰਬਰ ਕੋਈ ਨਹੀਂ' ਕਹਾਣੀ ਦੇ ਨਾਮ 'ਤੇ ਹੀ ਮੈਂ ਆਪਣੀ ਪੁਸਤਕ ਦਾ ਨਾਮ ਰੱਖਿਆ। ਇਸਦੇ ਹੁਣ ਤੱਕ ਤਿੰਨ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਅੱਜ ਵੀ ਪਾਠਕ ਇਸ ਪੁਸਤਕ ਦੀ ਮੰਗ ਕਰਦੇ ਹਨ। ਇਸ ਕਹਾਣੀ ਨੂੰ ਭਾਵੇਂ ਲਿਖਿਆਂ ਚੌਦ੍ਹਾਂ ਸਾਲ ਹੋ ਗਏ ਪਰ ਅੱਜ ਵੀ ਇਸ ਕਹਾਣੀ ਦੀ ਚਰਚਾ ਉਵੇਂ ਚੱਲਦੀ ਰਹਿੰਦੀ ਹੈ। ਇਸ ਸਾਰੇ ਮਾਣ ਦਾ ਅਸਲ ਹੱਕਦਾਰ ਲੋਧੀ ਹੀ ਤਾਂ ਹੈ। ਮੈਂ ਆਪਣੀ ਨਸ਼ਿਆਂ 'ਤੇ ਸੰਪਾਦਿਤ ਪੁਸਤਕ 'ਭਾਈਬੰਦ' ਜਿਸਨੂੰ ਆਰਸੀ ਪ੍ਰਕਾਸ਼ਨ ਦਿੱਲੀ ਨੇ ਪ੍ਰਕਾਸ਼ਿਤ ਕੀਤਾ ਹੈ, ਨੂੰ ਲੋਧੀ ਨੂੰ ਹੀ ਸਮਰਪਿਤ ਕੀਤੀ ਹੈ।

? ਅਜੋਕੀ ਕਹਾਣੀ ਬੰਦੇ ਦੇ ਮਨ ਨਾਲ ਵਧੇਰੇ ਸੰਬੰਧਿਤ ਹੈ, ਤੁਸੀਂ ਕੀ ਦੇਖਦੇ ਹੋ? ਕਹਾਣੀ ਬੰਦੇ ਦੇ ਅੰਦਰ ਬੈਠੇ ਬੰਦੇ ਨੂੰ ਫੜ੍ਹਨ ਵਿਚ ਕਿੰਨੀ ਕੁ ਕਾਮਯਾਬ ਹੈ।



-ਅੱਜ ਦਾ ਸਮਾਂ ਬਾਹਰੀ ਤੜਕ-ਭੜਕ ਵਾਲਾ ਜ਼ਰੂਰ ਹੈ। ਬੰਦਾ ਬਾਹਰੀਂ ਤੌਰ 'ਤੇ ਵਿਚਰ ਤਾਂ ਰਿਹਾ ਹੈ ਪਰ ਅੰਦਰੋਂ ਉਸ ਵਿਚ ਬਹੁਤ ਕੁਝ ਅਜਿਹਾ ਚੱਲ ਰਿਹਾ ਹੁੰਦਾ ਜਿਸਨੂੰ ਉਹ ਆਪਣੇ ਚਿਹਰੇ 'ਤੇ ਨਹੀਂ ਲਿਆਉਂਦਾ। ਅਸੀਂ ਬੰਦੇ ਨੂੰ ਫੜ੍ਹਨਾ ਹੈ ਤਾਂ ਪਹਿਲਾਂ ਉਸ ਨੂੰ ਮਹਿਸੂਸ ਕਰਨਾ ਹੁੰਦਾ ਹੈ। ਅੱਜ ਦੀ ਕਹਾਣੀ ਵੀ ਇਸੇ ਮਹਿਸੂਸ ਕਰਨ 'ਤੇ ਕੇਂਦਰਿਤ ਹੈ। ਬੰਦੇ ਨੂੰ ਬਾਹਰੀ ਤੌਰ 'ਤੇ ਫੜ੍ਹਨ ਦੀ ਬਜਾਇ ਅੰਦਰੋਂ ਫੜ੍ਹਨ ਵੱਲ ਵਧੇਰੇ ਰੁਚਿਤ ਹੈ। ਮੇਰੇ ਸਮਕਾਲੀ ਕਹਾਣੀਕਾਰ ਬੰਦੇ ਦੇ ਅੰਦਰ ਨੂੰ ਫੜਨ 'ਚ ਕਾਫ਼ੀ ਕਾਮਯਾਬ ਹੋ ਰਹੇ ਹਨ। ਨਵੇਂ ਕਹਾਣੀਕਾਰਾਂ ਨੇ ਸਾਡੇ ਪੂਰਵਲੇ ਕਹਾਣੀਕਾਰਾਂ ਨਾਲੋਂ ਵੱਧ ਗੰਭੀਰਤਾ, ਮਹੀਨਗੀ ਦੇ ਨਾਲ ਬੰਦੇ ਦੀ ਅੰਦਰੂਨੀ ਖਲਜਗਣ ਨੂੰ ਆਪਣੀਆਂ ਕਹਾਣੀਆਂ 'ਚ ਉਕੇਰਿਆ ਹੈ।

? ਕੁਝ ਐਸੀਆਂ ਕਹਾਣੀਆਂ, ਕੁਝ ਐਸੇ ਕਹਾਣੀਕਾਰਾਂ ਦਾ ਜ਼ਿਕਰ ਕਰੋ, ਜੋ ਤੁਹਾਡੇ ਲਿਖਣ ਵਿਚ ਪ੍ਰੇਰਨਾ ਬਣਦੇ ਹਨ।

-ਮੈਂ ਜਦੋਂ ਪੜ੍ਹਨਾ ਸ਼ੁਰੂ ਕੀਤਾ ਤਾਂ ਸਭ ਤੋਂ ਪਹਿਲਾਂ ਪ੍ਰੇਮ ਪ੍ਰਕਾਸ਼, ਅਜੀਤ ਕੌਰ, ਗੁਰਬਚਨ ਸਿੰਘ ਭੁੱਲਰ, ਮੰਟੋ, ਰਾਮ ਸਰੂਪ ਅਣਖੀ, ਪ੍ਰੇਮ ਗੋਰਖੀ, ਵਰਿਆਮ ਸਿੰਘ ਸੰਧੂ, ਦਲਬੀਰ ਚੇਤਨ, ਕ੍ਰਿਪਾਲ ਕਜ਼ਾਕ, ਨਛੱਤਰ ਹੁਰਾਂ ਦੀਆਂ ਕਹਾਣੀਆਂ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਚੌਥੀ ਪੀੜ੍ਹੀ 'ਚੋਂ ਮੈਨੂੰ ਵੀਨਾ ਵਰਮਾ, ਜਗਰੂਪ ਸਿੰਘ ਦਾਤੇਵਾਸ, ਗੁਰਚਰਨ ਚਾਹਲ ਭੀਖੀ, ਜਿੰਦਰ, ਦੇਸ ਰਾਜ ਕਾਲੀ, ਮਨਿੰਦਰ ਕਾਂਗ, ਤੇ ਮੇਰੇ ਸਮਕਾਲੀ ਕਹਾਣੀਕਾਰਾਂ ਦੀਆਂ ਕਹਾਣੀਆਂ ਪੜ੍ਹ ਕੇ ਲਿਖਣ ਦੀ ਊਰਜਾ ਮਿਲਦੀ ਹੈ। ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਵੀ ਵਧੇਰੇ ਟੁੰਬਦੀਆਂ ਹਨ। ਜੇ ਕਹਾਣੀਆਂ ਦੀ ਗੱਲ ਕਰਾਂ ਤਾਂ ਕਈ ਕਹਾਣੀਆਂਕਾਰਾਂ ਦੀਆਂ ਕਹਾਣੀਆਂ ਵਾਰ-ਵਾਰ ਪੜ੍ਹਨ ਨੂੰ ਜੀਅ ਕਰਦਾ ਹੈ।

? ਹਾਲ ਹੀ ਵਿੱਚ ਤੁਸੀਂ ਕੁਝ ਕਿਤਾਬਾਂ ਦਾ ਸੰਪਾਦਨ ਕੀਤਾ ਹੈ, ਕਿਤਾਬਾਂ ਬਹੁਤ ਛਪ ਰਹੀਆਂ ਹਨ, ਕੀ ਪੜ੍ਹੀਆਂ ਵੀ ਜਾਂਦੀਆਂ ਹਨ? ਪਾਠਕ ਕਿਤਾਬ ਵਿੱਚ ਰਿਸ਼ਤਾ ਕਿੰਨਾ ਕੁ ਜਿਉਂਦਾ ਅਜੇ।

-ਕਿਤਾਬਾਂ ਦਾ ਪਾਠਕ ਅੱਗੇ ਨਾਲੋਂ ਘਟਿਆ ਨਹੀਂ ਬਲਕਿ ਵਧਿਆ ਹੈ। ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਗਲੀ ਨੰਬਰ ਕੋਈ ਨਹੀਂ' ਨੂੰ ਅੱਜ ਵੀ ਪਾਠਕ ਲੱਭ-ਲੱਭ ਕੇ ਪੜ੍ਹ ਰਹੇ ਹਨ। ਪਿਛਲੇ ਸਾਲ ਛਪੇ 'ਨੂਰੀ' ਕਹਾਣੀ ਸੰਗ੍ਰਹਿ ਨੂੰ ਵੀ ਮੈਨੂੰ ਪਾਠਕ ਫੋਨ ਕਰ ਕੇ ਪੁੱਛਦੇ ਹਨ ਕਿ ਕਿਵੇਂ ਮਿਲ ਸਕਦਾ ਹੈ। ਸੰਪਾਦਿਤ ਪੁਸਤਕਾਂ ਦੀ ਗੱਲ ਕਰਾਂ ਤਾਂ ਇੱਕ ਵਿਸ਼ੇ 'ਤੇ ਸੰਪਾਦਿਤ ਪੁਸਤਕਾਂ ਨੂੰ ਪਾਠਕ ਵਧੇਰੇ ਨਸੀਬ ਹੁੰਦੇ ਹਨ। ਮੇਰੀਆਂ 'ਸੰਗਲੀ', 'ਸਪੀਡ-ਪੋਸਟ' (ਨੱਚਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ 'ਤੇ ਕੇਂਦਰਿਤ ਕਹਾਣੀਆਂ), '31 ਦਲਿਤ ਕਹਾਣੀਆਂ', 'ਭਾਈਬੰਦ' (ਨਸ਼ਿਆਂ 'ਤੇ ਕੇਂਦਰਿਤ ਕਹਾਣੀਆਂ), 'ਬੀ ਪੌਜ਼ੇਟਿਵ ਯਾਰ' (2019 ਦੀਆਂ ਚੋਣਵੀਆਂ ਕਹਾਣੀਆਂ), '1990 ਤੋਂ ਬਾਅਦ ਦੀ ਕਿਸਾਨੀ ਕਹਾਣੀ' ਹਨ, ਇਨ੍ਹਾਂ 'ਚੋਂ ਕੁਝ ਛਪਾਈ ਅਧੀਨ ਹਨ। ਜੋ ਛੱਪ ਚੁੱਕੀਆਂ ਹਨ, ਨੂੰ ਪਾਠਕ ਵਧੀਆ ਹੁੰਗਾਰਾ ਦੇ ਰਹੇ ਹਨ। ਇੱਥੋਂ ਤੱਕ ਕੇ ਪੁਸਤਕ ਮੇਲਿਆਂ 'ਚ ਜਾ ਕੇ ਮੈਂ ਖੁਦ ਵੀ ਦੇਖਿਆ ਹੈ ਕਿ ਸਟਾਲਾਂ 'ਤੇ ਸੰਪਾਦਿਤ ਪੁਸਤਕਾਂ ਨੂੰ ਪਾਠਕ ਦਿਲਚਸਪੀ ਨਾਲ ਪਹਿਲ ਦੇ ਆਧਾਰ 'ਤੇ ਖਰੀਦਦੇ ਤੇ ਪੜ੍ਹਦੇ ਹਨ। ਅੱਗੇ ਵੀ ਭਵਿੱਖ 'ਚ ਮੇਰੇ ਕੋਲ ਚਾਰ ਪੁਸਤਕਾਂ ਦੀ ਸੰਪਾਦਨਾ ਦਾ ਕਾਰਜ ਚੱਲ ਰਿਹਾ ਹੈ, ਜੋ ਸ਼ਾਇਦ ਇਸੇ ਵਰ੍ਹੇ ਹੀ ਪ੍ਰਕਾਸ਼ਿਤ ਹੋ ਜਾਣਗੀਆਂ। ਬਾਕੀ ਜਿਹਨੇ ਕਿਤਾਬ ਪੜ੍ਹਨੀ ਹੈ, ਉਸ ਨੇ ਪੜ੍ਹਨੀ ਹੀ ਹੈ। ਉਹ ਕਿਤਾਬ ਨੂੰ ਹਰ ਹੀਲੇ, ਤੇ ਕਿਤੋਂ ਵੀ

ਭਾਲ ਕੇ ਪੜ੍ਹਦਾ ਹੈ। ਮੈਨੂੰ ਉਹੋ ਜਿਹੇ ਕਿਤਾਬ ਰਸੀਏ ਬਿਲਕੁਲ ਨਹੀਂ ਪਸੰਦ ਜੋ ਪੁਸਤਕਾਂ ਖਰੀਦ ਤਾਂ ਲੈਂਦੇ ਹਨ, ਪਰ ਪੜ੍ਹਦੇ ਨਹੀਂ। ਉਹਨਾਂ ਦੇ ਘਰ ਸ਼ੋਅ-ਰੂਮ ਦੀਆਂ ਅਲਮਾਰੀਆਂ ’ਚ ਹੀ ਪੁਸਤਕਾਂ ਕੈਦ ਦੀ ਜ਼ਿੰਦਗੀ ਹੰਢਾਉਂਦੀਆਂ ਹਨ। ਇੱਦਾਂ ਦਾ ਹਾਲ ਸਾਡੇ ਬਹੁਤੇ ਲੇਖਕਾਂ ਦਾ ਵੀ ਹੈ। ਉਹ ਵੀ ਘਰ ’ਚ ਕਿਤਾਬਾਂ ਨੂੰ ਕੈਦ ਕਰ ਰੱਖਦੇ ਹਨ। ਮੈਂ ਮੰਨਦਾ ਹਾਂ ਕੁਝ ਪੁਸਤਕਾਂ ਨਾਲ ਸਾਨੂੰ ਅਥਾਹ ਪਿਆਰ ਹੁੰਦਾ ਹੈ, ਪਰ ਇਹ ਪਿਆਰ ਪੁਸਤਕ ਨੂੰ ਅਲਮਾਰੀ ’ਚ ਬੰਦ ਕਰ ਕੇ ਨਹੀਂ ਸਗੋਂ ਅੱਗੇ ਕਿਸੇ ਨੂੰ ਪੜ੍ਹਣ ਲਈ ਦੇਣ ’ਚ ਜ਼ਿਆਦਾ ਵਧੇਗਾ। ਮੇਰੀ ਇਹ ਆਦਤ ਹੈ ਕਿ ਮੈਂ ਘਰ ’ਚ ਪੁਸਤਕ ਬਹੁਤ ਘੱਟ ਰੱਖਦਾ ਹਾਂ। ਮੈਂ ਪੁਸਤਕ ਪੜ੍ਹ ਕੇ ਅੱਗੇ ਪੜ੍ਹਨ ਲਈ ਦੇ ਦਿੰਦਾ ਹਾਂ। ਪੁਸਤਕ ਨੂੰ ਘਰ ਦੀ ਅਲਮਾਰੀ ’ਚ ਕੈਦ ਕਰ ਕੇ ਰੱਖਣਾ ਮੈਨੂੰ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਮੈਂ ਸਾਡੇ ਮਾਨਸਾ ਦੇ ਹੀ ਦੋ ਸਾਹਿਤਕਾਰਾਂ ਦੇ ਮਰਨ ਉਪਰੰਤ ਉਨ੍ਹਾਂ ਦੇ ਘਰ ਪਈਆਂ ਪੁਸਤਕਾਂ ਦਾ ਹਾਲ ਦੇਖ ਚੁੱਕਾਂ। ਮੇਰੀ ਇਹੋ ਮਾਨਸਿਕਤਾ ਹੈ ਕਿ ਜੇ ਤੁਹਾਡੇ ਬੱਚੇ ਕਿਤਾਬਾਂ ਪੜ੍ਹਨ ਦੇ ਸ਼ੌਕੀਨ ਨਹੀਂ ਹਨ, ਜੇ ਹਨ ਤਾਂ ਵੀ ਉਨ੍ਹਾਂ ਨੂੰ ਪੜ੍ਹ ਕੇ ਕਿਤਾਬਾਂ ਅੱਗੇ ਕਿਸੇ ਪੜ੍ਹਨ ਵਾਲੇ ਤੇ ਲੋੜਵੰਦ ਨੂੰ ਭੇਂਟ ਕਰ ਦੇਣੀਆਂ ਚਾਹੀਦੀਆਂ ਹਨ। ਇਸ ਨਾਲ ਵੀ ਪਾਠਕਾਂ ਦੀ ਗਿਣਤੀ ’ਚ ਵਾਧਾ ਕੀਤਾ ਜਾ ਸਕਦਾ ਹੈ। ਹਾਂ, ਕੁਝ ਪ੍ਰਕਾਸ਼ਕ ਜ਼ਰੂਰ ਇਸ ਗੱਲ ਦਾ ਰੌਲਾ ਪਾ ਰਹੇ ਹਨ ਕਿ ਕਿਤਾਬ ਵਿਕਦੀ ਨਹੀਂ। ਪਾਠਕ ਘੱਟ ਰਿਹਾ ਹੈ। ਪਰ ਸਿਮਰਨ ਮੈਨੂੰ ਇਹ ਗੱਲ ਠੀਕ ਨਹੀਂ ਲੱਗਦੀ।

? ਕਹਾਣੀ ਦੀ ਆਲੋਚਨਾ ਬਾਰੇ ਕੁਝ ਦੱਸੋ ? ਪੱਖਪਾਤੀ ਆਲੋਚਨਾ ਦੀਆਂ ਸ਼ਿਕਾਇਤਾਂ ਅਕਸਰ ਸੁਨਣ ਨੂੰ ਮਿਲਦੀਆਂ ਹਨ।

-ਕਹਾਣੀ ਦੀ ਆਲੋਚਨਾ ਬਾਰੇ ਜਿੱਥੋਂ ਤੱਕ ਮੈਂ ਆਪਣੇ ਸੰਦਰਭ ’ਚ ਕਹਿ ਸਕਦਾਂ ਕਿ ਮੇਰੀਆਂ ਕਹਾਣੀਆਂ ਨੂੰ ਆਲੋਚਕਾਂ ਨੇ ਭਰਪੂਰ ਹੁੰਗਾਰਾ ਦਿੱਤਾ। ਮਹਿਜ 9 ਕਹਾਣੀਆਂ ਲਿਖ ਕੇ ਮੈਂ ਪਿਛਲੇ ਦਸ ਸਾਲਾਂ ਤੋਂ ਕਹਾਣੀਕਾਰਾਂ ਦੀ ਕਤਾਰ ’ਚ ਖੜ੍ਹਾ ਹਾਂ ਤਾਂ ਇਹ ਸਾਡੀ ਆਲੋਚਨਾ ਕਰਕੇ ਹੀ ਤਾਂ ਹੈ। ਨਹੀਂ, ਤਾਂ ਇੱਕ ਪੁਸਤਕ ਵਾਲੇ ਕਿੰਨੇ ਕੁ ਲੇਖਕ ਹਨ, ਜਿਨ੍ਹਾਂ ਦਾ ਨਾਮ ਸਾਹਿਤ ਰਸੀਆਂ ਦੀ ਜ਼ੁਬਾਨ ’ਤੇ ਹੁੰਦਾ ਹੈ। ਇਕ-ਦੋ ਪੱਖਪਾਤੀ ਜਾਂ ਕਿਸੇ ਖਾਸ ਲੇਖਕਾਂ ਪ੍ਰਤੀ ਉਤਸ਼ਾਹਿਤ ਆਲੋਚਕਾਂ ਨੂੰ ਛੱਡ ਕੇ ਮੇਰੀਆਂ ਕਹਾਣੀਆਂ ਨੂੰ ਜਿੰਨਾ ਹੋ ਸਕਿਆ ਉਨ੍ਹਾਂ ਸਹਿਯੋਗ ਆਲੋਚਕਾਂ ਕੋਲੋਂ ਮਿਲਿਆ। ਡਾ. ਰਘਬੀਰ ਸਿੰਘ ਸਿਰਜਣਾ ਤੋਂ ਲੈ ਕੇ ਹਰ ਆਲੋਚਕ ਨੇ ਮੇਰੀਆਂ ਕਹਾਣੀਆਂ ਨੂੰ ਯੋਗ ਸਮਰਥਨ ਦਿੱਤਾ। ਇਸ ਤੋਂ ਵੱਡੀ ਕੀ ਗੱਲ ਹੋ ਸਕਦੀ ਹੈ। ਅੱਜ ਨਵੇਂ ਮੁੰਡੇ ਹਨ ਜੋ ਆਲੋਚਨਾ ਦੇ ਖੇਤਰ ਵਿਚ ਸਰਗਰਮ ਹਨ, ਉਨ੍ਹਾਂ ਦੀ ਕਹਾਣੀ ’ਤੇ ਪਕੜ ਬਹੁਤ ਖੂਬ ਕੇ ਹੈ। ਇਨ੍ਹਾਂ ’ਚੋ ਮੈਂ ਜੇ ਬੀ ਸੇਖੋਂ ਦਾ ਨਾਮ ਲੈ ਸਕਦਾ ਹਾਂ। ਹਰਵਿੰਦਰ ਸਿੰਘ (ਪ੍ਰੋ:) ਉਸਨੇ ਮੇਰੀ ਪੁਸਤਕ ‘ਨੂਰੀ’ ਦਾ ਸਿਰਜਣਾ ’ਚ ਰੀਵਿਊ ਕੀਤਾ, ਜਿਸਨੂੰ ਪੜ੍ਹ ਕੇ ਮੈਂ ਹੈਰਾਨ ਹੋਇਆਂ ਕਿ ਨਵੇਂ ਕਿੰਨੀ ਬਾਰੀਕੀ ਨਾਲ ਕਹਾਣੀਆਂ ਨੂੰ ਫੜ੍ਹ ਰਹੇ ਹਨ। ਬਾਕੀ ਜੋ ਪੱਖਪਾਤ ਆਲੋਚਨਾ ਹੁੰਦੀ ਹੈ, ਉਹ ਬਹੁਤਾ ਸਮਾਂ ਸਥਾਈ ਨਹੀਂ ਹੁੰਦੀ।

## ਮੈਂ ਸਹਿਜ ਚਾਲੇ ਕਹਾਣੀ ਲਿਖਦਾ ਹਾਂ/ਦੀਪ ਦੇਵਿੰਦਰ ਸਿੰਘ

? ਆਪਣਾ ਕਹਾਣੀ ਲਿਖਣ ਦਾ ਪ੍ਰੋਸੈੱਸ ਸਾਡੇ ਨਾਲ ਸਾਂਝਾ ਕਰੋ।

-ਸਿਮਰਨ, ਮੈਂ ਸਮਝਦਾਂ ਹਰ ਲੇਖਕ ਦਾ ਆਪਣਾ ਢੰਗ-ਤਰੀਕਾ ਹੁੰਦਾ ਹੋਣੈ। ਮੇਰਾ



ਤਰੀਕਾ ਇਹ ਹੈ ਕਿ ਜਦੋਂ ਕੋਈ ਕਹਾਣੀ ਮੇਰੇ ਮਨ ’ਚ ਪੁੰਗਰਦੀ ਹੈ ਤਾਂ ਮੈਂ ਕਈ-ਕਈ ਦਿਨ ਉਸ ਵਿਸ਼ੇ ਬਾਰੇ ਸੋਚਦਾਂ। ਉਹਨਾਂ ਪਾਤਰਾਂ ਬਾਰੇ ਸੋਚਦਾਂ। ਦੋਸਤਾਂ ਨਾਲ ਉਸ ਵਿਸ਼ੇ ਬਾਰੇ ਗੱਲਾਂ ਕਰਦਾਂ। ਉਹਨਾਂ ਪਾਤਰਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾਂ, ਜਿੰਨ੍ਹਾ ਮੇਰੀ ਕਹਾਣੀ ਵਿਚ ਆਉਣਾ। ਜਿਵੇਂ ਮੇਰੀ ਕਿਸੇ ਕਹਾਣੀ ਵਿਚ ਮੇਰੀ ਇੱਕ ਪਾਤਰ ਜ਼ੁਬਾਨੋਂ ਗੂੰਗੀ ਹੈ। ਬੋਲ ਨਹੀਂ ਸਕਦੀ। ਮੈਂ ਕਈ ਮਹੀਨੇ ਐਸੀਆਂ ਔਰਤਾਂ ਬਾਰੇ ਸੋਚਦਾ, ਸਮਝਦਾ, ਉਹਨਾਂ ਨੂੰ ਲੱਭਦਾ ਰਿਹਾ ਜੋ ਬੋਲ ਨਹੀਂ ਸਕਦੀਆਂ, ਪਰ ਪਰਿਵਾਰਾਂ ਵਿਚ ਰਹਿੰਦੀਆਂ ਨੇ। ਮੈਂ ਜਾਣਨਾ ਚਾਹੁੰਦਾ ਸੀ, ਸ਼ਬਦ ਸਮਰੱਥਾ ਤੋਂ ਬਿਨਾਂ ਉਹ ਪਰਿਵਾਰਾਂ ਵਿਚ ਕਿਵੇਂ ਜਿਊਂਦੀਆਂ ਨੇ। ਰਿਸ਼ਤਿਆਂ ਵਿਚ ਕਿਵੇਂ ਵਿਚਰਦੀਆਂ। ਉਹਨਾਂ ਦੀ ਰੋਜ਼ਮਰ੍ਹਾ ਦੀ ਲਾਇਫ਼ ਕਿਵੇਂ ਦੀ। ਸੋ, ਮੈਂ ਹਰ ਕਹਾਣੀ ਨੂੰ ਇਸੇ ਤਰ੍ਹਾਂ ਲਿਖਦਾਂ। ਉਸ ਬਾਰੇ ਚੰਗੀ ਤਰਾਂ ਘੋਖ ਕਰਕੇ। ਬੇਸ਼ੱਕ ਮੈਨੂੰ ਇਸ ਲਈ ਵਕਤ ਵੀ ਕਾਫੀ ਲੱਗਦਾ ਪਰ ਮੈਂ ਕਾਹਲ ਵੀ ਨਹੀਂ ਕਰਦਾ।

? ਤੁਹਾਡੇ ਪਾਤਰ ਜ਼ਿਆਦਾਤਰ ਪੇਂਡੂ ਹਨ ਜਾਂ ਪਾਤਰਾਂ ਦੀ ਭਾਸ਼ਾ, ਉਹਨਾਂ ਦਾ ਮੁਹਾਂਦਰਾ ਪੇਂਡੂ ਹੈ। ਕੀ ਕਾਰਨ ਹੈ ਇਸ ਪਿਛੇ ? ਹਾਲਾਂਕਿ ਤੁਸੀਂ ਇਕ ਲੰਬੇ ਅਰਸੇ ਤੋਂ ਸ਼ਹਿਰ ਵਿਚ ਰਹਿ ਰਹੇ ਹੋ। ਕੀ ਸ਼ਹਿਰ ਦੀ ਪੇਚੀਦਾ ਜ਼ਿੰਦਗੀ ਪਕੜ ਵਿਚ ਨਹੀਂ ਆਉਂਦੀ।

-ਨਹੀਂ ਐਸੀ ਗੱਲ ਨਹੀਂ ਹੈ, ਪਕੜ ਵਿਚ ਨਾ ਆਉਣ ਵਾਲੀ। ਮੈਂ ਪਿੰਡ ਵਿਚ ਜੰਮਿਆ-ਪਲਿਆਂ। ਪਿੰਡ ਮੇਰੇ ਅੰਦਰ ਵੱਸਦਾ। ਪਰ ਦੂਜੀ ਗੱਲ ਇਹ ਵੀ ਹੈ ਕਿ ਹੁਣ ਪਿੰਡ-ਸ਼ਹਿਰ ਵਿਚ ਕੋਈ ਬਹੁਤਾ ਫਰਕ ਨਹੀਂ ਰਿਹਾ। ਪਿੰਡ ਬੈਠਾ ਇਨਸਾਨ ਵੀ ਅੱਜ ਇਕੱਲਾ ਹੈ। ਜੋ ਸਾਂਝੀਵਾਲਤਾ ਦੀ ਗੱਲ ਅਸੀਂ ਪਿੰਡਾਂ ਵਿਚ ਦੇਖਦੇ ਸੀ। ਉਹ ਖਤਮ ਹੋ ਰਹੀ ਹੈ। ਬਾਕੀ ਦੇਖੋ, ਮੈਂ ਮਜ਼ਦੂਰ ਦਾ ਪਾਤਰ ਸਿਰਜਿਆ ਮੰਨ ਲਓ। ਉਹ ਪੇਂਡੂ ਹੋਵੇ ਜਾਂ ਸ਼ਹਿਰੀ। ਉਸਦੀਆਂ ਤਕਲੀਫ਼ਾਂ, ਤੰਗੀਆਂ, ਇਕੋ ਜਿਹੀਆਂ ਹਨ। ਮਜ਼ਦੂਰ ਦੀ ਭਾਸ਼ਾ ਇਕੋ ਜਿਹੀ ਹੋਵੇਗੀ ਉਹ ਸ਼ਹਿਰੀ ਹੋਵੇ ਜਾਂ ਪੇਂਡੂ।

? ਅਕਸਰ ਕਿਹਾ ਜਾਂਦਾ ਹੈ ਹੁਣ ਕਹਾਣੀਕਾਰ ਕੋਈ ਯਾਦਗ਼ਾਰ ਕਹਾਣੀ ਨਹੀਂ ਸਿਰਜ ਪਾ ਰਹੇ। ਜਦਕਿ ‘ਖੱਬਲ’, ‘ਧਰਤੀ ਹੇਠਲਾ ਬੌਲਦ’, ‘ਪੇਮੀ ਦੇ ਨਿਆਣੇ’, ‘ਵਿਚਲੀ ਔਰਤ’, ‘ਕਤਲ’ ਵਰਗੀਆਂ ਇੰਨੀਆਂ ਕੁ ਕਹਾਣੀਆਂ ਮੌਜੂਦ ਨੇ ਸਾਡੀ ਜ਼ੁਬਾਨ ਵਿਚ ਕਿ ਜਿੰਨਾ ਦਾ ਜ਼ਿਕਰ ਅੱਜ ਵੀ ਗੌਰਵ ਨਾਲ ਕੀਤਾ ਜਾਂਦਾ ਹੈ। ਤੁਸੀਂ ਕਿਵੇਂ ਦੇਖਦੇ ਹੋ ਇਸ ਨੂੰ।

-ਬਿਨਾਂ ਸ਼ੱਕ ਉੱਪਰ ਜ਼ਿਕਰ ਕੀਤੀਆਂ ਕਹਾਣੀਆਂ ਲੰਬੇ ਸਮੇਂ ਤੋਂ ਸਾਡੇ ਸਾਹਿਤ ਵਿਚ ਜਿਊਂਦੀਆਂ ਹਨ, ਜ਼ਿਕਰਯੋਗ ਹਨ। ਪਰ ਸਿਰਫ ਇਹੀ ਨਹੀਂ ਹੋਰ ਵੀ ਬਹੁਤ ਸਾਰੀਆਂ ਕਹਾਣੀਆਂ ਹਨ ਜੋ ਪੰਜਾਬੀ ਦੀਆਂ ਯਾਦਗ਼ਾਰ ਕਹਾਣੀਆਂ ਕਹੀਆਂ ਜਾ ਸਕਦੀਆਂ ਹਨ। ਪਰ ਜੇਕਰ ਇਹ ਕਿਹਾ ਜਾਵੇ ਕਿ ਹੁਣ ਨਵੇਂ ਲੇਖਕ ਇਸ ਤਰ੍ਹਾਂ ਦੀ ਕੋਈ ਕਹਾਣੀ ਨਹੀਂ ਲਿਖ ਸਕੇ ਜੋ ਯਾਦਗ਼ਾਰ ਰਹਿ ਸਕੇ ਤਾਂ ਮੈਂ ਇਸ ਗੱਲ ਨਾਲ ਬਹੁਤਾ ਇਤਫ਼ਾਕ ਨਹੀਂ ਰੱਖਦਾ। ਦੇਖੋ, ਸਮੇਂ-ਸਮੇਂ ’ਤੇ ਲਿਖੀਆਂ ਕਹਾਣੀਆਂ ਚਰਚਾ ਦਾ ਸਬੱਬ ਬਣਦੀਆਂ ਰਹਿੰਦੀਆਂ ਹਨ। ਹੁਣ ਦੇਖੋ, ਉੱਪਰ ਦੱਸੀਆਂ ਕਹਾਣੀਆਂ ਤੋਂ ਬਾਅਦ ਹੀ ਤਾਂ ਜਸਵੀਰ ਰਾਣਾ ‘ਚੂੜ੍ਹੇ ਵਾਲੀ ਬਾਂਹ’ ਕਹਾਣੀ ਲਿਖਦਾ ਹੈ। ਕੀ ਉਸਦਾ ਜ਼ਿਕਰ ਅਸੀਂ ਅੱਜ ਵੀ ਨਹੀਂ ਕਰਦੇ ? ਹਾਂਸ ਦੀ ਕਹਾਣੀ ‘ਤੱਖੀ’ ਦਾ ਨਾਮ ਲੈ ਲਓ। ਇਹ ਚੌਥੀ ਪੀੜ੍ਹੀ ਦੇ ਕਹਾਣੀਕਾਰ ਮੰਨੇ ਜਾਂਦੇ ਹਨ। ਇਹਨਾਂ ਦੀਆਂ ਕਹਾਣੀਆਂ ਪਹਿਲੀ, ਦੂਜੀ ਜਾਂ ਤੀਜੀ ਪੀੜ੍ਹੀ ਤੋਂ ਬਾਅਦ ਵਿਚ ਆਈਆਂ ਪ੍ਰੰਤੂ ਇਹਨਾਂ ਦਾ ਜ਼ਿਕਰ ਅੱਜ ਵੀ ਛਿੜਦਾ ਹੈ। ਬਾਕੀ ਦੂਸਰਾ ਪੱਖ ਇਹ

ਵੀ ਹੈ ਸਾਡੀਆਂ ਬਹੁਤੀਆਂ ਚਰਚਾ ਵਾਲੀਆਂ ਕਹਾਣੀਆਂ ਉਹ ਨੇ ਜੋ ਸਕੂਲਾਂ ਤੋਂ ਲੈ ਯੂਨੀਵਰਸਿਟੀਆਂ ਤੱਕ ਹਰ ਦੂਜੀ ਕਲਾਸ ਦੇ ਪਾਠਕ੍ਰਮ ਦਾ ਹਿੱਸਾ ਹਨ। ਸ਼ਾਇਦ ਉਹੀ ਪੜ੍ਹਦਿਆਂ ਪੜ੍ਹਾਉਂਦਿਆਂ ਤੇ ਉਹਨਾਂ ਤੇ ਜੀ ਸਵਾਲਾਂ ਦੇ ਜਵਾਬ ਬਣਾਉਂਦਿਆਂ ਪਰਚੇ ਲਿਖਦਿਆਂ, ਸਾਨੂੰ ਉਹੀ ਸਭ ਤੋਂ ਵੱਧ ਚਰਚਿਤ ਲੱਗਣ ਲਗ ਗਈਆਂ ਹਨ ਜਦ ਕਿ ਉਸੇ ਵਕਤ 'ਚ ਹੋ ਸਕਦੈ ਹੋਰ ਵੀ ਚੰਗਾ ਲਿਖਿਆ ਗਿਆ ਹੋਵੇ। ਉਸ ਤੋਂ ਬਾਅਦ ਲਿਖਿਆ ਗਿਆ ਹੋਵੇ। ਜਿਸਦਾ ਜ਼ਿਕਰ ਨਹੀਂ ਹੋਇਆ। ਵਿਰਕ ਦੀਆਂ ਪੰਜ-ਸੱਤ ਕਹਾਣੀਆਂ ਉਹੀ ਸਾਡੀਆਂ ਜ਼ੁਬਾਨਾਂ ਉੱਪਰ ਹਨ ਜਿੰਨਾਂ ਨੂੰ ਅਸੀਂ ਪਾਠਕ੍ਰਮਾਂ ਵਿਚ ਪੜ੍ਹਦੇ ਰਹਿੰਦੇ ਹਾਂ। ਜਦਕਿ ਵਿਰਕ ਨੇ ਤਾਂ ਬਹੁਤ ਸਾਰੀਆਂ ਹੋਰ ਵੀ ਕਹਾਣੀਆਂ ਲਿਖੀਆਂ ਹਨ। ਜਿੰਦਰ ਨੇ 'ਕਤਲ' ਤੋਂ ਬਾਅਦ ਵੀ ਤਾਂ ਬਹੁਤ ਕੁਝ ਲਿਖਿਆ ਹੈ। ਚੌਥੀ ਤੋਂ ਜੋ ਪੰਜਵੀਂ ਪੀੜ੍ਹੀ ਦੀ ਸਨਾਖ਼ਤ ਕੀਤੀ ਗਈ ਹੈ ਸਾਡੇ ਅਲੋਚਕਾਂ ਵੱਲੋਂ ਉਹ ਵੀ ਤਾਂ ਸੋਹਣਾ ਲਿਖ ਹੀ ਰਹੇ ਨੇ। ਯਕੀਨਣ ਜ਼ਿਕਰ ਹੋਏਗਾ।

? ਕੁਝ ਐਸੀਆਂ ਕਹਾਣੀਆਂ ਦੱਸੋ ਜਿੰਨਾਂ ਨੂੰ ਪੜ੍ਹ ਕੇ ਮਨ ਵਿਚ ਆਇਆ ਹੋਵੇ ਕਾਸ਼ ਇਹ ਮੈਂ ਲਿਖੀ ਹੁੰਦੀ ਜਾਂ ਜਿੰਨਾਂ ਬਹੁਤ ਅਪੀਲ ਕੀਤਾ ਹੋਵੇ ਤੁਹਾਨੂੰ।

-ਐਸੀਆਂ ਕਹਾਣੀਆਂ ਦੀ ਜੇਕਰ ਗੱਲ ਕਰਨੀ ਹੋਵੇ ਤਾਂ ਉਹ ਕੋਈ ਇਕ ਨਹੀਂ ਹੋ ਸਕਦੀ। ਮੈਨੂੰ ਖਾਸ ਕਰ ਮੇਰੇ ਸਮਕਾਲੀਆਂ ਦੀ ਕਹਾਣੀ ਬਹੁਤ ਅਪੀਲ ਕਰਦੀ ਹੈ। ਸਰਘੀ, ਗੁਰਮੀਤ ਆਰਿਫ਼, ਅਨੇਮਨ, ਦੀਪਤੀ ਬਬੂਟਾ ਜਿਹੜੇ ਮੇਰੇ ਨਾਲ-ਨਾਲ ਲਿਖ ਰਹੇ ਹਨ, ਉਹਨਾਂ ਦੀਆਂ ਕਹਾਣੀਆਂ ਨੂੰ ਮੈਂ ਬੜੇ ਚਾਅ ਨਾਲ ਪੜ੍ਹਦਾ ਹਾਂ। ਤੁਹਾਡੀ ਕਹਾਣੀ 'ਘਰ' ਮੈਨੂੰ ਬੜੀ ਪਸੰਦ ਹੈ। ਸੀਨੀਅਰ ਲੇਖਕਾਂ ਦੀਆਂ ਕਹਾਣੀਆਂ ਮੈਨੂੰ ਹਮੇਸ਼ਾ ਪ੍ਰੇਰਨਾ ਦਿੰਦੀਆਂ ਹਨ। ਮੈਂ ਤਲਵਿੰਦਰ ਭਾਅ ਨੂੰ ਆਪਣਾ ਉਸਤਾਦ ਮੰਨਦਾ ਹਾਂ, ਉਹਨਾਂ ਦੀਆਂ ਕਹਾਣੀਆਂ ਤੇ ਉਹਨਾਂ ਦੀ ਸੰਗਤ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ। ਬਾਕੀ ਜਦੋਂ ਵੀ ਕੋਈ ਬਹੁਤ ਸੋਹਣੀ ਗੱਲ ਕਰਦਾ ਹੈ, ਇਹ ਬੇਸ਼ੱਕ ਨਾ ਲੱਗੇ ਕਿ ਕਾਸ਼ ਮੈਂ ਇਹ ਗੱਲ ਲਿਖੀ ਹੁੰਦੀ ਪਰ ਮਨ ਵਿਚ ਆਪਣੇ ਦੋਸਤਾਂ 'ਤੇ ਫ਼ਖ਼ਰ ਜ਼ਰੂਰ ਆਉਂਦਾ ਹੈ।

? ਦੀਪ ਜੀ! ਕਹਾਣੀ ਦੇ ਨਾਲ-ਨਾਲ ਕਦੇ ਨਾਵਲ ਲਿਖਣ ਦੀ ਵਿਉਂਤ ਨਹੀਂ ਬਣੀ ਮਨ ਵਿਚ।

-ਨਹੀਂ ਮੇਰੇ ਮਨ ਵਿਚ ਕਦੇ ਅਜਿਹਾ ਖਿਆਲ ਅਜੇ ਤੱਕ ਤਾਂ ਨਹੀਂ ਆਇਆ ਕਿਉਂਕਿ ਮੈਨੂੰ ਲੱਗਦਾ ਹੈ ਕਿ ਮੈਂ ਮੇਰੀ ਗੱਲ ਪੂਰੀ ਤਰ੍ਹਾਂ ਕਹਾਣੀ ਵਿਚ ਕਰ ਪਾ ਰਿਹਾ ਹਾਂ। ਕਹਾਣੀ ਵੀ ਸਮਰੱਥ ਵਿਧਾ ਹੈ। ਦੂਸਰਾ ਮੈਨੂੰ ਕਦੇ ਕੋਈ ਨਾਵਲੀ ਵਿਸ਼ਾ ਨਹੀਂ ਸੁੱਝਾ। ਅਜੇ ਮੈਨੂੰ ਲੱਗਦਾ ਵੀ ਨਹੀਂ ਕਿ ਮੈਂ ਨਾਵਲ ਲਿਖ ਪਾਵਾਂਗਾ। ਇਸ ਲਈ ਮਾੜਾ ਲਿਖਣ ਨਾਲੋਂ ਮੈਂ ਕਹਾਣੀ ਦੇ ਖੇਤਰ ਵਿੱਚ ਨਿੱਠ ਕੇ ਕੰਮ ਕਰਨਾ ਹੀ ਬਿਹਤਰ ਸਮਝਦਾ ਹਾਂ।

## ਅਨੁਭਵ ਦੇ ਸ਼ਾਹ-ਅਸਵਾਰ ਹੋ ਕੇ ਲਿਖੀ ਗਈ ਕਿਰਤ ਹੀ ਸਾਰਥਕ ਹੋ ਸਕੇਗੀ -ਦੀਪਤੀ ਬਬੂਟਾ

? ਆਪਣਾ ਕਹਾਣੀ ਲਿਖਣ, ਭਾਵ ਕਹਾਣੀ ਦੀ ਤੰਦ ਫੜ ਕੇ ਉਸ ਨੂੰ ਤਰਤੀਬ ਦੇਣੀ, ਪਾਤਰ ਘਾੜਤ ਆਦਿ ਸਾਰੇ ਢੰਗ ਦੱਸੋ।

- ਪਹਿਲੀ ਗੱਲ ਮੈਂ ਇਕੱਲੀ ਹੋ ਕੇ ਵੀ ਕਦੀ ਇਕੱਲੀ ਨਹੀਂ ਹੁੰਦੀ। ਹਮੇਸ਼ਾ ਇੱਕ ਨਹੀਂ



ਅਨੇਕ ਪਾਤਰ ਮੈਨੂੰ ਘੁੰਮਣਘੇਰੀ 'ਚ ਪਾਈ ਰੱਖਦੇ ਹਨ। ਇਹ ਪਾਤਰ ਮਨੁੱਖ ਹੋ ਸਕਦੇ ਹਨ, ਜਾਨਵਰ ਜਾਂ ਕੁਦਰਤ ਦਾ ਕੋਈ ਵੀ ਰੂਪ। ਸੁੱਤੇ-ਜਾਗਦੇ, ਉੱਠਦੇ-ਬਹਿੰਦੇ ਸਾਹਾਂ 'ਤੇ ਸਵਾਰ ਹੋਏ ਰਹਿੰਦੇ ਹਨ। ਪਾਤਰਾਂ ਨਾਲ ਗੱਲਾਂ ਕਰਦੀ ਮੈਂ ਆਲੇ-ਦੁਆਲੇ ਨੂੰ ਕੀ, ਖ਼ੁਦ ਨੂੰ ਵੀ ਭੁੱਲ ਜਾਂਦੀ ਹਾਂ। ਉਸ ਵੇਲੇ ਮੈਂ ਦੀਪਤੀ ਨਾ ਹੋ ਕੇ ਸਿਰਫ਼ ਉਹ ਪਾਤਰ ਹੋ ਜਾਂਦੀ ਹਾਂ, ਜੋ ਮੇਰੇ ਤਨ-ਮਨ 'ਤੇ ਕਾਬਜ਼ ਹੋਇਆ/ਹੋਈ ਹੋਵੇ। ਕਹਾਣੀ ਦੀ ਤੰਦ ਦੀ ਗੱਲ ਕਰਾਂ ਤਾਂ ਕਹਾਣੀ ਦਾ ਅੰਤ ਮੇਰੇ ਕੋਲ ਪਹਿਲਾਂ ਆਉਂਦਾ ਹੈ। ਫਿਰ ਤਾਣਾ ਤਣਿਆ ਜਾਣ ਲੱਗਦਾ ਹੈ। ਪਾਤਰ ਖਿੱਚ ਪਾਉਣ ਲੱਗਦੇ ਹਨ ਤੇ ਫਿਰ ਇਸ ਤਰ੍ਹਾਂ ਮਗਰ ਪੈ ਜਾਂਦੇ ਹਨ, ਜਦੋਂ ਤੱਕ ਉਨ੍ਹਾਂ ਦਾ ਸ਼ਾਬਦਿਕ ਚਿਤਰਨ ਨਾ ਹੋ ਜਾਏ ਪਿੱਛਾ ਨਹੀਂ ਛੱਡਦੇ। ਕਹਾਣੀ ਦੀ ਗੋਂਦ ਮੈਨੂੰ ਬਿਲਕੁਲ ਸਿਲਾਈਆਂ ਨਾਲ ਸਵੈਟਰ ਦੀ ਬੁਣਾਈ ਕਰਨ ਵਾਂਗ ਲੱਗਦੀ ਹੈ। ਮੇਰੀ ਮਾਂ ਸਵੈਟਰ ਉਣਦੇ ਸਮੇਂ ਧਾਗਾ ਟੁੱਟ ਜਾਣ ਜਾਂ ਘਟ ਜਾਣ 'ਤੇ ਹੋਰ ਉੱਨ ਲਗਾਉਣ ਲਈ ਕਦੀ ਧਾਗਾ ਜੋੜਨ ਲਈ ਗੰਢ ਨਹੀਂ ਸੀ ਮਾਰਦੀ ਸਗੋਂ ਖਤਮ ਹੋ ਰਹੇ ਧਾਗੇ ਨਾਲ ਨਵੇਂ ਧਾਗੇ ਦੀ ਤੰਦ ਉਣ ਕੇ ਅਜਿਹੀ ਬੁਣਾਈ ਕਰਦੀ ਕਿ ਪੁੱਠੇ ਸਵੈਟਰ 'ਚ ਵੀ ਕਦੀ ਗੰਢ ਨਹੀਂ ਸੀ ਦਿੱਖਦੀ। ਇਸ ਨੂੰ ਉਹ 'ਗੁੰਮ ਗੰਢ' ਬੋਲਿਆ ਕਰਦੀ ਸੀ। ਇਸ ਤਰ੍ਹਾਂ ਪਾਈ ਗੰਢ ਨਾਲ ਉਣਿਆ ਸਵੈਟਰ ਜਿੱਥੇ ਪੁੱਠੇ ਪਾਸਿਉਂ ਸਾਫ਼ ਦਿਖਾਈ ਦਿੰਦਾ, ਉੱਥੇ ਨੰਗੇ ਪਿੰਡੇ 'ਤੇ ਪਾਏ ਸਵੈਟਰ ਦੀ ਗੰਢ ਚੁਭਦੀ ਨਹੀਂ। ਮੈਨੂੰ ਲੱਗਦੈ ਕਿ ਕਹਾਣੀ ਵਿੱਚ ਘਟਨਾਵਾਂ ਦਾ ਕੋਲਾਜ ਬਣਾਉਂਦਿਆਂ ਵੀ ਗੁੰਮ ਗੰਢਾਂ ਵਰਗੀ ਸਫ਼ਾਈ ਆਉਣੀ ਚਾਹੀਦੀ ਹੈ, ਤਾਂ ਜੋ ਕਹਾਣੀ ਪੜ੍ਹਨ 'ਚ ਪਾਠਕ ਦੀ ਰਵਾਨਗੀ ਬਣੀ ਰਹੇ ਤੇ ਕਹਾਣੀ ਇਕਸਾਰ ਪ੍ਰਭਾਵ ਪਾ ਕੇ ਗੁੰਝਲ ਮੁਕਤ ਵੀ ਹੋ ਜਾਏ। ਰਹੀ ਗੱਲ ਕਹਾਣੀ ਦੀ ਪ੍ਰਜਣਨ ਕਿਰਿਆ ਦੀ, ਤਾਂ ਮੇਰਾ ਮੰਨਣਾ ਹੈ ਕਿ ਬੱਚੇ ਦਾ ਜਨਮ ਤਾਂ ਨੌਂ ਮਹੀਨੇ ਨੌਂ ਦਿਨ ਪੱਕੇ ਸਮੇਂ 'ਤੇ ਹੋ ਸਕਦਾ ਹੈ, ਕੰਪਲੀਕੇਸ਼ਨ ਆਉਣ 'ਤੇ ਸਿਜੇਰੀਅਨ ਅਪ੍ਰੇਸ਼ਨ ਕਰਕੇ ਬੱਚੇ ਨੂੰ ਜਨਮ ਦਿੱਤਾ ਜਾ ਸਕਦਾ ਹੈ, ਪਰ ਕਹਾਣੀ ਨਾਲ ਅਜਿਹਾ ਧੱਕਾ ਕਦੀ ਵੀ ਨਹੀਂ ਕੀਤਾ ਜਾ ਸਕਦਾ ਤੇ ਨਾ ਹੀ ਕਰਨਾ ਚਾਹੀਦਾ ਹੈ। ਕੋਈ ਅਸਧਾਰਨ ਕਹਾਣੀ ਥੋੜ੍ਹੇ ਤੋਂ ਥੋੜ੍ਹੇ ਸਮੇਂ 'ਚ ਮੁਕੰਮਲ ਹੋ ਸਕਦੀ ਹੈ ਤੇ ਕਈ ਵਾਰ ਸਧਾਰਨ ਜਿਹੀ ਕਹਾਣੀ ਸਾਲਾਂ ਤੱਕ ਲਮਕ ਜਾਂਦੀ ਹੈ। ਪੂਰੀ ਲਿਖੀ ਜਾਣ ਦੇ ਬਾਵਜੂਦ ਮਨ ਗਵਾਹੀ ਨਹੀਂ ਭਰਦਾ ਕਹਾਣੀ ਦੇ ਕੰਪਲੀਟ ਹੋਣ ਦੀ ਤੇ 'ਅਜੇ ਕੁਝ ਬਾਕੀ ਹੈ' ਦਾ ਅਹਿਸਾਸ ਅੰਦਰੋਂ-ਅੰਦਰ ਰੜਕਦਾ ਰਹਿੰਦਾ ਹੈ।

? ਤੁਹਾਡੇ ਤੋਂ ਪਹਿਲਾਂ ਕਹਾਣੀ ਲਿਖਣ ਵਾਲੀਆਂ ਔਰਤ ਕਹਾਣੀਕਾਰਾਂ ਨਾਲੋਂ ਤੁਸੀਂ ਤੇ ਤੁਹਾਡੀਆਂ ਸਮਕਾਲੀ ਕਹਾਣੀਕਾਰ ਔਰਤਾਂ ਨੇ ਕਿਵੇਂ ਤੇ ਕੀ ਵੱਖਰੀ ਗੱਲ ਕੀਤੀ ਹੈ।

-ਸਮਾਜਿਕ ਤਬਦੀਲੀ ਹੀ ਕੱਥ-ਵੱਥ ਦਾ ਵਖਰੇਵਾਂ ਬਣਦੀ ਹੈ। ਹੁਣ ਦੇਖੋ, ਔਰਤ ਤੇ ਪੁਰਖ ਨਾਲ ਮਨੁੱਖੀ ਸਮਾਜ ਸੀ, ਹੈ ਤੇ ਰਹੇਗਾ ਪਰ ਤਕਨੀਕੀ, ਰਾਜਨੀਤਕ ਅਤੇ ਆਰਥਿਕ ਪਹਿਲੂਆਂ ਦੇ ਬਦਲਾਅ ਨਾਲ ਜੀਵਨ-ਆਚਾਰ ਬਦਲੇਗਾ ਹੀ ਬਦਲੇਗਾ। ਇਹੀ ਪ੍ਰਭਾਵ ਕਹਾਣੀ ਦੇ ਵਿਸ਼ਾ ਨਿਭਾਅ 'ਚ ਆਉਣਾ ਸੁਭਾਵਿਕ ਹੈ। ਅਜਿਹਾ ਨਹੀਂ ਕਿ ਆਧੁਨਿਕ ਯੁਗ ਦੀ ਨਾਰੀ ਆਦਰਸ਼ਵਾਦੀ ਨਹੀਂ ਹੈ, ਬਲਕਿ ਉਸ ਦੇ ਆਦਰਸ਼ ਦਾ ਦਾਇਰਾ ਅਸੀਮ ਹੋ ਗਿਆ ਹੈ। ਉਹ ਘਰ ਵਿੱਚ ਜਿੰਨਾ ਵਿਚਰਦੀ ਹੈ, ਉਸ ਤੋਂ ਵੱਧ ਸਮਾਜਿਕ ਸਰੋਕਾਰਾਂ ਨਾਲ ਵਿਚਰਨਾ ਉਸ ਦੀ ਲੋੜ ਬਣ ਗਈ ਹੈ। ਉਸ ਕੋਲੋਂ ਪਰਿਵਾਰ ਦੇ ਨਾਲ-ਨਾਲ ਸਮਾਜ ਦੀਆਂ ਉਮੀਦਾਂ ਵਧੀਆਂ ਹਨ। ਅੱਜ ਦੀ ਨਾਰੀ ਆਪਣੇ ਹੱਕਾਂ ਤੋਂ ਜਾਗਰੂਕ ਹੈ ਤੇ ਕਰਤੱਵ ਪਾਲਣ ਤੋਂ ਵੀ। ਅੱਜ ਦੀ ਨਾਰੀ ਦੇ ਮਨ ਦੀਆਂ ਪਰਤਾਂ ਸਾਡੀਆਂ ਸਮਰੱਥ ਕਹਾਣੀਕਾਰਾਂ ਤ੍ਰਿਪਤਾ ਕੇ. ਸਿੰਘ ਅਤੇ ਡਾ. ਸਰਘੀ ਬੜੀ ਬਾਰੀਕੀ

ਨਾਲ ਆਪਣੀ ਕਹਾਣੀ ਵਿੱਚ ਖੋਲ੍ਹ ਰਹੀਆਂ ਹਨ। ਤ੍ਰਿਪਤਾ ਕੇ. ਸਿੰਘ ਦੀ ਕਹਾਣੀ ਦੇ ਹਵਾਲੇ ਨਾਲ ਕਹਿਣ ਅਤੇ ਵੇਖਣ ਨੂੰ ਆਜ਼ਾਦ ਅੱਜ ਦੀ ਔਰਤ ਆਪਣੇ ਲਈ ਜੇ ਇੱਕ ਦਿਨ ਦੀ ਮੰਗ ਕਰਦੀ ਹੈ, ਤਾਂ ਪਰਦੇ ਦੇ ਪਿੱਛੇ ਦੀ ਸਥਿਤੀ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਡਾ. ਸਰਘੀ ਹੁਰਾਂ ਦੀ ਕਹਾਣੀ ਕਲਾਤਮਿਕ ਗੋਂਦ ਗੁੰਦਦੀ ਆਸ਼ੇ ਵੱਲ ਵਧਦੀ ਹੈ। ਔਰਤ ਮਨ ਦੀ ਥਾਹ ਇੱਕ ਔਰਤ ਹੀ ਪਾ ਸਕਦੀ ਹੈ, ਦੀ ਉਦਾਹਰਨ ਹੈ ਡਾ. ਸਰਘੀ ਹੁਰਾਂ ਦੀ ਕਹਾਣੀ 'ਹੌਲੀਡੇ ਵਾਈਫ਼'। ਸਿੰਮੀਪ੍ਰੀਤ ਕੌਰ ਸਮਾਜਿਕ ਸਮੱਸਿਆਵਾਂ ਨੂੰ ਲੈ ਕੇ ਲਿਖਣ ਵਾਲੀ ਵਧੀਆ ਕਹਾਣੀਕਾਰਾ ਹੋਣ ਦੇ ਨਾਲ-ਨਾਲ ਆਲੋਚਕ ਵੀ ਹੈ। ਪਹਿਲਾਂ ਤੇ ਅੱਜ ਦੀ ਕਹਾਣੀ 'ਚ ਵਖਰੇਵਾਂ ਇਹ ਹੈ ਕਿ ਅੱਜ ਦੀ ਨਾਰੀ ਆਪਣੇ ਹੱਕ ਮੰਗਣ ਦੀ ਥਾਂ ਹੱਕ ਪ੍ਰਾਪਤ ਕਰਨ ਦੀ ਗੱਲ ਹੀ ਨਹੀਂ ਕਰਦੀ, ਬਲਕਿ ਆਪਣੇ ਹਿੱਸੇ ਦਾ ਆਕਾਸ਼ ਲੈਣਾ ਵੀ ਜਾਣਦੀ ਹੈ। ਫਿਰ ਚਾਹੇ ਉਸ ਲਈ ਰਾਹ ਸਿੱਧਾ ਅਪਣਾਉਣਾ ਪਵੇ ਜਾਂ ਉਂਗਲ ਟੇਢੀ ਹੀ ਕਿਉਂ ਨਾ ਕਰਨੀ ਪਵੇ। ਇਹੀ ਵਰਤਾਰਾ ਅੱਜ ਦੇ ਸਮਾਜ 'ਚ ਆਮ ਵੇਖਣ ਨੂੰ ਮਿਲਦਾ ਹੈ।

? ਸਮਕਾਲੀ ਪੰਜਾਬੀ ਕਹਾਣੀ, ਆਧੁਨਿਕ ਜੀਵਨ ਯਥਾਰਥ ਦੀਆਂ ਜਟਿਲਤਾਵਾਂ ਨੂੰ ਆਪਣੇ ਕਲਾਵੇ ਵਿੱਚ ਲੈਣ 'ਚ ਕਿੰਨੀ ਕੁ ਕਾਮਯਾਬ ਹੋਈ ਹੈ।

-ਅੱਜ ਦਾ ਯੁੱਗ ਸਮਾਰਟ ਵਰਕ ਦਾ ਯੁੱਗ ਹੈ। ਹਰ ਚੀਜ਼ ਹਾਈਟੈੱਕ ਹੈ। ਇੱਥੋਂ ਤੱਕ ਕਿ ਆਪਸੀ ਮਨੁੱਖੀ ਸੰਬੰਧ ਵੀ। ਰਿਸ਼ਤਿਆਂ ਵਿੱਚ ਮੋਬਾਈਲ ਦਾ ਦਖ਼ਲ ਵੱਧ ਗਿਆ ਹੈ। ਅੱਜ ਦਾ ਮਨੁੱਖ ਕਿੰਨੇ ਖੰਡਾਂ ਵਿੱਚ ਵੰਡਿਆ ਹੋਇਆ ਹੈ, ਸ਼੍ਰੇਣੀਬੱਧ ਕਰਨਾ ਔਖਾ ਹੈ। ਖ਼ਾਸ ਕਰਕੇ ਸ਼ਹਿਰੀ ਮੱਧ ਵਰਗ ਆਪਣੇ-ਆਪ ਵਿੱਚ ਇੰਨੀ ਬੁਰੀ ਤਰ੍ਹਾਂ ਉਲਝ ਗਿਆ ਹੈ ਕਿ ਉਹ ਕੀ ਚਾਹੁੰਦਾ ਹੈ? ਬਾਰੇ ਫ਼ੈਸਲਾ ਲੈਣ ਤੋਂ ਵੀ ਅਸਮਰੱਥ ਹੈ। ਅਜਿਹੀ ਉਲਝਣ ਆਧੁਨਿਕ ਕਹਾਣੀ ਦਾ ਵਿਸ਼ਾ-ਵਸਤੂ ਬਾਖ਼ੂਬੀ ਬਣ ਰਹੀ ਹੈ। ਸੰਦੀਪ ਸਮਰਾਲਾ ਅਤੇ ਗੁਰਮੀਤ ਆਰਿਫ਼ ਦੀ ਕਹਾਣੀ ਇਸ ਪੱਖ ਤੋਂ ਵਾਚੀ ਜਾ ਸਕਦੀ ਹੈ। ਸਾਡੇ ਪ੍ਰੌੜ ਕਹਾਣੀਕਾਰ ਪ੍ਰੇਮ ਗੋਰਖੀ ਨੇ ਹਾਲ ਹੀ ਵਿੱਚ ਆਈ ਆਪਣੀ ਕਿਤਾਬ 'ਜਨਰੇਸ਼ਨ ਗੈਪ' ਦੀਆਂ ਕਹਾਣੀਆਂ ਵਿੱਚ ਸ਼ਹਿਰੀ ਮੱਧ-ਵਰਗ ਦੀ ਔਰਤ ਦੇ ਜੀਵਨ ਯਥਾਰਥ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਹੈ। ਮੁੱਕਦੀ ਗੱਲ, ਤੁਸੀਂ ਏ. ਸੀ. ਕਮਰੇ ਵਿੱਚ ਬੈਠ ਕੇ ਖੇਤਾਂ ਦਾ ਰੁਦਨ ਨਹੀਂ ਲਿਖ ਸਕਦੇ। ਇੰਝ ਹੀ ਹਲ ਵਾਹੁੰਦੇ ਹੋਇਆਂ ਏ. ਸੀ. ਕਮਰਿਆਂ 'ਚ ਛੁਟਦੇ ਪਸੀਨਿਆਂ ਦੀ ਬਾਤ ਵੀ ਨਹੀਂ ਪਾਈ ਜਾ ਸਕਦੀ। ਸਮਕਾਲੀ ਸਾਹਿਤ ਦੀ ਵਿਧਾ ਕੋਈ ਵੀ ਹੋਵੇ, ਅੱਜ ਦੇਸ਼ ਜਿਸ 'ਰੰਗ' ਦੀ ਹੋਣੀ 'ਚੋਂ ਗੁਜ਼ਰ ਰਿਹਾ ਹੈ, ਉਸ ਨੂੰ ਕਲਮ ਦੀ ਨੋਕ ਤੇ ਤਲਵਾਰ ਦੀ ਧਾਰ ਬਣਾ ਕੇ ਉਤਾਰਿਆ ਜਾਣਾ ਸਮੇਂ ਦੀ ਲੋੜ ਹੈ, ਤਾਂ ਜੋ ਭਵਿੱਖ ਅੱਜ ਦੀਆਂ ਕਲਮਾਂ 'ਤੇ ਚੁੱਪੀ ਜਾਂ ਭੈਅ ਦਾ ਠੱਪਾ ਨਾ ਲਗਾ ਦੇਵੇ। ਸਾਨੂੰ ਫ਼ਖ਼ਰ ਹੈ ਕਿ ਅੱਜ ਪੰਜਾਬੀ ਕਹਾਣੀ ਕੋਲ ਬਲਵਿੰਦਰ ਗਰੇਵਾਲ, ਗੁਰਮੀਤ ਕੜਿਆਲਵੀ ਹੁਰਾਂ ਵਰਗੇ ਚਿੰਤਕ ਹਨ, ਜੋ ਨਿਧੜਕ ਹੋ ਕੇ ਕਾਲੀਆਂ-ਪੀਲੀਆਂ ਹੀ ਨਹੀਂ ਇੱਕੋ ਰੰਗ ਵਿੱਚ ਰੰਗੀਆਂ ਭੇਡਾਂ ਨੂੰ ਕਲਮ ਨਾਲ ਵੰਗਾਰ ਰਹੇ ਹਨ। ਪੰਜਾਬੀ ਕਹਾਣੀ ਜ਼ਿੰਦਾਬਾਦ ਹੈ।

? ਸਾਡੇ ਕੋਲ ਬਹੁਤ ਸਾਰੀ ਕਵਿਤਾ ਹੈ, ਅਣਗਿਣਤ ਕਵੀ, ਪਰ ਕਵਿਤਾ ਦੇ ਨਾਂ 'ਤੇ ਪਤਾ ਨਹੀਂ ਕੀ ਕੁਝ ਲਿਖਿਆ ਜਾ ਰਿਹਾ ਹੈ। ਇਹ ਵਰਤਾਰਾ ਕਹਾਣੀ ਵਿੱਚ ਤਾਂ ਨਹੀਂ।

-ਕਲਪਨਾ ਦੇ ਘੋੜਿਆਂ 'ਤੇ ਸਵਾਰ ਹੋ ਕੇ ਨਹੀਂ ਅਨੁਭਵ ਦੇ ਸ਼ਾਹ ਅਸਵਾਰ ਹੋ ਕੇ ਲਿਖੀ ਗਈ ਕਿਰਤ ਹੀ ਸਾਰਥਕ ਹੋ ਸਕੇਗੀ। ਫਿਰ ਚਾਹੇ ਕਵਿਤਾ ਹੋਏ, ਕਹਾਣੀ ਜਾਂ ਫਿਰ ਕੋਈ ਹੋਰ ਸਾਹਿਤਕ ਵਿਧਾ।



? ਪੰਜਾਬੀ ਕਹਾਣੀ ਨੂੰ ਹੋਰ ਜ਼ੁਬਾਨਾਂ ਦੀ ਕਹਾਣੀ ਦੇ ਮੁਕਾਬਲੇ ਕਿੱਥੇ ਕੁ ਖੜ੍ਹੀ ਵੇਖਦੇ ਹੋ।

-ਟੀਸੀ 'ਤੇ। ਲੋੜ ਹੈ ਸਾਡੀਆਂ ਅਕੈਡਮੀਆਂ ਪਾਰਦਰਸ਼ੀ ਢੰਗ ਨਾਲ ਪੰਜਾਬੀ ਦੀ ਹੁਣ ਤੱਕ ਦੀ ਬਿਹਤਰੀਨ ਕਹਾਣੀ ਦੀ ਚੋਣ ਕਰਵਾਉਣ ਤੇ ਹੋਰਨਾਂ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਉਣ ਦਾ ਬੀੜਾ ਚੁੱਕਣ।

? ਇਨਾਮਾਂ-ਸਨਮਾਨਾਂ ਬਾਰੇ ਕੀ ਕਹੋਗੇ।

-ਇਸ ਬਾਰੇ ਤਾਂ ਉਹੀ ਕੁਝ ਕਹਿ ਸਕਦੇ ਹਨ, ਜੋ ਇਨਾਮਾਂ-ਸਨਮਾਨਾਂ ਲਈ ਲਿਖਦੇ ਹਨ। ਮੈਂ ਇਨਾਮ-ਸਨਮਾਨ ਬਾਰੇ ਕਦੀ ਸੋਚਿਆ ਹੀ ਨਹੀਂ। ਮੈਨੂੰ ਤਾਂ ਕੁਦਰਤ ਵੱਲੋਂ ਮਿਲੀ ਸ਼ਬਦ ਅਤੇ ਕਲਮ ਦੀ ਦਾਤ ਹੀ ਸਭ ਤੋਂ ਵੱਡਾ ਇਨਾਮ ਵੀ ਲੱਗਦੀ ਹੈ ਤੇ ਸਨਮਾਨ ਵੀ। ਮੇਰਾ ਮੰਨਣਾ ਹੈ, ਕਲਾ ਉਸੇ ਦੇ ਹਿੱਸੇ ਆਉਂਦੀ ਹੈ ਜੋ ਕੁਦਰਤ ਨੂੰ ਆਪਣੇ ਜਿਹਾ ਲੱਗਦਾ ਹੈ। ਆਪਾਂ ਇਨਾਮਾਂ-ਸਨਮਾਨਾਂ ਦੇ ਦੌੜ-ਦੁੜੰਗਿਆਂ ਤੋਂ ਕੀ ਲੈਣੈ। ਹਾਂ, ਚੰਗਾ ਲੱਗਦੈ ਜਦੋਂ ਕਿਸੇ ਸੁਹਿਰਦ ਕਲਮ ਨੂੰ ਬਣਦਾ ਇਨਾਮ-ਸਨਮਾਨ ਮਿਲਦੈ। ਹੁਣੇ ਪਿੱਛੇ ਜਿਹੇ 'ਢਾਹਾਂ ਐਵਾਰਡ' ਜਤਿੰਦਰ ਹਾਂਸ ਜੀ ਨੂੰ ਮਿਲਿਆ, ਤਾਂ ਇੰਝ ਲੱਗਿਆ ਜਿਵੇਂ ਸਮੁੱਚੇ ਪੰਜਾਬੀ ਕਹਾਣੀ ਭਾਈਚਾਰੇ ਨੂੰ ਉਹ ਇਨਾਮ ਮਿਲਿਆ ਹੋਵੇ। ਫਿਰ 'ਸਾਹਿਤ ਅਕੈਡਮੀ' ਐਵਾਰਡ ਕ੍ਰਿਪਾਲ ਕਜ਼ਾਕ ਜੀ ਨੂੰ ਮਿਲਿਆ, ਤਾਂ ਦਿਲ ਬੋਲਿਆ ਦੀਪਤੀ ਮਿਹਨਤ ਕਰਨੀ ਸਿੱਖ! ਵੇਖ ਕਜ਼ਾਕ ਸਰ ਆਪਣੀ ਮਿਹਨਤ ਦੇ ਸਿਰ ਕਿੱਥੋਂ ਚੱਲ ਕੇ ਕਿੱਥੇ ਪਹੁੰਚੇ ਹਨ!! ਹਲੀਮੀ ਇੰਨੀ... ਬੋਲਦੇ ਹਨ ਤਾਂ ਇਉਂ ਲੱਗਦੈ ਜਿਵੇਂ ਧਰਤੀ ਦਾ ਜੀਵ ਮਿੱਟੀ ਹੇਠੋਂ ਬੋਲ ਰਿਹਾ ਹੋਵੇ, "ਮੈਂ ਤਾਂ ਕੁਝ ਵੀ ਨਹੀਂ।"

## ਰਚਨਾ ਦਾ ਜੱਜ ਲੇਖਕ ਆਪ ਹੁੰਦਾ ਹੈ/ਗੁਰਮੀਤ ਆਰਿਫ਼

? ਤੁਸੀਂ ਕਿਸੇ ਕਹਾਣੀ ਦੀ ਤੰਦ ਕਿਵੇਂ ਫੜ੍ਹਦੇ ਹੋ।

-ਸਿਮਰਨ ਜੀ ਸਾਡੇ ਆਲੇ-ਦੁਆਲੇ ਸਮਾਜ 'ਚ ਜਾਂ ਦੇਸ਼ ਅੰਦਰ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ ਜਿੰਨਾਂ ਤੋਂ ਕਈ ਵਾਰ ਆਮ ਮਨੁੱਖ ਸੁਚੇਤ ਨਹੀਂ ਹੁੰਦਾ ਪਰ ਲੇਖਕ ਏਹਨਾਂ ਘਟਨਾਵਾਂ ਪ੍ਰਤੀ ਪੂਰਾ ਸੁਚੇਤ ਹੁੰਦਾ ਹੈ ਜੋ ਅਜੇਹੀਆਂ ਤੰਦਾਂ ਫੜ੍ਹ ਕੇ ਕਹਾਣੀ ਘੜ੍ਹਦਾ ਹੈ। ਮੇਰੀਆਂ ਕਹਾਣੀਆਂ ਦੇ ਵਿਸ਼ੇ ਅਤੇ ਪਾਤਰ ਵੀ ਆਮ ਜੀਵਨ ਵਿੱਚ ਵਾਪਰਦੀਆਂ ਘਟਨਾਵਾਂ ਨਾਲ ਹੀ ਜੁੜੇ ਹੋਏ ਹੁੰਦੇ ਹਨ।

? ਤੁਹਾਡੀਆਂ ਕਹਾਣੀਆਂ ਦੇ ਪਾਤਰ ਹਾਸ਼ੀਆਗਤ, ਆਰਥਿਕ ਤੌਰ ਤੇ ਥੁੜ੍ਹੇ ਹੋਏ ਲੋਕ ਹਨ। ਏਹ ਲੋਕ ਤੁਹਾਡੇ ਨੇੜੇ ਤੋਂ ਦੇਖੇ ਹੋਏ ਨੇ ਜਾਂ ਕੀ ਕਾਰਨ ਹੈ ਵਾਰ-ਵਾਰ ਅਜੇਹੇ ਪਾਤਰ ਹੀ ਘੜ੍ਹਦੇ ਹੋ।

-ਹਾਸ਼ੀਆਗਤ, ਆਰਥਿਕ ਤੌਰ ਤੇ ਥੁੜ੍ਹੇ ਹੋਏ ਜਾਂ ਕਹਿ ਲਵੋ ਪਛੜੇ ਹੋਏ ਲੋਕ। ਮੇਰੇ ਸ਼ਬਦਾਂ ਵਿੱਚ ਏਹ ਲੋਕ ਬਹੁਤ ਜੁਝਾਰੂ ਤੇ ਮਿਹਨਤੀ ਲੋਕ ਹਨ ਜੋ ਆਪਣੇ ਕੰਮ ਪ੍ਰਤੀ ਇਮਾਨਦਾਰ ਨੇ ਅਤੇ ਕਿਰਤ ਕਰਨ ਵਿੱਚ ਵਿਸ਼ਵਾਸ ਰੱਖਦੇ ਹਨ ਪਰ ਏਹਨਾਂ ਦੀ ਕੀਤੀ ਹੋਈ ਮਿਹਨਤ ਨੂੰ ਸਤਿਕਾਰਿਆ ਨਹੀਂ ਗਿਆ। ਦੇਸ਼ ਦੀਆਂ ਨੀਂਹਾਂ ਨੂੰ ਮਜਬੂਤ ਕਰਨ ਲਈ ਏਹਨਾਂ ਲੋਕਾਂ ਨੇ ਬਹੁਤ ਯੋਗਦਾਨ ਦਿੱਤਾ ਹੈ। ਪਰ ਅਫਸੋਸ ਹੈ ਕਿ ਏਹਨਾਂ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਪੱਧਰ ਨੂੰ

ਮਜਬੂਤ ਕਰਨ ਲਈ ਕਦੇ ਵੀ ਕਿਸੇ ਸਰਕਾਰ ਨੇ ਕੋਈ ਸਾਰਥਕ ਕਦਮ ਨਹੀਂ ਚੁੱਕਿਆ। ਮੈਂ ਵੀ ਖੇਤ ਮਜਦੂਰ ਰਹਿ ਚੁੱਕਾ ਹਾਂ, ਏਹ ਸਭ ਚੀਜਾਂ ਮੈਂ ਆਪਣੇ ਪਿੰਡੇ 'ਤੇ ਹੰਢਾਈਆਂ ਨੇ ਆਤਮਿਕ ਤੌਰ 'ਤੇ ਮੈਂ ਇਸ ਜਮਾਤ ਨਾਲ ਜੁੜਿਆ ਹੋਇਆ ਹਾਂ। ਏਹਨਾਂ ਲੋਕਾਂ ਦੇ ਦੁੱਖ-ਸੁਖ ਦਾ ਚਿਤਰਣ ਕਰਕੇ ਮੈਂ ਕਹਾਣੀਆਂ ਰਾਹੀਂ ਏਹਨਾਂ ਲੋਕਾਂ ਦੀ ਆਵਾਜ਼ ਨੂੰ ਬੁਲੰਦ ਕਰਨਾਂ ਚਹੁੰਦਾ ਹਾਂ।

? ਤੁਸੀਂ ਨੌਜਵਾਨ ਹੋ ? ਨੌਜਵਾਨੀ ਨੂੰ ਸ਼ੋਸਲ ਮੀਡੀਆ ਕਿਵੇਂ ਪ੍ਰਭਾਵਿਤ ਕਰ ਰਿਹਾ ਹੈ ? ਸਾਹਿਤ ਪੜ੍ਹਨ-ਲਿਖਣ ਤੇ ਇਸਦਾ ਕੀ ਪ੍ਰਭਾਵ ਪਿਆ ਹੈ।

-ਸਾਡੇ ਸਮਾਜ ਦੀ ਲੋਕਧਾਰਾ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਮੈਂ ਸਮਝਦਾਂ ਕਿ ਸੰਨ 2000 ਤੋਂ ਬਾਦ ਸਮਾਜ ਜਿੰਨੀ ਤੇਜ਼ੀ ਨਾਲ ਬਦਲਿਆ ਹੈ ਉੱਨਾ ਪਿਛਲੇ ਪੱਚੀ-ਤੀਹ ਸਾਲ 'ਚ ਵੀ ਨਹੀਂ ਬਦਲਿਆ ਹੋਣਾ। ਇਸੇ ਸਮੇਂ ਦੇ ਦੌਰਾਨ ਹੀ ਅਸੀਂ ਸ਼ੋਸਲ ਮੀਡੀਆ, ਫੇਸਬੁਕ, ਵਟਸਐਪ ਅਤੇ ਇੰਸਟਾਗ੍ਰਾਮ ਆਦਿ ਨਾਲ ਜੁੜੇ ਹਾਂ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਜੀਵਨ ਵਿੱਚ ਕੁਸ਼ ਚੰਗਾ ਆਉਂਦਾ ਹੈ ਤਾਂ ਉਸਦੇ ਨਾਲ ਮਾੜਾ ਵੀ ਬਹੁਤ ਕੁਸ਼ ਆਉਂਦਾ ਹੈ ਪਰ ਇੱਥੇ ਜ਼ਰੂਰਤ ਹੈ ਕਿ ਅਸੀਂ ਚੰਗੇ-ਮਾੜੇ ਦਾ ਨਿਖੇੜਾ ਕਰ ਲਈਏ। ਸ਼ੋਸਲ ਮੀਡੀਆ ਸਾਡੇ ਸਮਾਜ ਵਲੋਂ ਤੇਜ਼ੀ ਨਾਲ ਸਵੀਕਾਰ ਕੀਤਾ ਗਿਆ ਮਨੋਰੰਜਨ ਅਤੇ ਦੂਰ ਸੰਚਾਰ ਦਾ ਸਾਧਨ ਹੈ, ਜਿਸ ਰਾਹੀਂ ਅਸੀਂ ਦੇਸ਼ਾਂ-ਪ੍ਰਦੇਸ਼ਾ ਦੀਆ ਖ਼ਬਰਾਂ ਪਲਾਂ 'ਚ ਹੀ ਵੇਖ ਸਕਦੇ ਹਾਂ। ਪਰ ਕਈ ਲੋਕ ਇਸਦਾ ਦੁਰਉਪਯੋਗ ਵੀ ਕਰਦੇ ਹਨ ਜਿਸਤੋਂ ਸਾਨੂੰ ਸੁਚੇਤ ਰਹਿਣ ਦੀ ਬਹੁਤ ਲੋੜ ਹੈ। ਨੌਜਵਾਨਾਂ ਦੇ ਨਾਲ-ਨਾਲ ਹੁਣ ਤਾਂ ਛੋਟੇ-ਛੋਟੇ ਬੱਚੇ ਵੀ ਸ਼ੋਸਲ ਮੀਡੀਆ ਦੇ ਨਾਲ ਬਹੁਤ ਤੇਜੀ ਨਾਲ ਜੁੜ ਰਹੇ ਨੇ ਜਿਸ ਲਈ ਮਾਤਾ ਪਿਤਾ ਨੂੰ ਬਹੁਤ ਧਿਆਨ ਦੇਣ ਦੀ ਲੋੜ ਹੈ ਕਿਉਂ ਕਿ ਸ਼ੋਸਲ ਮੀਡੀਆ ਉੱਪਰ ਬਹੁਤ ਕੁਸ਼ ਅਜੇਹਾ ਵੀ ਪਿਆ ਹੋਇਆ ਹੈ ਜਿਸਨੂੰ ਅਸੀਂ ਪਰਿਵਾਰ ਵਿੱਚ ਬੈਠ ਕੇ ਪੜ੍ਹ ਜਾਂ ਵੇਖ ਨਹੀਂ ਸਕਦੇ। ਇਸ ਤਰ੍ਹਾਂ ਦੀਆਂ ਚੀਜ਼ਾਂ ਸਾਡੇ ਨੌਜਵਾਨਾਂ ਨੂੰ ਰਸਤੇ ਤੋਂ ਭਟਕਾਉਣ ਦਾ ਯਤਨ ਕਰਦੀਆਂ ਹਨ। ਸੋ ਇਸ ਗੱਲ ਲਈ ਨੌਜਵਾਨਾਂ ਨੂੰ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਸ਼ੋਸ਼ਲ ਮੀਡੀਆ 'ਤੇ ਪਾਈ ਹੋਈ ਕਿਸੇ ਵੀ ਪੋਸਟ ਤੇ ਪ੍ਰਤੀਕਿਰਿਆ ਦੇਣ ਤੋਂ ਪਹਿਲਾਂ ਉਸਦੇ ਤੱਥਾ ਬਾਰੇ ਜਾਣ ਲੈਣਾ ਵੀ ਬਹੁਤ ਜ਼ਰੂਰੀ ਹੈ। ਕਿਉਂ ਕਿ ਸ਼ਰਾਰਤੀ ਅਨਸਰਾਂ ਵਲੋਂ ਕਈ ਚੀਜ਼ਾਂ ਸਮਾਜਿਕ ਹਿੰਸਾ ਨੂੰ ਵਧਾਉਣ ਲਈ ਵੀ ਪੋਸਟ ਕੀਤੀਆਂ ਹੁੰਦੀਆਂ ਹਨ। ਅਗਲੀ ਗੱਲ ਹੈ ਸਾਹਿਤ ਨਾਲ ਜੁੜੇ ਮਸਲੇ ਦੀ ਤਾਂ ਮੈਂ ਕਹਿਣਾ ਚਾਹੁੰਨਾਂ ਭਾਵੇਂ ਅੱਜ ਹਰ ਮਨੁੱਖ ਦੇ ਹੱਥ ਵਿੱਚ ਸ਼ੋਸਲ ਮੀਡੀਆ ਹੈ, ਟਾਈਮ-ਪਾਸ ਕਰਨ ਲਈ ਹੋਰ ਵੀ ਬਹੁਤ ਸਾਰੇ ਮਨੋਰੰਜਨ ਦੇ ਸਾਧਨ ਹਨ ਪਰ ਅਜੇ ਵੀ ਪਾਠਕ ਵਰਗ ਵੱਡੀ ਗਿਣਤੀ ਵਿੱਚ ਕਿਤਾਬਾਂ ਪੜ੍ਹਦਾ ਹੈ। ਸ਼ੋਸ਼ਲ ਮੀਡੀਆ ਉੱਪਰ ਈ ਬੁੱਕ ਦਾ ਵੀ ਪ੍ਰਚਲਣ ਹੈ। ਬਹੁਤ ਸਾਰੇ ਲੇਖਕਾਂ ਦੀਆਂ ਰਚਨਾਵਾਂ ਸ਼ੋਸਲ ਮੀਡੀਆ ਰਾਹੀਂ ਪੜ੍ਹਨ ਨੂੰ ਵੀ ਮਿਲਦੀਆਂ ਹਨ।

? ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਦੀ ਕਹਾਣੀ ਤੋਂ ਤੁਸੀ ਕੀ ਪ੍ਰੇਰਨਾ ਲਈ। ਕੁਝ ਕਹਾਣੀਆਂ ਦਾ ਜ਼ਿਕਰ ਕਰੋ।

-ਨਵੇਂ-ਪੁਰਾਣੇ ਲੇਖਕਾਂ 'ਚੋਂ ਮੈਂ ਗੁਰਮੀਤ ਕੜਿਆਲਵੀ, ਗੁਰਦੇਵ ਰੁਪਾਣਾ, ਕੁਲਵੰਤ ਵਿਰਕ, ਕੁਲਵੰਤ ਗਿੱਲ, ਸੁਖਜੀਤ, ਜਤਿੰਦਰ ਹਾਂਸ, ਜਸਵੀਰ ਰਾਣਾ ਅਤੇ ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਪਾਠਕ ਹਾਂ ਏਹਨਾਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਨੇ ਜੋ ਲੰਮਾਂ ਸਮਾਂ ਲੋਕ ਮਨਾਂ ਉੱਪਰ ਅਸਰ ਰੱਖਦੀਆਂ ਨੇ ਗੁਰਦੇਵ ਰੁਪਾਣਾ ਦੀ ਕਹਾਣੀ 'ਸ਼ੀਸ਼ਾ' ਅਤੇ 'ਆਪਣੀ ਅੱਖ ਦਾ ਜਾਦੂ', ਗੁਰਮੀਤ ਕੜਿਆਲਵੀ ਦੀ ਕਹਾਣੀ 'ਆਤੂ ਖੋਜੀ' ਅਤੇ 'ਚੀਕ', ਸੁਖਜੀਤ ਦੀ ਕਹਾਣੀ



'ਪਾਤਸ਼ਾਹ' ਅਤੇ 'ਹਜ਼ਾਰ ਕਹਾਣੀਆਂ ਦਾ ਬਾਪ', ਜਸਵੀਰ ਰਾਣਾ ਦੀ ਕਹਾਣੀ 'ਨਸਲਘਾਤ' ਅਤੇ 'ਬਿੱਲੀਆਂ ਅੱਖਾਂ ਦਾ ਜਾਦੂ', ਅਜਮੇਰ ਸਿੱਧੂ ਦੀ ਕਹਾਣੀ 'ਇਕਬਾਲ ਹੁਸੈਨ ਮੋਇਆ ਨਹੀਂ', ਕੁਲਵੰਤ ਗਿੱਲ ਦੀ 'ਦਾਦੇ ਮਘ੍ਹਾਉਣਾ' ਤੇ 'ਸਿਗਰਟ ਜੇਹੀ ਜ਼ਿੰਦਗੀ', ਜਤਿੰਦਰ ਹਾਂਸ ਦੀ ਕਹਾਣੀ 'ਨੰਗੇਜ' ਅਤੇ 'ਲਵ ਜਹਾਦ', ਅਤੇ ਕੁਲਵੰਤ ਵਿਰਕ ਦੀ ਕਹਾਣੀ 'ਖੱਬਲ' ਆਦਿ ਕਹਾਣੀਆਂ ਮਨੁੱਖੀ ਮਨਾਂ ਅੰਦਰ ਉਤਸਾਹ ਭਰਦੀਆਂ ਹਨ। ਇਹਨਾਂ ਤੋਂ ਇਲਾਵਾ ਮੇਰੇ ਸਮਕਾਲੀ ਦੋਸਤਾਂ ਵਲੋਂ ਲਿਖੀ ਜਾ ਰਹੀ ਕਹਾਣੀ ਵੀ ਗੱਲ ਨੂੰ ਅੱਗੇ ਤੋਰ ਰਹੀ ਹੈ। ਸਿਮਰਨ ਧਾਲੀਵਾਲ, ਗੁਰਸੇਵਕ ਪ੍ਰੀਤ, ਤ੍ਰਿਪਤਾ ਕੇ. ਸਿੰਘ, ਦੀਪ ਦਵਿੰਦਰ ਤੇ ਦੀਪਤੀ ਬਬੂਟਾ ਦੀਆਂ ਕਹਾਣੀਆਂ ਮੈਂ ਬੜੇ ਚਾਅ ਨਾਲ ਪੜ੍ਹਦਾ ਹਾਂ। ਮੈਨੂੰ ਆਪਣੇ ਇਹਨਾਂ ਦੋਸਤਾਂ ਉੱਪਰ ਮਾਣ ਵੀ ਹੈ ਕਿ ਉਹ ਪੰਜਾਬੀ ਕਹਾਣੀ 'ਚ ਵੰਨ-ਸੁਵੰਨੇ ਤੇ ਨਵੇਂ ਵਿਸ਼ੇ ਲੈ ਕੇ ਆ ਰਹੇ ਨੇ।

? ਪਿੱਛੇ ਜਿਹੇ ਸੁਣਨ ਨੂੰ ਮਿਲਿਆ ਸੀ ਲੇਖਕ ਖੁਦ ਨਹੀਂ ਪੜ੍ਹਦੇ। ਤੁਸੀਂ ਕਿਵੇਂ ਵੇਖਦੇ ਹੋ ਇਸ ਗੱਲ ਨੂੰ ? ਪੜ੍ਹਨਾ ਕਿੰਨਾ ਕੁ ਲਾਜਮੀ ਹੈ।

-ਮੈਂ ਸਮਝਦਾਂ ਵਈ ਲੇਖਕ ਹੋਣ ਤੋਂ ਪਹਿਲਾਂ ਕਿਸੇ ਇਨਸਾਨ ਦਾ ਚੰਗਾ ਪਾਠਕ ਹੋਣਾ ਬਹੁਤ ਜ਼ਰੂਰੀ ਹੈ। ਉਹੀ ਲੇਖਕ ਵਧੀਆ ਰਚਨਾ ਕਰ ਸਕਦੈ ਜੋ ਚੰਗਾ ਪੜ੍ਹਦਾ ਹੋਵੇਗਾ। ਏਹ ਜ਼ਰੂਰੀ ਨਹੀਂ ਕਿ ਜਿਸ ਵਿਧਾ ਵਿੱਚ ਕੋਈ ਲਿਖ ਰਿਹਾ ਹੈ ਉਸੇ ਵਿਧਾ ਨੂੰ ਪੜ੍ਹੇ ਹੋਰ ਵਿਧਾਵਾਂ ਵੀ ਪੜ੍ਹਨੀਆਂ ਚਾਹੀਦੀਆ ਹਨ। ਇਸਦੇ ਨਾਲ ਸਾਡੀ ਸੋਚ ਅਤੇ ਬੁੱਧੀ ਦਾ ਵਿਕਾਸ ਹੁੰਦਾ ਹੈ। ਚੰਗਾ ਸਾਹਿਤ ਰਚਣ ਦੀ ਪ੍ਰੇਰਣਾ ਮਿਲਦੀ ਹੈ।

? ਇਕ ਹੋਰ ਚੀਜ਼ ਜੋ ਵਾਰ-ਵਾਰ ਵੇਖਣ ਸੁਣਨ ਨੂੰ ਮਿਲਦੀ ਹੈ ਕਿ ਨਵੇਂ ਲੇਖਕ ਕਾਹਲ ਕਰਦੇ ਹਨ। ਉਹ ਸਥਾਪਤੀ ਜਲਦੀ ਚਾਹੁੰਦੇ ਹਨ। ਮਿਹਨਤ ਉਸ ਤਰ੍ਹਾਂ ਨਹੀਂ ਕਰਦੇ ਕੀ ਕਹੋਂਗੇ ਇਸ ਬਾਰੇ।

-ਮੈਂ ਸਮਝਦਾਂ ਵਈ ਸਥਾਪਤੀ ਕੋਈ ਸਦੀਵੀ ਚੀਜ਼ ਨਹੀਂ ਹੈ। ਸਾਹਿਤ ਨਿਰੰਤਰ ਚੱਲਣ ਵਾਲਾ ਇਕ ਪ੍ਰਵਾਹ ਹੈ ਜੋ ਪੀੜ੍ਹੀ ਦਰ ਪੀੜ੍ਹੀ ਅੱਗੇ ਤੁਰਿਆ ਜਾ ਰਿਹੈ। ਸਾਡੇ ਤੋਂ ਪਹਿਲਾਂ ਵੀ ਕਹਾਣੀ ਲਿਖੀ ਗਈ ਅਸੀਂ ਵੀ ਲਿਖ ਰਹੇ ਹਾਂ ਤੇ ਆਉਣ ਵਾਲੇ ਸਮੇਂ ਵਿੱਚ ਵੀ ਲਿਖੀ ਜਾਵੇਗੀ। ਹਾਂ, ਜਿੱਥੋਂ ਤੱਕ ਕਾਹਲ ਦਾ ਮਸਲਾ ਹੈ ਤਾਂ ਮੈਂ ਸਮਝਦਾਂ ਵਈ ਕੋਈ ਵੀ ਰਚਨਾ ਜੇਹੜੀ ਤੱਥਾਂ ਅਤੇ ਵੇਰਵਿਆਂ ਤੋਂ ਅਨਜਾਣ ਹੈ ਉਹ ਸੰਪੂਰਨ ਨਹੀਂ ਹੋ ਸਕਦੀ। ਜਦੋਂ ਅਸੀਂ ਕਿਸੇ ਸਬਜੈਕਟ ਉੱਪਰ ਕੰਮ ਕਰਨ ਬਾਰੇ ਸੋਚਦੇ ਹਾਂ ਤਾਂ ਉਸ ਨਾਲ ਜੁੜੇ ਸਾਰੇ ਤੱਥਾਂ ਨੂੰ ਬਾਰੀਕੀ ਨਾਲ ਜਾਣ ਲੈਣਾ ਚਾਹੀਦਾ ਹੈ ਇਸ ਨਾਲ ਰਚਨਾ 'ਚ ਪੇਤਲਾਪਣ ਨਹੀਂ ਆਉਂਦਾ। ਲੰਮੀ-ਲੰਮੀ ਵਾਕ ਬਣਤਰ ਤੋਂ ਵੀ ਬਚਣਾ ਚਾਹੀਦੈ। ਬਾਕੀ ਰਚਨਾ ਦਾ ਜੱਜ ਲੇਖਕ ਖੁਦ ਹੁੰਦਾ ਹੈ। ਉਹ ਆਪਣੀ ਰਚਨਾ ਨਾਲ ਕਿੰਨਾ ਕੁ ਇਨਸਾਫ਼ ਕਰ ਪਾਉਂਦਾ ਹੈ ਏਹ ਉਹਦੇ ਉੱਪਰ ਹੀ ਨਿਰਭਰ ਕਰਦੈ।

## ਕਹਾਣੀ ਉਹੀ ਜ਼ਿੰਦਾ ਰਹਿੰਦੀ ਹੈ ਜਿਸ ’ਚ ਰਸ ਤੇ ਕਸ ਹੋਵੇ
## -ਗੁਰਸੇਵਕ ਸਿੰਘ ਪ੍ਰੀਤ

? ਪ੍ਰੀਤ ਜੀ, ਤੁਸੀਂ ਕਹਾਣੀ ਦੀ ਤੰਦ ਕਿਵੇਂ ਫੜਦੇ ਹੋ।

–ਜਦੋਂ ਮਨ ਦੇ ਕਿਸੇ ਖੂੰਜੇ ’ਚ ਵਰ੍ਹਿਆਂ ਪਹਿਲਾਂ ਪਿਆ ਕੋਈ ਬੀਅ ਪੁੰਗਰਨ ਲੱਗੇ....ਜਦੋਂ ਅੱਖਾਂ ਸਾਹਮਣੇ ਵਾਪਰ ਰਹੀ ਕਿਸੇ ਘਟਨਾ ਨੂੰ ਵੇਖਦੀਆਂ ਹੋਣ ਪਰ ਅਚੇਤ ਮਨ ਉਸ ਘਟਨਾ ਪਿਛਲੇ ਕਾਰਨਾਂ ਨੂੰ ਵੇਖ ਰਿਹਾ ਹੋਵੇ....ਜਦੋਂ ਸੁੱਤੇ ਪਏ ਨਾਲ ਪਾਤਰ ਗੱਲਾਂ ਕਰਦੇ ਹੋਣ.....ਤੇ ਜਦੋਂ ‘ਇਹ ਕੀ ਹੋਇਆ ਤੇ ਕਿਵੇਂ ਹੋਇਆ’ ਨਾਲ ਉਲਝਦਿਆਂ ਕਈ ਰਾਤਾਂ ਦੀ ਨੀਂਦ ਉਖੜਦੀ ਰਹੇ....ਜਦੋਂ ਦਰਦ ਜਾਂ ਆਨੰਦ ਦੀ ਸਿਖਰ ਮਿਲ ਜਾਵੇ, ਤਾਂ ਅਜਿਹੇ ਵੇਲੇ ਕਹਾਣੀ ਦੀ ਤੰਦ ਫੜੀ ਜਾਂਦੀ ਹੈ। ਕਈ ਵਾਰ ਤਾਂ ਕਹਾਣੀ ਬਣੀ ਬਣਾਈ ਆ ਜਾਂਦੀ ਹੈ। ਕਈ ਵਾਰ ਕਹਾਣੀ ਦਾ ਸਿਰਫ ਨਾਮ ਜਾਂ ਕਹਿ ਲਓ ‘ਥੀਮ’ ਜ਼ਿਹਨ ’ਚ ਸਪੱਸ਼ਟ ਹੋ ਜਾਂਦਾ ਹੈ ਪਰ ਬਾਅਦ ਵਿੱਚ ਕਹਾਣੀ ਉਸ ਦੁਆਲੇ ਬੁਣਨੀ ਪੈਂਦੀ ਹੈ। ਕਈ ਵਾਰ ਕਹਾਣੀ ਦਾ ਆਦਿ ਤਾਂ ਸਪੱਸ਼ਟ ਹੁੰਦਾ ਪਰ ਅੰਤ ਨਹੀਂ ਤੇ ਕਈ ਵਾਰ ਅੰਤ ਵਿਖਾਈ ਦਿੰਦਾ ਹੈ ਤਾਂ ਮੱਧ ਨਹੀਂ। ਇਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਕਹਾਣੀ ਇਕ ਬਹੁਤ ਮਹੀਨ ਜਿਹੀ ਰੌਸ਼ਨੀ ਦੀ ਲੀਕ ਵਰਗੀ ਹੁੰਦੀ ਹੈ ਜਿਸਦੇ ਦੁਆਲੇ ਬਹੁਤ ਸਾਰੇ ਬਰੀਕ ਕਣ ਉੱਡ ਰਹੇ ਹੁੰਦੇ ਹਨ। ਇਨ੍ਹਾਂ ਕਣਾਂ ਨੂੰ ਫੜ ਲਿਆ ਜਾਵੇ ਤਾਂ ਕਹਾਣੀ ਬਣ ਜਾਂਦੀ ਹੈ ਨਹੀਂ ਤਾਂ ਇਹ ਬਿਖਰੇ ਹੋਏ ਕਣ ‘ਫੜ ਲਓ–ਫੜ ਲਓ’ ਕਹਿ ਕੇ ਬੇਚੈਨੀ ਬਣਾਈ ਰੱਖਦੇ ਹਨ। ਇਸ ਤਰ੍ਹਾਂ ਤੰਦਾਂ–ਤਾਣੀਆਂ ’ਚ ਉਲਝਦਿਆਂ ਤੇ ਸੁਲਝਦਿਆਂ, ਗੱਲਾਂ–ਬਾਤਾਂ ਤੇ ਕਹਾਣੀਆਂ ਬਣਦੀਆਂ ਰਹਿੰਦੀਆਂ ਹਨ। ਅਜਿਹਾ ਕੋਈ ਇਕੋ ਝਟਕੇ ’ਚ ਨਹੀਂ ਹੁੰਦਾ ਸਗੋਂ ਕਈ ਵਾਰ ਤਾਂ ਤੰਦ ਫੜਦਿਆਂ–ਫੜਦਿਆਂ ਮਹੀਨੇ ਤੇ ਕਈ ਵਾਰ ਵਰ੍ਹੇ ਵੀ ਲੱਗ ਜਾਂਦੇ ਹਨ। ਹਾਲ ਹੀ ਵਿੱਚ ਆਈ ਮੇਰੇ ਕਹਾਣੀ ਸੰਗ੍ਰਿਹ ‘ਮਹਿਣਾ’ ਦੀ ਕਹਾਣੀ ‘ਮਹਿਣਾ’ ਚਾਲੀ ਸਾਲ ਮੇਰੇ ਨਾਲ–ਨਾਲ ਚੱਲਦੀ ਰਹੀ ਪਰ ਫੜੀ ਨਹੀਂ ਗਈ। ਮੈਂ ਅਦ੍ਰਿਸ਼ ਰੂਪ ’ਚ ਚੱਲਦੀ ਕਹਾਣੀ ਵੇਖ ਲੈਂਦਾ ਪਰ ਅੱਖਰਾਂ ’ਚ ਉਤਾਰਣ ਲਈ ਮੈਨੂੰ ਧਰਾਤਲ ਨਹੀਂ ਸੀ ਮਿਲ ਰਿਹਾ। ਤੇ ਅਖੀਰ ਚਾਲੀ ਸਾਲਾਂ ਬਾਅਦ ‘ਭੂਆ’ ਦੇ ਬੋਲੇ ਇਕੋ ਬੋਲ ਨੇ ਇਹ ਭਟਕਣਾ ਖਤਮ ਕਰ ਦਿੱਤੀ ਤੇ ਕਹਾਣੀ ਦੀ ਤੰਦ ਮੇਰੇ ਹੱਥ ਆ ਗਈ ਤੇ ਕਹਾਣੀ ‘ਮਿਹਣਾ’ ਲਿਖੀ ਗਈ। ‘ਜੀਣ ਜੋਗਾ’ ਕਹਾਣੀ ਮੈਂ ਵਰ੍ਹਿਆਂ ਬੱਧੀ ਹਰ ਉਸ ਬਜ਼ੁਰਗ ਵਿੱਚ ਵੇਖਦਾ ਰਿਹਾ ਜਿਹੜਾ ਅੱਤ ਦੀ ਤਰਸਯੋਗ ਹਾਲਤ ’ਚ ਹੁੰਦਿਆਂ ਵੀ ‘ਉਹ ਦਿਨ ਨਹੀਂ ਰਹੇ ਤਾਂ ਭਾਈ ਆਹ ਦਿਨ ਵੀ ਨਹੀਂ ਰਹਿਣੇ’, ਕਹਿੰਦਾ ਸੀ। ਮੈਂ ਸੋਚਣਾ ਮਰਨ ਕੰਢੇ ਪੁੱਜਿਆਂ ਦੀ ਇਸ ਦਿਨ ਬਦਲਣ ਦੀ ਚਾਹਤ ਪਿੱਛੇ ਅਸਲ ਰਾਜ ਕੀ ਹੈ ? ਪਰ ਜਿਸ ਦਿਨ ਇਹ ਰਾਜ ਪਤਾ ਲੱਗਿਆ ਕਿ ਇਸ ਚਾਹਤ ਦਾ ਬਹਾਨਾ ਸਿਰਫ ਜਿਓਂਦੇ ਰਹਿਣ ਲਈ ਇਕ ‘ਟਾਨਿਕ’ ਹੈ ਤਾਂ ‘ਇੰਦਰ ਸਿੰਘ ਖੱਤਰੀ’ ਦੇ ਜ਼ਰੀਏ ਕਹਾਣੀ ‘ਜੀਣ ਜੋਗਾ’ ਲਿਖੀ ਗਈ। ਸੋ, ਸਿਮਰਨ ਇਹ ਕਹਿ ਸਕਦੇ ਹਾਂ ਕਿ ਆਲੇ–ਦੁਆਲੇ ਅਤੇ ਅਚੇਤ–ਸੁਚੇਤ ’ਚ ਵਾਪਰਦੀਆਂ ਘਟਨਾਵਾਂ ਪਿਛਲੇ ਗੁੱਝੇ ਰਹੱਸ ਜਦੋਂ ਪਤਾ ਲੱਗ ਜਾਣ ਤਾਂ ਫਿਰ ਬਾਤ ਪਾਉਣ ਨੂੰ ਚਿੱਤ ਕਰ ਆਉਂਦੈ।

? ਤੁਸੀਂ ਹੁਣੇ ਨਾਵਲ ਲਿਖਿਆ ਹੈ, ਨਾਵਲ ਲਿਖਣ ਦੀ ਜ਼ਰੂਰਤ ਕਿਉਂ ਪਈ ? ਕੀ ਤਹਾਡੀ ਗੱਲ ਕਹਾਣੀ ਵਿੱਚ ਪੂਰੀ ਨਹੀਂ ਸੀ ਹੋ ਰਹੀ।

–ਕਮਾਲ ਦਾ ਸਵਾਲ ਹੈ। ਤੇ ਮੇਰੇ ਫਾਇਦੇ ਦਾ ਵੀ। ਇਸ ਨਾਲ ਮੈਨੂੰ ਆਪਣੇ ਪਲੇਠੇ



ਪੁੱਤ ਵਰਗੇ ਪਲੇਠੇ ਨਾਵਲ ‘ਸਵਾਹਾ’ ਬਾਰੇ ਗੱਲ ਕਰਨ ਦਾ ਵੀ ਮੌਕਾ ਮਿਲ ਗਿਆ। ਸਵਾਲ ਦਾ ਪਹਿਲਾ ਹਿੱਸਾ ਹੈ, ਨਾਵਲ ਲਿਖਣ ਦੀ ਲੋੜ ਕਿਉਂ ਪਈ ? ਜੇ ਮੈਂ ਸਵਾਲ ਦੇ ਰੂਪ ’ਚ ਹੀ ਜਵਾਬ ਦਿਆਂ ਕਿ ਤੁਹਾਨੂੰ ਮੇਰੇ ਨਾਲ ਗੱਲਬਾਤ (ਇੰਟਰਵਿਊ) ਕਰਨ ਦੀ ਲੋੜ ਕਿਉਂ ਪਈ ਜਾਂ ਮੈਂ ਇਹ ਪੁੱਛਾਂ ਕਿ ਭਰੇ ਮੇਲੇ ’ਚ ਬੱਚੇ ਗੁਬਾਰੇ ਤੇ ਵੱਡੇ ‘ਸ਼ਰਾਰੇ’ ਹੀ ਕਿਉਂ ਵੇਖਦੇ ਨੇ ਜਾਂ ਇਹ ਕਹਾਂ ਕਿ ਤੀਵੀਆਂ ਹਮੇਸ਼ਾਂ ਆਪਣੇ ਮਰਦਾਂ ਦੀਆਂ ਤੇ ਮਰਦ ਪਰਾਈਆਂ ਤੀਵੀਆਂ ਦੀਆਂ ਗੱਲਾਂ ਹੀ ਕਿਉਂ ਕਰਦੇ ਨੇ ? ਤਾਂ ਯਕੀਨਨ ਇਸਦਾ ਜੁਆਬ ਇਹ ਹੀ ਹੋਵੇਗਾ ਕਿ ਹਰ ਇਕ ਦੀ ਆਪੋ–ਆਪਣੀ ਲੋੜ ਤੇ ਸੋਚ ਹੁੰਦੀ ਹੈ। ਬੱਸ, ਇਹੀ ਲੋੜ ਤੇ ਸੋਚ ਲਿਖਣ ਨਾਲ ਜੁੜੀ ਹੋਈ ਹੈ। ਮੈਨੂੰ ਆਪਣੇ ਮਨ ਦੀ ਸੰਤੁਸ਼ਟੀ ਲਈ, ਆਪਣੀ ਰੂਹ ਨੂੰ ਜਿਓਂਦਾ ਰੱਖਣ ਲਈ ਅਤੇ ਆਪਣੇ ਮਨ ਦੀਆਂ ਗੱਲਾਂ ਨੂੰ ਹੋਰਾਂ ਨਾਲ ਸਾਂਝੀਆਂ ਕਰਨ ਲਈ ਕਹਾਣੀ ਦਾ ਰਾਹ ਵਧੀਆ ਲੱਗਿਆ। ਕਹਾਣੀਆਂ ਦੀਆਂ ਦੋ ਕਿਤਾਬਾਂ ‘ਘੋੜ–ਦੌੜ ਜਾਰੀ ਹੈ’ ਅਤੇ ‘ਮਹਿਣਾ’ ਰਚਣ ਦੌਰਾਨ ਹੀ ਮੇਰੇ ਦਿਮਾਗ ’ਚ ਇਹ ਵੱਡਾ ‘ਕਨਸੈਪਟ’ ਘੁੰਮ ਰਿਹਾ ਸੀ ਕਿ ਵਿਕਾਸ ਦੀ ਅੰਨ੍ਹੀ ਦੌੜ ’ਚ ਆਮ ਆਦਮੀ ਨੇ ਕੀ ਖੱਟਿਆ ਤੇ ਕੀ ਗਵਾਇਆ। ਇਕ ਪੱਤਰਕਾਰ ਵਜੋਂ ਦੋ ਦਹਾਕਿਆਂ ਤੋਂ ਮੈਂ ਇਸ ਬਦਲਾਅ ਦੇ ਸਮਾਜਿਕ, ਸਭਿਆਚਾਰਕ, ਵਿਹਾਰਕ, ਮਾਨਸਿਕ, ਪ੍ਰਸ਼ਾਸਨਿਕ ਤੇ ਸਰਕਾਰੀ ਫਾਇਲਾਂ ਵਿਚਲੇ ਅਸਰ ਨੂੰ ਵਾਚ ਰਿਹਾ ਹਾਂ। ਇਸ ਸਭ ਕਾਸੇ ਨੂੰ ਵਰਣਨ ਕਰਨ ਲਈ ਮੈਂ ਨੋਟ ਕਰਨਾ ਸ਼ੁਰੂ ਕੀਤਾ। ਅਖੌਤੀ ਵਿਕਾਸ ਦੀ ਮਾਰ ਹੇਠ ਆਏ ਪਿੰਡਾਂ ਦਾ ਦੌਰਾ ਕੀਤਾ। ਲੋਕਾਂ ਨੂੰ ਮਿਲਿਆ। ਅੰਦਰਲੇ ਸੱਚ ਜਾਣੇ। ਨੋਟਾਂ ਦੀਆਂ ਪੰਡਾਂ ਹੇਠ ਸਾਹ ਘੁੱਟਦੇ ਰਿਸ਼ਤੇ ਵੇਖੇ। ਭੁੱਖਿਆਂ ਦੇ ਹੱਥਾਂ ’ਚ ਟੁੱਕ ਖੋਂਹਦੇ ਗੋਗੜਾਂ ਵਾਲੇ ਵੇਲੇ। ਮੈਨੂੰ ਲੱਗਿਆ ਕਿ ਇਕ ਕਹਾਣੀ ’ਚ ਇਹ ਸਭ ਕੁਝ ਨਹੀਂ ਆ ਸਕਦਾ ਤਾਂ ਇਸ ਲਈ ਮੈਂ ਇਸ ਰਚਨਾ ‘ਸਵਾਹਾ’ ਦੇ ਰੂਪ ’ਚ ਪੇਸ਼ ਕਰ ਦਿੱਤਾ। ਇਹ ਨਾਵਲ ਕੋਈ ਕਹਾਣੀ ਨੂੰ ਤੋੜ ਵਿਛੋੜਾ ਦੇਣ ਦਾ ਨਹੀਂ। ਸੋ ਇਸ ਤਰ੍ਹਾਂ ਮੈਂ ਕਹਿ ਸਕਦਾ ਹਾਂ ਕਿ ਮੁੱਢਲੇ ਤੌਰ ’ਤੇ ਮੈਂ ਕਹਾਣੀਕਾਰ ਹੀ ਹਾਂ। ਇਹ ਨਾਵਲ ਮੈਂ ਸਿਰਫ ਨਾਵਲ ਲਿਖਣ ਦੀ ਖਾਤਰ ਹੀ ਨਹੀਂ ਲਿਖਿਆ, ਸਗੋਂ ਪਾਈ ਜਾਣ ਵਾਲੀ ਬਾਤ ਦੇ ਵਿਸਥਾਰ ਨੂੰ ਵੇਖਦਿਆਂ ਇਸਨੂੰ ਨਾਵਲ ਦਾ ਰੂਪ ਦਿੱਤਾ ਹੈ। ਫਿਰ ਜਦੋਂ ਨਾਵਲ ਦੇ ਤੌਰ ’ਤੇ ਮੈਂ ਇਸਨੂੰ ਵੇਖਣ ਲੱਗਿਆ ਤਾਂ ਮੈਂ ਸੋਚਿਆ ਕਿ ਰਵਾਇਤੀ ‘ਹੀਰੋ–ਹੀਰੋਇਨ–ਵਿਲੈਨ’ ਦੇ ਫਾਰਮੂਲੇ ਨੂੰ ਨਹੀਂ ਵਰਤਣਾ ਤੇ ਨਾ ਹੀ ਇਸਨੂੰ ਅੱਤ ਦਾ ਗੰਭੀਰ ਕਰਨਾ ਹੈ। ਇਸ ਲਈ ਮੈਂ ਨਾਵਲ ‘ਸਵਾਹਾ’ ਨੂੰ ਲੰਬੇ ਵਿਅੰਗ ਦੇ ਰੂਪ ’ਚ ਲਿਖਿਆ। ਲਿਖਣ ਦਾ ਕੰਮ ਮੈਂ ਕੰਪਿਊਟਰ ਉੱਪਰ ਹੀ ਕਰਦਾ ਹਾਂ। ਲਗਾਤਾਰ ਛੇ ਸਾਲ ਇਸਦੀ ਕੱਟ–ਵੱਢ ਕਰਦਾ ਰਿਹਾ। ਕਈ ਕੁਝ ਜੋੜਦਾ ਤੇ ਕਈ ਕੁਝ ਛਾਂਗਦਾ ਰਿਹਾ। ਕੰਪਿਊਟਰ ਦਾ ਇਹੀ ਸੁਖ ਹੈ। ਪ੍ਰਕਾਸ਼ਕ ਨੇ ਨਾਵਲ ‘ਸਵਾਹਾ’ ਦੇ ਇਕ ਸ਼ਬਦ ਦਾ ਮੁਹਾਂਦਰਾ ਬਦਲਣ ਲਈ ਕਿਹਾ ਤਾਂ ਇਕ ਕਲਿੱਕ ਨਾਲ ਹੀ ਕਰੀਬ ਤਿੰਨ ਸੌ ਸ਼ਬਦ ਬਦਲੇ ਗਏ।

? ਆਪਣੇ ਕੁਝ ਐਸੇ ਪਾਤਰਾਂ ਦਾ ਜ਼ਿਕਰ ਕਰੋ ਜਿਹੜੇ ਤੁਹਾਡੇ ਧੁਰ ਅੰਦਰ ਬੈਠੇ ਹੋਣ। ਰੂਪ ਵਟਾ ਕੇ ਵਾਰ–ਵਾਰ ਕਹਾਣੀਆਂ ਵਿੱਚ ਆਉਂਦੇ ਹੋਣ।

–ਜਦੋਂ ਤੱਕ ਕਹਾਣੀ ਬੁਣਦਾ ਹਾਂ ਉਦੋਂ ਤੱਕ ਹਰ ਤੰਦ ਮੇਰੇ ਜ਼ਿਹਨ ਦੁਆਲੇ ਲਿਪਟੀ ਰਹਿੰਦੀ ਹੈ। ਇਸ ਤੰਦ ’ਚ ਪਾਤਰ, ਸਮਾਂ, ਸਥਾਨ, ਆਦਿ ਤੇ ਅੰਤ ਕਈ ਕੁਝ ਹੁੰਦਾ ਹੈ। ਫਿਰ ਹੌਲੀ–ਹੌਲੀ, ਉਡਾਰ ਹੋਏ ਪੰਖੇਰੂਆਂ ਵਾਂਗ ਬਹੁਤੇ ਪਾਤਰ ਧੁੰਦਲੇ ਹੋ ਜਾਂਦੇ ਹਨ ਪਰ ਕੁਝ ਇਕ ਸਦਾ ਲਈ ਨਾਲ ਚਿਪਟ ਜਾਂਦੇ ਹਨ। ਇਹ ਚਿਪਟੇ ਪਾਤਰ ਅਸਲ ’ਚ ਸਿਰਜੇ ਨਹੀਂ ਸੱਚੇ ਹੁੰਦੇ ਹਨ। ਸਿਮਰਨ, ਮੇਰੀ ਕਹਾਣੀ, ‘ਟੁੱਟੀ ਮਾਲਾ ਦੇ ਮਣਕੇ’ ਵਾਲਾ ਨੀਰਜ ਤੇ ਅੰਜੂ ਅਤੇ ‘ਸੰਜੀਵਨੀ’ ਦਾ ਮਾਂ ਤੇ ਪੁੱਤ

ਪਾਤਰ ਮੇਰੇ ਤੋਂ ਕਦੇ ਵੱਖ ਨਹੀਂ ਹੋਏ। ਇਸੇ ਤਰ੍ਹਾਂ 'ਘੋੜ ਦੌੜ ਜਾਰੀ ਹੈ' ਕਹਾਣੀ, ਦਾ ਪਾਤਰ ਮੇਰਾ ਬਹੁਤ ਕਰੀਬੀ ਦੋਸਤ ਸੀ। ਮੈਂ ਉਸਨੂੰ ਬਹੁਤ ਨੇੜਿਓਂ ਵੇਖਿਆ। ਇਹ ਖ਼ੁੱਦਦਾਰ ਪਾਤਰ 'ਗੁਰਬਾਜ਼ ਸਿੰਘ' ਕਦੇ ਮੇਰੇ ਤੋਂ ਵੱਖ ਨਹੀਂ ਹੋਇਆ ਤੇ ਹੁਣ ਵੀ ਜਦੋਂ ਮੈਂ ਕਿਸੇ ਸਿਆਸੀ 'ਕੱਠ 'ਚ ਜਾਂਦਾ ਹੈ ਤਾਂ ਉੱਥੇ ਮੈਨੂੰ ਬਹੁਤ ਸਾਰੇ ਗੁਰਬਾਜ਼ ਸਿੰਘ ਵਿਖਦੇ ਨੇ ਜਿਹੜੇ ਮਸਨੂਈ ਸੁਖ ਦਾ ਭਰਮ ਪਾਲੀ ਲੀਡਰਾਂ ਦੇ ਮਗਰ-ਮਗਰ ਫਿਰਦੇ ਨੇ। ਕਰੀਬ ਵੀਹ ਸਾਲ ਪਹਿਲਾਂ ਲਿਖੀ ਕਹਾਣੀ 'ਝਿੰਜਣ' ਦਾ ਪਾਤਰ ਦੀਪਾ ਅੱਜ ਮੈਨੂੰ ਆਪਣੇ ਪੁੱਤਰ 'ਚੋਂ ਵਿਖਾਈ ਦਿੰਦਾ ਜਿਹੜਾ ਮਾਸਟਰ ਡਿਗਰੀ ਕਰ ਕੇ ਕਲਰਕ ਦੀ ਨੌਕਰੀ ਲਈ ਹੱਥ ਪੱਲੇ ਮਾਰ ਰਿਹੈ। ਤੇ 'ਮਿਹਣਾ' ਦੀ ਭੂਆ, ਮੇਰੇ ਤਾਂ ਕੀ ਪੜ੍ਹਣ ਵਾਲੇ ਤੋਂ ਵੀ ਵੱਖ ਨਹੀਂ ਹੁੰਦੀ। ਜਦੋਂ 'ਪੰਜਾਬੀ ਟ੍ਰਿਬਊਨ' ਵਿੱਚ ਛਪੀ ਤਾਂ ਬਹੁਤ ਪਾਠਕਾਂ ਦੇ ਫੋਨ ਆਏ ਜਿਹਨਾਂ ਇਸ ਭੂਆ ਦੇ ਬਹਾਨੇ ਆਪਣੀਆਂ ਭੂਆ, ਮਾਮੀਆਂ ਤੇ ਮਾਸੀਆਂ ਦੀਆਂ ਗੱਲਾਂ ਕੀਤੀਆਂ। ਕਮਾਲ ਦੀ ਪਾਤਰ ਆ ਭੂਆ। ਮੈਂ ਜਦੋਂ ਵੀ ਕਿਸੇ ਅਧਰੰਗ ਦੇ ਮਰੀਜ਼ ਨੂੰ ਵੇਖਦਾਂ ਤਾਂ 'ਕੰਮਾ ਕੈਮ ਆ ਬਾਈ' ਦਾ ਕੰਮਾ ਮੇਰੇ ਸਾਹਮਣੇ ਬਾ...ਬਾ... ਕਰਕੇ ਖੜ੍ਹਾ ਹੋ ਜਾਂਦੈ। 'ਕੈਂਸਰ' ਦਾ ਬਲਰਾਜ ਤੇ 'ਗੂਠਾ' ਦਾ ਕਾਲੂ ਇਕੋ ਹੀ ਪਾਤਰ ਹੈ। ਖੇਤ ਮਜ਼ਦੂਰਾਂ ਦੇ ਸੰਘਰਸ਼ 'ਚੋਂ ਨਿਕਲੇ ਇਹ ਪਾਤਰ ਨਾਂ ਬਦਲ-ਬਦਲ ਕੇ ਅੱਜ ਵੀ ਮੇਰੇ ਸਾਹਮਣੇ ਆ ਰਹੇ ਹਨ। ਪਾਤਰਾਂ ਦੀ ਆਪਣੇ ਉੱਪਰ ਪੀਢੀ ਪਕੜ ਬਾਰੇ ਜਾਣਨ ਲਈ ਮੈਂ ਫਰਾਈਡ ਦੀ ਥਿਊਰੀ ਪੜ੍ਹੀ ਤਾਂ ਅਚੇਤ ਮਨ 'ਚ ਵੱਸੇ ਪਾਤਰਾਂ ਦੀ ਜਾਨਦਾਰ ਸਮਰੱਥਾ ਬਾਰੇ ਪਤਾ ਲੱਗਿਆ ਜਿਹੜੇ ਤੁਹਾਡੇ ਜਿਉਂਦੇ ਜੀਅ ਤੁਹਾਡਾ ਸਾਥ ਨਹੀਂ ਛੱਡ ਸਕਦੇ। ਇਸ ਤਰ੍ਹਾਂ ਇਹ ਸਾਰੇ ਹੀ ਪਾਤਰ ਅਕਸਰ ਰੂਪ, ਰੰਗ ਤੇ ਦਿੱਖ ਬਦਲਕੇ ਮੇਰੀਆਂ ਕਹਾਣੀਆਂ ਤੇ ਕੁਝ ਮੇਰੇ ਨਾਵਲ ਵਿੱਚ ਵੀ ਆਏ ਨੇ। ਲੋੜ ਅਨੁਸਾਰ ਪਾਲਿਸ਼ ਕਰਕੇ ਇਨ੍ਹਾਂ ਦੀ ਵੱਖਰੀ ਹੋਂਦ ਜ਼ਰੂਰੀ ਬਣਾ ਦਿੰਦਾ ਹਾਂ।

? ਤੁਹਾਡੇ ਸਮਕਾਲ ਵਿੱਚ ਲਿਖੀ ਜਾ ਰਹੀ ਕਹਾਣੀ ਵਿੱਚ ਕਿਹੜੇ ਕਹਾਣੀਕਾਰਾਂ ਦੀਆਂ ਕਹਾਣੀਆਂ ਤੁਹਾਨੂੰ ਟੁੰਬਦੀਆਂ ਹਨ।

-ਇਸ ਸਵਾਲ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਹੈ ਜਾਂ ਕਹਿ ਲਓ ਮੈਂ ਜਵਾਬ ਦੇਣਾ ਮੁਨਾਸਬ ਨਹੀਂ ਸਮਝਦਾ ਕਿਉਂਕਿ ਮੈਂ ਕਹਾਣੀਕਾਰ ਹਾਂ ਆਲੋਚਕ ਨਹੀਂ। ਹਾਂ ਇਹ ਜ਼ਰੂਰ ਹੈ ਕਿ ਮੈਂ ਆਪਣੇ ਹਰ ਸਮਕਾਲੀ ਕਹਾਣੀਕਾਰ ਦੀ ਕਹਾਣੀ ਪੜ੍ਹਣ ਦੀ ਕੋਸ਼ਿਸ਼ ਕਰਦਾ ਹਾਂ। ਸਮਕਾਲੀ ਕਹਾਣੀਕਾਰ ਦੀ ਕਿਤਾਬ ਮੁੱਲ ਲੈ ਕੇ ਵੀ ਪੜ੍ਹਦਾ ਹਾਂ ਤਾਂ ਕਿ ਮੈਨੂੰ ਵਰਤਮਾਨ 'ਚ ਲਿਖੇ ਜਾ ਰਹੇ ਬਾਰੇ ਪਤਾ ਲੱਗ ਸਕੇ। ਜਦੋਂ ਕਿਸੇ ਖਾਸ ਕਹਾਣੀ ਦੀ ਚਰਚਾ ਹੁੰਦੀ ਹੈ ਤਾਂ ਮੈਂ ਉਹ ਕਹਾਣੀ ਵੀ ਚਾਰ ਵਾਰ ਪੜ੍ਹਦਾ ਹਾਂ। ਮੈਨੂੰ ਬਹੁਤ ਸਾਰੀਆਂ ਅ-ਚਰਚਿਤ ਕਹਾਣੀਆਂ ਵਧੀਆ ਲੱਗੀਆਂ ਤੇ ਕੁਝ ਇਕ ਚਰਚਿਤ ਕਹਾਣੀਆਂ ਵੀ ਸਧਾਰਨ ਲੱਗੀਆਂ। ਸੋ ਬਾਈ, ਕਿਸੇ ਕਹਾਣੀਕਾਰ ਦਾ ਨਾਂ ਲੈ ਕੇ ਮੈਂ ਕੁਝ ਨਹੀਂ ਕਹਿ ਸਕਦਾ। ਮੁਆਫ ਕਰਨਾ।

? ਕਹਾਣੀ ਦੀ ਗੱਲ ਕਰਦਿਆਂ ਨਵੀਂ ਕਹਾਣੀ ਸ਼ਬਦ ਵਰਤਿਆ ਜਾਂਦਾ ਹੈ। 'ਨਵੀਂ ਕਹਾਣੀ' ਨੂੰ ਤੁਸੀਂ ਕਿਹਨਾਂ ਅਰਥਾਂ ਵਿੱਚ ਵੇਖਦੇ ਹੋ। ਤੁਹਾਡੇ ਸਮੇਤ ਹੋਰ ਕੁਝ ਕਹਾਣੀਕਾਰਾਂ ਨੂੰ ਪੰਜਵੀਂ ਪੀੜ੍ਹੀ ਦੇ ਕਹਾਣੀਕਾਰਾਂ ਵਿੱਚ ਸ਼ੁਮਾਰ ਕੀਤਾ ਜਾਂਦਾ ਹੈ। ਇਹ ਪੰਜਵੀਂ ਪੀੜ੍ਹੀ ਆਪਣੇ ਤੋਂ ਪਹਿਲੀਆਂ ਚਾਰ ਪੀੜ੍ਹੀਆਂ ਤੋਂ ਵੱਖਰੀ ਕਿਵੇਂ ਹੈ।

-ਵੈਸੇ ਤਾਂ ਇਹ ਵੀ ਆਲੋਚਨਾ ਦੇ ਖੇਤਰ ਦਾ ਸੁਆਲ ਹੈ। ਮੈਨੂੰ ਲੱਗਦਾ ਹੈ ਕਿ ਹਰ ਕਹਾਣੀ ਆਪਣੇ ਸਮੇਂ ਨਵੀਂ ਹੁੰਦੀ ਹੈ। ਜਾਂ ਦੂਜੇ ਲਫ਼ਜ਼ਾਂ 'ਚ ਪਹਿਲੀ ਵਾਰ ਪੜ੍ਹੀ ਹਰ ਕਹਾਣੀ



ਪਾਠਕ ਲਈ ਨਵੀਂ ਹੁੰਦੀ ਹੈ। ਕਿਸੇ ਸਮੇਂ 'ਕੁਲਫੀ', 'ਦੁੱਧ ਦਾ ਛੱਪੜ', 'ਬਾਗਾਂ ਦਾ ਰਾਖਾ', 'ਕੋਈ ਇਕ ਸਵਾਰ' ਆਦਿ ਕਹਾਣੀਆਂ ਨੂੰ ਨਵੀਂ ਕਹਾਣੀ ਕਿਹਾ ਗਿਆ ਤੇ ਅੱਜ ਵਰਤਮਾਨ 'ਚ ਲਿਖੀ ਜਾਣ ਵਾਲੀ ਕਹਾਣੀ ਨੂੰ ਨਵੀਂ ਕਹਾਣੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਕਾਲ ਨਾਲ ਜੁੜ ਕੇ ਵੀ ਕਹਾਣੀ ਨਵੀਂ ਕਹੀ ਜਾ ਸਕਦੀ ਹੈ। ਹਾਂ, ਇਹ ਵੀ ਹੋ ਸਕਦਾ ਹੈ ਕਿ ਜਦੋਂ ਲਫ਼ਜ਼ ਨਵੀਂ ਕਹਾਣੀ ਵਰਤਿਆ ਜਾਂਦਾ ਹੈ ਤਾਂ ਕਹਿਣ ਵਾਲੇ ਦਾ ਮਕਸਦ ਅੱਜ ਦੇ ਸੰਦਰਭ 'ਚ ਬਦਲੀਆਂ ਸਥਿਤੀਆਂ ਤੇ ਮਾਨਸਿਕ ਅਵਸਥਾਵਾਂ ਅਨੁਸਾਰ ਲਿਖੀ ਕਹਾਣੀ ਹੋਵੇ। ਅੱਜ ਜਦੋਂ ਆਦਮੀ ਬਹੁਤ ਟੁਕੜਿਆਂ 'ਚ ਵੰਡਿਆ ਹੈ, ਉਸਦਾ ਦੀਨ-ਅਮਾਨ ਖਿੰਡਿਆ ਹੋਇਆ ਹੈ, ਉਸ ਕੋਲ ਆਪਣੀ ਹਰ ਆਪਾ-ਵਿਰੋਧੀ ਗੱਲ ਨੂੰ ਸਹੀ ਸਾਬਤ ਕਰਨ ਲਈ ਆਪੂੰ ਘੜਿਆ ਤਰਕ ਮੌਜੂਦ ਹੈ, ਰਿਸ਼ਤੇ-ਨਾਤਿਆਂ ਦੀ ਭਾਸ਼ਾ ਬਦਲ ਗਈ ਹੈ, ਤਾਂ ਇਨ੍ਹਾਂ ਪਾਤਰਾਂ ਨੂੰ ਰੂਪਮਾਨ ਕਰਦੀ ਕਹਾਣੀ ਨੂੰ ਅਸੀਂ ਜ਼ਰੂਰ ਨਵੀਂ ਕਹਾਣੀ ਕਹਿ ਸਕਦੇ ਹਾਂ। ਕਾਨੂੰਨ ਬਦਲ ਗਏ ਨੇ, ਕਿਸੇ ਸਮੇਂ ਘਰੋਂ ਭੱਜ ਗਏ ਮੁੰਡੇ-ਕੁੜੀ ਨੂੰ ਪੁਲੀਸ ਫੜ ਕੇ ਉਨ੍ਹਾਂ ਦੇ ਮਾਪਿਆਂ ਹਵਾਲੇ ਕਰਦੀ ਸੀ, ਅੱਜ ਪੁਲੀਸ ਉਨ੍ਹਾਂ ਨੂੰ ਮਾਪਿਆਂ ਤੋਂ ਬਚਾਉਂਦੀ ਹੀ ਨਹੀਂ ਸਗੋਂ ਮਾਪਿਆਂ ਨੂੰ ਡਾਂਟਦੀ ਵੀ ਹੈ ਅਤੇ ਅਰਾਮ-ਘਰਾਂ 'ਚ ਰੱਖ ਕੇ ਉਨ੍ਹਾਂ ਦੀ ਪਹਿਰੇਦਾਰੀ ਵੀ ਕਰਦੀ ਹੈ। ਕਿਸੇ ਸਮੇਂ ਸਾਨੂੰ ਪੜ੍ਹਾਇਆ ਜਾਂਦਾ ਸੀ ਕਿ ਭਾਰਤ 'ਚ ਜਨਮ ਲੈਣ ਵਾਲਾ ਭਾਰਤੀ ਹੁੰਦੀ ਹੈ ਪਰ ਹੁਣ ਪੁੱਛਿਆ ਜਾ ਰਿਹਾ ਹੈ ਕਿ ਤੁਸੀਂ ਭਾਰਤ 'ਚ ਜਨਮ ਤਾਂ ਲੈ ਲਿਆ ਹੈ ਪਰ ਭਾਰਤੀ ਕਿਵੇਂ ਹੋਏ ਦੱਸੋ ? ਕਿਰਾਏ ਦੀ ਕੁੱਖ, ਹਮਜਿਨਸੀ ਰਿਸ਼ਤੇ, ਲਿਵ ਇਨ ਰਿਲੇਸ਼ਨ, ਸੈਕਸ ਟਰਾਂਸਪਲਾਂਟ, ਅੱਧ ਪੜ੍ਹਿਆਂ ਦੇ ਸਟੱਡੀ ਵੀਜ਼ੇ ਆਦਿ ਅੱਜ ਦੇ ਦੌਰ ਦੀਆਂ ਗੱਲਾਂ ਨੇ। ਇਨ੍ਹਾਂ ਬਾਰੇ ਅੱਜ ਹੀ ਗੱਲ ਕੀਤੀ ਜਾ ਸਕਦੀ ਹੈ। ਇਸ ਲਈ ਨਵੀਂ ਕਹਾਣੀ 'ਚ ਇਹ ਵਸਤਾਂ ਆ ਜਾਂਦੀਆਂ ਹਨ। ਇਸਤੋਂ ਬਿਨ੍ਹਾਂ ਅਜੋਕੇ ਪਾਠਕ ਸਿੱਧੀ ਪੱਧਰੀ 'ਬਮ ਬਹਾਦਰ' ਵਰਗੀ ਕਹਾਣੀ ਨੂੰ ਵੱਡਿਆਂ ਦੀ ਨਹੀਂ ਬਾਲਾਂ ਦੀ ਕਹਾਣੀ ਹੀ ਕਹਿਣਗੇ। ਸਾਹਿਤ ਦੇ ਬਹੁਤੇ ਪਾਠਕ ਤਵੱਕੋ ਕਰਦੇ ਹਨ ਕਿ ਕਹਾਣੀਕਾਰ ਉਹ ਗੱਲ ਕਹੇ ਜਿਸਦੀ ਗੁੱਝੀ ਰਮਜ਼ ਕੁਝ ਹੋਰ ਹੋਵੇ ਤੇ ਕਈ ਮਾਅਨਿਆਂ ਵਾਲੀ ਹੋਵੇ। ਕਹਾਣੀਕਾਰ ਵੀ ਆਪਣੀ ਗੱਲ ਨੂੰ ਵੱਖਰੇ ਅੰਦਾਜ਼ ਵਿੱਚ ਕਹਿਣ ਦੀ ਕੋਸ਼ਿਸ਼ ਕਰਦੇ ਹਨ। ਇਹ ਵੱਖਰਾ ਅੰਦਾਜ਼, ਵੱਖਰੇ ਫੈਸ਼ਨ ਵਾਂਗ ਕਿਸੇ ਨੂੰ ਪਸੰਦ ਆਉਂਦਾ ਤੇ ਕਿਸੇ ਨੂੰ ਨਹੀਂ ਪਰ ਕੋਸ਼ਿਸ਼ ਹਰ ਕੋਈ ਕਰਦਾ ਹੈ। ਮੈਨੂੰ ਲੱਗਦਾ ਹੈ ਇਸ ਤਰ੍ਹਾਂ ਨਵੀਂ ਕਹਾਣੀ, ਪਹਿਲੀ ਕਹਾਣੀ (ਪੁਰਾਣੀ ਕਹਾਣੀ ਨਹੀਂ) ਨਾਲੋਂ ਵੱਖਰੀ ਹੈ। ਪਰ ਕਹਾਣੀ ਨਵੀਂ ਜਾਂ ਪਹਿਲੀ ਉਹੀ ਜ਼ਿੰਦਾ ਰਹਿੰਦੀ ਹੈ ਜਿਸ 'ਚ ਰਸ ਤੇ ਕਸ ਹੋਵੇ। ਸੁਆਦ ਆਵੇ ਪਰ ਵਾਧੂ ਦਾ ਖਿਲਾਰਾ ਨਾ ਹੋਵੇ। ਕਈ ਲੇਖਕ ਚਾਰ ਪੀੜ੍ਹੀਆਂ ਦੀ ਲਗਾਤਾਰ ਪਸੰਦ ਬਣੇ ਹੋਏ ਹਨ। ਧੰਨਭਾਗ ਅਸੀਂ ਇਸ ਪੀੜ੍ਹੀ 'ਚ ਜੀਅ ਰਹੇ ਹਾਂ। ਜਿਥੋਂ ਤੱਕ ਸੁਆਲ ਕਹਾਣੀਕਾਰਾਂ ਦੀ ਪੀੜ੍ਹੀ ਵੰਡ ਦਾ ਹੈ ਮੈਂ ਆਪਣੀ ਸਮਰੱਥਾ ਅਨੁਸਾਰ ਇੰਨਾ ਕੁ ਜੁਆਬ ਦੇ ਦਿੰਦਾ ਹਾਂ ਕਿ ਜਿਸ ਤਰ੍ਹਾਂ ਹਰ ਦ੍ਰਿਸ਼ਮਾਣ ਤੇ ਅਦ੍ਰਿਸ਼ ਵਸਤਾਂ ਦੀ ਗਿਣਤੀ-ਮਿਣਤੀ ਲਈ ਕੋਈ ਨਾ ਕੋਈ ਮਾਪਦੰਡ ਤੈਅ ਕੀਤਾ ਜਾਂਦਾ ਹੈ ਉਸੇ ਤਰ੍ਹਾਂ ਆਲੋਚਕਾਂ ਨੇ ਪੰਜਾਬੀ ਕਹਾਣੀ ਦੀ ਕਾਲਵੰਡ ਕਰਨ ਲਈ ਪੀੜ੍ਹੀਆਂ ਦਾ ਰੂਪ ਚੁਣਿਆ ਹੈ। ਮੇਰਾ ਖਿਆਲ ਹੈ ਕਿ ਇਹ ਪੀੜ੍ਹੀ ਪ੍ਰਿੰਸੀਪਲ ਸੁਜਾਨ ਸਿੰਘ ਤੋਂ ਸ਼ੁਰੂ ਹੁੰਦੀ ਹੈ ਤੇ ਸ਼ਾਇਦ ਪੱਚੀ-ਤੀਹ ਕੁ ਸਾਲ ਦੀ ਇਕ ਪੀੜ੍ਹੀ ਮਿਥੀ ਗਈ ਹੈ। ਇਸ ਤਰ੍ਹਾਂ ਮੇਰੇ ਵਰਗਿਆਂ ਨੂੰ ਪੰਜਵੀਂ ਪੀੜ੍ਹੀ 'ਚ ਸ਼ੁਮਾਰ ਕੀਤਾ ਗਿਆ ਹੈ।

**ਬਾਕੀ ਪੰਨਾ ਨੰ. 87 'ਤੇ**

## ਰੀਵੀਊ

### ਕਿਤਾਬ-ਕਹਾਣੀ ਵਿਧਾ ਅਤੇ ਸਮਾਜਕ ਮਨੋਵਿਗਿਆਨ

**-ਡਾ. ਪਰਮਜੀਤ ਢੀਂਗਰਾ**

ਜਦੋਂ ਕੋਈ ਵਿਧਾ ਵਿਕਾਸ ਕਰਦੀ ਹੈ ਤਾਂ ਉਹਦੇ ਵਿਚ ਨਵੇਂ-ਨਵੇਂ ਸਰੋਕਾਰ ਪੈਦਾ ਹੁੰਦੇ ਹਨ। ਰੂਪਕ ਪੱਖੋਂ ਕਈ ਪ੍ਰਕਾਰ ਦੀਆਂ ਤਬਦੀਲੀਆਂ ਆਉਂਦੀਆਂ ਹਨ। ਇਨ੍ਹਾਂ ਦੇ ਮੱਦੇਨਜ਼ਰ ਵਿਧਾ ਦੇ ਕਾਵਿ ਸ਼ਾਸਤਰੀ ਨੇਮਾਂ ਦੀ ਤਲਾਸ਼ ਕੀਤੀ ਜਾਂਦੀ ਹੈ। ਕਹਾਣੀ ਇਕ ਅਜਿਹੀ ਵਿਧਾ ਹੈ ਜਿਸਨੇ ਪੰਜਾਬੀ ਵਿਚ ਲਗਾਤਾਰ ਵਿਕਾਸ ਕੀਤਾ ਹੈ, ਇਹਦੇ ਬੀਜ ਜਨਮ ਸਾਖੀਆਂ ਤੇ ਬੁੱਧ ਜਾਤਕ ਕਥਾਵਾਂ ਵਿਚ ਪਏ ਹਨ। ਪੰਜਾਬੀ ਕਹਾਣੀ ਦਾ ਇਕ ਪਾਸਾਰ ਲੋਕ ਧਾਰਾ ਵਿਚ ਵੀ ਪਿਆ ਨਜ਼ਰ ਆਉਂਦਾ ਹੈ ਜਿੱਥੇ ਇਸਦੇ ਅਨੇਕਾਂ ਰੂਪ ਮਿਲਦੇ ਹਨ। ਕਹਾਣੀ ਮੂਲ ਰੂਪ ਵਿਚ ਬਿਰਤਾਂਤਕ ਰੂਪ ਵਿਧਾ ਹੈ। ਇਸ ਕਰਕੇ ਇਸ ਪੱਖੋਂ ਇਹਦੇ ਅਨੇਕਾਂ ਸਿਧਾਂਤਕ ਤੇ ਵਿਹਾਰਕ ਅਧਿਐਨ ਹੋਏ ਹਨ।

ਹਥਲੇ ਅਧਿਐਨ ਵਿਚ ਡਾ. ਮੇਘਾ ਸਲਵਾਨ ਨੇ ਕਹਾਣੀ ਵਿਧਾ ਦੇ ਕੁਝ ਬੁਨਿਆਦੀ ਨੇਮਾਂ ਦੀ ਘੋਖ ਕੀਤੀ ਹੈ ਤੇ ਇਸਦੇ ਨਾਲ ਨਾਲ ਸਮਾਜਿਕ ਮਨੋਵਿਗਿਆਨ ਤੇ ਪੰਜਾਬੀ ਕਹਾਣੀ ਦੇ ਸਫਰ ਦੀ 1996 ਤੱਕ ਗੱਲ ਕੀਤੀ ਹੈ।ਰੂਪ ਵਿਧਾ ਪੱਖੋਂ ਉਹਦੀ ਪਹਿਲੀ ਧਾਰਨਾ ਹੈ ਕਿ ਕਹਾਣੀ ਬਿਰਤਾਂਤ ਦੀ ਆਧੁਨਿਕ ਵਿਧਾ ਹੈ। ਵਿਸ਼ਵ ਵਿਚ ਬਿਰਤਾਂਤ ਦੀ ਹੋਂਦ ਪੂਰਵ-ਇਤਿਹਾਸਕ ਕਾਲ ਤੋਂ ਮੰਨੀ ਜਾਂਦੀ ਹੈ। ਇਸਦੀ ਸ਼ੁਰੂਆਤ ਨੇ ਮੱਧਕਾਲੀ ਚਿੰਤਨ, ਸੰਸਕ੍ਰਿਤੀ ਤੇ ਸੰਸਕਾਰਾਂ ਦੀਆਂ ਜੜ੍ਹਾਂ ਹਿਲਾ ਦਿਤੀਆਂ।

ਦੂਜੀ ਧਾਰਨਾ ਹੈ ਕਿ ਮਨੁੱਖ ਜਾਤੀ ਦੀ ਹੋਂਦ ਵਿਧੀ ਅਮਲ ਹੈ। ਕਹਾਣੀ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਹ ਇਸ ਅਮਲ ਦੀਆਂ ਵਿਭਿੰਨ ਪਰਤਾਂ, ਪਾਸਾਰਾਂ, ਦਸ਼ਾਵਾਂ, ਦਿਸ਼ਾਵਾਂ ਨੂੰ ਰੂਪਮਾਨ ਕਰਦੀ ਹੈ।

ਤੀਜੀ ਧਾਰਨਾ ਹੈ ਕਹਾਣੀ ਵਿਚ ਵਿਸ਼ਵਾਸ ਨਾਲੋਂ ਤਰਕ ਦੀ ਜ਼ਿਆਦਾ ਮਹੱਤਤਾ ਹੈ। ਆਧੁਨਿਕ ਯੁੱਗ ਦੀ ਪੈਦਾਵਾਰ ਹੋਣ ਕਾਰਨ ਇਸ ਵਿਚ ਬੌਧਿਕਤਾ ਨੂੰ ਖਾਸ ਸਥਾਨ ਪ੍ਰਾਪਤ ਹੈ।

ਚੌਥੀ ਧਾਰਨਾ ਹੈ ਕਿ ਆਧੁਨਿਕ ਬਿਰਤਾਂਤਕ ਗਲਪ ਦੀ ਇਹ ਮਹੱਤਵਪੂਰਨ ਵਿਧਾ ਸਾਧਾਰਣ ਮਨੁੱਖ ਨੂੰ ਪ੍ਰਸਤੁਤ ਕਰਨ ਵਲ ਰੁਚਿਤ ਹੈ। ਪਰਿਵੇਸ਼ ਆਧੁਨਿਕ ਕਹਾਣੀ ਦਾ ਪ੍ਰਮੁੱਖ ਸੰਚਾਲਕ ਤੱਤ ਹੈ।

ਪੰਜਵੀਂ ਧਾਰਨਾ ਹੈ ਕਿ ਕਹਾਣੀ ਮਨੁੱਖੀ ਜੀਵਨ ਵਿਚਲੀਆਂ ਸਥਿਤੀਆਂ ਨੂੰ ਉਘਾੜਨ ਦੇ ਨਾਲ-ਨਾਲ ਸੰਬੰਧਿਤ ਮਨੁੱਖ ਦੀਆਂ ਸੰਭਾਵਨਾਵਾਂ ਵੱਲ ਵੀ ਸੰਕੇਤ ਕਰਦੀ ਹੈ। ਇਹ ਨਾ ਨਾਇਕ ਉਭਾਰਦੀ ਹੈ ਨਾ ਖਲਨਾਇਕ ਨੂੰ ਸਗੋਂ ਇਹ ਸਥਿਤੀ ਜਾਂ ਹਾਲਾਤ ਨਾਲ ਵਫਾ ਪਾਲਦੀ ਹੈ।

ਛੇਵੀਂ ਧਾਰਨਾ ਹੈ ਆਧੁਨਿਕ ਕਹਾਣੀ ਸਾਧਾਰਣ ਮਨੁੱਖ ਦੀ ਜੀਵਨ ਸਥਿਤੀ ਦੇ ਮਾਧਿਅਮ ਨਾਲ ਮਨੁੱਖੀ ਸੰਵੇਦਨਾ ਨੂੰ ਪ੍ਰਗਟਾਉਂਦੀ ਹੈ।

ਸੱਤਵੀਂ ਧਾਰਨਾ ਹੈ ਕਿ ਕਹਾਣੀ ਵਿਧਾ ਮਨੋ-ਯਥਾਰਥ ਅਤੇ ਸਮਾਜਕ ਯਥਾਰਥ ਦੇ ਅੰਤਰ ਕਿਰਿਆਤਮਕ ਸੰਬੰਧਾਂ ਵਿਚੋਂ ਹੀ ਹੋਂਦ ਧਾਰਦੀ ਹੈ।

ਜੇ ਇਨ੍ਹਾਂ ਨੁਕਤਿਆਂ ’ਤੇ ਨਜ਼ਰ ਮਾਰੀਏ ਤਾਂ ਸਪੱਸ਼ਟ ਤੌਰ ’ਤੇ ਇਹ ਗੱਲ ਸਮਝ ’ਚ



ਆਉਂਦੀ ਹੈ ਕਿ ਪੰਜਾਬੀ ਕਹਾਣੀ ਦੇ ਵਿਧਾ ਪਰਿਪੇਖ ਲਗਾਤਾਰ ਵਿਕਾਸ ਕਰ ਰਹੇ ਹਨ। ਅੱਜ ਦੀ ਕਹਾਣੀ ਕੱਲ੍ਹ ਦੀ ਕਹਾਣੀ ਨਾਲੋਂ ਫਰਕ ਵਾਲੀ ਹੈ ਤੇ ਆਉਣ ਵਾਲੇ ਕੱਲ੍ਹ ਦੀ ਕਹਾਣੀ ਹੋਰ ਫਰਕ ਵਾਲੀ ਹੋਵੇਗੀ। ਅਸਲ ਵਿਚ ਹਰ ਨਵੀਂ ਕਹਾਣੀ ਜਿੱਥੇ ਕੁਝ ਬੁਨਿਆਦੀ ਨੇਮਾਂ ਦੀ ਪਾਲਣਾ ਕਰ ਰਹੀ ਹੁੰਦੀ ਹੈ ਉੱਥੇ ਕੁਝ ਨਵੇਂ ਨੇਮ ਅਚੇਤ ਹੀ ਉਹਦੇ ਖਮੀਰ ਵਿਚ ਆ ਜਾਂਦੇ ਹਨ। ਗਲਪੀ ਭਾਸ਼ਾ ਹਰ ਕਥਾ ਪਾਠ ਵਿਚ ਨਵੇਂ-ਨਵੇਂ ਪੈਰੋਲ ਸਿਰਜਨ ਦੇ ਆਹਰ ਵਿਚ ਹੁੰਦੀ ਹੈ। ਕਹਾਣੀ ਬਾਰੇ ਇਹ ਧਾਰਨਾਵਾਂ ਵਿਹਾਰਕ ਪੱਧਰ ’ਤੇ ਮੁਲਵਾਨ ਸਮਝ ਉਸਾਰਨ ਲਈ ਸਹਾਈ ਹੋ ਸਕਦੀਆਂ ਹਨ।

ਦੂਜੇ ਹਿੱਸੇ ਵਿਚ ਸਮਾਜਕ ਮਨੋਵਿਗਿਆਨਕ ਦੀ ਗੱਲ ਕੀਤੀ ਹੈ। ਇਹ ਗਿਆਨ ਦੀ ਹੀ ਇਕ ਸ਼ਾਖਾ ਹੈ ਜੋ ਵਿਅਕਤੀ ਅਤੇ ਸਮਾਜ ਦੇ ਆਪਸੀ ਸੰਬੰਧਾਂ ਵਿਚੋਂ ਮਨੁੱਖੀ ਮਾਨਸਿਕਤਾ ਤੇ ਵਿਹਾਰ ਨੂੰ ਸਮਝਣ ਵਿਚ ਮਦਦ ਕਰਦੀ ਹੈ। ਇਸ ਵਿਚ ਅਧਿਐਨ-ਕਰਤਾ ਨੇ ਸਮਾਜਕ ਬੋਧ, ਸਮਾਜਕ ਵਿਰਸਾ, ਸਮਾਜਕ ਅੰਤਰ ਕਿਰਿਆ, ਸਮਾਜਿਕ ਸਥਿੱਤੀ, ਸਮਾਜਿਕ ਮਨੋਬਿਰਤੀ, ਮਨੁੱਖੀ ਵਿਹਾਰ ਦੇ ਕਾਰਕ ਆਦਿ ਘਟਕਾਂ ਬਾਰੇ ਸਿਧਾਂਤਕ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ ਹੈ। ਇਸ ਰਾਹੀਂ ਉਹ ਸਮਾਜਕ ਨੇਮਾਂ ਨੂੰ ਸਮਝਣ ਦੇ ਆਹਰ ਵਿਚ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ ਪਰ ਸਮਾਜਕ ਹੋਣ ਦੇ ਨਾਲ-ਨਾਲ ਉਹ ਮਾਨਸਿਕ ਰੂਪ ਵਿਚ ਵੀ ਵਿਚਰਦਾ ਹੈ। ਭਾਸ਼ਾ ਉਸਦੀ ਮਾਨਸਿਕਤਾ ਦੀ ਸੰਚਾਲਕ ਸ਼ਕਤੀ ਹੈ ਜੋ ਉਸਦੀ ਬੁੱਧੀ ਤੇ ਮਨ ਨੂੰ ਕੰਟਰੋਲ ਕਰਦੀ ਹੈ। ਇਸ ਤਰ੍ਹਾਂ ਮਨੁੱਖੀ ਵਿਹਾਰ ਦੀ ਸਿਧਾਂਤਕ ਚੇਤਨਾ ਰਾਹੀਂ ਲੇਖਕਾ ਇਹ ਸਮਝਣ ਦੇ ਜਤਨ ਵਿਚ ਹੈ ਕਿ ਉਹ ਕਿਹੜੇ ਸਮਾਜਿਕ ਤੇ ਮਨੋਵਿਗਿਆਨਕ ਪ੍ਰਭਾਵ ਹਨ ਜਿਹੜੇ ਮਨੁੱਖ ਨੂੰ ਆਪਣੀ ਪਕੜ ਵਿਚ ਰਖਦੇ ਹਨ ਤੇ ਫਿਰ ਅੱਗੋਂ ਕਲਾਵਾਂ ਤੇ ਸਾਹਿਤ ਵਿਧਾਵਾਂ ਵਿਚ ਪ੍ਰਗਟ ਹੁੰਦੇ ਹਨ।

ਤੀਜੇ ਭਾਗ ‘ਪੰਜਾਬੀ ਕਹਾਣੀ ਦਾ ਸਫਰ’ ਵਿਚ ਉਹ ਪੰਜਾਬੀ ਕਹਾਣੀ ਦੀ ਵਿਕਾਸ ਰੇਖਾ ਨੂੰ ਉਲੀਕਣ ਦੇ ਜਤਨ ਵਿਚ ਹੈ। ਪੰਜਾਬੀ ਕਹਾਣੀ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ, ਇਸ ਲਈ ਇਹਦੀ ਵਿਕਾਸ ਰੇਖਾ ਵਿਚ ਉਹ ਪ੍ਰਵਿਰਤੀਆਂ ਹੀ ਪ੍ਰਮੁੱਖ ਹਨ ਜੋ ਸਮੇਂ-ਸਮੇਂ ਇਸ ਵਿਚ ਪੈਦਾ ਹੋਈਆਂ ਤੇ ਜਿਨ੍ਹਾਂ ਦੇ ਪ੍ਰਭਾਵ ਕਰਕੇ ਇਹ ਵਿਧਾ ਵਿਕਾਸ ਕਰਕੇ ਆਧੁਨਿਕ ਯੁੱਗ ਵਿਚ ਪ੍ਰਵੇਸ਼ ਕਰਦੀ ਹੈ। ਮੁੱਢਲੀ ਆਦਰਸ਼ਵਾਦੀ-ਸੁਧਾਰਕ ਪ੍ਰਵਿਰਤੀ ਤੋਂ ਲੈ ਕੇ ਮਨੋਵਿਗਿਆਨਕ, ਪ੍ਰਗਤੀਵਾਦੀ, ਆਧੁਨਿਕਤਾਵਾਦੀ ਤੇ ਹੁਣ ਵਿਸ਼ਵੀਕਰਨ ਦਲਿਤ ਚੇਤਨਾ, ਨਾਰੀ ਚੇਤਨਾ ਆਦਿ ਦੇ ਪ੍ਰਸੰਗਾਂ ਵਿਚ ਕਹਾਣੀ ਨੇ ਕਈ ਮੋੜ ਕੱਟੇ ਹਨ। ਇਸ ਅਧਿਐਨ ਵਿਚ ਇਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਅਧਿਐਨ ਕਹਾਣੀ ਵਿਧਾ ਨੂੰ ਸਮਾਜਕ ਮਨੋਵਿਗਿਆਨਕ ਅਤੇ ਵਿਕਾਸ ਦੀ ਨਿਰੰਤਰ ਲੜੀ ਵਿਚ ਸਮਝਣ ਦਾ ਇਕ ਸੁਹਿਰਦ ਉਪਰਾਲਾ ਹੈ। ਕਹਾਣੀ ਬਾਰੇ ਜਾਣਨ ਦੇ ਉਤਸੁਕ ਪਾਠਕਾਂ ਲਈ ਇਹ ਅਧਿਐਨ ਬੜਾ ਮੁਲਵਾਨ ਹੈ।

ਹਰਜੀਤ ਅਟਵਾਲ ਮਾਲਕ ਤੇ ਪ੍ਰਕਾਸ਼ਕ ਨੇ ਅਰਨਾ ਪ੍ਰਿੰਟਿੰਗ ਪ੍ਰੈਸ, ਪਟਿਆਲਾ ਤੋਂ ਛਪਵਾ ਕੇ 67, Hillside Road, Southall, Middlesex , England. UB1 2PE ਤੋਂ ਜਾਰੀ ਕੀਤਾ।